# ਲੈਨਿਨ

## ਸਾਮਰਾਜਵਾਦ,
## ਸਰਮਾਏਦਾਰੀ ਦਾ ਸਰਵਉੱਚ ਪੜਾਅ



ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

*ਵ. ਇ. ਲੈਨਿਨ*

# ਸਾਮਰਾਜਵਾਦ,
# ਸਰਮਾਏਦਾਰੀ ਦਾ ਸਰਵਉੱਚ ਪੜਾਅ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਊਂਡੇਸ਼ਨ, ਲਖਨਊ)

ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ,
ਮਾਸਕੋ, ਸੋਵੀਅਤ ਯੂਨੀਅਨ, 1979
ਵਿੱਚ ਛਪਿਆ

ਇਹ ਐਡੀਸ਼ਨ — ਸਤੰਬਰ 2011

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 70 ਰੁਪਏ**

# ਤਤਕਰਾ


ਮੁਖ-ਬੰਧ ....................................................5

ਫ਼ਰਾਂਸੀਸੀ ਅਤੇ ਜਰਮਨ ਛਾਪਾਂ ਦਾ ਮੁਖ-ਬੰਧ ....................7

I ....................................................7

II ....................................................7

III ....................................................9

IV ....................................................10

V ....................................................11

I. ਉਤਪਾਦਨ ਦਾ ਕੇਂਦਰੀਣ ਅਤੇ ਅਜਾਰੇਦਾਰੀਆਂ ....................14

II. ਬੈਂਕ ਅਤੇ ਉਹਨਾਂ ਦਾ ਨਵਾਂ ਰੋਲ ....................29

III. ਵਿੱਤ ਸਰਮਾਇਆ ਅਤੇ ਵਿੱਤ ਜੁੰਡੀ-ਰਾਜ ....................46

IV. ਸਰਮਾਏ ਦੀ ਬਰਾਮਦ ....................61

V. ਸਰਮਾਏਦਾਰ ਸਭਾਵਾਂ ਵਿਚ ਸੰਸਾਰ ਦੀ ਵੰਡ ....................67

VI. ਵੱਡੀਆਂ ਸ਼ਕਤੀਆਂ ਵਿੱਚ ਸੰਸਾਰ ਦੀ ਵੰਡ ....................76

VII. ਸਾਮਰਾਜਵਾਦ, ਸਰਮਾਏਦਾਰੀ ਦੇ ਵਿਸ਼ੇਸ਼ ਪੜਾਅ ਵਜੋਂ ....................88

VIII. ਪਰਜੀਵੀਪੁਣਾ ਅਤੇ ਸਰਮਾਏਦਾਰੀ ਦਾ ਪਤਨ ....................100

IX ਸਾਮਰਾਜਵਾਦ ਦੀ ਪੜਚੋਲ ....................110

X ਇਤਿਹਾਸ ਵਿੱਚ ਸਾਮਰਜਾਵਾਦ ਦਾ ਸਥਾਨ ....................124

ਨੋਟ ....................................................131

ਨਾਮਾਵਲੀ ....................................................146

# ਮੁਖ-ਬੰਧ

ਪਾਠਕ ਸਾਹਮਣੇ ਪੇਸ਼ ਇਹ ਪੈਂਫ਼ਲਟ[1] 1916 ਦੀ ਬਸੰਤ ਰੁੱਤੇ ਜ਼ਿਊਰਚ ਵਿਖੇ ਲਿਖਿਆ ਗਿਆ। ਜਿਨ੍ਹਾਂ ਪ੍ਰਸਥਿਤੀਆਂ ਵਿਚ ਮੈਨੂੰ ਉੱਥੇ ਕੰਮ ਕਰਨਾ ਪਿਆ, ਉਹਨਾਂ ਵਿੱਚ ਸੁਭਾਵਕ ਹੀ ਮੈਨੂੰ ਅੰਗਰੇਜ਼ੀ ਅਤੇ ਫ਼ਰਾਂਸੀਸੀ ਸਾਹਿਤ ਦੀ ਥੁੜ੍ਹ ਅਤੇ ਰੂਸੀ ਸਾਹਿਤ ਦੀ ਗੰਭੀਰ ਘਾਟ ਕਾਰਨ ਕੁਝ ਔਖ ਹੋਈ। ਪਰ ਮੈਂ ਸਾਮਰਾਜਵਾਦ ਸਬੰਧੀ ਮੁੱਖ ਅੰਗਰੇਜ਼ੀ ਲਿਖਤ, ਜ.ਅ. ਹਾਬਸਨ ਦੀ ਪੁਸਤਕ, ਦੀ ਵਰਤੋਂ ਉੱਨੇ ਹੀ ਧਿਆਨ ਨਾਲ਼ ਕੀਤੀ ਹੈ, ਜਿੰਨੇ ਦੀ ਉਹ ਮੇਰੇ ਵਿਚਾਰ ਅਨੁਸਾਰ ਹੱਕਦਾਰ ਹੈ।

ਇਹ ਪੈਂਫ਼ਲਟ ਜ਼ਾਰਸ਼ਾਹੀ ਸੈਂਸਰਸ਼ਿਪ ਨੂੰ ਮੁੱਖ ਰੱਖ ਕੇ ਲਿਖਿਆ ਗਿਆ। ਇਸ ਲਈ ਮੈਂ ਨਾ ਕੇਵਲ ਆਪਣੇ ਆਪ ਨੂੰ ਉੱਕਾ ਹੀ ਸਿਧਾਂਤਕ, ਵਿਸ਼ੇਸ਼ ਤੌਰ ’ਤੇ ਆਰਥਕ ਤੱਥਾਂ ਤੱਕ ਸੀਮਤ ਰੱਖਣ ’ਤੇ ਸਗੋਂ ਰਾਜਨੀਤੀ ਸਬੰਧੀ ਕੁਝ ਗੱਲਾਂ ਅਤਿ-ਅੰਤ ਧਿਆਨ ਨਾਲ਼ ਇਸ਼ਾਰੇ ਕਰਕੇ, ਦੁਅਰਥੀ ਬੋਲੀ—ਇੱਕ ਰੱਬ ਮਾਰੀ ਈਸਪੀ* ਬੋਲੀ ਵਿਚ ਲਿਖਣ ’ਤੇ ਮਜ਼ਬੂਰ ਹੋਇਆ, ਜਿਸਦਾ ਸਹਾਰਾ ਜਾਰਸ਼ਾਹੀ ਸਭਨਾਂ ਇਨਕਲਾਬੀਆਂ ਨੂੰ ਲੈਣ ਉੱਤੇ ਮਜਬੂਰ ਕਰਦੀ ਸੀ, ਜਦੋਂ ਕਦੀ ਉਹ ਕੋਈ “ਕਾਨੂੰਨੀ” ਲਿਖਤ ਲਈ ਕਲਮ ਚੁੱਕਦੇ ਸਨ।

ਅਜ਼ਾਦੀ ਦੇ ਇਹਨਾਂ ਦਿਨਾਂ ਵਿੱਚ ਪੈਂਫ਼ਲਟ ਦੇ ਉਹ ਹਿੱਸੇ ਮੁੜ ਪੜ੍ਹਨਾ, ਜਿਨ੍ਹਾਂ ਨੂੰ ਸੈਂਸਰ ਕਾਰਨ ਤੋੜਿਆ-ਮਰੋੜਿਆ, ਸੰਗੋੜਿਆ ਅਤੇ ਲੋਹੇ ਦੀ ਬਾਂਕ ਵਿੱਚ ਕੱਸਿਆ ਗਿਆ ਹੈ, ਦੁੱਖਦਾਈ ਹੈ। ਇਹ ਗੱਲ ਕਿ ਸਾਮਰਾਜਵਾਦ ਦਾ ਇਹ ਪੜਾਅ ਸੋਸ਼ਲਿਸਟ ਇਨਕਲਾਬ ਦੀ ਪੂਰਬਲੀ ਸੰਧਿਆ ਹੈ; ਕਿ ਸਮਾਜੀ-ਅੰਧਰਾਸ਼ਟਰਵਾਦ (ਜ਼ਬਾਨੀ-ਕਲਾਮੀ ਸੋਸ਼ਲਿਜ਼ਮ, ਅਮਲਾਂ ਵਿਚ ਅੰਧਰਾਸ਼ਟਰਵਾਦ) ਸੋਸ਼ਲਿਜ਼ਮ ਨਾਲ਼ ਮੁਕੰਮਲ ਵਿਸਾਹਘਾਤ ਹੈ, ਉੱਕਾ ਹੀ ਬੁਰਜੂਆਜ਼ੀ ਦੇ ਪੱਖ ਵਿੱਚ ਜਾਣਾ ਹੈ; ਕਿ ਕਿਰਤੀ ਸ਼੍ਰੇਣੀ ਲਹਿਰ ਵਿੱਚ ਇਹ ਫੁੱਟ ਸਾਮਰਾਜਵਾਦ ਦੀਆਂ ਬਾਹਰਮੁਖੀ ਪ੍ਰਸਿਥੀਆਂ ਨਾਲ਼ ਬੱਝੀ ਹੋਈ ਹੈ, ਆਦਿ—ਇਹਨਾਂ ਮਸਲਿਆਂ ਬਾਰੇ ਮੈਨੂੰ—“ਗ਼ੁਲਾਮਾਨਾ” ਭਾਸ਼ਾ ਵਿੱਚ ਗੱਲ ਕਰਨੀ ਪਈ ਅਤੇ ਮੇਰੇ ਲਈ ਇਹ ਲਾਜ਼ਮੀ ਹੈ ਕਿ ਇਸ ਵਿਸ਼ੇ ਵਿੱਚ ਦਿਲਚਸਪੀ ਰੱਖਣ ਵਾਲ਼ੇ ਪਾਠਕ ਦਾ ਧਿਆਨ ਆਪਣੇ ਉਹਨਾਂ ਲੇਖਾਂ ਵੱਲ ਦਿਵਾਵਾਂ ਜਿਹੜੇ ਮੈਂ 1914-17 ਵਿੱਚ ਵਿਦੇਸ਼ਾਂ ਵਿੱਚ ਰਹਿਣ ਸਮੇਂ ਲਿਖੇ, ਜਿਨ੍ਹਾਂ ਦੀ

---

* ਪਰੀ-ਕਹਾਣੀਆਂ ਦੇ ਸੰਸਾਰ ਪ੍ਰਸਿੱਧ ਲੇਖਕ ਈਸਪ ਦੇ ਨਾਂ ਤੋਂ - **ਅਨੁ.**

ਇੱਕ ਨਵੀਂ ਛਾਪ ਛੇਤੀ ਹੀ ਆਉਣ ਵਾਲ਼ੀ ਹੈ। ਪੰਨਾਂ 119-20* ਉੱਤੇ ਇੱਕ ਹਿੱਸੇ ਵੱਲ ਵਿਸ਼ੇਸ਼ ਧਿਆਨ ਦਿਵਾਇਆ ਜਾਣਾ ਚਾਹੀਦਾ ਹੈ। ਪਾਠਕ ਨੂੰ ਇੱਕ ਅਜਿਹੇ ਰੂਪ ਵਿੱਚ, ਜਿਹੜਾ ਸੈਂਸਰ ਨੂੰ ਕਬੂਲ ਹੋਵੇ, ਇਹ ਵਿਖਾਉਣ ਲਈ ਕਿ ਕਬਜ਼ਿਆਂ ਦੇ ਮਸਲੇ ਬਾਰੇ ਸਰਮਾਏਦਾਰ ਅਤੇ ਵਿਸਾਹਘਾਤ ਕਰਕੇ ਸਰਮਾਏਦਾਰਾਂ ਦੀ ਧਿਰ ਵਿੱਚ ਚਲੇ ਗਏ ਸਮਾਜੀ-ਅੰਧਰਾਸ਼ਟਰਵਾਦੀ (ਜਿਨ੍ਹਾਂ ਦਾ ਕਾਊਟਸਕੀ ਇੰਨੇ ਬੇਅਸੂਲੇ ਢੰਗ ਨਾਲ਼ ਵਿਰੋਧ ਕਰਦਾ ਹੈ) ਕਿੰਨੀ ਬੇਸ਼ਰਮੀ ਨਾਲ਼ ਝੂਠੇ ਹਨ; ਇਹ ਵਿਖਾਉਣ ਲਈ ਕਿ ਕਿੰਨੀ ਬੇਸ਼ਰਮੀ ਨਾਲ਼ ਉਹ **ਆਪਣੇ** ਸਰਮਾਏਦਾਰਾਂ ਦੇ ਕਬਜ਼ਿਆਂ ਉੱਤੇ **ਪਰਦਾ ਪਾਉਂਦੇ ਹਨ**, ਮੈਂ ਮਜ਼ਬੂਰ ਹੋ ਗਿਆ ਕਿ ਇੱਕ ਮਿਸਾਲ ਵਜੋਂ- ਜਪਾਨ ਨੂੰ ਪੇਸ਼ ਕਰਾਂ! ਧਿਆਨ ਨਾਲ਼ ਪੜ੍ਹਨ ਵਾਲ਼ਾ ਲੇਖਕ ਜਾਪਾਨ ਦੀ ਥਾਂ ਰੂਸ ਪੜ੍ਹੇਗਾ ਅਤੇ ਕੋਰੀਆ ਦੀ ਥਾਂ ਫ਼ਿਨਲੈਂਡ, ਪੋਲੈਂਡ, ਕੁਰਲੈਂਡ**, ਯੂਕਰੇਨ, ਖ਼ੀਵਾ, ਬੁਖ਼ਾਰਾ, ਐਸਟੋਨੀਆ ਅਤੇ ਹੋਰ ਅਜਿਹੇ ਇਲਾਕੇ ਪੜ੍ਹੇਗਾ ਜਿਨ੍ਹਾਂ ਵਿੱਚ ਮਹਾਨ ਰੂਸੀ ਕੌਮ ਤੋਂ ਬਿਨਾਂ ਹੋਰ ਲੋਕ ਵੱਸਦੇ ਹਨ।

ਮੇਰਾ ਵਿਚਾਰ ਹੈ ਕਿ ਇਹ ਪੈਂਫ਼ਲਟ ਪਾਠਕ ਨੂੰ ਬੁਨਿਆਦੀ ਆਰਥਕ ਮਸਲਾ, ਸਾਮਰਾਜਵਾਦ ਦੇ ਆਰਥਕ ਤੱਤ, ਨੂੰ ਸਮਝਣ ਵਿੱਚ ਸਹਾਇਤਾ ਦੇਵੇਗਾ, ਕਿਉਂਕਿ ਜਦੋਂ ਤੱਕ ਇਹਦਾ ਅਧਿਐਨ ਨਾ ਕੀਤਾ ਜਾਵੇ ਅਜੋਕੇ ਯੁੱਧ ਅਤੇ ਅਜੋਕੀ ਰਾਜਨੀਤੀ ਨੂੰ ਸਮਝਣਾ ਅਸੰਭਵ ਹੋਵੇਗਾ।

**ਲੇਖਕ**

ਪੀਤਰੋਗਰਾਦ, ਅਪ੍ਰੈਲ 26, 1917

* ਵੇਖੋ ਇਸ ਪੁਸਤਕ ਦਾ ਪੰਨਾ 124-**ਸੰਪਾ**

** ਅੱਜ ਕੱਲ੍ਹ ਲਿਥੁਏਨੀਆਂ।-**ਅਨੁ**

# ਫ਼ਰਾਂਸੀਸੀ ਅਤੇ ਜਰਮਨ ਛਾਪਾਂ ਦਾ ਮੁਖ-ਬੰਧ

## I

ਜਿਹਾ ਕਿ ਰੂਸੀ ਛਾਪ ਦੇ ਮੁਖ-ਬੰਧ ਵਿੱਚ ਦੱਸਿਆ ਗਿਆ ਸੀ, ਇਹ ਪੈਂਫਲਟ 1916 ਵਿੱਚ ਜ਼ਾਰਸ਼ਾਹੀ ਸੈਂਸਰਸ਼ਿਪ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਸੀ। ਇਸ ਸਮੇਂ ਮੈਂ ਸਾਰੇ ਪਾਠ ਨੂੰ ਸੋਧਣੋਂ ਅਸਮਰੱਥ ਹਾਂ, ਸ਼ਾਇਦ, ਅਜਿਹਾ ਕਰਨਾ ਯੋਗ ਵੀ ਨਹੀਂ ਹੋਵੇਗਾ, ਕਿਉਂਕਿ ਪੁਸਤਕ ਦਾ ਮੁੱਖ ਮੰਤਵ ਇਹ ਸੀ ਅਤੇ ਹੁਣ ਵੀ ਹੈ, ਕਿ ਰੱਦ ਨਾ ਕੀਤੇ ਜਾ ਸਕਣ ਵਾਲ਼ੇ ਬੁਰਜੂਆ ਅੰਕੜਿਆਂ ਦੀ ਸੰਖੇਪੀ ਵਾਕਫ਼ੀ ਅਤੇ ਸਭਨਾਂ ਦੇਸ਼ਾਂ ਦੇ ਬੁਰਜੂਆ ਆਲਮਾਂ ਦੀਆਂ ਮਨੌਤਾਂ ਦੇ ਅਧਾਰ ਉੱਤੇ ਵੀਹਵੀਂ ਸਦੀ ਦੇ ਮੁੱਢ ਤੋਂ—ਪਹਿਲੇ ਸੰਸਾਰ ਸਾਮਰਾਜੀ ਯੁੱਧ ਤੋਂ ਐਨ ਪਹਿਲਾਂ—ਇਹਦੇ ਕੌਮਾਂਤਰੀ ਸਬੰਧਾਂ ਵਿੱਚ ਸੰਸਾਰ ਸਰਮਾਏਦਾਰ ਪ੍ਰਣਾਲੀ ਦੀ ਇੱਕ **ਸਮੂਲੀ ਤਸਵੀਰ** ਪੇਸ਼ ਕੀਤੀ ਜਾਵੇ।

ਕੁਝ ਹੱਦ ਤੱਕ ਇਹ ਉੱਨਤ ਸਰਮਾਏਦਾਰ ਦੇਸ਼ਾਂ ਵਿਚ ਕਈ ਕਮਿਊਨਿਸਟਾਂ ਲਈ ਲਾਹੇਵੰਦਾ ਹੋਵੇਗਾ ਕਿ ਉਹ ਇਸ ਪੈਂਫ਼ਲਟ ਦੀ ਮਿਸਾਲ ਰਾਹੀਂ, ਜਿਹੜਾ **ਜ਼ਾਰਸ਼ਾਹੀ ਸੈਂਸਰ ਦੀ ਦ੍ਰਿਸ਼ਟੀ ਤੋਂ ਕਾਨੂੰਨੀ ਹੈ**, ਕਾਨੂੰਨੀਅਤ ਦੀ ਉਸ ਥੋੜ੍ਹੀ ਜਿਹੀ ਰਹਿੰਦ-ਖੂੰਹਦ ਦੀ, ਜਿਹੜੀ ਕਮਿਊਨਿਸਟਾਂ ਨੂੰ, ਕਮਿਊਨਿਸਟਾਂ ਦੀਆਂ ਲਗਭਗ ਸਮੂਹਕ ਪੱਧਰ ਉੱਤੇ ਗ੍ਰਿਫ਼ਤਾਰੀਆਂ ਤੋਂ ਪਿੱਛੋਂ, ਮਿਸਾਲ ਵਜੋਂ ਸਮਕਾਲੀ ਅਮਰੀਕਾ ਜਾਂ ਫ਼ਰਾਂਸ ਵਿੱਚ, ਪ੍ਰਾਪਤ ਹੈ, "ਸੰਸਾਰ ਜਮਹੂਰੀਅਤ" ਲਈ ਸਮਾਜੀ-ਸ਼ਾਂਤੀਵਾਦੀ ਵਿਚਾਰਾਂ ਅਤੇ ਆਸਾਂ ਦੇ ਉੱਕਾ ਹੀ ਝੂਠਾ ਹੋਣ ਦੀ ਵਿਆਖਿਆ ਕਰਨ ਲਈ ਵਰਤਣ ਦੀ ਸੰਭਾਵਨਾ ਅਤੇ ਲੋੜ ਦਾ ਆਪਣੇ ਆਪ ਨੂੰ ਨਿਸ਼ਚਾ ਕਰਵਾ ਲੈਣ। ਇਸ ਸੈਂਸਰ ਕੀਤੇ ਪੈਂਫ਼ਲਟ ਵਿਚ ਜਿਸ ਅਤਿ-ਅੰਤ ਲੋੜੀਂਦੀ ਗੱਲ ਦਾ ਵਾਧਾ ਕਰਨ ਦੀ ਲੋੜ ਹੈ, ਉਹ ਮੈਂ ਇਸ ਮੁਖ-ਬੰਧ ਵਿੱਚ ਪੇਸ਼ ਕਰਨ ਦਾ ਯਤਨ ਕਰਾਂਗਾ[2]।

## II

ਇਸ ਪੈਂਫ਼ਲਟ ਵਿੱਚ ਸਾਬਤ ਕੀਤਾ ਗਿਆ ਹੈ ਕਿ 1914-18 ਦਾ ਯੁੱਧ ਦੁਹਾਂ ਧਿਰਾਂ ਵੱਲੋਂ ਸਾਮਰਾਜੀ (ਅਰਥਾਤ ਕਬਜ਼ੇ ਕਰਨ ਵਾਲ਼ਾ, ਲੋਟੂ, ਲੁੱਟ-ਮਾਰ ਦਾ) ਯੁੱਧ ਸੀ; ਇਹ ਸੰਸਾਰ ਦੀ ਵੰਡ ਲਈ ਯੁੱਧ ਸੀ, ਬਸਤੀਆਂ ਅਤੇ ਵਿੱਤ ਸਰਮਾਏ ਦੇ "ਰਸੂਖ਼ ਦੇ ਖੇਤਰਾਂ" ਦੀ ਵੰਡ ਅਤੇ ਮੁੜ-ਵੰਡ ਲਈ ਯੁੱਧ ਸੀ, ਆਦਿ।

ਸੁਭਾਵਕ ਹੀ ਯੁੱਧ ਦੇ ਸੱਚੇ ਸਮਾਜੀ ਜਾਂ ਸਗੋਂ, ਸੱਚੇ ਸ਼੍ਰੇਣੀ ਖ਼ਾਸੇ ਦਾ ਸਬੂਤ ਯੁੱਧ ਦੇ ਡਿਪਲੋਮੈਟਕ ਇਤਿਹਾਸ ਵਿੱਚੋਂ ਨਹੀਂ ਸਗੋਂ **ਸਭਨਾਂ** ਲੜਨ ਵਾਲ਼ੇ ਦੇਸ਼ਾਂ ਵਿੱਚ ਹਾਕਮ **ਸ਼੍ਰੇਣੀਆਂ** ਦੀਆਂ **ਬਾਹਰਮੁਖੀ** ਪੁਜ਼ੀਸ਼ਨਾਂ ਦੇ ਵਿਸ਼ਲੇਸ਼ਣ ਵਿੱਚੋਂ ਮਿਲ਼ੇਗਾ। ਇਹ ਬਾਹਰਮੁਖੀ ਪੁਜ਼ੀਸ਼ਨ ਚਿਤਰਨ ਲਈ ਇਹ ਲਾਜ਼ਮੀ ਹੈ ਕਿ ਮਨੁੱਖ ਮਿਸਾਲਾਂ ਜਾਂ ਵਖਰਾਈ ਵਾਕਫ਼ੀ ਨਾ ਲਵੇ (ਸਮਾਜੀ ਜੀਵਨ ਦੇ ਵਰਤਾਰਿਆਂ ਦੀ ਅਤਿ ਦੀ ਗੁੰਝਲ ਕਾਰਨ ਇਹ ਸਦਾ ਹੀ ਸੰਭਵ ਹੁੰਦਾ ਹੈ ਕਿ ਕਈ ਮਿਸਾਲਾਂ ਜਾਂ ਵਖਰਾਈਆਂ ਵਾਕਫ਼ੀਆਂ ਕੋਈ ਵੀ ਪ੍ਰਸਤਾਵਨਾ ਸਾਬਤ ਕਰਨ ਲਈ ਚੁਣੀਆਂ ਜਾ ਸਕਦੀਆਂ ਹਨ) ਸਗੋਂ **ਸਭਨਾਂ** ਲੜਨ ਵਾਲ਼ੇ ਦੇਸ਼ਾਂ ਅਤੇ **ਸਮੁੱਚੀ** ਦੁਨੀਆ ਵਿੱਚ ਆਰਥਕ ਜੀਵਨ ਦੇ ਆਧਾਰ ਬਾਰੇ **ਕੁੱਲ** ਵਾਕਫ਼ੀ ਨੂੰ ਲਿਆ ਜਾਵੇ।

1876 ਅਤੇ 1914 ਵਿੱਚ **ਸੰਸਾਰ ਦੀ ਵੰਡ** (ਕਾਂਡ 6 ਵਿੱਚ) ਅਤੇ 1890 ਅਤੇ 1913 ਵਿੱਚ ਸੰਸਾਰ ਦੀਆਂ **ਰੇਲਾਂ** ਦੀ ਵੰਡ (ਕਾਂਡ 7 ਵਿੱਚ) ਦਾ ਵਰਨਣ ਕਰਦਿਆਂ ਮੈਂ ਅਜਿਹੀ ਹੀ ਰੱਦ ਨਾ ਹੋ ਸਕਣ ਵਾਲ਼ੀ ਸੰਖੇਪੀ ਵਾਕਫ਼ੀ ਵਿੱਚੋਂ ਟੂਕਾਂ ਦਿੱਤੀਆਂ ਹਨ। ਰੇਲਾਂ ਬੁਨਿਆਦੀ ਸਰਮਾਏਦਾਰ ਸਨਅਤਾਂ, ਕੋਲ਼ੇ, ਲੋਹੇ ਅਤੇ ਅਸਪਾਤ ਦਾ ਜੋੜ ਹਨ; ਇੱਕ ਜੋੜ ਅਤੇ ਸੰਸਾਰ ਵਪਾਰ ਅਤੇ ਬੁਰਜੂਆ-ਜਮਹੂਰੀ ਸੱਭਿਅਤਾ ਦੇ ਵਿਕਾਸ ਦਾ ਸਭ ਤੋਂ ਪ੍ਰਤੱਖ ਸੂਚਕ ਵੀ ਹਨ। ਕਿਵੇਂ ਰੇਲਾਂ ਵੱਡ-ਪੱਧਰੀ ਸਨਅਤ ਨਾਲ਼, ਅਜਾਰੇਦਾਰੀਆਂ, ਸਿੰਡੀਕੇਟਾਂ, ਕਾਰਟਲਾਂ, ਟਰੱਸਟਾਂ, ਬੈਂਕਾਂ ਅਤੇ ਵਿੱਤ ਜੁੰਡੀ-ਰਾਜ ਨਾਲ਼ ਜੁੜੀਆਂ ਹੋਈਆਂ ਹਨ, ਇਹ ਪੁਸਤਕ ਦੇ ਪਹਿਲੇਰੇ ਕਾਂਡਾਂ ਵਿੱਚ ਵਿਖਾਇਆ ਗਿਆ ਹੈ। ਰੇਲਾਂ ਦੀ ਅਸਾਂਵੀ ਵੰਡ, ਉਹਨਾਂ ਦਾ ਅਸਾਵਾਂ ਵਿਕਾਸ—ਇੱਕ ਤਰ੍ਹਾਂ ਸੰਸਾਰ-ਵਿਆਪੀ ਪੱਧਰ ਉੱਤੇ ਅਜੋਕੀ ਅਜਾਰੇਦਾਰ ਸਰਮਾਏਦਾਰੀ ਦਾ ਨਿਚੋੜ ਪੇਸ਼ ਕਰਦਾ ਹੈ ਅਤੇ ਇਹ ਸਾਰ ਸਾਬਤ ਕਰਦਾ ਹੈ ਕਿ **ਅਜਿਹੀ** ਆਰਥਕ ਪ੍ਰਣਾਲੀ ਅਧੀਨ, ਜਦੋਂ **ਤੱਕ** ਉਤਪਾਦਨ ਦੇ ਸਾਧਨਾਂ ਦੀ ਨਿੱਜੀ ਮਾਲਕੀ ਕਾਇਮ ਹੈ, ਸਾਮਰਾਜੀ ਯੁੱਧ ਉੱਕਾ ਹੀ ਅਟੱਲ ਹਨ।

ਰੇਲਾਂ ਦੀ ਉਸਾਰੀ ਇੱਕ ਸਾਦਾ, ਸੁਭਾਵਕ, ਜਮਹੂਰੀ, ਸੱਭਿਆਚਾਰਕ ਅਤੇ ਸਭਿਆ ਬਣਾਉਣ ਵਾਲ਼ਾ ਕਾਰਜ ਜਾਪਦਾ ਹੈ; ਜਿਨ੍ਹਾਂ ਬੁਰਜੂਆ ਪ੍ਰੋਫ਼ੈਸਰਾਂ ਨੂੰ ਬੁਰਜੂਆ ਗ਼ੁਲਾਮੀ ਨੂੰ ਸੁਹਣੇ ਰੰਗਾਂ ਵਿੱਚ ਪੇਸ਼ ਕਰਨ ਲਈ ਤਨਖਾਹਾਂ ਮਿਲ਼ਦੀਆਂ ਹਨ, ਉਹਨਾਂ ਦੇ ਵਿਚਾਰ ਵਿੱਚ ਅਤੇ ਨਿੱਕ-ਬੁਰਜੂਆ ਤੰਗ-ਨਜ਼ਰ ਲੋਕਾਂ ਦੇ ਵਿਚਾਰ ਵਿੱਚ ਹੀ ਇਹ ਉਹੋ ਕੁਝ ਹੈ। ਪਰ ਅਸਲੀਅਤ ਇਹ ਹੈ ਕਿ ਸਰਮਾਏਦਾਰ ਤੰਦਾਂ ਨੇ, ਜਿਹੜੀਆਂ ਆਪਣੀਆਂ ਹਜ਼ਾਰਾਂ ਗੰਢਾਂ ਰਾਹੀਂ ਇਹਨਾਂ ਕਾਰੋਬਾਰਾਂ ਨੂੰ ਉਤਪਾਦਨ ਦੇ ਸਾਧਨਾਂ ਵਿੱਚ ਆਮ ਤੌਰ ’ਤੇ ਨਿੱਜੀ ਜਾਇਦਾਦ ਨਾਲ਼ ਜੋੜਦੀਆਂ ਹਨ, ਰੇਲਾਂ ਦੀ ਇਸ ਉਸਾਰੀ ਨੂੰ (ਬਸਤੀਆਂ ਅਤੇ ਨੀਮ-ਬਸਤੀਆਂ ਵਿੱਚ) 100 **ਕਰੋੜ** ਲੋਕਾਂ ’ਤੇ, ਅਰਥਾਤ, ਸੰਸਾਰ ਦੀ ਅੱਧੀ ਤੋਂ ਵੱਧ ਵਸੋਂ ’ਤੇ ਵੀ, ਜਿਹੜੀ ਅਧੀਨ ਦੇਸ਼ਾਂ ਵਿੱਚ ਰਹਿੰਦੀ ਹੈ ਅਤੇ “ਸੱਭਿਆ” ਦੇਸ਼ਾਂ ਵਿੱਚ ਸਰਮਾਏ ਦੇ ਉਜਰਤੀ-ਗੁਲਾਮਾਂ ਉੱਤੇ ਵੀ ਜ਼ਬਰ ਕਰਨ ਦੇ ਸਾਧਨ ਵਿੱਚ ਤਬਦੀਲ ਕਰ ਦਿੱਤਾ ਹੈ।

ਨਿੱਕੇ ਮਾਲਕਾਂ ਦੀ ਕਿਰਤ ਉੱਤੇ ਆਧਾਰਤ ਨਿੱਜੀ ਜਾਇਦਾਦ, ਆਜ਼ਾਦ ਮੁਕਾਬਲਾ, ਜਮਹੂਰੀਅਤ, ਉਹ ਸਾਰੇ ਰਸਮੀ ਬੋਲ ਜਿਨ੍ਹਾਂ ਨਾਲ਼ ਸਰਮਾਏਦਾਰ ਅਤੇ ਉਹਨਾਂ

ਦੇ ਅਖ਼ਬਾਰ ਕਿਰਤੀਆਂ ਅਤੇ ਕਿਸਾਨਾਂ ਨੂੰ ਧੋਖਾ ਦੇਂਦੇ ਹਨ—ਬੀਤੇ ਦੀਆਂ ਗੱਲਾਂ ਹਨ। ਸਰਮਾਏਦਾਰੀ ਵਧ ਕੇ ਅਤੇ ਹੱਦੋਂ ਵਧ ਕੇ ਬਸਤੀਵਾਦੀ ਜ਼ਬਰ ਦੀ ਅਤੇ ਮੁੱਠੀ ਭਰ "ਉੱਨਤ" ਦੇਸ਼ਾਂ ਵੱਲੋਂ ਸੰਸਾਰ ਦੀ ਵਸੋਂ ਦੀ ਭਾਰੀ ਬਹੁ-ਗਿਣਤੀ ਦਾ ਵਿੱਤ ਪੱਖੋਂ ਗਲ਼ਾ ਘੁੱਟਣ ਦੀ ਸੰਸਾਰ ਪ੍ਰਣਾਲੀ ਬਣ ਗਈ ਹੈ ਅਤੇ ਇਸ "ਲੁੱਟ ਦੇ ਮਾਲ" ਵਿੱਚ ਪੂਰੀ ਤਰ੍ਹਾਂ ਕੀਲ ਕਾਂਟੇ ਨਾਲ਼ ਲੈਸ ਦੋ ਜਾਂ ਤਿੰਨ ਬਲਵਾਨ ਸੰਸਾਰਕ ਪੱਧਰ ਦੇ ਲੁਟੇਰੇ (ਅਮਰੀਕਾ, ਬਰਤਾਨੀਆ ਅਤੇ ਜਾਪਾਨ) ਭਿਆਲ਼ ਹਨ, ਜਿਹੜੇ ਸਾਰੇ ਸੰਸਾਰ ਨੂੰ **ਆਪਣੇ** ਲੁੱਟ ਦੇ ਮਾਲ ਦੀ ਵੰਡ ਲਈ **ਆਪਣੇ** ਯੁੱਧ ਵਿੱਚ ਖਿੱਚ ਰਹੇ ਹਨ।

## III

ਬ੍ਰੈਸਤ-ਲਿਤਵੋਸਕ ਦੀ ਸੰਧੀ[3], ਜਿਹੜੀ ਬਾਦਸ਼ਾਹਪਸੰਦ ਜਰਮਨੀ ਨੇ ਜ਼ਬਰਦਸਤੀ ਮੰਨਵਾਈ ਅਤੇ ਉਸ ਤੋਂ ਪਿੱਛੋਂ ਦੀ ਕਿਤੇ ਵਧੇਰੇ ਜ਼ਾਲਮਾਨਾ ਅਤੇ ਘ੍ਰਿਣਾ-ਯੋਗ ਵਰਸੇਲਜ਼ ਦੀ ਸੰਧੀ[4], ਜਿਹੜੀ ਅਮਰੀਕਾ ਅਤੇ ਫ਼ਰਾਂਸ ਦੀਆਂ ਗਣ-ਰਾਜੀ "ਜਮਹੂਰੀਅਤਾਂ" ਅਤੇ "ਅਜ਼ਾਦ" ਬਰਤਾਨੀਆ ਨੇ ਜ਼ਬਰਦਸਤੀ ਮੰਨਵਾਈ, ਉਹਨਾਂ ਨੇ ਸਾਮਰਾਜਵਾਦ ਦੇ ਕਲਮ ਦੇ ਭਾੜੇ ਦੇ ਕੁਲੀਆਂ ਨੂੰ ਵੀ ਅਤੇ ਨਿੱਕ-ਬੁਰਜੂਆ ਪਿੱਛੇ-ਖਿੱਚੂਆਂ ਨੂੰ ਵੀ ਨੰਗਾ ਕਰ ਕੇ ਮਨੁੱਖਤਾ ਦੀ ਅਤਿ ਲਾਭਦਾਇਕ ਸੇਵਾ ਕੀਤੀ ਹੈ, ਭਾਵੇਂ ਉਹ ਆਪਣੇ ਆਪ ਨੂੰ ਸ਼ਾਂਤੀਵਾਦੀ ਅਤੇ ਸੋਸ਼ਲਿਸਟ ਕਹਿੰਦੇ ਹਨ, ਉਹਨਾਂ "ਵਿਲਸਨਵਾਦ"[5] ਦੇ ਗੁਣ ਗਾਏ ਅਤੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਸਾਮਰਾਜਵਾਦ ਅਧੀਨ ਅਮਨ ਅਤੇ ਸੁਧਾਰ ਸੰਭਵ ਹਨ।

ਯੁੱਧ ਨੇ ਜਿਹੜੇ ਲਖੂਖਾ ਮੁਰਦੇ ਅਤੇ ਅਪੰਗ ਛੱਡੇ—ਇੱਕ ਅਜਿਹਾ ਯੁੱਧ ਜਿਸ ਦਾ ਮੰਤਵ ਇਹ ਫ਼ੈਸਲਾ ਕਰਨਾ ਸੀ ਕਿ ਵਿੱਤ ਲੋਟੂਆਂ ਦੀ ਬਰਤਾਨਵੀ ਜਾਂ ਜਰਮਨ ਟੋਲੀ ਵਧੇਰੇ ਲੁੱਟ ਦਾ ਮਾਲ ਪ੍ਰਾਪਤ ਕਰੇ—ਉਹ ਅਤੇ ਇਹ ਦੋ "ਅਮਨ ਸੰਧੀਆਂ" ਬੇਮਿਸਾਲ ਤੇਜ਼ੀ ਨਾਲ਼ ਬੁਰਜੂਆਜ਼ੀ ਹੱਥੋਂ ਲਖੂਖਾ ਪਸਿਤੇ, ਦੱਬੇ, ਕੁਚਲੇ, ਛਲ਼ੇ ਅਤੇ ਮੁੱਠੇ ਹੋਏ ਲੋਕਾਂ ਦੀਆਂ ਅੱਖਾਂ ਖੋਹਲ ਰਹੀਆਂ ਹਨ। ਇਉਂ ਯੁੱਧ ਵੱਲੋਂ ਪੈਦਾ ਕੀਤੀ ਜਗਤਰੀ ਤਬਾਹੀ ਵਿੱਚੋਂ ਇੱਕ ਸੰਸਾਰ-ਵਿਆਪੀ ਇਨਕਲਾਬੀ ਸੰਕਟ ਪੈਦਾ ਹੋ ਰਿਹਾ ਹੈ, ਜਿਸਦੇ ਪੜਾਅ ਭਾਵੇਂ ਕਿੰਨੇ ਸਮੇਂ ਲੰਮੇਂ ਅਤੇ ਔਖੇ ਕਿਉਂ ਨਾ ਹੋਣ, ਉਹਦਾ ਅੰਤ ਪ੍ਰੋਲੇਤਾਰੀ ਇਨਕਲਾਬ ਅਤੇ ਇਹਦੀ ਜਿੱਤ ਤੋਂ ਬਿਨਾਂ ਹੋਰ ਕਿਸੇ ਗੱਲ ਵਿੱਚ ਨਹੀਂ ਹੋ ਸਕਦਾ।

ਦੂਜੀ ਇੰਟਰਨੈਸ਼ਨਲ[6] ਦਾ ਬਾਸਲ ਮੈਨੀਫ਼ੈਸਟੋ[7], ਜਿਸਨੇ 1912 ਵਿੱਚ ਐਨ ਉਸ ਯੁੱਧ ਦਾ ਮੁਲੰਗਣ ਕੀਤਾ ਜਿਹੜਾ 1914 ਵਿੱਚ ਛਿੜ ਪਿਆ ਅਤੇ ਆਮ ਤੌਰ 'ਤੇ ਯੁੱਧ ਦਾ ਨਹੀਂ (ਇਨਕਲਾਬੀ ਯੁੱਧਾਂ ਸਮੇਤ ਵੱਖ ਵੱਖ ਤਰ੍ਹਾਂ ਦੇ ਯੁੱਧ ਹੁੰਦੇ ਹਨ)—ਇਹ ਮੈਨੀਫ਼ੈਸਟੋ ਹੁਣ ਦੂਜੀ ਇੰਟਰਨੈਸ਼ਨਲ ਦੇ ਸੂਰਮਿਆਂ ਦਾ ਸ਼ਰਮਨਾਕ ਦੀਵਾਲੀਆਪੁਣਾ ਅਤੇ ਵਿਸਾਹਘਾਤ ਪੂਰੀ ਤਰ੍ਹਾਂ ਨੰਗਾ ਕਰਨ ਵਾਲ਼ੀ ਇੱਕ ਯਾਦਗਾਰ ਹੀ ਹੈ।

ਇਸੇ ਲਈ ਮੈਂ ਇਹ ਮੈਨੀਫ਼ੈਸਟੋ ਇਸ ਛਾਪ ਦੇ ਜ਼ਮੀਮੇ[8] ਦੇ ਤੌਰ 'ਤੇ ਪੇਸ਼ ਕਰਦਾ ਹਾਂ

ਅਤੇ ਪਾਠਕ ਉੱਤੇ ਮੁੜ ਮੁੜ ਜ਼ੋਰ ਦੇਂਦਾ ਹਾਂ ਕਿ ਉਹ ਇਸ ਗੱਲ ਨੂੰ ਮੁੱਖ ਰੱਖਣ ਕਿ ਦੂਜੀ ਇੰਟਰਨੈਸ਼ਨਲ ਦੇ ਸੂਰਮੇ ਮੈਨੀਫ਼ੈਸਟੋ ਦੇ ਉਹਨਾਂ ਹਿੱਸਿਆਂ ਤੋਂ ਜਿਹੜੇ ਆਉਣ ਵਾਲ਼ੇ ਯੁੱਧ ਅਤੇ ਪ੍ਰੋਲੇਤਾਰੀ ਇਨਕਲਾਬ ਨੂੰ ਸ਼ੁੱਧਤਾ ਨਾਲ਼, ਸਪੱਸ਼ਟ ਤੌਰ 'ਤੇ ਅਤੇ ਨਿਸ਼ਚਿਤ ਢੰਗ ਨਾਲ਼ ਪੇਸ਼ ਕਰਦੇ ਹਨ, ਉਸੇ ਤਰ੍ਹਾਂ ਪਰ੍ਹਾਂ ਦੌੜਦੇ ਹਨ, ਜਿਵੇਂ ਚੋਰ ਆਪਣੇ ਜ਼ੁਰਮ ਦੀ ਥਾਂ ਤੋਂ।

## IV

ਇਸ ਪੈਂਫ਼ਲਟ ਵਿੱਚ ਕਾਊਟਸਕੀਵਾਦ ਦੀ ਪੜਚੋਲ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਜਿਹੜਾ ਉਹ ਕੌਮਾਂਤਰੀ ਵਿਚਾਰਧਾਰਕ ਮੁਹਾਣ ਹੈ, ਜਿਸ ਦੀ ਪ੍ਰਤਿਨਿੱਧਤਾ ਸੰਸਾਰ ਦੇ ਸਭਨਾਂ ਦੇਸ਼ਾਂ ਵਿੱਚ "ਸਭ ਤੋਂ ਉੱਘੇ ਸਿਧਾਂਤਕਾਰ," ਦੂਜੀ ਇੰਟਰਨੈਸ਼ਨਲ ਦੇ ਨੇਤਾ (ਓਟੋ ਬਾਵੇਰ ਅਤੇ ਉਹਦੇ ਸਾਥੀ ਆਸਟਰੀਆ ਵਿੱਚ, ਰੈਮਜ਼ੇ ਮੈਕਡਾਨਲਡ ਅਤੇ ਕੁੱਝ ਹੋਰ ਬਰਤਾਨੀਆ ਵਿੱਚ, ਐਲਬਰਟ ਥਾਮਸ ਫ਼ਰਾਂਸ ਵਿੱਚ, ਇਤਿ ਆਦਿ) ਅਤੇ ਸੋਸ਼ਲਿਸਟਾਂ, ਸੁਧਾਰਵਾਦੀਆਂ, ਸ਼ਾਂਤੀਵਾਦੀਆਂ ਬੁਰਜੂਆ ਜਮਹੂਰੀਅਤ-ਪਸੰਦਾਂ ਅਤੇ ਪਾਦਰੀਆਂ ਦੀ ਧਾੜ ਕਰਦੀ ਹੈ।

ਇਹ ਵਿਚਾਰਧਾਰਕ ਮੁਹਾਣ ਹੈ, ਇੱਕ ਹੱਥ ਦੂਜੀ ਇੰਟਰਨੈਸ਼ਨਲ ਦੇ ਖੇਰੂੰ-ਖੇਰੂੰ ਹੋਣ ਅਤੇ ਨਿਘਾਰ ਦੀ ਉਪਜ ਹੈ ਅਤੇ ਦੂਜੇ ਹੱਥ, ਨਿੱਕੀ ਬੁਰਜੂਆਜ਼ੀ ਦੀ ਵਿਚਾਰਧਾਰਾ ਦਾ ਅਟੱਲ ਸਿੱਟਾ ਹੈ, ਜਿਸ ਦੇ ਜੀਵਨ ਦਾ ਸਾਰਾ ਢੰਗ ਉਹਨੂੰ ਬੁਰਜੂਆ ਅਤੇ ਜਮਹੂਰੀ ਤਅੱਸਬਾਂ ਦਾ ਗੋਲ਼ਾ ਬਣਾਈ ਰੱਖਦਾ ਹੈ।

ਕਾਊਟਸਕੀ ਅਤੇ ਉਹਦੇ ਜਿਹੇ ਲੋਕ ਜਿਹੜੇ ਵਿਚਾਰਾਂ ਦੇ ਹਾਮੀ ਹਨ ਉਹ ਮਾਰਕਸਵਾਦ ਦੇ ਐਨ ਉਹਨਾਂ ਇਨਕਲਾਬੀ ਵਿਚਾਰਾਂ ਦਾ ਤਿਆਗ ਹਨ, ਜਿਨ੍ਹਾਂ ਦੀ ਉਸੇ ਲੇਖਕ ਨੇ ਦਹਾਕਿਆਂ ਤੱਕ ਅਤੇ ਲੱਗਦੇ ਹੱਥ, ਵਿਸ਼ੇਸ਼ ਤੌਰ 'ਤੇ ਸਮਾਜੀ ਮੌਕਾਪ੍ਰਸਤੀ (ਬਰਨਸਟਾਈਨ, ਮਿਲੇਰਾਂਦ, ਹਿੰਡਮੈਨ, ਗੋਮਪਰਜ਼, ਆਦਿ) ਵਿਰੁੱਧ ਆਪਣੇ ਘੋਲ਼ ਵਿੱਚ ਹਮਾਇਤ ਕੀਤੀ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਸੰਸਾਰ ਭਰ ਵਿੱਚ ਕਾਊਟਸਕੀ ਦੇ ਪੈਰੋ ਹੁਣ ਅਮਲੀ ਰਾਜਨੀਤੀ ਵਿੱਚ ਅਤਿ ਦੇ ਮੌਕਾ-ਪ੍ਰਸਤਾਂ ਨਾਲ਼ (ਦੂਜੀ ਜਾਂ ਪੀਲ਼ੀ ਇੰਟਰਨੈਸ਼ਨਲ[7] ਰਾਹੀਂ ) ਅਤੇ ਬੁਰਜੂਆ ਹਕੂਮਤਾਂ ਨਾਲ਼ (ਬੁਰਜੂਆ ਕੁਲੀਸ਼ਨ ਹਕੂਮਤਾਂ ਰਾਹੀਂ ਜਿਨ੍ਹਾਂ ਵਿੱਚ ਸੋਸ਼ਲਿਸਟ ਸ਼ਾਮਲ ਹੁੰਦੇ ਹਨ) ਰਲ਼ ਗਏ ਹਨ।

ਸੰਸਾਰ ਇਨਕਲਾਬੀ ਲਹਿਰ ਆਮ ਤੌਰ 'ਤੇ ਅਤੇ ਕਮਿਊਨਿਸਟ ਲਹਿਰ ਵਿਸ਼ੇਸ਼ ਤੌਰ 'ਤੇ ਕਾਊਟਸਕੀਵਾਦ ਦੀਆਂ ਸਿਧਾਂਤਕ ਗ਼ਲਤੀਆਂ ਦਾ ਵਿਸ਼ਲੇਸ਼ਣ ਕਰਨ ਅਤੇ ਉਹਨਾਂ ਦਾ ਪਰਦਾ ਉਘੇੜੇ ਬਿਨਾਂ ਨਹੀਂ ਰਹਿ ਸਕਦੀ। ਇਹ ਗੱਲ ਇਸ ਲਈ ਹੋਰ ਵੀ ਜ਼ਰੂਰੀ ਹੈ ਕਿਉਂਕਿ ਆਮ ਤੌਰ 'ਤੇ ਸ਼ਾਂਤੀਵਾਦ ਅਤੇ "ਜਮਹੂਰੀਅਤ", ਜਿਹੜੇ ਮਾਰਕਸਵਾਦੀ ਹੋਣ ਦਾ ਦਾਅਵਾ ਕਿਸੇ ਤਰ੍ਹਾਂ ਵੀ ਨਹੀਂ ਕਰਦੇ, ਪਰ ਜਿਹੜੇ, ਕਾਊਟਸਕੀਵਾਦ ਵਾਂਗ, ਸਾਮਰਾਜਵਾਦ ਦੇ ਵਿਰੋਧਾਂ ਦੀ ਡੂੰਘਿਆਈ ਉੱਤੇ ਅਤੇ ਇਹਦੇ ਕਾਰਨ ਅਟੱਲ ਤੌਰ 'ਤੇ ਜਿਹੜਾ ਇਨਕਲਾਬੀ ਸੰਕਟ ਪੈਦਾ ਹੁੰਦਾ ਹੈ, ਉਸ ਉੱਤੇ ਪਰਦਾ ਪਾ ਰਹੇ ਹਨ, ਅਜੇ ਵੀ ਸੰਸਾਰ ਭਰ ਵਿੱਚ ਬਹੁਤ

ਵਿਸ਼ਾਲ ਪੱਧਰ ਉੱਤੇ ਫ਼ੈਲੇ ਹੋਏ ਹਨ। ਇਹਨਾਂ ਝੁਕਾਵਾਂ ਦਾ ਮੁਕਾਬਲਾ ਕਰਨਾ ਪ੍ਰੋਲੇਤਾਰੀ ਦੀ ਪਾਰਟੀ ਦਾ ਲਾਜ਼ਮੀ ਫ਼ਰਜ਼ ਹੈ, ਜਿਸ ਲਈ ਇਹ ਲਾਜ਼ਮੀ ਹੈ ਕਿ ਉਹ ਨਿੱਕੇ ਮਾਲਕਾਂ ਨੂੰ, ਜਿਨ੍ਹਾਂ ਨੂੰ ਬੁਰਜੂਆਜ਼ੀ ਨੇ ਛਲ ਲਿਆ ਹੋਇਆ ਹੈ ਅਤੇ ਲਖੂਖਾ ਕਿਰਤੀ ਲੋਕਾਂ ਨੂੰ, ਜਿਹੜੇ ਘੱਟ ਜਾਂ ਵੱਧ ਜੀਵਨ ਦੀਆਂ ਨਿੱਕ-ਬੁਰਜੂਆ ਪ੍ਰਸਥਿਤੀਆਂ ਵਿੱਚ ਰਹਿ ਰਹੇ ਹਨ, ਬੁਰਜੂਆਜ਼ੀ ਤੋਂ ਵੱਖ ਕਰੇ।

## V

ਅੱਠਵੇਂ ਕਾਂਡ "ਸਰਮਾਏਦਾਰੀ ਦਾ ਪਰਜੀਵੀਪੁਣਾ ਅਤੇ ਪਤਨ" ਸਬੰਧੀ ਕੁਝ ਸ਼ਬਦ ਕਹਿਣੇ ਜ਼ਰੂਰੀ ਹਨ। ਜਿਹਾ ਕਿ ਪਾਠ ਵਿੱਚ ਪਹਿਲਾਂ ਹੀ ਦੱਸਿਆ ਗਿਆ ਹੈ ਸਾਬਕ "ਮਾਰਕਸਵਾਦੀ" ਅਤੇ ਹੁਣ ਕਾਊਟਸਕੀ ਦੇ ਨੇੜਵੇਂ ਸਾਥੀ ਅਤੇ "ਜਰਮਨ ਸੁਤੰਤਰ ਸੋਸ਼ਲ-ਡੈਮੋਕ੍ਰੈਟਿਕ ਪਾਰਟੀ"[10] ਵਿੱਚ ਬੁਰਜੂਆ, ਸੁਧਾਰਵਾਦੀ ਨੀਤੀ ਦੇ ਇੱਕ ਮੁਖੀ ਹਮਾਇਤੀ ਹਿਲਫ਼ਰਡਿੰਗ ਨੇ **ਖੁੱਲ੍ਹੇ** ਸ਼ਾਂਤੀਵਾਦੀ ਅਤੇ ਸੁਧਾਰਵਾਦੀ ਅੰਗਰੇਜ਼ ਹਾਬਸਨ ਦੇ ਮੁਕਾਬਲੇ ਉੱਤੇ ਇਸ ਸਵਾਲ ਬਾਰੇ ਪਿੱਛੇ ਵੱਲ ਇੱਕ ਕਦਮ ਚੁੱਕਿਆ ਹੈ। ਸਮੁੱਚੀ ਕਿਰਤੀ-ਸ਼੍ਰੇਣੀ ਲਹਿਰ ਦੀ ਕੌਮਾਂਤਰੀ ਫੁੱਟ ਹੁਣ ਉੱਕਾ ਹੀ ਸਪੱਸ਼ਟ ਹੈ (ਦੂਜੀ ਅਤੇ ਤੀਜੀ ਇੰਟਰਨੈਸ਼ਨਲ)[11]। ਇਹ ਤੱਥ ਵੀ ਸਪੱਸ਼ਟ ਹੈ ਕਿ ਇਸ ਸਮੇਂ ਦੁਹਾਂ ਮੁਹਾਣਾਂ ਵਿਚਕਾਰ ਹਥਿਆਰਬੰਦ ਘੋਲ਼ ਅਤੇ ਖ਼ਾਨਾ-ਜੰਗੀ ਜਾਰੀ ਹੈ—ਰੂਸ ਵਿੱਚ ਮੈਨਸ਼ਵਿਕਾਂ[12] ਅਤੇ ਸੋਸ਼ਲਿਸਟ-ਇਨਕਲਾਬੀਆਂ[13] ਵੱਲੋਂ ਬਾਲਸ਼ਵਿਕਾਂ ਵਿਰੁੱਧ ਕੋਲਚਾਕ ਅਤੇ ਦੇਨੀਕਿਨ ਨੂੰ ਦਿੱਤੀ ਸਹਾਇਤਾ; ਜਰਮਨੀ ਵਿੱਚ ਬੁਰਜੂਆਜ਼ੀ ਨਾਲ ਰਲ਼ ਕੇ ਸ਼ੀਦੇਮਾਨਾਂ ਅਤੇ ਨੋਸਕਿਆਂ ਨੇ ਸਪਾਰਟਾਕਸਵਾਦੀਆਂ[14] ਵਿਰੁੱਧ ਜਿਹੜਾ ਘੋਲ਼ ਲੜਿਆ; ਫ਼ਿਨਲੈਂਡ, ਪੋਲੈਂਡ, ਹੰਗਰੀ, ਆਦਿ, ਵਿੱਚ ਵੀ ਇਹੋ ਗੱਲ। ਇਸ ਸੰਸਾਰ ਇਤਿਹਾਸਕ ਵਰਤਾਰੇ ਦਾ ਆਰਥਕ ਅਧਾਰ ਕੀ ਹੈ ?

ਇਹ ਐਨ ਸਰਮਾਏਦਾਰੀ ਦਾ ਪਰਜੀਵੀਪੁਣਾ ਅਤੇ ਪਤਨ ਹੀ ਹੈ ਜਿਹੜਾ ਇਹਦੇ ਇਤਿਹਾਸਕ ਵਿਕਾਸ ਦੇ ਸਰਵਉੱਚ ਪੜਾਅ, ਅਰਥਾਤ ਸਾਮਰਾਜਵਾਦ ਦਾ ਲਖਣਾਇਕ ਹੈ। ਜਿਹਾ ਕਿ ਇਹ ਪੈਂਫਲਟ ਦਰਸਾਉਂਦਾ ਹੈ, ਸਰਮਾਏਦਾਰੀ ਨੇ **ਮੁੱਠੀ ਭਰ** (ਧਰਤੀ ਦੇ ਵਸਨੀਕਾਂ ਦੇ ਦਸਵੇਂ ਹਿੱਸੇ ਤੋਂ ਘੱਟ; ਅਤਿ-ਅੰਤ "ਦਿਆਲ" ਅਤੇ ਵਧਾ ਚੜ੍ਹਾ ਕੇ ਲਾਏ ਹਿਸਾਬ ਕਿਤਾਬ ਅਨੁਸਾਰ ਵੀ ਪੰਜਵੇਂ ਹਿੱਸੇ ਤੋਂ ਘੱਟ) ਅਸਾਧਾਰਨ ਤੌਰ 'ਤੇ ਅਮੀਰ ਅਤੇ ਬਲਵਾਨ ਰਾਜਾਂ ਨੂੰ ਚੁਣ ਲਿਆ ਹੈ ਜਿਹੜੇ ਬਸ "ਪਰਚੀਆਂ ਪਾੜ ਕੇ"* ਹੀ ਸਮੁੱਚੇ ਸੰਸਾਰ ਨੂੰ ਲੁੱਟਦੇ ਹਨ। ਸਰਮਾਏ ਦੀ ਬਰਾਮਦ ਯੁੱਧ ਤੋਂ ਪਹਿਲਾਂ ਦੀਆਂ ਕੀਮਤਾਂ ਉੱਤੇ ਅਤੇ ਯੁੱਧ ਤੋਂ ਪਹਿਲਾਂ ਦੇ ਬੁਰਜੂਆ ਅੰਕੜਿਆਂ ਅਨੁਸਾਰ ਅੱਸੀ ਤੋਂ ਸੌ ਹਜ਼ਾਰ ਲੱਖ ਫ਼ਰਾਂਕ ਸਲਾਨਾ ਦੀ ਆਮਦਨ ਦੇਂਦੀ ਹੈ। ਨਿਰਸੰਦੇਹ, ਹੁਣ ਇਹ ਬਹੁਤ ਜ਼ਿਆਦਾ ਦੇਂਦੀ ਹੈ।

---

* ਯੂਰਪੀ ਬੈਂਕਾਂ ਵਿੱਚ ਪੈਸੇ ਜਮ੍ਹਾਂ ਕਰਾਉਣ 'ਤੇ ਇੱਕ ਕਿਤਾਬ ਮਿਲ਼ਦੀ ਹੈ, ਜਿਸ ਵਿੱਚੋਂ ਪਰਚੀਆਂ ਪਾੜ ਕੇ ਸਮੇਂ ਸਮੇਂ ਸੂਦ ਵਸੂਲਿਆ ਜਾ ਸਕਦਾ ਹੈ। – **ਅਨੁ:**

ਸਪੱਸ਼ਟ ਹੈ ਕਿ ਇਹਨਾਂ **ਪਰਾ-ਨਫ਼ਿਆਂ** ਵਿੱਚੋਂ (ਕਿਉਂਕਿ ਇਹ ਉਹਨਾਂ ਨਫ਼ਿਆਂ ਤੋਂ ਵਾਧੂ ਕਮਾਏ ਜਾਂਦੇ ਹਨ ਜਿਹੜੇ ਸਰਮਾਏਦਾਰ "ਆਪਣੇ" ਦੇਸ਼ ਦੇ ਕਿਰਤੀਆਂ ਤੋਂ ਨਚੋੜਦੇ ਹਨ) ਮਜ਼ਦੂਰ ਨੇਤਾਵਾਂ ਅਤੇ ਕਿਰਤ ਅਮੀਰਸ਼ਾਹੀ ਦੀ ਉਪਰਲੀ ਪਰਤ ਨੂੰ **ਰਿਸ਼ਵਤ ਦੇਣਾ** ਐਨ **ਸੰਭਵ** ਹੈ ਅਤੇ "ਉੱਨਤ" ਦੇਸ਼ਾਂ ਦੇ ਸਰਮਾਏਦਾਰ ਐਨ ਇਹੋ ਕੁਝ ਕਰ ਰਹੇ ਹਨ; ਉਹ ਉਹਨਾਂ ਦੇ ਹਜ਼ਾਰਾਂ ਢੰਗਾਂ, ਸਿੱਧੇ ਅਤੇ ਅਣ-ਸਿੱਧੇ ਨਾਲ਼, ਖੁੱਲ੍ਹੇ ਅਤੇ ਗੁੱਝੇ ਨਾਲ਼ ਰਿਸ਼ਵਤ ਦੇ ਰਹੇ ਹਨ।

ਬੁਰਜੂਆ-ਬਣੇ-ਕਿਰਤੀਆਂ ਦੀ ਇਹ ਪਰਤ ਜਾਂ ਕਿਰਤ ਅਮੀਰਸ਼ਾਹੀ, ਜਿਹੜੇ ਆਪਣੇ ਜੀਵਨ ਢੰਗ ਵਿੱਚ, ਆਪਣੀਆਂ ਆਮਦਨਾਂ ਦੇ ਅਕਾਰ ਵਿੱਚ ਅਤੇ ਆਪਣੇ ਸਾਰੇ ਦ੍ਰਿਸ਼ਟੀਕੋਣ ਵਿੱਚ ਤੰਗ-ਨਜ਼ਰ ਹਨ, ਦੂਜੀ ਇੰਟਰਨੈਸ਼ਨਲ ਦੀ ਮੁੱਖ ਟੇਕ ਹੈ ਅਤੇ ਸਾਡੇ ਸਮੇਂ ਵਿੱਚ ਬੁਰਜੂਆਜ਼ੀ ਦੀ ਮੁੱਖ **ਸਮਾਜੀ** (ਫ਼ੌਜੀ ਨਹੀਂ) ਟੇਕ ਹੈ। ਕਿਉਂਕਿ ਉਹ **ਕਿਰਤੀ-ਸ਼੍ਰੇਣੀ** ਲਹਿਰ ਵਿੱਚ **ਬੁਰਜੂਆਜ਼ੀ** ਦੇ ਅਸਲੀ **ਦਲਾਲ** ਹਨ, ਸਰਮਾਏਦਾਰ ਸ਼੍ਰੇਣੀ ਦੇ ਅਸਲੀ ਮਜ਼ਦੂਰ ਸਹਾਇਕ ਹਨ (labor lieutenants of the capitalist class), ਸੁਧਾਰਵਾਦ ਅਤੇ ਅੰਧਰਾਸ਼ਟਰਵਾਦ ਦੇ ਅਸਲੀ ਵਾਹਨ ਹਨ। ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਖ਼ਾਨਾ-ਜੰਗੀ ਵਿੱਚ ਉਹ ਅਟੱਲ ਤੌਰ 'ਤੇ ਅਤੇ ਥੋੜ੍ਹੀ ਗਿਣਤੀ ਵਿੱਚ ਨਹੀਂ, ਬੁਰਜੂਆਜ਼ੀ ਦੀ ਧਿਰ ਲੈਂਦੇ ਹਨ, "ਕਮਿਊਨਾਰਦਾਂ"[15] ਵਿਰੁੱਧ "ਵਰਸੇਲਜ਼"[16] ।

ਜੇ ਇਸ ਵਰਤਾਰੇ ਦੇ ਆਰਥਕ ਆਧਾਰ ਸਮਝ ਨਹੀਂ ਲਏ ਜਾਂਦੇ ਅਤੇ ਇਹਦੀ ਰਾਜਸੀ ਅਤੇ ਸਮਾਜੀ ਮਹੱਤਤਾ ਸਮਝ ਨਹੀਂ ਲਈ ਜਾਂਦੀ, ਕਮਿਊਨਿਸਟ ਲਹਿਰ ਦੇ ਅਤੇ ਆਉਣ ਵਾਲ਼ੇ ਸਮਾਜੀ ਇਨਕਲਾਬ ਦੇ ਅਮਲੀ ਮਸਲਿਆਂ ਦੇ ਹੱਲ ਵੱਲ ਇੱਕ ਕਦਮ ਵੀ ਨਹੀਂ ਚੁੱਕਿਆ ਜਾ ਸਕਦਾ।

ਸਾਮਰਾਜਵਾਦ ਪ੍ਰੋਲੇਤਾਰੀ ਦੇ ਸਮਾਜੀ ਇਨਕਲਾਬ ਦੀ ਪੂਰਬਲੀ ਸੰਧਿਆ ਹੈ। 1917 ਤੋਂ ਇਹ ਗੱਲ ਸੰਸਾਰ-ਵਿਆਪੀ ਪੱਧਰ ਉੱਤੇ ਸਾਬਤ ਹੋ ਗਈ ਹੈ।

6 ਜੁਲਾਈ 1920 **ਨਿ.ਲੈਨਿਨ**

ਪਿਛਲੇ ਪੰਦਰਾਂ ਤੋਂ ਵੀਹ ਵਰ੍ਹਿਆਂ ਵਿੱਚ, ਵਿਸ਼ੇਸ਼ ਤੌਰ 'ਤੇ ਸਪੇਨੀ-ਅਮਰੀਕਾ ਯੁੱਧ (1898)[17] ਅਤੇ ਅੰਗਰੇਜ਼-ਬੋਅਰ ਯੁੱਧ (1899-1902)[18] ਤੋਂ ਪਿੱਛੋਂ ਦੁਹਾਂ ਅੱਧ-ਗੋਲ਼ਿਆਂ ਦੇ ਆਰਥਕ ਸਾਹਿਤ ਅਤੇ ਰਾਜਨੀਤਕ ਸਾਹਿਤ ਨੇ ਵੀ ਅਜੋਕੇ ਯੁੱਗ ਨੂੰ ਬਿਆਨ ਕਰਨ ਲਈ ਸਦਾ ਵਧੇਰੇ "ਸਾਮਰਾਜਵਾਦ" ਦੀ ਪਰਿਭਾਸ਼ਾ ਵਰਤੀ ਹੈ। 1902 ਵਿੱਚ ਅੰਗਰੇਜ਼ ਅਰਥ-ਸ਼ਾਸਤਰੀ ਜ. ਅ. ਹਾਬਸਨ ਦੀ ਪੁਸਤਕ "ਸਾਮਰਾਜਵਾਦ"[19] ਲੰਦਨ ਅਤੇ ਨਿਊ ਯਾਰਕ ਵਿਖੇ ਛਪੀ। ਇਹ ਲੇਖਕ ਜਿਸਦਾ ਦ੍ਰਿਸ਼ਟੀਕੋਣ ਬੁਰਜੂਆ ਸਮਾਜੀ-ਸੁਧਾਰਵਾਦ ਅਤੇ ਸ਼ਾਂਤੀਵਾਦ ਦਾ ਹੈ ਜਿਹੜਾ, ਆਪਣੇ ਤੱਤ ਵਿੱਚ, ਸਾਬਕ-ਮਾਰਕਸਵਾਦੀ, ਕਾਰਲ ਕਾਊਟਸਕੀ ਦੇ ਅਜੋਕੇ ਦ੍ਰਿਸ਼ਟੀਕੋਣ ਨਾਲ਼ ਸਗਵਾਂ ਹੈ, ਸਾਮਰਾਜਵਾਦ ਦੇ ਮੁੱਖ ਸਪੱਸ਼ਟ ਆਰਥਕ ਅਤੇ ਰਾਜਸੀ ਲੱਛਣਾਂ ਦਾ ਬੜਾ ਚੰਗਾ ਅਤੇ ਵਿਆਪਕ ਬਿਆਨ ਪੇਸ਼ ਕਰਦਾ ਹੈ। 1910 ਵਿੱਚ ਵੀਆਨਾ ਵਿਖੇ ਆਸਟਰਵੀ ਮਾਰਕਸਵਾਦੀ ਰੁਡਲੋਫ਼ ਹਿਲਫ਼ਰਡਿੰਗ ਦੀ ਕਿਰਤ, "ਵਿੱਤ ਸਰਮਾਇਆ" (ਰੂਸੀ ਛਾਪ, ਮਾਸਕੋ 1912) ਛਪੀ ਲੇਖਕ ਮੁਦਰਾ ਦੇ ਸਿਧਾਂਤ ਸਬੰਧੀ ਜਿਹੜੀਆਂ ਗ਼ਲਤੀਆਂ ਕਰਦਾ ਹੈ, ਉਹਨਾਂ ਦੇ ਬਾਵਜੂਦ, ਅਤੇ ਉਹਦੇ ਵੱਲੋਂ ਮਾਰਕਸਵਾਦ ਅਤੇ ਮੌਕਾਪ੍ਰਸਤੀ ਨੂੰ ਸੁਮੇਲਣ ਦੀ ਕੁਝ ਪ੍ਰਵਿਰਤੀ ਅਤੇ ਬਾਵਜੂਦ ਉਹਦੀ ਕਿਰਤ "ਸਰਮਾਏਦਾਰ ਵਿਕਾਸ ਦੇ ਨਵੀਨਤਮ ਪੜਾਅ"[20] ਦਾ, ਜਿਹਾ ਕਿ ਇਹਦਾ ਉਪ-ਸਿਰਲੇਖ ਹੈ, ਬੜਾ ਵੱਡਮੁੱਲਾ ਸਿਧਾਂਤਕ ਵਿਸ਼ਲੇਸ਼ਣ ਦੇਂਦਾ ਹੈ। ਨਿਰਸੰਦੇਹ, ਪਿਛਲੇ ਕੁਝ ਵਰ੍ਹਿਆਂ ਵਿੱਚ ਸਾਮਰਾਜਵਾਦ ਸਬੰਧੀ ਜੋ ਕੁਝ ਕਿਹਾ ਗਿਆ ਹੈ, ਵਿਸ਼ੇਸ਼ ਤੌਰ 'ਤੇ ਬਹੁਤ ਵੱਡੀ ਗਿਣਤੀ ਵਿੱਚ ਰਸਾਲਿਆਂ ਅਤੇ ਅਖਬਾਰਾਂ ਦੇ ਲੇਖਾਂ ਵਿੱਚ ਅਤੇ ਪ੍ਰਸਤਾਵਾਂ ਵਿੱਚ, ਮਿਸਾਲ ਵਜੋਂ, ਚਿਮਨਿਤਜ਼[21] ਅਤੇ ਬਾਸਲ ਕਾਂਗਰਸਾਂ ਦੇ, ਜਿਹੜੀਆਂ 1912 ਦੀ ਪਤਝੜ ਦੇ ਦਿਨੀਂ ਹੋਈਆਂ, ਉਹਨਾਂ ਵਿਚਾਰਾਂ ਤੋਂ ਅੱਗੇ ਨਹੀਂ ਜਾਂਦਾ, ਜਿਹੜੇ ਉਪਰੋਕਤ ਦੋ ਲੇਖਕਾਂ ਨੇ ਪੇਸ਼ ਕੀਤੇ ਹਨ ਜਾਂ ਵਧੇਰੇ ਸ਼ੁੱਧਤਾ ਨਾਲ਼, ਜਿਨ੍ਹਾਂ ਨੇ ਸਾਰ ਪੇਸ਼ ਕੀਤਾ ਹੈ।

ਅੱਗੇ ਚੱਲ ਕੇ ਸੰਖੇਪ ਤੌਰ 'ਤੇ ਅਤੇ ਜਿੰਨੇ ਸਾਦੇ ਤੋਂ ਸਾਦੇ ਢੰਗ ਨਾਲ਼ ਹੋ ਸਕਿਆ, ਸਾਮਰਾਜਵਾਦ ਦੇ ਮੁੱਖ ਆਰਥਕ ਲੱਛਣਾਂ ਵਿਚਕਾਰ ਸਬੰਧ ਅਤੇ ਰਿਸ਼ਤੇ ਵਿਖਾਉਣ ਦਾ ਯਤਨ ਕਰਾਂਗੇ। ਭਾਵੇਂ ਉਹਨਾਂ ਨੂੰ ਹੱਥ ਵਿੱਚ ਲੈਣਾ ਕਿੰਨਾਂ ਜ਼ਰੂਰੀ ਹੈ, ਮੈਂ ਪ੍ਰਸ਼ਨ ਦੇ ਗੈਰ-ਆਰਥਕ ਪੱਖਾਂ ਨੂੰ ਨਹੀਂ ਲੈ ਸਕਾਂਗਾ। ਇਸ ਸਬੰਧੀ ਸਾਹਿਤ ਬਾਰੇ ਸੰਕੇਤ ਅਤੇ ਹੋਰ ਟੂਕਾਂ, ਜਿਨ੍ਹਾਂ ਵਿੱਚ ਸ਼ਾਇਦ ਸਭਨਾਂ ਪਾਠਕਾਂ ਨੂੰ ਦਿਲਚਸਪੀ ਨਹੀਂ ਹੋਵੇਗੀ, ਇਸ ਪੈਂਫ਼ਲਟ ਦੇ ਅੰਤ 'ਤੇ ਮਿਲ਼ਣਗੇ।[22]

# I. ਉਤਪਾਦਨ ਦਾ ਕੇਂਦਰੀਣ ਅਤੇ ਅਜਾਰੇਦਾਰੀਆਂ

ਸਨਅਤ ਦਾ ਅਥਾਹ ਵਾਧਾ ਅਤੇ ਸਦਾ-ਵਡੇਰੇ ਕਾਰੋਬਾਰਾਂ ਵਿੱਚ ਉਤਪਾਦਨ ਦਾ ਕੇਂਦਰੀਣ ਸਰਮਾਏਦਾਰੀ ਦੇ ਸਭ ਤੋਂ ਉੱਘੇ ਲੱਛਣਾਂ ਵਿੱਚੋਂ ਹਨ। ਉਤਪਾਦਨ ਸਬੰਧੀ ਨਵੀਨ ਅੰਕ-ਸੰਕਲਣ ਇਸ ਅਮਲ ਸਬੰਧੀ ਵੱਧ ਤੋਂ ਵੱਧ ਮੁਕੰਮਲ ਅਤੇ ਅਤਿ-ਅੰਤ ਵਾਕਫ਼ੀ ਦੇਂਦਾ ਹੈ।

ਮਿਸਾਲ ਵਜੋਂ ਜਰਮਨੀ ਵਿੱਚ ਹਰ 1,000 ਸਨਅਤੀ ਕਾਰੋਬਾਰਾਂ ਵਿੱਚੋਂ, ਵੱਡੇ ਕਾਰੋਬਾਰਾਂ ਦੀ, ਅਰਥਾਤ ਜਿਨ੍ਹਾਂ ਵਿੱਚ 50 ਤੋਂ ਵੱਧ ਮੁਲਾਜ਼ਮ ਕੰਮ ਕਰਦੇ ਹਨ, ਗਿਣਤੀ 1882 ਵਿੱਚ ਤਿੰਨ ਸੀ, 1895 ਵਿੱਚ ਛੇ ਅਤੇ 1907 ਵਿੱਚ ਨੌਂ ਅਤੇ ਹਰ ਸੌ ਕਿਰਤੀ ਮੁਲਾਜ਼ਮਾਂ ਵਿੱਚੋਂ ਕਾਰੋਬਾਰਾਂ ਦੇ ਸਮੂਹ ਵਿੱਚ ਕ੍ਰਮਵਾਰ 22, 30 ਅਤੇ 37 ਕੰਮ ਕਰਦੇ ਸਨ। ਪਰ, ਕਿਰਤੀਆਂ ਦੇ ਕੇਂਦਰੀਣ ਨਾਲ਼ੋਂ ਉਤਪਾਦਨ ਦਾ ਕੇਂਦਰੀਣ ਵਧੇਰੇ ਤਿੱਖਾ ਹੈ ਕਿਉਂਕਿ ਵੱਡੇ ਕਾਰੋਬਾਰਾਂ ਵਿੱਚ ਕਿਰਤ ਵਧੇਰੇ ਉਪਜਾਊ ਹੁੰਦੀ ਹੈ। ਇਹ ਗੱਲ ਭਾਫ਼ ਨਾਲ਼ ਚੱਲਦੇ ਇੰਜਣਾਂ ਅਤੇ ਬਿਜਲੀ ਦੀਆਂ ਮੋਟਰਾਂ ਸਬੰਧੀ ਅੰਕੜਿਆਂ ਤੋਂ ਸਪੱਸ਼ਟ ਹੈ। ਜੇ ਅਸੀਂ ਜਰਮਨੀ ਵਿੱਚ ਉਸ ਕੁਝ ਨੂੰ ਲਈਏ ਜਿਸਨੂੰ ਪਰਿਭਾਸ਼ਾ ਦੇ ਵਿਸ਼ਾਲ ਅਰਥਾਂ ਵਿੱਚ ਸਨਅਤ ਕਿਹਾ ਜਾਂਦਾ ਹੈ, ਅਰਥਾਤ, ਵਣਜ, ਆਵਾ-ਜਾਈ, ਆਦਿ ਸਮੇਤ, ਤਾਂ ਇਹ ਤਸਵੀਰ ਸਾਡੀਆਂ ਅੱਖਾਂ ਸਾਹਮਣੇ ਆਉਂਦੀ ਹੈ। ਕੁੱਲ 32, 65, 623 ਵਿੱਚੋਂ ਵੱਡੇ ਕਾਰੋਬਾਰ 30, 588, ਅਰਥਾਤ 0.9 ਫ਼ੀਸਦੀ। ਇਹਨਾਂ ਕਾਰੋਬਾਰਾਂ ਵਿੱਚ ਕੁੱਲ 1,44,00,000 ਕਿਰਤੀਆਂ ਵਿੱਚੋਂ 57,00,000 ਕੰਮ ਕਰਦੇ ਹਨ, ਅਰਥਾਤ 39.4 ਫ਼ੀਸਦੀ; ਉਹ ਕੁੱਲ 99,00,000 ਘੋੜਿਆਂ ਦੀ ਭਾਫ਼ ਦੀ ਸ਼ਕਤੀ ਵਿੱਚੋਂ 66,00,000 ਵਰਤਦੇ ਹਨ, ਅਰਥਾਤ, 75.3 ਫ਼ੀਸਦੀ ਅਤੇ ਕੁੱਲ 15,00,000 ਕਿਲੋਵਾਟ ਬਿਜਲੀ ਵਿੱਚੋਂ 12,00,000 ਕਿਲੋਵਾਟ, ਅਰਥਾਤ, 77.2 ਫ਼ੀਸਦੀ ਵਰਤਦੇ ਹਨ।

ਕੁੱਲ ਕਾਰੋਬਾਰਾਂ ਦੇ ਸੌਵੇਂ ਹਿੱਸੇ ਤੋਂ ਘੱਟ ਭਾਫ਼ ਅਤੇ ਬਿਜਲੀ ਦੀ ਸ਼ਕਤੀ ਦੀ ਕੁੱਲ ਮਾਤਰਾ ਦਾ ਤਿੰਨ-ਚੁਥਾਈ **ਤੋਂ ਵੱਧ** ਵਰਤਦੇ ਹਨ। ਉਨੱਤੀ ਲੱਖ ਸੱਤਰ ਹਜ਼ਾਰ ਛੋਟੇ ਕਾਰੋਬਾਰ, ਜਿਹੜੇ ਕੁੱਲ ਕਾਰੋਬਾਰਾਂ ਦਾ 91 ਫ਼ੀਸਦੀ ਹਨ, (ਜਿਨ੍ਹਾਂ ਵਿੱਚ ਪੰਜ ਤੱਕ ਕਿਰਤੀ ਕੰਮ ਕਰਦੇ ਹਨ) ਭਾਫ਼ ਅਤੇ ਬਿਜਲੀ ਦੀ ਸ਼ਕਤੀ ਦੀ ਕੁੱਲ ਮਾਤਰਾ ਦਾ ਸਿਰਫ਼ ਸੱਤ ਫ਼ੀਸਦੀ ਵਰਤਦੇ ਹਨ! ਕੁਝ ਹਜ਼ਾਰ ਵੱਡੇ ਕਾਰੋਬਾਰ ਸਭ ਕੁਝ ਹਨ; ਲਖੂਖਾ ਛੋਟੇ ਕਾਰੋਬਾਰ ਕੁਝ ਵੀ ਨਹੀਂ।

1907 ਵਿੱਚ ਜਰਮਨੀ ਵਿੱਚ 586 ਕਾਰੋਬਾਰ ਅਜਿਹੇ ਸਨ ਜਿਨ੍ਹਾਂ ਵਿੱਚ ਇੱਕ ਹਜ਼ਾਰ ਜਾਂ ਵੱਧ ਕਿਰਤੀ ਕੰਮ ਕਰਦੇ ਸਨ, ਸਨਅਤ ਵਿਚ ਕੰਮ ਕਰਨ ਵਾਲ਼ੇ ਕਿਰਤੀਆਂ ਦੀ ਕੁੱਲ ਗਿਣਤੀ ਦਾ ਲਗ ਭਗ **ਦਸਵਾਂ** ਹਿੱਸਾ (13,80,000) ਅਤੇ ਉਹ ਭਾਫ਼ ਅਤੇ ਬਿਜਲੀ ਦੀ ਸ਼ਕਤੀ ਦੀ ਕੁੱਲ ਮਾਤਰਾ ਦਾ **ਲਗਭਗ** ਤੀਜਾ **ਹਿੱਸਾ** (32 ਫ਼ੀਸਦੀ) ਵਰਤਦੇ ਸਨ।*

---

* **ਅੰਕੜੇ** Annalen des deutschen Reichs, 1911, Zahn (ਜਰਮਨ ਰਾਈਖ਼ ਦੇ ਸਾਲਵਾਰ- **ਸੰਪਾ**) ਵਿੱਚੋਂ ਲਏ ਗਏ ਹਨ।

ਜਿਵੇਂ ਅਸੀਂ ਵੇਖਾਂਗੇ ਮੁਦਰਾ ਸਰਮਾਇਆ ਅਤੇ ਬੈਂਕ ਮੁੱਠੀ ਭਰ ਸਭ ਤੋਂ ਵੱਡੇ ਕਾਰੋਬਾਰਾਂ ਦੀ ਉੱਤਮਤਾ ਨੂੰ, ਸ਼ਬਦ ਦੇ ਖ਼ਾਲਸ ਅਰਥਾਂ ਵਿੱਚ, ਹੋਰ ਵਧੇਰੇ ਪ੍ਰਬਲ ਬਣਾ ਦੇਂਦੇ ਹਨ, ਅਰਥਾਤ ਲਖੂਖਾ ਛੋਟੇ ਅਤੇ ਦਰਮਿਆਨੇ ਅਤੇ ਇੱਥੋਂ ਤੱਕ ਕਿ ਕੁਝ ਵੱਡੇ "ਮਾਲਕ" ਵੀ ਅਸਲ ਵਿੱਚ ਕੁਝ ਸੌ ਕਰੋੜਪਤੀ-ਪੋਤਦਾਰਾਂ ਦੇ ਉੱਕਾ ਹੀ ਅਧੀਨ ਹਨ।

ਨਵੀਨ ਸਰਮਾਏਦਾਰੀ ਦੇ ਇੱਕ ਹੋਰ ਉੱਨਤ ਦੇਸ਼, ਅਮਰੀਕਾ ਵਿੱਚ, ਉਤਪਾਦਨ ਦੇ ਕੇਂਦਰੀਣ ਦਾ ਵਧਣਾ ਹੋਰ ਵੀ ਵਡੇਰੇ ਅਕਾਰ ਦਾ ਹੈ। ਇੱਥੇ ਅੰਕੜੇ ਸਨਅਤ ਨੂੰ ਇਸ ਸ਼ਬਦ ਦੇ ਸੌੜੇਰੇ ਅਰਥਾਂ ਵਿੱਚ ਵੱਖ ਕਰ ਲੈਂਦੇ ਹਨ ਅਤੇ ਵੱਖ ਵੱਖ ਕਾਰੋਬਾਰਾਂ ਦਾ ਉਹਨਾਂ ਦੇ ਸਲਾਨਾ ਉਤਪਾਦਨ ਦੇ ਮੁੱਲ ਅਨੁਸਾਰ ਵਰਗੀਕਰਨ ਕਰਦੇ ਹਨ। 1904 ਵਿੱਚ ਅਜਿਹੇ ਕਾਰੋਬਾਰਾਂ ਦੀ ਗਿਣਤੀ ਜਿਨ੍ਹਾਂ ਦਾ ਸਲਾਨਾ ਉਤਪਾਦਨ ਦਸ ਲੱਖ ਡਾਲਰ ਅਤੇ ਇਸ ਤੋਂ ਵੱਧ ਸੀ 1,900 ਸੀ (2, 16,180 ਵਿੱਚੋਂ, ਅਰਥਾਤ 0.9 ਫ਼ੀਸਦੀ)। ਉਹਨਾਂ ਵਿੱਚ 14,00,000 ਕਿਰਤੀ ਕੰਮ ਕਰਦੇ ਹਨ (55,00,000 ਵਿੱਚੋਂ, ਅਰਥਾਤ, 25.6 ਫ਼ੀਸਦੀ) ਅਤੇ ਉਹਨਾਂ ਦੇ ਉਤਪਾਦਨ ਦੇ ਮੁੱਲ 5,60,00,00,000 ਡਾਲਰ ਸੀ (14,80,00,00,000 ਡਾਲਰ ਵਿੱਚੋਂ, ਅਰਥਾਤ, 38 ਫ਼ੀਸਦੀ)। ਪੰਜ ਸਾਲ ਪਿੱਛੋਂ ਅਨੁਸਾਰੀ ਅੰਕੜੇ ਸਨਃ 3,060 ਕਾਰੋਬਾਰ (2,68,491 ਵਿੱਚੋਂ, ਅਰਥਾਤ 1.1 ਫ਼ੀਸਦੀ), ਜਿਨ੍ਹਾਂ ਵਿੱਚ 20,0,000 ਕਿਰਤੀ ਕੰਮ ਕਰਦੇ ਸਨ (66,00,000 ਵਿੱਚੋਂ, ਅਰਥਾਤ, 30.5 ਫ਼ੀਸਦੀ), ਜਿਨ੍ਹਾਂ ਦੇ ਉਤਪਾਦਨ ਦਾ ਮੁੱਲ ਸੀ 9,00,00,000 ਡਾਲਰ (20,70,00,00,000 ਡਾਲਰ ਵਿੱਚੋਂ, ਅਰਥਾਤ 43.8 ਫ਼ੀਸਦੀ)*।

ਦੇਸ਼ ਦੇ ਕੁੱਲ ਕਾਰੋਬਾਰਾਂ ਦਾ ਲੱਗਭਗ ਅੱਧਾ ਉਤਪਾਦਨ ਇਹਨਾਂ ਕਾਰੋਬਾਰਾਂ ਦਾ **ਸੌਵਾਂ ਹਿੱਸਾ** ਪੈਦਾ ਕਰਦਾ ਸੀ! ਇਹ 3,000 ਧੜਵੈਲ ਕਾਰੋਬਾਰ ਸਨਅਤ ਦੀਆਂ 258 ਸ਼ਾਖ਼ਾਂ ਉੱਤੇ ਛਾਏ ਹੋਏ ਹਨ। ਇਸ ਤੋਂ ਵੇਖਿਆ ਜਾ ਸਕਦਾ ਹੈ ਕਿ ਖ਼ੁਦ ਕੇਂਦਰੀਣ ਆਪਣੇ ਵਿਕਾਸ ਦੇ ਇੱਕ ਖ਼ਾਸ ਪੜਾਅ ਉੱਤੇ ਸਿੱਧਾ ਅਜਾਰੇਦਾਰੀ ਵੱਲ ਲਿਜਾਂਦਾ ਹੈ, ਕਿਉਂਕਿ ਇੱਕ ਕੋੜੀ ਜਾਂ ਕੁਝ ਵੱਧ ਧੜਵੈਲ ਕਾਰੋਬਾਰ ਸੌਖੇ ਹੀ ਸਮਝੌਤੇ ਉੱਤੇ ਅੱਪੜ ਸਕਦੇ ਹਨ, ਅਤੇ ਦੂਜੇ ਹੱਥ, ਮੁਕਾਬਲੇ ਵਿੱਚ ਰੋਕ, ਅਜਾਰੇਦਾਰੀ ਵੱਲ ਝੁਕਾਅ ਖ਼ੁਦ ਕਾਰੋਬਾਰਾਂ ਦੇ ਅਤਿ ਵੱਡੇ ਅਕਾਰ ਤੋਂ ਪੈਦਾ ਹੁੰਦਾ ਹੈ। ਇਹ ਮੁਕਾਬਲੇ ਦਾ ਅਜਾਰੇਦਾਰੀ ਵਿੱਚ ਬਦਲਿਆ ਜਾਣਾ ਨਵੀਨ ਸਰਮਾਏਦਾਰ ਆਰਥਕਤਾ ਦੇ ਸਭ ਤੋਂ ਵੱਧ ਮਹੱਤਵਪੂਰਨ ਵਰਤਾਰਿਆਂ ਵਿੱਚੋਂ ਇੱਕ ਹੈ—ਜੇ ਸਭ ਤੋਂ ਵੱਧ ਮਹੱਤਵਪੂਰਨ ਨਹੀਂ—ਅਤੇ ਇਹ ਲਾਜ਼ਮੀ ਹੈ ਕਿ ਅਸੀਂ ਇਹਨੂੰ ਵਧੇਰੇ ਵਿਸਥਾਰ ਨਾਲ਼ ਲਈਏ। ਪਰ ਪਹਿਲਾਂ ਸਾਨੂੰ ਇੱਕ ਸੰਭਵ ਭੁਲੇਖਾ ਦੂਰ ਕਰਨਾ ਚਾਹੀਦਾ ਹੈ।

ਅਮਰੀਕੀ ਅੰਕੜੇ ਸਨਅਤ ਦੀਆਂ 250 ਸ਼ਾਖਾਂ ਵਿੱਚ 3,000 ਧੜਵੈਲ ਕਾਰੋਬਾਰਾਂ ਦੀ ਗੱਲ ਕਰਦੇ ਹਨ, ਜਿਵੇਂ ਕਿ ਸਨਅਤ ਦੀ ਹਰ ਸ਼ਾਖ਼ ਵਿੱਚ ਸਭ ਤੋਂ ਵੱਡੀ ਪੱਧਰ ਦੇ ਕੇਵਲ ਇੱਕ ਦਰਜਨ ਕਾਰੋਬਾਰ ਹੋਣ।

---

* Statistical Abstract of the United States 1912, p. 202. (ਅਮਰੀਕਾ ਦੇ ਅੰਕੜਿਆਂ ਦਾ ਸਾਰ, 1912, ਪੰਨਾਂ 202। —**ਸੰਪਾ**)

ਪਰ, ਅਜਿਹਾ ਨਹੀਂ। ਸਨਅਤ ਦੀ ਹਰ ਸ਼ਾਖ਼ ਵਿੱਚ ਵੱਡੀ ਪੱਧਰ ਦੇ ਕਾਰੋਬਾਰ ਨਹੀਂ ਅਤੇ ਇਸ ਤੋਂ ਵੱਧ, ਇਹਦੇ ਵਿਕਾਸ ਦੇ ਸਰਵਉੱਚ ਪੜਾਅ ਉੱਤੇ ਸਰਮਾਏਦਾਰੀ ਦਾ ਇੱਕ ਬਹੁਤ ਮਹੱਤਵਪੂਰਨ ਲੱਛਣ ਉਤਪਾਦਨ ਦੀ ਅਖੌਤੀ **ਜੁੜਤ** ਹੈ, ਅਰਥਾਤ, ਇੱਕੋ ਇੱਕ ਕਾਰੋਬਾਰ ਵਿੱਚ ਸਨਅਤ ਦੀਆਂ ਵੱਖ ਵੱਖ ਸ਼ਾਖਾਂ ਨੂੰ ਇੱਕਠਾ ਕਰ ਦੇਣਾ, ਜਿਹੜੀਆਂ ਕੱਚੇ ਮਾਲ ਨੂੰ ਸੋਧਣ ਦੇ ਤਰਤੀਬਵਾਰ ਦਰਜੇ ਬਣਦੀਆਂ ਹਨ (ਮਿਸਾਲ ਵਜੋਂ, ਖਣਿਜ ਲੋਹੇ ਨੂੰ ਗਾਲ਼ ਕੇ ਦੇਗੀ ਲੋਹਾ ਬਣਾਉਣਾ, ਦੇਗੀ ਲੋਹੇ ਨੂੰ ਅਸਪਾਤ ਵਿੱਚ ਤਬਦੀਲ ਕਰਨਾ ਅਤੇ ਫਿਰ, ਸ਼ਾਇਦ, ਅਸਪਾਤੀ ਵਸਤਾਂ ਦੀ ਤਿਆਰੀ) — ਜਾਂ ਜਿਹੜੀਆਂ ਇੱਕ ਦੂਜੇ ਦੀਆਂ ਸਹਾਇਕ ਹਨ (ਮਿਸਾਲ ਵਜੋਂ ਟੁੱਟ-ਭੱਜ ਦੀ ਜਾਂ ਵਾਧੂ ਉਪਜਾਂ ਦੀ ਵਰਤੋਂ ਕਰਨਾ ਜਾਂ ਪੈਕ ਕਰਨ ਲਈ ਡੱਬੇ ਆਦਿ ਬਣਾਉਣਾ, ਇਤਿ ਆਦਿ)।

ਹਿਲਫ਼ਰਡਿੰਗ ਲਿਖਦਾ ਹੈ, "ਜੁੜਤ ਵਪਾਰ ਵਿੱਚ ਉਤਾਰ ਚੜ੍ਹਾ ਨੂੰ ਪੱਧਰਾ ਕਰ ਦੇਂਦੀ ਹੈ ਅਤੇ ਇਸ ਲਈ ਜੁੜੇ ਕਾਰੋਬਾਰਾਂ ਲਈ ਨਫ਼ੇ ਦੀ ਵਧੇਰੇ ਸਥਿਰ ਦਰ ਯਕੀਨੀ ਬਣਾਉਂਦੀ ਹੈ। ਦੂਜੇ, ਜੁੜਤ ਦਾ ਅਸਰ ਵਪਾਰ ਦਾ ਖ਼ਾਤਮਾ ਕਰਨ ਵਾਲ਼ਾ ਹੁੰਦਾ ਹੈ। ਤੀਜੇ, ਇਹਦਾ ਅਸਰ ਤਕਨੀਕੀ ਸੁਧਾਰ ਸੰਭਵ ਬਣਾਉਣਾ ਹੁੰਦਾ ਹੈ ਅਤੇ ਇਹਦੇ ਸਿੱਟੇ ਵਜੋਂ, ਉਹਨਾਂ ਤੋਂ ਵੱਧ ਅਤੇ ਉੱਪਰ ਜਿਹੜੇ ਕਿ "ਖਾਲਸ" ਕਾਰੋਬਾਰ (ਅਰਥਾਤ ਅਣ-ਜੁੜੇ) ਪ੍ਰਾਪਤ ਕਰ ਸਕਦੇ ਸਨ, ਪਰਾ-ਨਫ਼ੇ ਪ੍ਰਾਪਤ ਕਰਨਾ ਸੰਭਵ ਬਣਾਉਂਦਾ ਹੈ। ਚੌਥੇ ਇਹ "ਖਾਲਸ" ਕਾਰੋਬਾਰਾਂ ਦੇ ਮੁਕਾਬਲੇ ਉੱਤੇ ਜੁੜੇ ਕਾਰੋਬਾਰਾਂ ਦੀ ਪੁਜ਼ੀਸ਼ਨ ਨੂੰ ਮਜ਼ਬੂਤ ਬਣਾਉਂਦੀ ਹੈ, ਗੰਭੀਰ ਮੰਦੇ ਦੇ ਸਮੇਂ ਵਿੱਚ ਜਦੋਂ ਕੱਚੇ ਮਾਲ ਦੀਆਂ ਕੀਮਤਾਂ ਵਿੱਚ ਘਾਟਾ ਤਿਆਰ ਵਸਤਾਂ ਦੀਆਂ ਕੀਮਤਾਂ ਵਿੱਚ ਘਾਟੇ ਨਾਲ਼ ਮੇਲ ਨਹੀਂ ਖਾਂਦਾ, ਮੁਕਾਬਲੇ ਦੇ ਘੋਲ਼ ਵਿੱਚ ਉਹਨਾਂ ਨੂੰ ਮਜ਼ਬੂਤ ਬਣਾਉਂਦੀ ਹੈ।"*

ਜਰਮਨ ਬੁਰਜੂਆ ਅਰਥ-ਸ਼ਾਸਤਰੀ ਹੇਮੈਨ ਜਿਸਨੇ ਜਰਮਨੀ ਦੀ ਲੋਹੇ ਦੀ ਸਨਅਤ ਵਿੱਚ "ਮਿਲ਼ੇ ਜੁਲ਼ੇ", ਅਰਥਾਤ, ਜੁੜਤ ਵਾਲ਼ੇ ਕਾਰੋਬਾਰਾਂ ਸਬੰਧੀ ਇੱਕ ਵਿਸ਼ੇਸ਼ ਪੁਸਤਕ ਲਿਖੀ ਹੈ, ਕਹਿੰਦਾ ਹੈ: "ਖਾਲਸ ਕਾਰੋਬਾਰ ਤਬਾਹ ਹੋ ਜਾਂਦੇ ਹਨ, ਉਹ ਕੱਚੇ ਮਾਲ ਦੀਆਂ ਉੱਚੀਆਂ ਕੀਮਤਾਂ ਅਤੇ ਤਿਆਰ ਵਸਤਾਂ ਦੀਆਂ ਨੀਵੀਆਂ ਕੀਮਤਾਂ ਵਿਚਕਾਰ ਪੀਸੇ ਜਾਂਦੇ ਹਨ।" ਸੋ ਸਾਡੇ ਸਾਹਮਣੇ ਇਹ ਤਸਵੀਰ ਉੱਭਰਦੀ ਹੈ:

"ਇੱਕ ਹੱਥ ਕੋਲੇ ਦੀਆਂ ਵੱਡੀਆਂ ਕੰਪਨੀਆਂ ਰਹਿ ਜਾਂਦੀਆਂ ਹਨ, ਜਿਹੜੀਆਂ ਹਰ ਵਰ੍ਹੇ ਲਖੂਖਾ ਟਨ ਕੋਲਾ ਪੈਦਾ ਕਰਦੀਆਂ ਹਨ, ਜਿਹੜੀਆਂ ਆਪਣੀ ਕੋਲੇ ਦੀ ਸਿੰਡੀਕੇਟ ਵਿੱਚ ਮਜ਼ਬੂਤੀ ਨਾਲ਼ ਜਥੇਬੰਦ ਹਨ ਅਤੇ ਦੂਜੇ ਹੱਥ ਅਸਪਾਤ ਦੇ ਵੱਡੇ ਕਾਰਖਾਨੇ ਹਨ, ਜਿਨ੍ਹਾਂ ਦਾ ਕੋਲੇ ਦੀਆਂ ਖਾਣਾਂ ਨਾਲ ਨੇੜਵਾਂ ਏਕਾ ਹੈ ਅਤੇ ਜਿਨ੍ਹਾਂ ਦੀ ਆਪਣੀ ਸਿੰਡੀਕੇਟ ਹੈ। ਇਹ ਧੜਵੈਲ ਕਾਰੋਬਾਰ, ਜਿਹੜੇ ਹਰ ਵਰ੍ਹੇ 4,00,000 ਟਨ ਅਸਪਾਤ ਪੈਦਾ ਕਰਦੇ ਹਨ, ਜਿਨ੍ਹਾਂ ਦਾ ਖਣਿਜ ਅਤੇ ਕੋਲੇ ਦਾ ਉਤਪਾਦਨ ਧੜਵੈਲ ਹੈ ਅਤੇ ਜਿਹੜੇ ਅਸਪਾਤ ਦੀਆਂ ਵਸਤਾਂ

---

* "ਵਿੱਤ ਸਰਮਾਇਆ", ਰੂਸੀ ਛਾਪ, ਪੰਨਾ 286-87

ਤਿਆਰ ਕਰਦੇ ਹਨ, ਜਿਨ੍ਹਾਂ ਕੋਲ਼ ਕੰਪਨੀ ਦੇ ਮਕਾਨਾਂ ਵਿੱਚ ਰਹਿਣ ਵਾਲ਼ੇ 10,000 ਮੁਲਾਜ਼ਮ ਹਨ ਅਤੇ ਜਿਨ੍ਹਾਂ ਕੋਲ਼ ਅਕਸਰ ਆਪਣੀਆਂ ਰੇਲਾਂ ਅਤੇ ਬੰਦਰਗਾਹਾਂ ਹੁੰਦੀਆਂ ਹਨ, ਜਰਮਨੀ ਦੀ ਲੋਹੇ ਅਤੇ ਅਸਪਾਤ ਦੀ ਸਨਅਤ ਦੇ ਮਿਸਾਲੀ ਪ੍ਰਤਿਨਿੱਧ ਹਨ ਅਤੇ ਕੇਂਦਰੀਣ ਅੱਗੇ ਅਤੇ ਹੋਰ ਅੱਗੇ ਵਧਦਾ ਜਾਂਦਾ ਹੈ। ਵਿਕੋਲਤ੍ਰੇ ਕਾਰੋਬਾਰ ਵਡੇਰੇ ਅਤੇ ਵਡੇਰੇ ਹੁੰਦੇ ਜਾ ਰਹੇ ਹਨ। ਇੱਕ ਜਾਂ ਕਈ ਵੱਖ ਵੱਖ ਸਨਅਤਾਂ ਵਿੱਚ ਸਦਾ ਵਧ ਰਹੀ ਗਿਣਤੀ ਵਿੱਚ ਕਾਰੋਬਾਰ ਧੜਵੈਲ ਕਾਰੋਬਾਰਾਂ ਵਿੱਚ ਜੁੜ ਜਾਂਦੇ ਹਨ, ਜਿਨ੍ਹਾਂ ਦੀ ਪਿੱਠ ਉੱਤੇ ਅਤੇ ਜਿਨ੍ਹਾਂ ਨੂੰ ਹਦਾਇਤਾਂ ਦੇਂਦੇ ਬਰਲਿਨ ਦੇ ਅੱਧੀ ਦਰਜਨ ਵੱਡੇ ਬੈਂਕ ਹਨ। ਜਰਮਨੀ ਦੀ ਖਾਣਾਂ ਦੀ ਸਨਅਤ ਸਬੰਧੀ ਕੇਂਦਰੀਣ ਬਾਰੇ ਕਾਰਲ ਮਾਰਕਸ ਦੀ ਸਿੱਖਿਆ ਦਾ ਸੱਚ ਨਿਸ਼ਚੇ ਹੀ ਸਾਬਤ ਹੋ ਗਿਆ ਹੈ; ਇਹ ਠੀਕ ਹੈ ਕਿ ਇਹ ਗੱਲ ਉਸ ਦੇਸ਼ ਉੱਤੇ ਲਾਗੂ ਹੁੰਦੀ ਹੈ ਜਿੱਥੇ ਤੱਟ-ਕਰਾਂ ਅਤੇ ਭਾੜੇ ਦੀਆਂ ਦਰਾਂ ਰਾਹੀਂ ਸਨਅਤ ਦੀ ਰੱਖਿਆ ਕੀਤੀ ਜਾਂਦੀ ਹੈ। ਜਰਮਨੀ ਦੀ ਖਾਣਾਂ ਦੀ ਸਨਅਤ ਜ਼ਬਤੀ ਲਈ ਪੱਕ ਗਈ ਹੈ।"*

ਇਹ ਹੈ ਉਹ ਸਿੱਟਾ ਜਿਸ ਉੱਤੇ ਇੱਕ ਜਰਮਨ ਅਰਥ-ਸ਼ਾਸਤਰੀ ਨੂੰ ਜਿਹੜਾ ਇੱਕ ਛੋਟ ਦੇ ਤੌਰ 'ਤੇ ਈਮਾਨਦਾਰ ਹੈ, ਅਪੜਨਾ ਪੈਂਦਾ ਹੈ। ਇਸ ਗੱਲ ਵੱਲ ਧਿਆਨ ਦੇਣਾ ਲਾਜ਼ਮੀ ਹੈ ਕਿ ਉਹ ਜਰਮਨੀ ਨੂੰ ਇੱਕ ਵਿਸ਼ੇਸ਼ ਪੱਟੀ ਵਿੱਚ ਰੱਖਦਾ ਜਾਪਦਾ ਹੈ ਕਿਉਂਕਿ ਉੱਥੇ ਉੱਚੇ ਤੱਟ-ਕਰਾਂ ਰਾਹੀਂ ਸਨਅਤਾਂ ਦੀ ਰੱਖਿਆ ਕੀਤੀ ਜਾਂਦੀ ਹੈ। ਪਰ ਇਹ ਇੱਕ ਅਜਿਹੀ ਪ੍ਰਸਥਿਤੀ ਹੈ ਜਿਹੜੀ ਕੇਂਦਰੀਣ ਅਤੇ ਅਜਾਰੇਦਾਰ ਉਤਪਾਦਕ ਐਸੋਸੀਏਸ਼ਨਾਂ, ਕਾਰਟਲਾਂ, ਸਿੰਡੀਕੇਟਾਂ ਆਦਿ ਦੇ ਬਣਨ ਨੂੰ ਤਿੱਖਾ ਹੀ ਕਰਦੀ ਹੈ। ਇਸ ਗੱਲ ਦੀ ਅਤਿ-ਅੰਤ ਮਹੱਤਤਾ ਹੈ ਕਿ ਅਜ਼ਾਦ ਵਪਾਰ ਦੇ ਦੇਸ਼ ਬਰਤਾਨੀਆ ਵਿੱਚ **ਵੀ** ਕੇਂਦਰੀਣ ਦਾ ਸਿੱਟਾ ਅਜਾਰੇਦਾਰੀ ਹੁੰਦਾ ਹੈ, ਭਾਵੇਂ ਕੁੱਝ ਸਮਾਂ ਪਾ ਕੇ ਅਤੇ ਸ਼ਾਇਦ ਇੱਕ ਹੋਰ ਰੂਪ ਵਿੱਚ। ਪ੍ਰੋ. ਹਰਮਨ ਲੈਵੀ, ਆਪਣੀ ਖੋਜ ਦੀ ਵਿਸ਼ੇਸ਼ ਕਿਰਤ ਵਿੱਚ ਜਿਸਦਾ ਨਾਂ ਹੈ "ਅਜਾਰੇਦਾਰੀਆਂ, ਕਾਰਟਲ ਅਤੇ ਟਰੱਸਟ", ਜਿਹੜੀ ਬਰਤਾਨਵੀ ਵਿਕਾਸ ਸਬੰਧੀ ਵਾਕਫ਼ੀ ਉੱਤੇ ਆਧਾਰਤ ਹੈ, ਹੇਠ ਲਿਖੇ ਅਨੁਸਾਰ ਲਿਖਦਾ ਹੈ:

"ਬਰਤਾਨੀਆ ਵਿੱਚ ਕਾਰੋਬਾਰ ਦਾ ਇਹ ਅਕਾਰ ਅਤੇ ਇਹਦੀ ਉੱਚ ਟੈਕਨੀਕਲ ਪੱਧਰ ਹਨ ਜਿਨ੍ਹਾਂ ਵਿੱਚ ਅਜ਼ਾਰੇਦਾਰੀ ਵੱਲ ਝੁਕਾਅ ਲੁਪਤ ਹੈ। ਇਹਦਾ ਇੱਕ ਕਾਰਨ ਤਾਂ ਫ਼ੀ ਕਾਰੋਬਾਰ ਬਹੁਤ ਵੱਡੀ ਮੂੜੀ ਲਾਉਣਾ ਹੈ, ਜਿਹੜੀ ਨਵੇਂ ਕਾਰੋਬਾਰਾਂ ਲਈ ਨਵੇਂ ਸਰਮਾਏ ਲਈ ਵਧਦੀਆਂ ਮੰਗਾਂ ਨੂੰ ਜਨਮ ਦੇਂਦੀ ਅਤੇ ਉਹਨਾਂ ਨੂੰ ਸ਼ੁਰੂ ਕਰਨਾ ਵਧੇਰੇ ਔਖਾ ਬਣਾ ਦੇਂਦੀ ਹੈ। ਨਾਲ਼ੇ (ਅਤੇ ਸਾਨੂੰ ਇਹ ਵਧੇਰੇ ਮਹੱਤਵਪੂਰਨ ਨੁਕਤਾ ਜਾਪਦਾ ਹੈ) ਹਰ ਨਵਾਂ ਕਾਰੋਬਾਰ ਜਿਹੜਾ ਧੜਵੈਲ ਕਾਰੋਬਾਰਾਂ ਨਾਲ਼ ਕਦਮ ਮਿਲਾਉਣਾ ਚਾਹੁੰਦਾ ਹੈ, ਜਿਹੜੇ ਕੇਂਦਰੀਣ ਕਾਰਨ ਹੋਂਦ ਵਿੱਚ ਆ ਗਏ ਹਨ, ਵਾਧੂ ਵਸਤਾਂ ਦੀ ਇੰਨੀਂ ਅਥਾਹ ਮਾਤਰਾ ਪੈਦਾ ਕਰੇਗਾ ਕਿ

---

* Heymann. ´Die gemischten Werke im deutschen Grofleisengewerbe[a] Stuttgart, 1904 (S. S. 256, 278-279) ("ਲੋਹੇ ਅਤੇ ਅਸਪਾਤ ਦੀ ਵੱਡੀ ਜਰਮਨ ਸਨਅਤ ਵਿੱਚ ਮਿਲ਼ੇ ਜੁਲ਼ੇ ਕਾਰੋਬਾਰ", ਸਟੁਟਗਾਰਟ, 1904 (ਪੰਨਾਂ 256, 278-279)- **ਸੰਪਾ:**

ਉਹ ਮੰਗ ਵਿੱਚ ਅਥਾਹ ਵਾਧੇ ਦੇ ਸਿੱਟੇ ਵਜੋਂ ਹੀ ਉਹਨਾਂ ਨੂੰ ਨਫ਼ੇ ਉੱਤੇ ਵੇਚ ਕੇ ਹੀ ਉਹਨਾਂ ਦਾ ਨਿਪਟਾਰਾ ਕਰ ਸਕੇਗਾ; ਨਹੀਂ ਤਾਂ ਇਹ ਵਾਧੂ ਉਤਪਾਦਨ ਕੀਮਤਾਂ ਨੂੰ ਉਸ ਹੱਦ ਤੱਕ ਡੇਗ ਦੇਵੇਗਾ, ਜਿੱਥੇ ਇਹ ਨਵੇਂ ਕਾਰੋਬਾਰਾਂ ਅਤੇ ਅਜਾਰੇਦਾਰ ਜੁੜਤਾਂ, ਦੁਹਾਂ ਲਈ ਲਾਹੇਵੰਦੀਆਂ ਨਹੀਂ ਹੋਣਗੀਆਂ।" ਬਰਤਾਨੀਆ ਹੋਰਨਾਂ ਦੇਸ਼ਾਂ ਤੋਂ, ਜਿੱਥੇ ਰੱਖਿਅਕ ਤੱਟ–ਕਰ ਕਾਰਟਲਾਂ* ਦੇ ਉਤਪਾਦਕਾਂ ਦੀਆਂ ਅਜਾਰੇਦਾਰਾਂ ਸੰਸਥਾਵਾਂ ਬਣਨ ਵਿੱਚ ਸਹਾਈ ਹੁੰਦੇ ਹਨ, ਇਸ ਗੱਲ ਵਿੱਚ ਵੱਖਰਾ ਹੈ ਕਿ ਕਾਰਟਲ ਅਤੇ ਟਰੱਸਟ** ਉਦੋਂ ਹੀ ਹੋਂਦ ਵਿੱਚ ਆਉਂਦੇ ਹਨ ਜਦੋਂ ਵੱਡੇ ਮੁਕਾਬਲਾ ਕਰਨ ਵਾਲ਼ੇ ਕਾਰੋਬਾਰਾਂ ਦੀ ਗਿਣਤੀ "ਦਰਜਨ ਦੋ ਦਰਜਨ ਦੇ ਲਗਭਗ" ਘਟਾ ਦਿੱਤੀ ਗਈ ਹੁੰਦੀ ਹੈ। "ਇੱਥੇ ਸਨਅਤ ਦੇ ਪੂਰੇ ਖੇਤਰ ਵਿੱਚ ਵੱਡੀਆਂ ਸਨਅਤੀ ਅਜਾਰੇਦਾਰੀਆਂ ਬਣਨ ਵਿੱਚ ਕੇਂਦਰੀਣ ਦਾ ਪ੍ਰਭਾਵ ਚਿੱਟੇ ਦਿਨ ਵਾਂਗ ਉੱਘੜ ਕੇ ਸਾਹਮਣੇ ਆਉਂਦਾ ਹੈ।"***

ਅੱਧੀ ਸਦੀ ਹੋਈ ਜਦੋਂ ਮਾਰਕਸ "ਸਰਮਾਇਆ" ਲਿਖ ਰਹੇ ਸਨ ਤਾਂ ਅਰਥ–ਸ਼ਾਸਤਰੀਆਂ ਦੀ ਬਹੁਤ–ਭਾਰੀ ਬਹੁ–ਗਿਣਤੀ ਨੂੰ ਅਜ਼ਾਦ ਮੁਕਾਬਲਾ "ਸੁਭਾਵਕ ਕਾਨੂੰਨ" ਜਾਪਦਾ ਸੀ। ਸਰਕਾਰੀ ਵਿਗਿਆਨ ਨੇ ਚੁੱਪ ਦੀ ਸਾਜਸ਼ ਰਾਹੀਂ ਮਾਰਕਸ ਦੀਆਂ ਕਿਰਤਾਂ ਨੂੰ ਕਤਲ ਕਰਨ ਦਾ ਯਤਨ ਕੀਤਾ, ਜਿਨ੍ਹਾਂ ਨੇ ਸਰਮਾਏਦਾਰੀ ਦੇ ਸਿਧਾਂਤਕ ਅਤੇ ਇਤਿਹਾਸਕ ਵਿਸ਼ਲੇਸ਼ਣ ਰਾਹੀਂ ਸਾਬਤ ਕੀਤਾ ਸੀ ਕਿ ਅਜ਼ਾਦ ਮੁਕਾਬਲਾ ਉਤਪਾਦਨ ਦਾ ਕੇਂਦਰੀਣ ਲਿਆਉਂਦਾ ਹੈ, ਜਿਸਦਾ ਸਿੱਟਾ, ਆਪਣੀ ਵਾਰੀ, ਵਿਕਾਸ ਦੇ ਇੱਕ ਵਿਸ਼ੇਸ਼ ਪੜਾਅ ਉੱਤੇ, ਅਜਾਰੇਦਾਰੀ ਵਿੱਚ ਨਿਕਲਦਾ ਹੈ। ਅੱਜ ਅਜਾਰੇਦਾਰੀ ਇੱਕ ਹਕੀਕਤ ਬਣ ਗਈ ਹੈ। ਅਰਥ–ਸ਼ਾਸਤਰੀ ਪੁਸਤਕਾਂ ਦੇ ਢੇਰ ਲਿਖ ਰਹੇ ਹਨ ਜਿਨ੍ਹਾਂ ਵਿੱਚ ਉਹ ਅਜਾਰੇਦਾਰੀ ਦੇ ਵੱਖ ਵੱਖ ਪ੍ਰਗਟਾਵਾਂ ਨੂੰ ਬਿਆਨ ਕਰਦੇ ਹਨ ਅਤੇ ਇੱਕ ਸੁਰ ਵਿੱਚ ਇਹ ਐਲਾਨ ਕਰਨਾ ਜਾਰੀ ਰੱਖਦੇ ਹਨ ਕਿ "ਮਾਰਕਸਵਾਦ ਰੱਦ ਕਰ ਦਿੱਤਾ ਗਿਆ ਹੈ"। ਪਰ ਜਿਹਾ ਕਿ ਅੰਗ੍ਰੇਜ਼ੀ ਅਖਾਣ ਕਹਿੰਦਾ ਹੈ, ਤੱਥ ਬੜੀ ਅੜੀ ਵਾਲ਼ੀ ਸ਼ੈ ਹਨ ਅਤੇ ਭਾਵੇਂ ਸਾਨੂੰ ਪਸੰਦ ਹੋਵੇ ਭਾਵੇਂ ਨਾਂਹ, ਉਹਨਾਂ ਨਾਲ਼ ਨਿਬੜਨਾ ਹੀ ਪੈਂਦਾ ਹੈ। ਤੱਥ ਦਰਸਾਉਂਦੇ ਹਨ ਕਿ ਸਰਮਾਏਦਾਰ ਦੇਸ਼ਾਂ ਵਿਚਕਾਰ ਫ਼ਰਕ, ਮਿਸਾਲ ਵਜੋਂ, ਰੱਖਿਆ, ਅਜ਼ਾਦ ਵਪਾਰ ਦੇ ਮਾਮਲੇ ਵਿੱਚ, ਅਜਾਰੇਦਾਰੀਆਂ ਦੇ ਰੂਪ ਜਾਂ ਉਹਨਾਂ ਦੇ ਪ੍ਰਗਟ ਹੋਣ ਦੇ ਸਮੇਂ ਵਿੱਚ ਨਿਗੂਣੇ ਫ਼ਰਕਾਂ ਨੂੰ ਹੀ ਜਨਮ ਦੇ ਸਕਦੇ ਹਨ;

---

* ਕਾਰਟਲ—ਉਤਪਾਦਨ, ਵਿਕਰੀ ਦੇ ਪ੍ਰਬੰਧ, ਕੀਮਤਾਂ ਆਦਿ ਮਿੱਥਣ ਲਈ ਵੱਡੇ ਉਤਪਾਦਕਾਂ ਦਾ ਸੰਘ (ਜਰਮਨ ਨਾਂ)– **ਅਨੁ:**

** ਮੁਕਾਬਲੇ ਨੂੰ ਹਰਾਉਣ, ਆਦਿ ਦੇ ਮੰਤਵਾਂ ਲਈ ਕਈ ਕੰਪਨੀਆਂ ਦੀ ਜਥੇਬੰਦ ਸੰਸਥਾ, ਹਰ ਕੰਪਨੀ ਦੇ ਹਿੱਸੇਦਾਰ ਆਪਣੇ ਹਿੱਸੇ ਇੱਕ ਕੇਂਦਰੀ ਬੋਰਡ ਦੇ ਹਵਾਲੇ ਕਰ ਦੇਂਦੇ ਹਨ, ਉਹਨਾਂ ਦਾ ਵੋਟ ਦਾ ਹੱਕ ਨਹੀਂ ਰਹਿੰਦਾ, ਪਰ ਮੁਨਾਫ਼ੇ ਦਾ ਹੱਕ ਕਾਇਮ ਰਹਿੰਦਾ ਹੈ।—(ਅਮਰੀਕੀ ਪ੍ਰਬੰਧ)—**ਅਨੁ:**

*** Hermann Levy. ´Monople, Kartelle und Trusts[a]. Jena. 1909 SS. 286, 290. 298. (ਹਰਮਨ ਲੈਵੀ, "ਅਜਾਰੇਦਾਰੀਆਂ, ਕਾਰਟਲ ਅਤੇ ਟਰੱਸਟ", ਜੈਨਾ, 1909, ਪੰਨੇ 286, 290, 298। **ਸੰਪਾ:**)

ਕਿ ਉਤਪਾਦਨ ਦੇ ਕੇਂਦਰੀਣ ਦੇ ਸਿੱਟੇ ਵਜੋਂ ਅਜਾਰੇਦਾਰੀਆਂ ਦਾ ਉੱਭਰਨਾ ਸਰਮਾਏਦਾਰੀ ਦੇ ਵਿਕਾਸ ਦੇ ਅਜੋਕੇ ਪੜਾਅ ਦਾ ਆਮ ਅਤੇ ਬੁਨਿਆਦੀ ਨਿਯਮ ਹੈ।

ਜਿੱਥੋਂ ਤੱਕ ਯੂਰਪ ਦਾ ਸਬੰਧ ਹੈ, ਉਹ ਸਮਾਂ ਜਦੋਂ ਨਵੀਂ ਸਰਮਾਏਦਾਰੀ ਨੇ **ਪੱਕੀ ਤਰ੍ਹਾਂ** ਪੁਰਾਣੀ ਸਰਮਾਏਦਾਰੀ ਦੀ ਥਾਂ ਲੈ ਲਈ ਚੋਖੀ ਸ਼ੁੱਧਤਾ ਨਾਲ਼ ਮਿੱਥਿਆ ਜਾ ਸਕਦਾ ਹੈ; ਇਹ ਵੀਹਵੀਂ ਸਦੀ ਦਾ ਮੁੱਢ ਸੀ। "ਅਜਾਰੇਦਾਰੀਆਂ ਦੇ ਬਣਨ" ਦੇ ਇਤਿਹਾਸ ਸਬੰਧੀ ਸਭ ਤੋਂ ਨਵੀਨ ਸੰਗ੍ਰਹਿਆਂ ਵਿੱਚੋਂ ਇੱਕ ਵਿੱਚ ਅਸੀਂ ਪੜ੍ਹਦੇ ਹਾਂ:

"ਸਰਮਾਏਦਾਰ ਅਜਾਰੇਦਾਰੀ ਦੀਆਂ ਇੱਕੜ-ਦੁੱਕੜ ਮਿਸਾਲਾਂ 1860 ਤੋਂ ਪਹਿਲਾਂ ਦੇ ਸਮੇਂ ਤੋਂ ਦਿੱਤੀਆਂ ਜਾ ਸਕਦੀਆਂ ਹਨ; ਇਹਨਾਂ ਵਿੱਚ ਉਹਨਾਂ ਰੂਪਾਂ ਦਾ ਭਰੂਣ ਰੂਪ ਵੇਖਿਆ ਜਾ ਸਕਦਾ ਸੀ ਜਿਹੜੇ ਅੱਜ ਇੰਨੇ ਆਮ ਹਨ; ਪਰ ਇਹ ਨਿਰਸੰਦੇਹ ਸਭ ਕੁਝ ਕਾਰਟਲਾਂ ਦਾ ਪੂਰਬ-ਇਤਿਹਾਸ ਹੀ ਹਨ। ਨਵੀਨ ਅਜਾਰੇਦਾਰੀ ਦਾ ਅਸਲੀ ਆਦਿ, ਛੇਤੀ ਤੋਂ ਛੇਤੀ, ਸੱਠਵਿਆਂ ਤੱਕ ਜਾਂਦਾ ਹੈ। ਅਜਾਰੇਦਾਰੀ ਦੇ ਵਿਕਾਸ ਦਾ ਪਹਿਲਾ ਮਹੱਤਵਪੂਰਨ ਯੁੱਗ ਸੱਤਰਵਿਆਂ ਦੇ ਕੌਮਾਂਤਰੀ ਸਨਅਤੀ ਮੰਦਵਾੜੇ ਨਾਲ਼ ਸ਼ੁਰੂ ਹੋਇਆ ਅਤੇ ਨੱਬੇਵਿਆਂ ਦੇ ਮੁੱਢ ਤੱਕ ਜਾਰੀ ਰਿਹਾ।" "ਜੇ ਅਸੀਂ ਯੂਰਪੀ ਪੱਧਰ ਉੱਤੇ ਵੇਖੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਅਜ਼ਾਦ ਮੁਕਾਬਲੇ ਦਾ ਵਿਕਾਸ ਸੱਠਵਿਆਂ ਅਤੇ ਸੱਤਰਵਿਆਂ ਵਿੱਚ ਆਪਣੀ ਸਿਖ਼ਰ ਉੱਤੇ ਅੱਪੜ ਗਿਆ। ਉਦੋਂ ਹੀ ਬਰਤਾਨੀਆ ਨੇ ਆਪਣੀ ਪੁਰਾਣੇ ਢੰਗ ਦੀ ਸਰਮਾਏਦਾਰ ਜਥੇਬੰਦੀ ਦੀ ਉਸਾਰੀ ਮੁਕੰਮਲ ਕਰ ਲਈ। ਜਰਮਨੀ ਵਿੱਚ ਇਹ ਜਥੇਬੰਦੀ ਦਸਤਕਾਰੀ ਅਤੇ ਘਰੇਲੂ ਸਨਅਤ ਨਾਲ਼ ਜ਼ਬਰਦਸਤ ਘੋਲ਼ ਵਿੱਚ ਜੁੱਟ ਗਈ ਅਤੇ ਆਪਣੇ ਲਈ ਹੋਂਦ ਦੇ ਆਪਣੇ ਹੀ ਰੂਪ ਸਿਰਜਣੇ ਸ਼ੁਰੂ ਕਰ ਦਿੱਤੇ।"

"ਮਹਾਨ ਕਾਇਆ-ਪਲਟ 1873 ਦੇ ਆਰਥਕ ਮੰਦਵਾੜੇ ਜਾਂ ਸਗੋਂ, ਉਸ ਪਿੱਛੋਂ ਆਈ ਗਿਰਾਵਟ ਨਾਲ਼ ਸ਼ੁਰੂ ਹੋਈ , ਜਿਹੜੀ ਅੱਸੀਵਿਆਂ ਦੇ ਮੁੱਢ ਵਿੱਚ ਉੱਕਾ ਹੀ ਨਾ ਦਿੱਸਦੇ ਵਕਫ਼ੇ ਅਤੇ 1889 ਦੇ ਨੇੜੇ ਤਿਖੇ ਪਰ ਥੁੜ੍ਹ-ਜੀਵੀ ਉਭਾਰ, ਨਾਲ਼ ਯੂਰਪ ਦੇ ਆਰਥਕ ਇਤਿਹਾਸ ਦੇ 22 ਵਰ੍ਹੇ ਬਣਦੀ ਹੈ।" 1889-90 ਦੇ ਸੰਖੇਪ ਉਭਾਰ ਸਮੇਂ, ਵਪਾਰ ਦੀਆਂ ਸੁਖਾਵੀਆਂ ਪ੍ਰਸਥਿਤੀਆਂ ਦਾ ਲਾਭ ਉਠਾਉਣ ਲਈ ਕਾਰਟਲਾਂ ਦੇ ਪ੍ਰਬੰਧ ਦਾ ਵਿਸ਼ਾਲ ਪੱਧਰ ਉੱਤੇ ਸਹਾਰਾ ਲਿਆ ਗਿਆ। ਇੱਕ ਗ਼ਲਤ ਢੰਗ ਨਾਲ਼ ਵਿਚਾਰੀ ਨੀਤੀ ਕਾਰਨ ਕੀਮਤਾਂ ਉਸ ਨਾਲ਼ੋਂ ਹੋਰ ਤਿੱਖੀ ਤਰ੍ਹਾਂ ਅਤੇ ਹੋਰ ਉਚੇਰੀਆਂ ਚਲੀਆਂ ਗਈਆਂ ਜਿੱਥੋਂ ਤੱਕ ਉਹ ਕਾਰਟਲਾਂ ਦੀ ਅਣਹੋਂਦ ਹਾਲਤ ਵਿੱਚ ਜਾਂਦੀਆਂ ਅਤੇ ਲਗਭਗ ਇਹ ਸਭੇ ਕਾਰਟਲ ਮੰਦਵਾੜੇ ਵਿੱਚ ਬੜੀ ਬੁਰੀ ਤਰ੍ਹਾਂ ਤਬਾਹ ਹੋ ਗਏ। ਇਸ ਤੋਂ ਪਿੱਛੋਂ ਮਾੜੇ ਵਪਾਰ ਅਤੇ ਨੀਵੀਆਂ ਕੀਮਤਾਂ ਦਾ ਪੰਜ-ਵਰ੍ਹਿਆਂ ਦਾ ਨਵਾਂ ਸਮਾਂ ਆਇਆ ਪਰ ਸਨਅਤ ਵਿੱਚ ਇੱਕ ਨਵੀਂ ਭਾਵਨਾ ਦਾ ਬੋਲ ਬਾਲਾ ਸੀ; ਗਿਰਾਵਟ ਨੂੰ ਕੋਈ ਅਜਿਹੀ ਗੱਲ ਨਹੀਂ ਸੀ ਸਮਝਿਆ ਜਾਂਦਾ ਜਿਹੜੀ ਵਾਪਰਨੀ ਹੀ ਹੈ, ਇਹਨੂੰ ਇੱਕ ਹੋਰ ਉਭਾਰ ਤੋਂ ਪਹਿਲਾਂ ਠਹਿਰਾ ਤੋਂ ਵੱਧ ਕੁਝ ਨਾ ਸਮਝਿਆ ਗਿਆ।

"ਕਾਰਟਲਾਂ ਦੀ ਲਹਿਰ ਆਪਣੇ ਦੂਜੇ ਦੌਰ ਵਿੱਚ ਦਾਖ਼ਲ ਹੋ ਗਈ: ਇੱਕ ਵਕਤੀ

ਵਰਤਾਰਾ ਹੋਣ ਦੀ ਥਾਂ ਕਾਰਟਲ ਆਰਥਕ ਜੀਵਨ ਦੇ ਅਧਾਰਾਂ ਵਿੱਚੋਂ ਇੱਕ ਬਣ ਗਏ ਹਨ। ਉਹ ਸਨਅਤ ਦੇ ਇੱਕ ਤੋਂ ਪਿੱਛੋਂ ਦੂਜੇ ਖੇਤਰ ਨੂੰ ਜਿੱਤ ਰਹੇ ਹਨ, ਵਿਸ਼ੇਸ਼ ਤੌਰ 'ਤੇ ਕੱਚੇ ਮਾਲ ਦੀ ਸਨਅਤ ਵਿੱਚ। ਨੱਬੇਵਿਆਂ ਦੇ ਮੁੱਢ ਵਿੱਚ ਕਾਰਟਲ ਪ੍ਰਬੰਧ ਪਹਿਲਾਂ ਹੀ—ਕੋਕ ਸਿੰਡੀਕੇਟ ਦੇ ਰੂਪ ਵਿੱਚ ਜਿਸ ਦੇ ਨਮੂਨੇ ਉੱਤੇ ਪਿੱਛੇ ਜਾ ਕੇ ਕੋਲੇ ਦੀ ਸਿੰਡੀਕੇਟ ਸਥਾਪਤ ਕੀਤੀ ਗਈ—ਇੱਕ ਅਜਿਹੀ ਕਾਰਟਲ ਟੈਕਨੀਕ ਪ੍ਰਾਪਤ ਕਰ ਚੁੱਕਾ ਸੀ ਜਿਸ ਤੋਂ ਚੰਗੇਰਾ ਨਹੀਂ ਬਣਾਇਆ ਜਾ ਸਕਦਾ। ਪਹਿਲੀ ਵਾਰ 19 ਵੀਂ ਸਦੀ ਦੇ ਅੰਤ ਉੱਤੇ ਮਹਾਨ ਉਭਾਰ ਅਤੇ 1900-03 ਦਾ ਮੰਦਵਾੜਾ—ਘੱਟੋ ਘੱਟ ਖਾਣਾਂ ਅਤੇ ਲੋਹੇ ਦੀ ਸਨਅਤ ਵਿੱਚ—ਉੱਕਾ ਹੀ ਕਾਰਟਲਾਂ ਦੀ ਛਤਰ-ਛਾਇਆ ਹੇਠ ਹੋਇਆ। ਭਾਵੇਂ ਉਸ ਸਮੇਂ ਇਹ ਗੱਲ ਕੁਝ ਅਨੋਖੀ ਜਾਪਦੀ ਸੀ, ਹੁਣ ਆਮ ਜਨਤਾ ਇਸ ਗੱਲ ਨੂੰ ਸੁਭਾਵਕ ਸਮਝਦੀ ਹੈ ਕਿ ਆਰਥਕ ਜੀਵਨ ਦੇ ਵੱਡੇ ਖੇਤਰ, ਇੱਕ ਆਮ ਅਸੂਲ ਦੇ ਤੌਰ 'ਤੇ ਅਜ਼ਾਦ ਮੁਕਾਬਲੇ ਦੇ ਖੇਤਰ ਵਿੱਚੋਂ ਕੱਢ ਲਏ ਗਏ ਹਨ।*

ਸੋ ਅਜਾਰੇਦਾਰੀਆਂ ਦੇ ਇਤਿਹਾਸ ਵਿੱਚ ਮੁੱਖ ਪੜਾਅ ਹੇਠ ਲਿਖੇ ਹਨ: (1) 1860-70, ਅਜ਼ਾਦ ਮੁਕਾਬਲੇ ਦੇ ਵਿਕਾਸ ਦਾ ਸਰਵਉੱਚ ਪੜਾਅ, ਸਿਖ਼ਰ; ਅਜਾਰੇਦਾਰੀ ਔਖੇ ਦਿੱਸਦੇ, ਭਰੂਣ ਰੂਪ ਵਿੱਚ ਹੈ। (2) 1873 ਦੇ ਸੰਕਟ ਤੋਂ ਪਿੱਛੋਂ ਕਾਰਟਲਾਂ ਦੇ ਵਿਕਾਸ ਦਾ ਲੰਮਾਂ ਸਮਾਂ; ਪਰ ਉਹ ਅਜੇ ਵੀ ਛੋਟ ਹਨ। ਉਹ ਅਜੇ ਪਾਏਦਾਰ ਨਹੀਂ ਬਣੇ। ਉਹ ਅਜੇ ਵੀ ਵਕਤੀ ਵਰਤਾਰਾ ਹਨ। (3) 19ਵੀਂ ਸਦੀ ਦੇ ਅਖ਼ੀਰ ਉੱਤੇ ਉਭਾਰ ਅਤੇ 1900-03 ਦਾ ਸੰਕਟ। ਕਾਰਟਲ ਸਮੁੱਚੇ ਆਰਥਕ ਜੀਵਨ ਦੀਆਂ ਬੁਨਿਆਦਾਂ ਵਿੱਚੋਂ ਇੱਕ ਬਣ ਜਾਂਦੇ ਹਨ। ਸਰਮਾਏਦਾਰੀ ਸਾਮਰਾਜਵਾਦ ਵਿੱਚ ਤਬਦੀਲ ਕਰ ਦਿੱਤੀ ਗਈ ਹੈ।

ਕਾਰਟਲ ਵਿਕਰੀ ਦੀਆਂ ਸ਼ਰਤਾਂ, ਅਦਾਇਗੀ ਦੀਆਂ ਮਿਤੀਆਂ, ਆਦਿ ਬਾਰੇ ਸਮਝੌਤੇ ਕਰ ਲੈਂਦੇ ਹਨ। ਉਹ ਮੰਡੀਆਂ ਆਪੋ ਆਪ ਵਿੱਚ ਵੰਡ ਲੈਂਦੇ ਹਨ। ਤਿਆਰ ਕੀਤੀਆਂ ਜਾਣ ਵਾਲ਼ੀਆਂ ਵਸਤਾਂ ਦੀ ਮਾਤਰਾ ਮਿੱਥਦੇ ਹਨ। ਉਹ ਕੀਮਤਾਂ ਮੁਕੱਰਰ ਕਰਦੇ ਹਨ। ਉਹ ਵੱਖ ਵੱਖ ਕਾਰੋਬਾਰਾਂ ਵਿਚਕਾਰ ਨਫ਼ੇ ਵੰਡਦੇ ਹਨ, ਆਦਿ।

ਅੰਦਾਜ਼ਾ ਲਾਇਆ ਗਿਆ ਹੈ ਕਿ ਜਰਮਨੀ ਵਿੱਚ 1896 ਵਿੱਚ 250 ਕਾਰਟਲ ਸਨ ਅਤੇ 1905 ਵਿੱਚ 385, ਜਿਨ੍ਹਾਂ ਵਿੱਚ 12,000 ਕਾਰੋਬਾਰੀ ਫ਼ਰਮਾਂ ਸ਼ਾਮਲ ਹਨ।**

---

* The Vogelstein. ´Die finanzielle Organisation der kapitalistischen Industrie und die Monopolbildungen[a] in ´ Grundrifl der Sozial^konomik[a] VI. Abt. T¸b, 1914. (ਫ਼ੋਗਲਸਟੀਨ, "ਸਰਮਾਏਦਾਰ ਸਨਅਤ ਦਾ ਵਿੱਤ ਅਧਾਰ ਅਤੇ ਸਮਾਜੀ ਆਰਥਕਤਾ ਦੇ ਅਧਾਰ 'ਤੇ ਅਜਾਰੇਦਾਰੀਆਂ ਦਾ ਬਣਨਾ", ਭਾਗ 6, ਟਿਊਬਿੰਗਨ, 1914- **ਸੰਪਾ:**) ਵੇਖੋ ਉਸੇ ਲੇਖਕ ਦੀ ´Organisationsformen der Eisenindustrie und Textilindustrie in Enland and Amerika[a]. Bd. I. Lpz 1910. ("ਇੰਗਲੈਂਡ ਅਤੇ ਅਮਰੀਕਾ ਦੀ ਅਸਪਾਤ ਅਤੇ ਕੱਪੜੇ ਦੀ ਸਨਅਤ ਵਿੱਚ ਜੱਥੇਬੰਦੀਆਂ ਦਾ ਬਣਨਾ," ਸੈਂਚੀ 1, ਲਾਈਪਜ਼ਿਗ, 1910- **ਸੰਪਾ:**)

** Dr. Riesser. ´Die deutschen Groflbanken und ihre Konzentration ⇨

ਪਰ ਇਹ ਗੱਲ ਆਮ ਮੰਨੀ ਗਈ ਹੈ ਕਿ ਇਹ ਅੰਦਾਜ਼ੇ ਘਟਾ ਕੇ ਲਾਏ ਗਏ ਹਨ। ਪਿੱਛੇ, 1907 ਲਈ ਜਰਮਨ ਸਨਅਤ ਸਬੰਧੀ ਜਿਹੜੇ ਅੰਕੜੇ ਅਸਾਂ ਦਿੱਤੇ ਹਨ, ਉਹਨਾਂ ਤੋਂ ਇਹ ਸਪੱਸ਼ਟ ਹੈ ਕਿ ਇਹ 12,000 ਬਹੁਤ ਵੱਡੇ ਕਾਰੋਬਾਰ ਸ਼ਾਇਦ ਜਰਮਨੀ ਵਿੱਚ ਵਰਤੀ ਜਾਂਦੀ ਭਾਫ਼ ਅਤੇ ਬਿਜਲੀ ਦੀ ਅੱਧੀ ਤੋਂ ਵੱਧ ਮਾਤਰਾ ਦੀ ਖਪਤ ਕਰਦੇ ਹਨ। ਅਮਰੀਕਾ ਵਿੱਚ ਟਰੱਸਟਾਂ ਦੀ ਗਿਣਤੀ ਦਾ ਅੰਦਾਜ਼ਾ 1900 ਵਿੱਚ 185 ਅਤੇ 1907 ਵਿੱਚ 250 ਲਾਇਆ ਗਿਆ ਸੀ। ਅਮਰੀਕੀ ਅੰਕੜੇ ਸਭਨਾਂ ਸਨਅਤੀ ਕਾਰੋਬਾਰਾਂ ਨੂੰ ਵਿਅਕਤੀਆਂ ਦੀ, ਨਿੱਜੀ ਫ਼ਰਮਾਂ ਦੀ ਜਾਂ ਕਾਰਪੋਰੇਸ਼ਨਾਂ ਦੀ ਮਲਕੀਅਤ ਵਿੱਚ ਵੰਡਦੇ ਹਨ। ਪਿਛਲੇਰੇ 1904 ਵਿੱਚ 23.6 ਫ਼ੀਸਦੀ ਸਨ ਅਤੇ 1909 ਵਿੱਚ 25.9 ਫ਼ੀਸਦੀ ਸਦੀ, ਅਰਥਾਤ, ਦੇਸ਼ ਦੇ ਕੁੱਲ ਸਨਅਤੀ ਕਾਰੋਬਾਰਾਂ ਦੇ ਇੱਕ ਚੁਥਾਈ ਤੋਂ ਵੱਧ। ਇਹਨਾਂ ਵਿੱਚ 1904 ਵਿੱਚ 70.6 ਫ਼ੀਸਦੀ ਅਤੇ 1909 ਵਿੱਚ 75.6 ਫ਼ੀਸਦੀ ਅਰਥਾਤ ਉਜਰਤਾਂ ਕਮਾਉਣ ਵਾਲ਼ਿਆਂ ਦੀ ਤਿੰਨ ਚੁਥਾਈ ਤੋਂ ਵੱਧ ਮੁਲਾਜ਼ਮ ਸੀ। ਇਹਨਾਂ ਦੋ ਤਿੱਥੀਆਂ ਤੇ ਉਹਨਾਂ ਦੇ ਉਤਪਾਦਨ ਦਾ ਮੁੱਲ 10,90,00,00,000 ਡਾਲਰ ਅਤੇ 16,30,00,00,000 ਡਾਲਰ ਅਰਥਾਤ ਕ੍ਰਮਵਾਰ ਕੁੱਲ ਉਤਪਾਦਨ ਦਾ 73.7 ਫ਼ੀਸਦੀ ਅਤੇ 79.0 ਫ਼ੀਸਦੀ ਸਦੀ ਪਾਇਆ ਗਿਆ ਸੀ।

ਅਕਸਰ ਕਾਰਟਲ ਅਤੇ ਟਰੱਸਟ ਸਨਅਤ ਦੀ ਕਿਸੇ ਇੱਕ ਸ਼ਾਖ ਦੇ ਉਤਪਾਦਨ ਦੇ ਦਸਾਂ ਵਿੱਚੋਂ ਸੱਤ ਜਾਂ ਅੱਠ ਹਿੱਸੇ ਇਕੱਠੇ ਕਰ ਲੈਂਦੇ ਹਨ। 1893 ਵਿੱਚ ਇਹਦੀ ਸਥਾਪਤੀ ਸਮੇਂ ਰ੍ਹਾਈਨ-ਵੈਸਟਫ਼ੇਲੀਆ ਦੀ ਕੋਲੇ ਦੀ ਸਿੰਡੀਕੇਟ ਦੇ ਹੱਥਾਂ ਵਿੱਚ ਉਸ ਇਲਾਕੇ ਦੇ ਕੋਲੇ ਦੇ ਉਤਪਾਦਨ ਦਾ 86.7 ਫ਼ੀਸਦੀ ਕੇਂਦਰਤ ਸੀ ਅਤੇ 1910 ਵਿੱਚ ਇਹਨੇ ਪਹਿਲਾਂ ਹੀ 95.4 ਫ਼ੀਸਦੀ ਕੇਂਦਰਤ ਕਰ ਲਿਆ ਸੀ।* ਇਉਂ ਸਥਾਪਤ ਕੀਤੀ ਅਜਾਰੇਦਾਰੀ ਅਥਾਹ ਨਫ਼ੇ ਯਕੀਨੀ ਬਣਾਉਂਦੀ ਹੈ ਅਤੇ ਇਹਦਾ ਸਿੱਟਾ ਧੜਵੈਲ ਅਕਾਰ ਵਾਲ਼ੀਆਂ ਤਕਨੀਕੀ ਉਤਪਾਦਕ ਇਕਾਈਆਂ ਬਣਨਾ ਹੁੰਦਾ ਹੈ। ਅਮਰੀਕਾ ਵਿੱਚ ਪ੍ਰਸਿੱਧ ਸਟੈਂਡਰਡ ਆਇਲ ਕੰਪਨੀ 1900 ਵਿੱਚ ਸਥਾਪਤ ਕੀਤੀ ਗਈ: "ਇਹਦਾ ਅਧਿਕਰਿਤ ਸਰਮਾਇਆ

---

⇨ im Zusammenhange mit der Entwicklung der Gesamtwirtschaft in Deutschland[a] 4. Aufl., 1912, S.149-R. Liefmann. ´Kartelle und Trusts und die Weiterbildung der volkswirtschaftlichen Organisation[a].2. Aulf., 1910, S. 25. (ਡਾ. ਰੀਸਰ, "ਵੱਡੇ ਜਰਮਨ ਬੈਂਕ ਅਤੇ ਜਰਮਨੀ ਦੀ ਆਰਥਿਕਤਾ ਦੇ ਸਾਂਝੇ ਵਿਕਾਸ ਦੇ ਸਬੰਧ ਵਿੱਚ ਉਹਨਾਂ ਦਾ ਕੇਂਦਰੀਣ, "ਚੌਥੀ ਛਾਪ, 1912, ਪੰਨਾ 149। ਰ. ਲੀਫ਼ਮਾਨ, "ਕਾਰਟਲ ਅਤੇ ਟਰੱਸਟ ਅਤੇ ਸਰਵਜਨਕ ਆਰਥਕ ਜਥੇਬੰਦੀ ਦਾ ਵਿਕਾਸ", ਦੂਜੀ ਛਾਪ, 1910, ਪੰਨਾ 25। – **ਸੰਪਾ:**)

* Dr. Fritz Kestner. ´Der Organisationszwang. Eine Unfersuchung ¸ber die Kampfe zwischen Kartellen und Auflenseitern[a]. Brl., 1912, S. 11. (ਡਾ. ਫ਼ਰਿਟਜ਼ ਕੈਸਟਨਰ,, "ਜਥੇਬੰਦੀ ਬਣਾਉਣ ਲਈ ਜ਼ਬਰ। ਕਾਰਟਲਾਂ ਅਤੇ ਉਹਨਾਂ ਤੋਂ ਬਾਹਰਲਿਆਂ ਵਿਚਕਾਰ ਘੋਲ਼ ਦਾ ਅਧਿਐਨ, "ਬਰਲਿਨ, 1912, ਪੰਨਾ 11– **ਸੰਪਾ:**)

15,00,0000,000 ਡਾਲਰ ਹੈ। ਇਹਨੇ 10,00,00,000 ਡਾਲਰ ਦੇ ਸਾਧਾਰਨ ਅਤੇ 10,60,000 ਦੇ ਪ੍ਰੈਫਰੈਂਸ ਹਿੱਸੇ ਜਾਰੀ ਕੀਤੇ। 1900 ਤੋਂ 1907 ਤੱਕ ਉਹਨਾਂ ਉੱਤੇ ਹੇਠ ਲਿਖੇ ਡਿਵੀਡੈਂਡ ਦਿੱਤੇ ਗਏ: ਸਬੰਧਤ ਵਰ੍ਹਿਆਂ ਵਿੱਚ 48, 48, 45, 44, 36, 40, 40, 40, ਫ਼ੀਸਦੀ, ਅਰਥਾਤ, ਕੁੱਲ ਮਿਲ਼ਾ ਕੇ 36,70,00,000 ਡਾਲਰ। 1882 ਤੋਂ 1907 ਤੱਕ 88,90,00,000 ਦੇ ਕੁੱਲ ਖ਼ਾਲਸ ਨਫ਼ੇ ਵਿੱਚੋਂ 60,60,00,000 ਡਾਲਰ ਡਿਵੀਡੈਂਡ ਵਜੋਂ ਵੰਡੇ ਗਏ ਅਤੇ ਬਾਕੀ ਰਾਖਵੇਂ ਸਰਮਾਏ ਵਿੱਚ ਚਲੇ ਗਏ।* "1907 ਵਿੱਚ ਯੂਨਾਈਟਿਡ ਸਟੇਟਸ ਸਟੀਲ ਕਾਰਪੋਰੇਸ਼ਨ ਦੇ ਵੱਖ ਵੱਖ ਕਾਰਖ਼ਾਨਿਆਂ ਵਿੱਚ 2,10,180 ਤੋਂ ਘੱਟ ਲੋਕ ਮੁਲਾਜ਼ਮ ਨਹੀਂ ਸਨ। 1908 ਵਿੱਚ ਜਰਮਨੀ ਦੀ ਖਾਣਾਂ ਦੀ ਸਨਅਤ ਵਿੱਚ ਸਭ ਤੋਂ ਵੱਡੇ ਕਾਰੋਬਾਰ ਗਲੈਸਨਕਿਰਚਨਰ ਬਰਗਵਰਕਗੇਸਲਸ਼ਾਫ਼ਟ (Gelsenkirchener Bergwerkgesellshaft) ਦੇ ਅਮਲੇ ਵਿੱਚ 46, 048 ਕਿਰਤੀ ਅਤੇ ਦਫ਼ਤਰੀ ਮੁਲਾਜ਼ਮ ਸ਼ਾਮਲ ਹਨ।** 1902 ਵਿੱਚ ਹੀ ਯੂਨਾਈਟਡ ਸਟੇਟਸ ਸਟੀਲ ਕਾਰਪੋਰੇਸ਼ਨ 90,00,000 ਟਨ ਅਸਪਾਤ ਪੈਦਾ ਕਰਦਾ ਸੀ।*** ਇਹਦਾ ਉਤਪਾਦਨ 1901 ਵਿੱਚ ਅਮਰੀਕਾ ਦੇ ਅਸਪਾਤ ਦੇ ਕੁੱਲ ਉਤਪਾਦਨ ਦਾ 66.3 ਫ਼ੀਸਦੀ ਸੀ ਅਤੇ 1908 ਵਿੱਚ 56.1 ਫ਼ੀਸਦੀ ਸੀ।**** ਖਣਿਜ ਲੋਹੇ ਦਾ ਉਤਪਾਦਨ ਕ੍ਰਮਵਾਰ 43.9 ਫ਼ੀਸਦੀ ਅਤੇ 46.3 ਫ਼ੀਸਦੀ ਸੀ।

ਟਰੱਸਟਾਂ ਬਾਰੇ ਅਮਰੀਕੀ ਹਕੂਮਤ ਦੇ ਕਮਿਸ਼ਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ: "ਆਪਣੇ ਨਾਲ਼ ਮੁਕਾਬਲਾ ਕਰਨ ਵਾਲ਼ਿਆਂ ਨਾਲ਼ੋਂ ਉਹਨਾਂ ਦੀ ਉੱਤਮਤਾ ਦਾ ਕਾਰਨ ਉਹਨਾਂ ਦੇ ਕਾਰੋਬਾਰ ਦਾ ਅਕਾਰ ਅਤੇ ਉਹਨਾਂ ਦਾ ਸ਼ਾਨਦਾਰ ਟੈਕਨੀਕਲ ਸਾਜ਼-ਸਮਾਨ ਹੈ। ਆਪਣੇ ਹੋਂਦ ਵਿੱਚ ਆਉਣ ਦੇ ਸਮੇਂ ਤੋਂ ਤੰਬਾਕੂ ਟਰੱਸਟ ਨੇ ਆਪਣੇ ਸਾਰੇ ਯਤਨ ਸਰੀਰਕ ਕਿਰਤ ਦੀ ਥਾਂ ਮਸ਼ੀਨੀ ਕਿਰਤ ਲਾਗੂ ਕਰਨ ਵੱਲ ਲਾਏ ਹਨ। ਇਸ ਮੰਤਵ ਨੂੰ ਮੁੱਖ ਰੱਖਦੇ ਹੋਏ ਉਹਨੇ ਉਹ ਸਾਰੇ ਪੇਟੈਂਟ ਖ਼ਰੀਦ ਲਏ ਹਨ ਜਿਨ੍ਹਾਂ ਦਾ ਤੰਬਾਕੂ ਤਿਆਰ ਕਰਨ ਦੀ ਸਨਅਤ ਨਾਲ਼ ਕੁਝ ਵੀ ਸਬੰਧ ਹੈ ਅਤੇ ਇਉਂ ਇਸ ਮੰਤਵ ਲਈ ਬਹੁਤ ਵੱਡੀਆਂ ਰਕਮਾਂ ਖ਼ਰਚ ਕੀਤੀਆਂ ਹਨ। ਪਹਿਲਾਂ ਪਹਿਲ ਇਹਨਾਂ ਵਿਚੋਂ ਬਹੁਤ ਸਾਰੇ ਪੇਟੈਂਟ ਕਿਸੇ ਕੰਮ ਦੇ ਨਾ

---

* R. Liefmann. ´Beteiligungs-und Finanzierungsgesell-schaften. Eine Studier ¸ber den modernen Kapitalismus und das Effektenwesenª.1. Aufl. Jena, 1909, S.212. ("ਅਧਿਕਰਣਾਂ ਅਤੇ ਸਰਮਾਇਆ ਲਾਉਣ ਵਾਲ਼ੇ ਸੰਘ। ਨਵੀਨ ਸਰਮਾਏਦਾਰੀ ਅਤੇ ਹੁੰਡੀਆਂ ਦੇ ਤੱਤ ਦਾ ਅਧਿਐਨ, " ਪਹਿਲੀ ਛਾਪ, ਜੈਨਾ, 1909, ਪੰਨਾ 292- **ਸੰਪਾ:**)

** ਉਪ੍ਰੋਕਤ, 5.218।

*** Dr. S. Tschierschky. ´Kartell und Trustª. Gˆtt. 1903, S. 13, (ਚੀਰਸ਼ਕੀ। "ਕਾਰਟਲ ਅਤੇ ਟਰੱਸਟ," ਗੋਟਿੰਜਨ- **ਸੰਪਾ:**)

**** Th. Vogelstein ´Organisationsformenª (ਫ਼ੋਗਲਸਟੀਨ ਉਪ੍ਰੋਕਤ, ਪ. 275)— **ਸੰਪਾ.**

ਸਾਬਤ ਹੋਏ ਅਤੇ ਟਰੱਸਟ ਵੱਲੋਂ ਮੁਲਾਜ਼ਮ ਰੱਖੇ ਇੰਜੀਨਿਅਰਾਂ ਨੂੰ ਉਹਨਾਂ ਨੂੰ ਸੋਧਣਾ ਪਿਆ। 1906 ਦੇ ਅਖ਼ੀਰ ਉੱਤੇ ਦੋ ਸਹਾਇਕ ਕੰਪਨੀਆਂ ਸਥਾਪਤ ਕੀਤੀਆਂ ਗਈਆਂ ਜਿਨ੍ਹਾਂ ਦਾ ਇੱਕੋ ਇੱਕ ਮੰਤਵ ਪੇਟੈਂਟ ਪ੍ਰਾਪਤ ਕਰਨਾ ਸੀ। ਇਹੋ ਮੰਤਵ ਮੁੱਖ ਰੱਖਦੇ ਹੋਏ ਟਰੱਸਟ ਨੇ ਆਪਣੀਆਂ ਫ਼ਾਊਂਡਰੀਆਂ, ਮਸ਼ੀਨੀ ਖਾਤੇ ਅਤੇ ਮੁਰੰਮਤ ਖਾਤੇ ਸਥਾਪਤ ਕੀਤੇ ਹਨ। ਇਹਨਾਂ ਵਿੱਚੋਂ ਇੱਕ ਕਾਰੋਬਾਰ ਵਿੱਚ, ਜਿਹੜਾ ਬਰੂਕਲਿਨ ਵਿੱਚ ਸਥਿਤ ਹੈ, ਔਸਤ ਨਾਲ਼ 300 ਕਿਰਤੀ ਕੰਮ ਕਰਦੇ ਹਨ; ਇੱਥੇ ਸਿਗਰਟਾਂ, ਚੁਰਟ, ਨਸਵਾਰ, ਪੈਕ ਕਰਨ ਲਈ ਟੀਨ ਦੀ ਪਡਰੀ, ਡੱਬੇ, ਆਦਿ ਬਣਾਉਣ ਸਬੰਧੀ ਕਾਢਾਂ ਲਈ ਤਜ਼ਰਬੇ ਕੀਤੇ ਜਾਂਦੇ ਹਨ। ਇੱਥੇ ਹੀ ਕਾਢਾਂ ਨੂੰ ਨਿਪੁੰਨ ਬਣਾਇਆ ਜਾਂਦਾ ਹੈ।"* ਹੋਰ ਟਰੱਸਟ ਵੀ ਮੁਲਾਜ਼ਮ ਰੱਖਦੇ ਹਨ, ਜਿਨ੍ਹਾਂ ਨੂੰ ਵਿਕਾਸ ਇੰਜੀਨਿਅਰ (developping engineers) ਕਿਹਾ ਜਾਂਦਾ ਹੈ। ਜਿਨ੍ਹਾਂ ਦਾ ਕੰਮ ਉਤਪਾਦਨ ਦੇ ਨਵੇਂ ਢੰਗ ਲੱਭਣਾ ਅਤੇ ਟੈਕਨੀਕਲ ਬਿਹਤਰੀਆਂ ਦੀ ਪਰਖ਼ ਕਰਨਾ ਹੈ। ਯੂਨਾਈਟਡ ਸਟੇਟਸ ਸਟੀਲ ਕਾਰਪੋਰੇਸ਼ਨ ਆਪਣੇ ਕਿਰਤੀਆਂ ਅਤੇ ਇੰਜੀਨੀਅਰਾਂ ਨੂੰ ਉਹਨਾਂ ਕਾਢਾਂ ਲਈ ਵੱਡੇ ਬੋਨਸ ਦੇਂਦਾ ਹੈ ਜਿਹੜੀਆਂ ਟੈਕਨੀਕਲ ਸੁਯੋਗਤਾ ਵਧਾਉਂਦੀਆਂ ਹਨ, ਜਾਂ ਉਤਪਾਦਨ ਦਾ ਖ਼ਰਚਾ ਘਟਾਉਂਦੀਆਂ ਹਨ।**

ਵੱਡੇ ਪੈਮਾਨੇ ਦੀ ਜਰਮਨ ਸਨਅਤ ਵਿੱਚ, ਮਿਸਾਲ ਵਜੋਂ, ਰਸਾਇਣੀ ਸਨਅਤ ਵਿੱਚ, ਜਿਹੜੀ ਪਿਛਲੇ ਕੁਝ ਦਹਾਕਿਆਂ ਵਿੱਚ ਇੰਨੀ ਅਥਾਹ ਵਿਕਸਿਤ ਹੋਈ ਹੈ, ਟੈਕਨੀਕਲ ਚੰਗਿਆਈ ਦਾ ਵਾਧਾ ਇਸੇ ਢੰਗ ਨਾਲ਼ ਵਿਕਸਿਤ ਕੀਤਾ ਗਿਆ ਹੈ। 1908 ਤੱਕ ਉਤਪਾਦਨ ਦੇ ਕੇਂਦਰੀਣ ਦੇ ਅਮਲ ਨੇ ਪਹਿਲਾਂ ਹੀ ਦੋ ਮੱਖ "ਟੋਲੀਆਂ" ਨੂੰ ਜਨਮ ਦਿੱਤਾ ਸੀ, ਜਿਹੜੀਆਂ ਆਪਣੇ ਢੰਗ ਨਾਲ਼, ਅਜਾਰੇਦਾਰੀਆਂ ਦੇ ਖ਼ਾਸੇ ਵਾਲ਼ੀਆਂ ਵੀ ਸਨ। ਪਹਿਲਾਂ ਪਹਿਲ ਇਹ ਟੋਲੀਆਂ ਵੱਡੇ ਕਾਰਖ਼ਾਨਿਆਂ ਦੇ ਦੋ ਜੋੜਿਆਂ ਵਿਚਕਾਰ "ਦੁਵੱਲੀ ਏਕੇ" ਬਣਦੀਆਂ ਸਨ, ਜਿਨ੍ਹਾਂ ਵਿਚੋਂ ਹਰ ਇੱਕ ਦਾ ਸਰਮਾਇਆ ਦੋ ਕਰੋੜ ਤੋਂ ਦੋ ਕਰੋੜ 10 ਲੱਖ ਮਾਰਕ ਸੀ—ਇੱਕ ਹੱਥ ਹੋਖਸਟ ਵਿਖੇ ਸਾਬਕ ਮਾਇਸਟਰ ਕਾਰਖ਼ਾਨਾ ਅਤੇ ਮੇਨ ਕੰਢੇ ਫ਼ਰੈਂਕਫ਼ੋਰਟ ਵਿਖੇ ਕਾਸੇਲਾ ਕਾਰਖ਼ਾਨਾ, ਦੂਜੇ ਹੱਥ ਲੁਡਵਿਗਸਹਾਫ਼ਨ ਵਿਖੇ ਐਨੀਲੀਨ ਅਤੇ ਸੋਡਾ ਫ਼ੈਕਟਰੀ ਅਤੇ ਅਲਬਰਫ਼ੈਲਡ ਵਿਖੇ ਸਾਬਕ ਬਾਇਰ ਕਾਰਖ਼ਾਨਾ। ਫਿਰ 1905 ਵਿੱਚ ਇਹਨਾਂ ਵਿੱਚੋਂ ਇੱਕ

---

* Report of the Commissioner of Corporations on the Tobacco Industry. Washington, 1909, p.266 (ਤੰਬਾਕੂ ਦੀ ਸਨਅਤ ਦੇ ਕਾਰਪੋਰੇਸ਼ਨਾਂ ਬਾਰੇ ਕਮਿਸ਼ਨਰ ਦੀ ਰਿਪੋਰਟ, ਵਾਸ਼ਿਗੰਟਨ, 1909, ਪੰਨਾ 266 **ਸੰਪਾ:**)- Dr. Paul Tafel ´Die nordamerikanischen Trust und ihre Wirkungen auf den Fortschritt der Technik[a]. Stuttgart, 1913, S. 48 ("ਉੱਤਰੀ ਅਮਰੀਕਾ ਟਰੱਸਟ ਅਤੇ ਟੈਕਨਾਲੋਜੀ ਦੇ ਵਿਕਾਸ ਉੱਤੇ ਉਹਨਾਂ ਦਾ ਪ੍ਰਭਾਵ", ਸਟੁਟਗਾਰਟ, 1913, ਪੰਨਾ 48- **ਸੰਪਾ:**) ਅਨੁਸਾਰ ਟੂਕ ਦਿੱਤੀ ਗਈ ਹੈ।

** ਡਾ. ਪਾਲ ਤਾਫ਼ੇਲ, ਉਪ੍ਰੋਕਤ, 5. 49.

ਟੋਲੀ ਨੇ ਅਤੇ 1908 ਵਿੱਚ ਦੂਜੀ ਟੋਲੀ ਨੇ, ਹਰੇਕ ਨੇ ਇੱਕ ਹੋਰ ਵੱਡੇ ਕਾਰਖ਼ਾਨੇ ਨਾਲ ਸਮਝੌਤਾ ਕਰ ਲਿਆ। ਇਹਦਾ ਸਿੱਟਾ ਦੋ "ਤਿਕੜੀ ਏਕੇ" ਬਣਨ ਵਿੱਚ ਨਿਕਲਿਆ ਜਿਨ੍ਹਾਂ ਵਿੱਚੋਂ ਹਰ ਇੱਕ ਦਾ ਸਰਮਾਇਆ ਚਾਰ ਤੋਂ ਪੰਜ ਕਰੋੜ ਮਾਰਕ ਸੀ ਅਤੇ ਇਹਨਾਂ "ਏਕਿਆਂ" ਨੇ ਪਹਿਲਾਂ ਹੀ ਇੱਕ ਦੂਜੇ ਵੱਲ "ਪਹੁੰਚ" ਸ਼ੁਰੂ ਕਰ ਦਿੱਤੀ ਹੈ। ਕੀਮਤਾਂ ਬਾਰੇ "ਸੂਝ" 'ਤੇ ਅਪੜਨਾ ਸ਼ੁਰੂ ਕਰ ਦਿੱਤਾ ਹੈ, ਆਦਿ।*

ਮੁਕਾਬਲਾ ਅਜਾਰੇਦਾਰੀ ਵਿੱਚ ਤਬਦੀਲ ਹੋ ਜਾਂਦਾ ਹੈ। ਇਹਦਾ ਸਿੱਟਾ ਉਤਪਾਦਨ ਦੇ ਅਥਾਹ ਸਮਾਜੀਕਰਨ ਵਿੱਚ ਨਿਕਲਦਾ ਹੈ। ਵਿਸ਼ੇਸ਼ ਤੌਰ 'ਤੇ ਟੈਕਨੀਕਲ ਕਾਢ ਅਤੇ ਬਿਹਤਰੀ ਦਾ ਅਮਲ ਸਮਾਜੀਕ੍ਰਿਤ ਬਣ ਜਾਂਦਾ ਹੈ।

ਇਹ ਖਿੰਡੇ ਪੁੰਡੇ ਅਤੇ ਇੱਕ ਦੂਜੇ ਤੋਂ ਨਾਵਾਕਫ਼ ਅਤੇ ਅਣਜਾਣੀ ਮੰਡੀ ਲਈ ਉਤਪਾਦਨ ਕਰ ਰਹੇ ਕਾਰਖ਼ਾਨੇਦਾਰਾਂ ਦੇ ਪੁਰਾਣੇ ਅਜ਼ਾਦ ਮੁਕਾਬਲੇ ਤੋਂ ਕੁਝ ਉੱਕਾ ਹੀ ਵੱਖਰਾ ਹੈ। ਕੇਂਦਰੀਣ ਇਸ ਹੱਦ ਤੱਕ ਵੱਧ ਗਿਆ ਹੈ ਕਿ ਕਿਸੇ ਇੱਕ ਦੇਸ਼ ਜਾਂ ਇੱਥੋਂ ਤੱਕ ਕਿ, ਜਿਵੇਂ ਅਸੀਂ ਵੇਖਾਂਗੇ, ਕਈ ਦੇਸ਼ਾਂ ਜਾਂ ਇੱਥੋਂ ਤੱਕ ਕਿ ਸਮੁੱਚੇ ਸੰਸਾਰ ਦੇ ਕਿਸੇ ਮਾਲ ਦੇ ਕੁੱਲ ਸੋਮਿਆਂ (ਮਿਸਾਲ ਵਜੋਂ ਖਣਿਜ ਲੋਹੇ ਦੇ ਭੰਡਾਰਾਂ) ਦਾ ਲਗਭਗ ਅੰਦਾਜ਼ਾ ਲਾਉਣਾ ਸੰਭਵ ਹੈ। ਨਾ ਕੇਵਲ ਅਜਿਹੇ ਅੰਦਾਜ਼ੇ ਲਾਏ ਜਾਂਦੇ ਹਨ ਸਗੋਂ ਧੜਵੈਲ ਅਜਾਰੇਦਾਰ ਸਭਾਵਾਂ ਇਹਨਾਂ ਸੋਮਿਆਂ ਉੱਤੇ ਕਬਜ਼ਾ ਕਰ ਲੈਂਦੀਆਂ ਹਨ। ਮੰਡੀਆਂ ਦੀ ਸਮਤਾ ਦਾ ਲਗਭਗ ਅੰਦਾਜ਼ਾ ਵੀ ਲਾਇਆ ਜਾਂਦਾ ਹੈ ਅਤੇ ਸਭਾਵਾਂ ਉਹਨਾਂ ਨੂੰ ਸਮਝੌਤਾ ਕਰਕੇ ਆਪੋ ਵਿੱਚ ਵੰਡ ਲੈਂਦੀਆਂ ਹਨ। ਸੁਯੋਗ ਕਿਰਤ ਦੀ ਅਜਾਰੇਦਾਰੀ ਸਥਾਪਤ ਕਰ ਲਈ ਜਾਂਦੀ ਹੈ, ਸਰਵਉੱਤਮ ਇੰਜੀਨੀਅਰਾਂ ਨੂੰ ਮੁਲਾਜ਼ਮ ਰੱਖਿਆ ਜਾਂਦਾ ਹੈ; ਆਵਾਜਾਈ ਦੇ ਸਾਧਨਾਂ ਉੱਤੇ ਕਬਜ਼ਾ ਕਰ ਲਿਆ ਜਾਂਦਾ ਹੈ — ਅਮਰੀਕਾ ਵਿੱਚ ਰੇਲਾਂ, ਯੂਰਪ ਅਤੇ ਅਮਰੀਕਾ ਵਿੱਚ ਜਹਾਜ਼ੀ ਕੰਪਨੀਆਂ। ਆਪਣੇ ਸਾਮਰਾਜੀ ਪੜਾਅ ਉੱਤੇ ਸਰਮਾਏਦਾਰੀ ਉਤਪਾਦਨ ਦਾ ਅਤਿ-ਅੰਤ ਸਰਬੰਗੀ ਸਮਾਜੀਕਰਨ ਲਿਆਉਂਦੀ ਹੈ; ਕਿਹਾ ਜਾ ਸਕਦਾ ਹੈ ਕਿ ਇਹ ਉਹਨਾਂ ਦੀ ਇੱਛਾ ਅਤੇ ਚੇਤਨਤਾ ਦੇ ਉਲਟ ਸਰਮਾਏਦਾਰਾਂ ਨੂੰ ਇੱਕ ਤਰ੍ਹਾਂ ਦੇ ਨਵੇਂ ਸਮਾਜੀ ਪ੍ਰਬੰਧ ਵਿੱਚ ਘਸੀਟ ਲਿਆਉਂਦੀ, ਮੁਕੰਮਲ ਖੁੱਲ੍ਹੇ ਮੁਕਾਬਲੇ ਤੋਂ ਮੁਕੰਮਲ ਸਮਾਜੀਕਰਨ ਦੇ ਅਧੂਰੀ ਪ੍ਰਬੰਧ ਵਿੱਚ।

ਉਤਪਾਦਨ ਸਮਾਜੀ ਬਣ ਜਾਂਦਾ ਹੈ ਪਰ ਇਹਦੇ ਉੱਤੇ ਕਬਜ਼ਾ ਨਿੱਜੀ ਰਹਿੰਦਾ ਹੈ। ਉਤਪਾਦਨ ਦੇ ਸਮਾਜੀ ਸਾਧਨ ਕੁਝ ਲੋਕਾਂ ਦੀ ਨਿੱਜੀ ਮਾਲਕੀ ਰਹਿੰਦੇ ਹਨ। ਪਹਿਲਾਂ ਪ੍ਰਵਾਨ ਕੀਤੇ ਅਜ਼ਾਦ ਮੁਕਾਬਲੇ ਦਾ ਆਮ ਢਾਂਚਾ ਕਾਇਮ ਰਹਿੰਦਾ ਹੈ ਅਤੇ ਬਾਕੀ ਦੀ ਵਸੋਂ ਉੱਤੇ ਕੁਝ ਅਜਾਰੇਦਾਰਾਂ ਦਾ ਜੂਲ਼ਾ ਸੌ ਗੁਣਾ ਵਧੇਰੇ ਭਾਰਾ, ਵਧੇਰੇ ਤੰਗ ਕਰਨ ਵਾਲ਼ਾ ਅਤੇ ਅਸਿਹ ਹੋ ਜਾਂਦਾ ਹੈ।

ਇੱਕ ਜਰਮਨ ਅਰਥ-ਸ਼ਾਸਤਰੀ ਕੈਸਟਨਰ ਨੇ "ਕਾਰਟਲਾਂ ਅਤੇ ਬਾਹਰਲਿਆਂ,"

---

* Riesser, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ ਹੈ, ਤੀਜੀ ਛਾਪ, ਪੰਨਾ 547 ਅਤੇ ਉਸ ਤੋਂ ਅੱਗੇ। ਅਖ਼ਬਾਰਾਂ (ਜੂਨ 1916) ਇੱਕ ਨਵੇਂ ਧੜਵੈਲ ਟਰੱਸਟ ਦੀ ਬਣਤਰ ਦੀ ਖ਼ਬਰ ਦੇਂਦੀਆਂ ਹਨ, ਜਿਹੜਾ ਜਰਮਨੀ ਦੀ ਰਸਾਇਣੀ ਸਨਅਤ ਨੂੰ ਜੋੜਦਾ ਹੈ।

ਅਰਥਾਤ ਕਾਰਟਲਾਂ ਤੋਂ ਬਾਹਰ ਸਰਮਾਏਦਾਰਾਂ, "ਵਿਚਕਾਰ ਘੋਲ਼" ਨੂੰ ਵਿਸ਼ੇਸ਼ ਤੌਰ 'ਤੇ ਸਮਰਪਤ ਇੱਕ ਪੁਸਤਕ ਲਿਖੀ ਹੈ। ਉਹਨੇ ਆਪਣੀ ਪੁਸਤਕ ਦਾ ਨਾਂ "ਲਾਜ਼ਮੀ ਜਥੇਬੰਦੀ" ਰੱਖਿਆ ਹੈ, ਭਾਵੇਂ ਸਰਮਾਏਦਾਰੀ ਨੂੰ ਇਹਦੇ ਅਸਲੀ ਰੂਪ ਵਿੱਚ ਪੇਸ਼ ਕਰਨ ਲਈ ਉਹਨੂੰ, ਨਿਰਸੰਦੇਹ, ਅਜਾਰੇਦਾਰ ਸਮੂਹਾਂ ਅੱਗੇ ਲਾਜ਼ਮੀ ਤੌਰ 'ਤੇ ਝੁਕਣ ਸਬੰਧੀ ਲਿਖਣਾ ਚਾਹੀਦਾ ਸੀ। ਅਜਾਰੇਦਾਰ ਸਭਾਵਾਂ ਅਜੋਕੇ, "ਜਥੇਬੰਦੀ" ਲਈ ਸੱਭਿਆ ਘੋਲ਼ ਵਿੱਚ ਜਿਹੜੇ ਢੰਗ ਅਖ਼ਤਿਆਰ ਕਰਦੀਆਂ ਹਨ, ਉਹਨਾਂ ਦੀ ਸਾਰਣੀ ਉੱਤੇ ਇੱਕ ਨਿਗਾਹ ਮਾਰਨਾ ਬੜਾ ਸਿੱਖਿਆਦਾਇਕ ਹੋਵੇਗਾ: (1) ਕੱਚੇ ਪਦਾਰਥਾਂ ਦੀ ਸਪਲਾਈ ਬੰਦ ਕਰ ਦੇਣਾ ("...ਕਾਰਟਲ ਦੀ ਈਨ ਮੰਨਣ ਲਈ ਮਜ਼ਬੂਰ ਕਰਨ ਦੇ ਸਭ ਤੋਂ ਵੱਧ ਮਹੱਤਵਪੂਰਨ ਢੰਗਾਂ ਵਿੱਚੋਂ ਇੱਕ"); (2) "ਏਕਿਆਂ" ਰਾਹੀਂ ਕਿਰਤੀਆਂ ਦੀ ਸਪਲਾਈ ਬੰਦ ਕਰ ਦੇਣਾ (ਅਰਥਾਤ, ਸਰਮਾਏਦਾਰਾਂ ਅਤੇ ਟਰੇਡ ਯੂਨੀਅਨਾਂ ਵਿਚਕਾਰ ਸਮਝੌਤੇ ਜਿਨ੍ਹਾਂ ਅਨੁਸਾਰ ਪਿਛਲੇਰੀਆਂ ਆਪਣੇ ਮੈਂਬਰਾਂ ਨੂੰ ਕਾਰਟਲਾਂ ਦੇ ਹੱਥਾਂ ਵਿੱਚ ਆਏ ਕਾਰੋਬਾਰਾਂ ਵਿੱਚ ਹੀ ਕੰਮ ਕਰਨ ਦੀ ਆਗਿਆ ਦੇਂਦੀਆਂ ਹਨ); (3) ਭੁਗਤਾਨ ਰੋਕ ਦੇਣਾ; (4) ਵਿਕਰੀ ਦੇ ਸੋਮੇਂ ਬੰਦ ਕਰ ਦੇਣਾ; (5) ਲਵਾਲਾਂ ਨਾਲ਼ ਸਮਝੌਤੇ ਜਿਨ੍ਹਾਂ ਅਨੁਸਾਰ ਉਹ ਕੇਵਲ ਕਾਰਟਲਾਂ ਤੋਂ ਮਾਲ ਖ਼ਰੀਦਣ ਦਾ ਕਰਾਰ ਦੇਂਦੇ ਹਨ; (6) ਨੇਮ-ਬੱਧ ਢੰਗ ਨਾਲ ਕੀਮਤਾਂ ਘੱਟ ਕਰਨਾ ("ਬਾਹਰਲੀਆਂ ਫ਼ਰਮਾਂ ਨੂੰ ਤਬਾਹ ਕਰਨ ਲਈ, ਅਰਥਾਤ ਉਹਨਾਂ ਨੂੰ ਤਬਾਹ ਕਰਨ ਲਈ ਜਿਹੜੇ ਕਾਰਟਲਾਂ ਦੀ ਈਨ ਮੰਨਣੋਂ ਇਨਕਾਰੀ ਹਨ। ਕੁਝ ਸਮੇਂ ਲਈ ਵਸਤਾਂ ਲਾਗਤ ਤੋਂ ਘੱਟ ਕੀਮਤ 'ਤੇ ਵੇਚਣ ਲਈ ਕਰੋੜਾਂ ਖ਼ਰਚੇ ਜਾਂਦੇ ਹਨ; ਅਜਿਹੀਆਂ ਮਿਸਾਲਾਂ ਹਨ ਜਦੋਂ ਪੈਟਰੋਲ ਦਾ ਮੁੱਲ 40 ਤੋਂ ਘਟਾ ਕੇ 22 ਮਾਰਕ ਕਰ ਦਿੱਤਾ ਗਿਆ, ਅਰਥਾਤ ਲਗਭਗ ਅੱਧਾ!); (7) ਉਧਾਰ ਬੰਦ ਕਰ ਦੇਣਾ; (8) ਬਾਈਕਾਟ।

ਇੱਥੇ ਅਸੀਂ ਹੁਣ ਛੋਟੇ ਅਤੇ ਵੱਡੇ ਵਿਚਕਾਰ, ਟੈਕਨੀਕਲ ਪੱਖੋਂ ਵਿਕਸਿਤ ਅਤੇ ਪੱਛੜੇ ਕਾਰੋਬਾਰਾਂ ਵਿਚਕਾਰ ਮੁਕਾਬਲਾ ਨਹੀਂ ਵੇਖਦੇ। ਅਸੀਂ ਅਜਾਰੇਦਾਰਾਂ ਨੂੰ ਉਹਨਾਂ ਦਾ ਗਲ਼ਾ ਘੁੱਟਦੇ ਵੇਖਦੇ ਹਾਂ, ਜਿਹੜੇ ਉਹਨਾਂ ਦੀ ਈਨ ਨਹੀਂ ਮੰਨਦੇ, ਉਹਨਾਂ ਦਾ ਜੂਲਾ, ਉਹਨਾਂ ਦੇ ਹੁਕਮ ਕਬੂਲ ਨਹੀਂ ਕਰਦੇ। ਇਹ ਅਮਲ ਇੱਕ ਬੁਰਜੂਆ ਅਰਥ-ਸ਼ਾਸਤਰੀ ਦੇ ਮੰਨ ਵਿੱਚ ਇਉਂ ਪ੍ਰਤਿਬਿੰਬਤ ਹੁੰਦਾ ਹੈ।

"ਖਾਲਸ ਆਰਥਕ ਖੇਤਰ ਵਿੱਚ ਵੀ, "ਕੈਸਟਨਰ ਲਿਖਦਾ ਹੈ, "ਵਣਜ ਸਰਗਰਮੀ ਵਿੱਚ ਸ਼ਬਦ ਦੇ ਪੁਰਾਣੇ ਅਰਥਾਂ ਵਿੱਚ ਜਥੇਬੰਦਕ-ਸੱਟੇਬਾਜ਼ ਸਰਗਰਮੀ ਵੱਲ ਕੁਝ ਤਬਦੀਲੀ ਹੋ ਰਹੀ ਹੈ। ਸਭ ਤੋਂ ਵੱਧ ਸਫ਼ਲਤਾ ਉਸ ਵਪਾਰੀ ਨੂੰ ਪ੍ਰਾਪਤ ਨਹੀਂ ਹੁੰਦੀ, ਜਿਸਦਾ ਟੈਕਨੀਕਲ ਅਤੇ ਵਣਜ ਅਨੁਭਵ ਉਹਨੂੰ ਗਾਹਕ ਦੀਆਂ ਲੋੜਾਂ ਦਾ ਅੰਦਾਜ਼ਾ ਲਾਉਣ ਦੇ ਸਭ ਤੋਂ ਵੱਧ ਯੋਗ ਬਣਾਉਂਦਾ ਹੈ ਅਤੇ ਜਿਹੜਾ, ਇੱਕ ਲੁਪਤ ਮੰਗ ਨੂੰ ਲੱਭ ਸਕਦਾ ਹੈ ਅਤੇ ਕਿਹਾ ਜਾ ਸਕਦਾ ਹੈ, 'ਜਗਾ' ਸਕਦਾ ਹੈ; ਇਹ ਉਸ ਸੱਟੇਬਾਜ਼ ਪ੍ਰਤਿਭਾ [?!] ਨੂੰ ਜਾਂਦੀ ਹੈ, ਜਿਹੜੀ ਜਥੇਬੰਦਕ ਘਟਨਾਵਾਂ ਅਤੇ ਵਿਕੋਲਤ੍ਰੇ ਕਾਰੋਬਾਰਾਂ ਅਤੇ ਬੈਂਕਾਂ ਵਿਚਕਾਰ ਕੁਝ ਸਬੰਧਾਂ ਦੀ ਸੰਭਾਵਨਾ ਦਾ ਅੰਦਾਜ਼ਾ ਲਾ ਲੈਂਦੀ ਜਾਂ ਉਹਨਾਂ ਨੂੰ ਅਗਾਉਂ ਅਨੁਭਵ ਕਰ ਲੈਂਦੀ ਹੈ। ..."

ਆਮ ਮਨੁੱਖੀ ਬੋਲੀ ਵਿੱਚ ਅਨੁਵਾਦ ਕਰਦਿਆਂ ਇਹਦੇ ਅਰਥ ਇਹ ਹਨ ਕਿ ਸਰਮਾਏਦਾਰੀ ਦਾ ਵਿਕਾਸ ਹੁਣ ਇੱਕ ਅਜਿਹੇ ਪੜਾਅ 'ਤੇ ਅਪੜ ਗਿਆ ਹੈ, ਜਿਥੇ ਭਾਵੇਂ ਜਿਣਸ ਉਤਪਾਦਨ ਅਜੇ ਵੀ "ਪ੍ਰਧਾਨ" ਹੈ ਅਤੇ ਅਜੇ ਤੱਕ ਆਰਥਕ ਸਰਗਰਮੀ ਦਾ ਅਧਾਰ ਸਮਝਿਆ ਜਾਂਦਾ ਹੈ, ਯਥਾਰਥ ਵਿੱਚ ਇਹਦੀ ਜੜ੍ਹੀਂ ਤੇਲ ਦਿੱਤਾ ਜਾ ਚੁੱਕਾ ਹੈ ਅਤੇ ਨਫ਼ਿਆਂ ਦਾ ਵੱਡਾ ਹਿੱਸਾ ਵਿੱਤ ਹੇਰਾ-ਫ਼ੇਰੀ ਦੀਆਂ "ਪ੍ਰਤਿਭਾਵਾਂ" ਨੂੰ ਮਿਲ਼ਦਾ ਹੈ ਅਤੇ ਇਹਨਾਂ ਹੇਰਾ-ਫੇਰੀਆਂ ਅਤੇ ਧੋਖੇਬਾਜ਼ੀਆਂ ਦਾ ਆਧਾਰ ਸਮਾਜੀ ਕੀਤਾ ਉਤਪਾਦਨ ਹੈ; ਪਰ ਮਨੁੱਖਜਾਤੀ ਦੀ ਅਥਾਹ ਉੱਨਤੀ, ਜਿਹੜੀ ਇਸ ਸਮਾਜੀਕਰਨ ਰਾਹੀਂ ਪ੍ਰਾਪਤ ਕੀਤੀ ਗਈ... ਸੱਟੇਬਾਜ਼ਾਂ ਨੂੰ ਲਾਭ ਪੁਚਾਉਂਦੀ ਹੈ। ਅਸੀਂ ਅੱਗੇ ਚੱਲ ਕੇ ਵੇਖਾਂਗੇ ਕਿ ਕਿਵੇਂ "ਇਹਨਾਂ ਅਧਾਰਾਂ ਉੱਤੇ" ਸਰਮਾਏਦਾਰ ਸਾਮਰਾਜਵਾਦ ਦੇ ਪਿੱਛੇ-ਖਿੱਚੂ, ਨਿੱਕ-ਬੁਰਜੂਆ ਪੜਚੋਲੀਏ "ਅਜ਼ਾਦ", "ਪੁਰਅਮਨ" ਅਤੇ "ਈਮਾਨਦਾਰ" ਮੁਕਾਬਲੇ ਵੱਲ **ਮੁੜਨ** ਦੇ ਸੁਪਨੇ ਲੈਂਦੇ ਹਨ।

"ਕਾਰਟਲਾਂ ਦੇ ਬਣਨ ਦੇ ਸਿੱਟੇ ਵਜੋਂ ਕੀਮਤਾਂ ਵਿੱਚ ਜਿਹੜਾ ਲੰਮੇਂ ਸਮੇਂ ਤੱਕ ਵਾਧਾ ਹੁੰਦਾ ਹੈ, "ਕੈਸਟਨਰ ਕਹਿੰਦਾ ਹੈ, "ਅਜੇ ਤੱਕ ਕੇਵਲ ਉਤਪਾਦਨ ਦੇ ਸਭ ਤੋਂ ਮਹੱਤਵਪੂਰਨ ਸਾਧਨਾਂ, ਵਿਸ਼ੇਸ਼ ਤੌਰ 'ਤੇ ਕੋਲੇ, ਲੋਹੇ ਅਤੇ ਪੋਟਾਸ਼ੀਅਮ ਦੀ ਹਾਲਤ ਵਿੱਚ ਦੇਖਿਆ ਗਿਆ ਹੈ ਪਰ ਤਿਆਰ ਮਾਲ ਦੀ ਹਾਲਤ ਵਿੱਚ ਉੱਕਾ ਨਹੀਂ ਵੇਖਿਆ ਗਿਆ। ਇਸੇ ਤਰ੍ਹਾਂ ਕੀਮਤਾਂ ਵਧਾਉਣ ਕਾਰਨ ਨਫ਼ਿਆਂ ਵਿੱਚ ਵਾਧਾ ਕੇਵਲ ਉਹਨਾਂ ਸਨਅਤਾਂ ਤੱਕ ਸੀਮਤ ਹੈ ਜਿਹੜੀਆਂ ਉਤਪਾਦਨ ਦੇ ਸਾਧਨ ਪੈਦਾ ਕਰਦੀਆਂ ਹਨ। ਇਸ ਰਾਏ ਦੇ ਨਾਲ਼ ਹੀ ਅਸੀਂ ਇਹ ਵਾਧਾ ਕਰਨਾ ਜ਼ਰੂਰੀ ਸਮਝਦੇ ਹਾਂ ਕਿ ਜਿਹੜੀਆਂ ਸਨਅਤਾਂ ਕੱਚਾ ਮਾਲ ਤਿਆਰ ਕਰਦੀਆਂ ਹਨ (ਅਤੇ ਨੀਮ-ਤਿਆਰਸ਼ੁਦਾ ਮਾਲ ਨਹੀਂ) ਉਹਨਾਂ ਨੂੰ ਕਾਰਟਲਾਂ ਦੇ ਬਣਨ ਨਾਲ਼, ਤਿਆਰ ਵਸਤਾਂ ਬਣਾਉਣ ਵਾਲ਼ੀਆਂ ਸਨਅਤਾਂ ਨੂੰ ਨੁਕਸਾਨ ਪੁਚਾ ਕੇ, ਨਾ ਕੇਵਲ ਉੱਚੇ ਨਫ਼ਿਆਂ ਦੇ ਰੂਪ ਵਿੱਚ ਲਾਭ ਹੀ ਪ੍ਰਾਪਤ ਹੋਏ ਹਨ ਸਗੋਂ ਉਹਨਾਂ ਪਿਛਲੇਰਿਆਂ ਉੱਤੇ **ਭਾਰੂ ਪੁਜ਼ੀਸ਼ਨ** ਪ੍ਰਾਪਤ ਕਰ ਲਈ ਹੈ ਜਿਸ ਦੀ ਅਜ਼ਾਦ ਮੁਕਾਬਲੇ ਅਧੀਨ ਹੋਂਦ ਨਹੀਂ ਸੀ।"*

ਜਿਨ੍ਹਾਂ ਸ਼ਬਦਾਂ ਉੱਤੇ ਮੈਂ ਜ਼ੋਰ ਦਿੱਤਾ ਹੈ, ਉਹ ਮਾਮਲੇ ਦਾ ਤੱਤ ਪ੍ਰਗਟ ਕਰਦੇ ਹਨ, ਜਿਸਨੂੰ ਬੁਰਜੂਆ ਅਰਥ-ਸ਼ਾਸਤਰੀ ਇੰਨੀ ਬੇਦਿਲੀ ਨਾਲ਼ ਅਤੇ ਇੰਨਾ ਘੱਟ ਕਬੂਲ ਕਰਦੇ ਹਨ ਅਤੇ ਜਿਨ੍ਹਾਂ ਤੋਂ ਮੌਕਾਪ੍ਰਸਤੀ ਦੇ ਅਜੋਕੇ ਰੱਖਿਅਕ, ਜਿੰਨਾਂ ਦਾ ਮੁਖੀ ਕਾਊਟਸਕੀ ਹੈ, ਇੰਨੇ ਜ਼ੋਰ ਨਾਲ਼ ਕੰਨੀ ਕਤਰਾਉਣ ਅਤੇ ਇਕ ਪਾਸੇ ਸੁੱਟ ਦੇਣ ਦਾ ਯਤਨ ਕਰਦੇ ਹਨ। ਗ਼ਲਬਾ ਅਤੇ ਇਹਦੇ ਨਾਲ਼ ਜੁੜਦੀ ਹਿੰਸਾ, ਅਜਿਹੇ ਹਨ ਉਹ ਸਬੰਧ ਜਿਹੜੇ "ਸਰਮਾਏਦਾਰ ਵਿਕਾਸ ਦੇ ਸਭ ਤੋਂ ਨਵੀਨਤਮ ਪੜਾਅ" ਦੇ ਲਖਣਾਇਕ ਹਨ; ਸਰਬ-ਸ਼ਕਤੀਮਾਨ ਆਰਥਕ ਅਜਾਰੇਦਾਰੀਆਂ ਦੇ ਬਣਨ ਤੋਂ ਲਾਜ਼ਮੀ ਤੌਰ 'ਤੇ ਇਹੋ ਸਿੱਟਾ ਨਿਕਲਣਾ ਸੀ ਅਤੇ ਨਿਕਲ਼ਿਆ।

ਮੈਂ ਕਾਰਟਲਾਂ ਵੱਲੋਂ ਵਰਤੇ ਜਾਂਦੇ ਢੰਗਾਂ ਦੀ ਇੱਕ ਹੋਰ ਮਿਸਾਲ ਦਿਆਂਗਾਂ ਜਿੱਥੇ

---

* ਕੈਸਟਨਰ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾ 254

ਕੱਚੇ ਪਦਾਰਥਾਂ ਦੇ ਸਭਨਾਂ ਜਾਂ ਮੁੱਖ ਸੋਮਿਆਂ ਉੱਤੇ ਕਬਜ਼ਾ ਕਰ ਲੈਣਾ ਸੰਭਵ ਹੈ ਉੱਥੇ ਕਾਰਟਲਾਂ ਦਾ ਉਭਰਨਾ ਅਤੇ ਅਜਾਰੇਦਾਰੀਆਂ ਦੀ ਸਥਾਪਤੀ ਵਿਸ਼ੇਸ਼ ਤੌਰ 'ਤੇ ਸੌਖੀ ਹੈ। ਪਰ ਇਹ ਫ਼ਰਜ਼ ਕਰਨਾ ਗ਼ਲਤ ਹੋਵੇਗਾ ਕਿ ਹੋਰਨਾਂ ਸਨਅਤਾਂ ਵਿੱਚ, ਜਿੱਥੇ ਕੱਚੇ ਪਦਾਰਥਾਂ ਦੇ ਸੋਮਿਆਂ ਉੱਤੇ ਕਬਜ਼ਾ ਕਰਨਾ ਗ਼ਲਤ ਹੋਵੇਗਾ ਕਿ ਹੋਰਨਾਂ ਸਨਅਤਾਂ ਵਿੱਚ, ਜਿੱਥੇ ਕੱਚੇ ਪਦਾਰਥਾਂ ਦੇ ਸੋਮਿਆਂ ਉੱਤੇ ਕਬਜ਼ਾ ਕਰਨਾ ਅਸੰਭਵ ਹੈ ਅਜਾਰੇਦਾਰੀਆਂ ਨਹੀਂ ਉੱਭਰਦੀਆਂ। ਮਿਸਾਲ ਵਜੋਂ ਸੀਮਿੰਟ ਦੀ ਸਨਅਤ ਨੂੰ ਕਿੱਧਰੇ ਵੀ ਆਪਣੇ ਲਈ ਕੱਚੇ ਪਦਾਰਥ ਮਿਲ਼ ਸਕਦੇ ਹਨ। ਪਰ ਜਰਮਨੀ ਵਿੱਚ ਇਹ ਸਨਅਤ ਵੀ ਬਹੁਤ ਪੱਕੀ ਤਰ੍ਹਾਂ ਕਾਰਟਲਾਂ ਦੇ ਹੱਥਾਂ ਵਿੱਚ ਹੈ। ਸੀਮਿੰਟ ਤਿਆਰ ਕਰਨ ਵਾਲ਼ਿਆਂ ਨੇ ਇਲਾਕਾਈ ਸਿੰਡੀਕੇਟਾਂ ਸਥਾਪਤ ਕੀਤੀਆਂ ਹੋਈਆਂ ਹਨ: ਦੱਖਣੀ ਜਰਮਨੀ, ਰ੍ਹਾਈਨ-ਵੈਸਟਫ਼ੇਲੀਆ, ਆਦਿ। ਮੁਕੱਰਰ ਕੀਤੀਆਂ ਕੀਮਤਾਂ ਅਜ਼ਾਰੇਦਾਰ ਕੀਮਤਾਂ ਹਨ: 230 ਤੋਂ 280 ਮਾਰਕ ਫ਼ੀ ਗਡੀ, ਜਿੱਥੇ ਕਿ ਲਾਗਤ 180 ਮਾਰਕ ਹੈ! ਇਹ ਕਾਰੋਬਾਰ 12 ਤੋਂ 16 ਫ਼ੀਸਦੀ ਡਿਵੀਡੈਂਡ ਦੇਂਦੇ ਹਨ—ਅਤੇ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਨਵੀਨ ਸੱਟੇਬਾਜ਼ੀ ਦੀਆਂ "ਪ੍ਰਤਿਭਾਵਾਂ" ਜਾਣਦੀਆਂ ਹਨ ਕਿ ਉਹਨਾਂ ਨੂੰ ਜੋ ਕੁਝ ਡਿਵੀਡੈਂਡਾਂ ਦੇ ਰੂਪ ਵਿੱਚ ਮਿਲ਼ਦਾ ਹੈ ਉਸ ਤੋਂ ਬਿਨਾਂ ਭਾਰੇ ਨਫ਼ੇ ਕਿਵੇਂ ਹਥਿਆਉਣ। ਇਹੋ ਜਿਹੀ ਨਫ਼ਾ ਦੇਣ ਵਾਲ਼ੀ ਸਨਅਤ ਵਿੱਚ ਮੁਕਾਬਲਾ ਰੋਕਣ ਲਈ ਅਜਾਰੇਦਾਰ ਤਰ੍ਹਾਂ ਤਰ੍ਹਾਂ ਦੀਆਂ ਚਾਲਾਂ ਦਾ ਵੀ ਸਹਾਰਾ ਲੈਂਦੇ ਹਨ: ਉਹ ਆਪਣੀ ਸਨਅਤ ਵਿੱਚ ਭੈੜੀ ਹਾਲਤ ਬਾਰੇ ਅਫ਼ਵਾਹਾਂ ਫੈਲਾਉਂਦੇ ਹਨ; ਅਖ਼ਬਾਰਾਂ ਵਿੱਚ ਗੁਮਨਾਮ ਚਿਤਾਉਣੀਆਂ ਛਪਦੀਆਂ ਹਨ, ਜਿਹਾ ਕਿ ਹੇਠ ਲਿਖੀ: "ਸਰਮਾਏਦਾਰੋ, ਆਪਣਾ ਸਰਮਾਇਆ ਸੀਮਿੰਟ ਵਿੱਚ ਨਾ ਲਾਓ!" ਅਖ਼ੀਰੀ ਗੱਲ, ਉਹ "ਬਾਹਰਲਿਆਂ" (ਸਿੰਡੀਕੇਟਾਂ ਤੋਂ ਬਾਹਰਲਿਆਂ) ਨੂੰ ਖਰੀਦ ਲੈਂਦੇ ਹਨ ਅਤੇ ਉਹਨਾਂ ਨੂੰ 60,000 ਤੋਂ 80,000 ਅਤੇ ਇੱਥੋਂ ਤੱਕ ਕਿ 1,50,000 ਮਾਰਕ ਦੇਂਦੇ ਹਨ।* ਅਜਾਰੇਦਾਰੀਆਂ ਢੰਗ ਤਰੀਕਿਆਂ ਬਾਰੇ ਕਿਸੇ ਵੀ ਸੰਕੋਚ ਤੋਂ ਬਿਨਾਂ ਹਰ ਥਾਂ ਆਪਣੇ ਲਈ ਰਾਹ ਪੱਧਰਾ ਕਰ ਲੈਂਦੀਆਂ ਹਨ, ਮੁਕਾਬਲਾ ਕਰਨ ਵਾਲ਼ਿਆਂ ਨੂੰ ਖਰੀਦਣ ਲਈ "ਨਿਰਮਾਣ" ਜਿਹੀ ਰਕਮ ਦੇਣ ਤੋਂ ਲੈ ਕੇ ਅਮਰੀਕਾ ਵਿੱਚ ਉਹਨਾਂ ਵਿਰੁੱਧ ਡਾਇਨਾਮਾਈਟ ਵਰਤਣ ਦੀ ਜੁਗਤ ਤੱਕ।

ਇਹ ਕਥਨ ਕਿ ਕਾਰਟਲ ਸੰਕਟਾਂ ਦਾ ਅੰਤ ਕਰ ਸਕਦੇ ਹਨ, ਬੁਰਜੂਆ ਅਰਥ-ਸ਼ਾਸਤਰੀਆਂ ਵੱਲੋਂ, ਜਿਹੜੇ ਹਰ ਹਾਲਤ ਸਰਮਾਏਦਾਰੀ ਨੂੰ ਚੰਗੇ ਰੰਗ ਵਿੱਚ ਪੇਸ਼ ਕਰਨਾ ਚਾਹੁੰਦੇ ਹਨ, ਫ਼ੈਲਾਈ ਇੱਕ ਪਰੀ-ਕਹਾਣੀ ਹੈ। ਇਹਦੇ ਉਲਟ ਸਨਅਤ ਦੀਆਂ **ਕੁਝ** ਸ਼ਾਖਾਂ ਵਿੱਚ ਸਥਾਪਤ ਕੀਤੀ ਅਜਾਰੇਦਾਰੀ **ਸਮੁੱਚੇ ਤੌਰ 'ਤੇ** ਸਰਮਾਏਦਾਰ ਉਤਪਾਦਨ ਵਿੱਚ ਲੁਪਤ ਅਰਾਜਕਤਾ ਨੂੰ ਵਧਾਉਂਦੀ ਅਤੇ ਤਿਖੇਰਾ ਕਰਦੀ ਹੈ। ਖੇਤੀ ਅਤੇ ਸਨਅਤ ਦੇ ਵਿਕਾਸ ਵਿੱਚ ਪਾੜ ਜਿਹੜਾ ਆਮ ਤੌਰ 'ਤੇ ਸਰਮਾਏਦਾਰੀ ਦਾ ਲਖਣਾਇਕ ਹੈ, ਵਧ ਜਾਂਦਾ ਹੈ। ਸਭ ਤੋਂ

---

*´Zement[a] von L. Eschwege. ´Die Bank[a23] 1909, I,S. 115 et seg ("ਸੀਮਿੰਟ," ਫ਼ਾਨ ਐਸ਼ਵੈਗੇ, 1909, ਪਹਿਲਾ ਅੰਕ, ਪੰਨਾ 115 ਅਤੇ ਉਸ ਤੋਂ ਅੱਗੇ। -**ਸੰਪਾ:**)

ਵੱਧ ਕਾਰਟਲਬੰਦ ਕੀਤੀ, ਅਖੌਤੀ **ਭਾਰੀ** ਸਨਅਤ ਦੀ ਵਿਸ਼ੇਸ਼ਾਧਿਕਾਰ ਪ੍ਰਾਪਤ ਪ੍ਰਸਥਿਤੀ, ਵਿਸ਼ੇਸ਼ ਤੌਰ 'ਤੇ ਲੋਹੇ ਅਤੇ ਅਸਪਾਤ ਦੀ, ਸਨਅਤ ਦੀਆਂ ਹੋਰਨਾਂ ਸ਼ਾਖ਼ਾਵਾਂ ਵਿੱਚ "ਤਾਲ਼-ਮੇਲ਼ ਦੀ ਹੋਰ ਵਧੇਰੇ ਅਣਹੋਂਦ" ਪੈਦਾ ਕਰਦੀ ਹੈ—ਜਿਹਾ ਕਿ ਜੀਡਲਜ਼, "ਜਰਮਨੀ ਦੇ ਵੱਡੇ ਬੈਂਕਾਂ ਅਤੇ ਸਨਅਤ ਵਿਚਕਾਰ ਸਬੰਧਾਂ" ਬਾਰੇ ਸਭ ਤੋਂ ਚੰਗੀਆਂ ਕਿਰਤਾਂ ਵਿੱਚੋਂ ਇੱਕ ਦਾ ਲੇਖਕ, ਕਬੂਲ ਕਰਦਾ ਹੈ।*

ਜਿੰਨਾ ਵੱਧ ਵਿਕਸਿਤ ਕੋਈ ਆਰਥਕ ਪ੍ਰਬੰਧ ਹੁੰਦਾ ਹੈ, "ਸਰਮਾਏਦਾਰੀ ਦਾ ਇੱਕ ਨੰਗਾ ਹਾਮੀ ਲੀਫ਼ਮਾਨ ਲਿਖਦਾ ਹੈ, "ਓਨਾ ਹੀ ਵਧੇਰੇ ਉਹ ਖ਼ਤਰੇ ਵਾਲ਼ੇ ਕਾਰੋਬਾਰ ਹੱਥ ਵਿੱਚ ਲੈਂਦਾ ਹੈ ਜਾਂ ਹੋਰਨਾਂ ਦੇਸ਼ਾਂ ਵਿੱਚ ਕਾਰੋਬਾਰ, ਉਹ ਕਾਰੋਬਾਰ ਜਿਨ੍ਹਾਂ ਨੂੰ ਵਿਕਸਿਤ ਹੋਣ ਲਈ ਲੰਮਾਂ ਸਮਾਂ ਚਾਹੀਦਾ ਹੈ ਜਾਂ ਅੰਤ ਅਜਿਹੇ ਕਾਰੋਬਾਰ ਜਿਹੜੇ ਸਥਾਨਕ ਮਹੱਤਤਾ ਵਾਲ਼ੇ ਹੁੰਦੇ ਹਨ।** ਲੰਮੇ ਸਮੇਂ ਵਿੱਚ ਵਧੇਰੇ ਖ਼ਤਰਾ ਸਰਮਾਏ ਵਿੱਚ ਅਥਾਹ ਵਾਧੇ ਨਾਲ਼, ਜਿਹੜਾ, ਕਿਹਾ ਜਾ ਸਕਦਾ ਹੈ, ਬਾਹਰ ਵਹਿ ਨਿਕਲਦਾ ਹੈ, ਵਿਦੇਸ਼ਾਂ ਵਿੱਚ ਨੱਠ ਜਾਂਦਾ ਹੈ, ਆਦਿ, ਨਾਲ਼ ਜੁੜਿਆ ਹੋਇਆ ਹੈ। ਇਹਦੇ ਨਾਲ਼ ਹੀ ਨਾਲ਼ ਟੈਕਨੀਕਲ ਉੱਨਤੀ ਦੀ ਅਤਿ-ਅੰਤ ਤੇਜ਼ ਦਰ ਕੌਮੀ ਆਰਥਕਤਾ ਦੇ ਵੱਖ-ਵੱਖ ਖੇਤਰਾਂ ਵਿਚਕਾਰ ਅਣਮੇਲ ਦੇ ਨਿੱਤ ਵਧਦੇ ਅੰਸ਼ ਪੈਦਾ ਕਰਦੀ ਹੈ, ਅਰਾਜਕਤਾ ਅਤੇ ਸੰਕਟ ਪੈਦਾ ਕਰਦੀ ਹੈ। ਲੀਫ਼ਮਾਨ ਕਬੂਲ ਕਰਨ 'ਤੇ ਮਜ਼ਬੂਰ ਹੈ ਕਿ: "ਐਨ ਸੰਭਾਵੀ ਹੈ ਕਿ ਨੇੜੇ ਦੇ ਭਵਿੱਖ ਵਿੱਚ ਮਨੁੱਖਜਾਤੀ ਹੋਰ ਮਹੱਤਵਪੂਰਨ ਟੈਕਨੀਕਲ ਕਾਇਆ-ਪਲਟ ਵੇਖੇਗੀ ਜਿਹੜੀ ਆਰਥਕ ਪ੍ਰਬੰਧ ਦੀ ਜਥੇਬੰਦੀ ਉੱਤੇ ਵੀ ਪ੍ਰਭਾਵ ਪਾਵੇਗੀ।..." ਬਿਜਲੀ ਅਤੇ ਹਵਾਬਾਜ਼ੀ। ..."ਆਮ ਤੌਰ 'ਤੇ ਬੁਨਿਆਦੀ ਆਰਥਕ ਤਬਦੀਲੀ ਦੇ ਅਜਿਹੇ ਸਮਿਆਂ ਵਿੱਚ, ਸੱਟੇਬਾਜ਼ੀ ਵੱਡੀ ਪੱਧਰ ਉੱਤੇ ਵਿਕਸਿਤ ਹੁੰਦੀ ਹੈ।"...***

ਹਰ ਤਰ੍ਹਾਂ ਦੇ ਸੰਕਟ—ਸਭ ਤੋਂ ਵੱਧ ਅਕਸਰ ਆਰਥਕ ਸੰਕਟ ਪਰ ਕੇਵਲ ਉਹੋ ਨਹੀਂ—ਆਪਣੀ ਵਾਰੀ ਕੇਂਦਰੀਣ ਅਤੇ ਅਜਾਰੇਦਾਰੀ ਵੱਲ ਝੁਕਾਅ ਬਹੁਤ ਹੱਦ ਤੱਕ ਵਧਾ ਦੇਂਦੇ ਹਨ। ਇਸ ਸਬੰਧ ਵਿੱਚ 1900 ਦੇ ਸੰਕਟ ਦੀ, ਜਿਹੜਾ, ਜਿਹਾ ਕਿ ਅਸਾਂ ਵੇਖਿਆ, ਨਵੀਨ ਅਜਾਰੇਦਾਰੀ ਦੇ ਇਤਿਹਾਸ ਵਿੱਚ ਇੱਕ ਮੋੜ ਹੈ, ਮਹੱਤਤਾ ਸਬੰਧੀ ਜੀਡਲਜ਼ ਦਾ ਇਹ ਕਥਨ ਅਤਿ-ਅੰਤ ਸਿੱਖਿਆਦਾਇਕ ਹੈ:

"ਬੁਨਿਆਦੀ ਸਨਅਤਾਂ ਵਿੱਚ ਧੜਵੈਲ ਕਾਰਖਾਨਿਆਂ ਦੇ ਨਾਲ਼ ਹੀ ਨਾਲ਼, 1900 ਦੇ ਸੰਕਟ ਨੇ ਅਜੇ ਵੀ ਅਨੇਕ ਕਾਰਖਾਨੇ ਅਜਿਹੀਆਂ ਲੀਹਾਂ ਉੱਤੇ ਜਥੇਬੰਦ ਵੇਖੇ

---

* Jeidels. ´Das Verh‰ltnis der deutschen Groflbanken Zur Industrie mit besonderer Ber¸cksichtigung der Eisenindustrieª Lpz. 1905, S. 271 (ਜੀਡਲਜ਼। "ਸਨਅਤ ਵੱਲ ਵੱਡੇ ਬੈਂਕਾਂ ਦਾ ਵਤੀਰਾ, ਵਿਸ਼ੇਸ਼ ਤੌਰ 'ਤੇ ਅਸਪਾਤ ਦੀ ਸੱਨਅਤ ਵੱਲ", ਲੀਪਜ਼ਿਗ, 1905, ਪੰਨਾ 271 **—ਸੰਪਾ.**)[24]

** Liefmann. ´Beteiligungsóets Gesª, S. 434. (ਉਪਰੋਕਤ, ਪੰਨਾ 434-**ਸੰਪਾ:**)

*** ਉਪਰੋਕਤ, ਪੰਨੇ 465-66।

ਜਿਹੜੀਆਂ ਅੱਜ ਸਮਾਂ ਵਿਹਾ ਚੁੱਕੀਆਂ ਸਮਝੀਆਂ ਜਾਣਗੀਆਂ, 'ਖਾਲਸ' (ਅਣ-ਜੁੜੇ) ਕਾਰਖ਼ਾਨੇ ਜਿਹੜੇ ਸਨਅਤੀ ਚੜ੍ਹਤ ਦੀ ਸਿਖਰ ਸਮੇਂ ਹੋਂਦ ਵਿੱਚ ਆਏ। ਕੀਮਤਾਂ ਵਿੱਚ ਗਿਰਾਵਟ ਅਤੇ ਮੰਗ ਦੇ ਘਟਣ ਨੇ, ਜਿਸਨੇ ਧੜਵੈਲ ਜੁੜੇ ਕਾਰੋਬਾਰਾਂ ਉੱਤੇ ਉੱਕਾ ਹੀ ਪ੍ਰਭਾਵ ਨਾ ਪਾਇਆ ਜਾਂ ਉਹਨਾਂ ਉੱਤੇ ਬੜੇ ਥੋੜ੍ਹੇ ਸਮੇਂ ਲਈ ਪ੍ਰਭਾਵ ਪਾਇਆ, ਇਹਨਾਂ 'ਖਾਲਸ' ਕਾਰੋਬਾਰਾਂ ਨੂੰ ਖ਼ਤਰਨਾਕ ਪ੍ਰਸਥਿਤੀ ਵਿੱਚ ਪਾ ਦਿੱਤਾ। ਇਹਦੇ ਸਿੱਟੇ ਵਜੋਂ 1900 ਦੇ ਸੰਕਟ ਦਾ ਨਤੀਜਾ 1873 ਦੇ ਸੰਕਟ ਨਾਲ਼ੋਂ ਸਨਅਤ ਦੇ ਵਧੇਰੇ ਕੇਂਦਰੀਣ ਵਿੱਚ ਨਿਕਲ਼ਿਆ: ਪਿਛਲੇਰੇ ਸੰਕਟ ਨੇ ਸਭ ਤੋਂ ਚੰਗੀ ਤਰ੍ਹਾਂ ਲੈਸ ਕਾਰੋਬਾਰਾਂ ਦੀ ਇੱਕ ਤਰ੍ਹਾਂ ਚੋਣ ਵੀ ਕੀਤੀ, ਪਰ ਉਸ ਸਮੇਂ ਦੀ ਟੈਕਨੀਕਲ ਵਿਕਾਸ ਦੀ ਪੱਧਰ ਕਾਰਨ, ਇਹ ਚੋਣ ਸੰਕਟ ਵਿੱਚੋਂ ਸਫ਼ਲ ਹੋ ਕੇ ਨਿਕਲ਼ੀਆਂ ਫ਼ਰਮਾਂ ਨੂੰ ਅਜ਼ਾਰੇਦਾਰੀ ਦੀ ਪ੍ਰਸਥਿਤੀ ਵਿੱਚ ਨਾ ਰੱਖ ਸਕੀ। ਅਜਿਹੀ ਸਥਿਰ ਅਜਾਰੇਦਾਰੀ, ਉਹਨਾਂ ਦੀ ਬਹੁਤ ਪੇਚਦਾਰ ਟੈਕਨੀਕ, ਦੂਰ-ਰਸ ਜਥੇਬੰਦੀ ਅਤੇ ਸਰਮਾਏ ਦੇ ਅਕਾਰ ਕਾਰਨ ਨਵੀਨ ਲੋਹੇ ਅਤੇ ਅਸਪਾਤ ਅਤੇ ਬਿਜਲੇਈ ਸਨਅਤਾਂ ਦੇ ਧੜਵੈਲ ਕਾਰੋਬਾਰਾਂ ਵਿੱਚ ਉੱਚ ਦਰਜੇ ਤੱਕ ਮੌਜੂਦ ਹੈ ਅਤੇ, ਕੁਝ ਘੱਟ ਦਰਜੇ ਤੱਕ, ਇੰਜੀਨੀਅਰਿੰਗ ਸਨਅਤ, ਧਾਤਾਂ ਦੀ ਸਨਅਤ ਦੀਆਂ ਕੁਝ ਸ਼ਾਖ਼ਾਂ ਵਿੱਚ, ਟਰਾਂਸਪੋਰਟ, ਆਦਿ, ਵਿੱਚ ਮੌਜੂਦ ਹੈ।"*

ਅਜਾਰੇਦਾਰੀ! ਇਹ "ਸਰਮਾਏਦਾਰ ਵਿਕਾਸ ਦੇ ਨਵੀਨਤਮ ਪੜਾਅ ਦਾ" ਅਖ਼ੀਰੀ ਸ਼ਬਦ ਹੈ। ਪਰ ਜੇ ਅਸੀਂ ਬੈਂਕਾਂ ਵੱਲੋਂ ਪਾਏ ਜਾਂਦੇ ਹਿੱਸੇ ਨੂੰ ਮੁੱਖ ਨਾ ਰੱਖੀਏ ਤਾਂ ਸਾਨੂੰ ਨਵੀਨ ਅਜਾਰੇਦਾਰੀਆਂ ਦੀ ਅਸਲ ਸ਼ਕਤੀ ਅਤੇ ਮਹੱਤਤਾ ਦਾ ਬਹੁਤ ਨਾਕਾਫ਼ੀ, ਗੈਰ-ਮੁਕੰਮਲ ਅਤੇ ਮਾੜਾ ਜਿਹਾ ਗਿਆਨ ਮਿਲੇਗਾ।

## II. ਬੈਂਕ ਅਤੇ ਉਹਨਾਂ ਦਾ ਨਵਾਂ ਰੋਲ

ਬੈਂਕਾਂ ਦਾ ਮੁੱਖ ਅਤੇ ਬੁਨਿਆਦੀ ਕਰਤੱਵ ਅਦਾਇਗੀਆਂ ਕਰਨ ਵਿੱਚ ਵਿਚੋਲੇ ਦਾ ਕੰਮ ਕਰਨਾ ਹੈ। ਅਜਿਹਾ ਕਰਦੇ ਹੋਏ ਉਹ ਗ਼ੈਰ-ਸਰਗਰਮ ਮੁਦਰਾ ਸਰਮਾਏ ਨੂੰ ਸਰਗਰਮ ਸਰਮਾਏ ਵਿੱਚ, ਅਰਥਾਤ ਨਫ਼ਾ ਦੇਣ ਵਾਲ਼ੇ ਸਰਮਾਏ ਵਿੱਚ ਤਬਦੀਲ ਕਰ ਦੇਂਦੇ ਹਨ ਉਹ ਹਰ ਤਰ੍ਹਾਂ ਦੀਆਂ ਮੁਦਰਾ ਆਮਦਨਾਂ ਨੂੰ ਇਕੱਠਾ ਕਰਦੇ ਹਨ ਅਤੇ ਉਹਨਾਂ ਨੂੰ ਸਰਮਾਏਦਾਰ ਸ਼੍ਰੇਣੀ ਦੀ ਸੇਵਾ 'ਤੇ ਲਾ ਦੇਂਦੇ ਹਨ।

ਜਿਉਂ ਜਿਉਂ ਬੈਕਿੰਗ ਦਾ ਕਾਰੋਬਾਰ ਵਿਕਸਿਤ ਹੁੰਦਾ ਹੈ ਅਤੇ ਥੋੜ੍ਹੀਆਂ ਜਿਹੀਆਂ ਸੰਸਥਾਵਾਂ ਵਿੱਚ ਕੇਂਦਰਿਤ ਹੋ ਜਾਂਦਾ ਹੈ, ਬੈਂਕ ਨਿੱਕੇ ਵਿਚੋਲਿਆਂ ਤੋਂ ਵੱਧ ਕੇ ਬਲਵਾਨ ਅਜਾਰੇਦਾਰੀਆਂ ਬਣ ਜਾਂਦੇ ਹਨ, ਜਿਨ੍ਹਾਂ ਕੋਲ਼ ਸਭਨਾਂ ਸਰਮਾਏਦਾਰਾਂ ਅਤੇ ਛੋਟੇ ਵਪਾਰੀਆਂ ਦਾ ਸਮੁੱਚਾ ਮੁਦਰਾ ਸਰਮਾਇਆ ਅਤੇ ਇੱਕ ਦੇਸ਼ ਜਾਂ ਕਈ ਦੇਸ਼ਾਂ ਵਿੱਚ ਉਤਪਾਦਨ ਦੇ ਸਾਧਨਾਂ ਅਤੇ ਕੱਚੇ ਮਾਲ ਦੇ ਸੋਮਿਆਂ ਦਾ ਵੱਡਾ ਹਿੱਸਾ ਵੀ ਹੁੰਦਾ ਹੈ। ਅਨੇਕ ਨਿੱਕੇ ਨਿੱਕੇ ਵਿਚੋਲਿਆਂ ਦਾ ਵਧ ਕੇ ਮੁੱਠੀ ਭਰ ਅਜਾਰੇਦਾਰ ਬਣ ਜਾਣਾ ਸਰਮਾਏਦਾਰੀ ਦੇ ਸਰਮਾਏਦਾਰ

* ਜੀਡਲਜ਼, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾ 108।

ਸਾਮਰਾਜਵਾਦ ਵਿੱਚ ਵਧਣ ਦੇ ਬੁਨਿਆਦੀ ਅਮਲਾਂ ਵਿੱਚੋਂ ਇੱਕ ਹੈ; ਇਸ ਲਈ ਇਹ ਲਾਜ਼ਮੀ ਹੈ ਕਿ ਅਸੀਂ ਪਹਿਲਾਂ ਬੈਕਿੰਗ ਦੇ ਕੇਂਦਰੀਣ ਦੀ ਜਾਂਚ-ਪੜਤਾਲ਼ ਕਰੀਏ।

1907-08 ਵਿੱਚ ਜਰਮਨੀ ਦੇ ਸਾਂਝੀ-ਰਾਸ ਬੈਂਕਾਂ ਵਿੱਚ, ਜਿਨ੍ਹਾਂ ਵਿੱਚੋਂ ਹਰ ਇੱਕ ਦਾ ਸਰਮਾਇਆ ਦਸ ਲੱਖ ਮਾਰਕ ਤੋਂ ਵੱਧ ਸੀ ਕੁੱਲ ਜਮ੍ਹਾਂ ਹੋਈ ਰਕਮ 700 ਕਰੋੜ ਮਾਰਕ ਸੀ; 1912-13 ਵਿੱਚ ਇਹ ਰਕਮ ਪਹਿਲਾਂ ਹੀ 980 ਕਰੋੜ ਹੋ ਗਈ ਸੀ, ਜਿਹੜਾ ਪੰਜਾਂ ਵਰ੍ਹਿਆਂ ਵਿੱਚ 40 ਫ਼ੀਸਦੀ ਵਾਧਾ ਹੈ ਅਤੇ 280 ਕਰੋੜ ਦੇ ਇਸ ਵਾਧੇ ਵਿੱਚੋਂ 275 ਕਰੋੜ 57 ਬੈਂਕਾਂ ਵਿੱਚ ਵੰਡਿਆ ਹੋਇਆ ਸੀ ਜਿਨ੍ਹਾਂ ਵਿੱਚੋਂ ਹਰ ਇੱਕ ਦਾ ਸਰਮਾਇਆ ਇੱਕ ਕਰੋੜ ਮਾਰਕ ਤੋਂ ਵੱਧ ਸੀ। ਵੱਡੇ ਅਤੇ ਨਿੱਕੇ ਬੈਂਕਾਂ ਵਿੱਚ ਜਮ੍ਹਾਂ ਹੋਈ ਰਕਮ ਦੀ ਵੰਡ ਇਸ ਅਨੁਸਾਰ ਸੀ* (ਅਗਲੇ ਪੰਨੇ ਉੱਤੇ ਸਾਰਣੀ ਵੇਖੋ)

ਛੋਟੇ ਬੈਂਕਾਂ ਨੂੰ ਵੱਡੇ ਬੈਂਕ, ਜਿਨ੍ਹਾਂ ਵਿੱਚੋਂ ਕੇਵਲ ਨੌਂ ਨੇ ਲਗਭਗ ਅੱਧੀ ਜਮ੍ਹਾਂ ਰਕਮ ਆਪਣੇ ਹੱਥਾਂ ਵਿਚ ਕੇਂਦਰਿਤ ਕਰ ਲਈ ਹੈ, ਮੈਦਾਨ ਵਿੱਚੋਂ ਕੱਢ ਰਹੇ ਹਨ। ਪਰ ਅਸਾਂ ਕਈ ਮਹੱਤਵਪੂਰਨ ਵਿਸਥਾਰਾਂ ਨੂੰ ਮੁੱਖ ਨਹੀਂ ਰੱਖਿਆ, ਮਿਸਾਲ ਵਜੋਂ, ਅਨੇਕ ਛੋਟੇ ਬੈਂਕਾਂ ਦਾ ਅਸਲ ਵਿੱਚ ਵੱਡੇ ਬੈਂਕਾਂ ਦੀਆਂ ਸ਼ਾਖ਼ਾਂ ਬਣ ਜਾਣਾ, ਆਦਿ। ਇਸ ਬਾਰੇ ਮੈਂ ਅੱਗੇ ਚੱਲ ਕੇ ਗੱਲ ਕਰਾਂਗਾ।

**ਕੁੱਲ ਜਮ੍ਹਾਂ ਰਕਮਾਂ ਦਾ ਫ਼ੀਸਦੀ**

| | ਬਰਲਿਨ ਦੇ 9 ਵੱਡੇ ਬੈਂਕਾਂ ਵਿੱਚ | ਇੱਕ ਕਰੋੜ ਮਾਰਕ ਤੋਂ ਵੱਧ ਸਰਮਾਏ ਵਾਲ਼ੇ ਬਾਕੀ 48 | ਦਸ ਲੱਖ ਤੋਂ ਇੱਕ ਕਰੋੜ ਸਰਮਾਏ ਵਾਲ਼ੇ 115 ਬੈਂਕਾਂ ਵਿੱਚ | ਛੋਟੇ ਬੈਂਕਾਂ ਵਿੱਚ, (ਜਿਨ੍ਹਾਂ ਦਾ ਸਰਮਾ-ਇਆ ਦਸ ਲੱਖ ਮਾਰਕ ਤੋਂ ਘੱਟ ਹੈ |
|---|---|---|---|---|
| 1907-08 | 47 | 32.5 | 96.5 | 4 |
| 1912-13 | 49 | 36.0 | 12.0 | 3 |

1913 ਦੇ ਅੰਤ ਵਿੱਚ ਸ਼ੁਲਜੇ-ਗੀਵੇਰਨਿਤਜ਼ ਨੇ ਅੰਦਾਜ਼ਾ ਲਾਇਆ ਕਿ ਬੈਂਕਾਂ ਵਿੱਚ ਜਮ੍ਹਾਂ ਕੁੱਲ 1,000 ਕਰੋੜ ਮਾਰਕ ਵਿੱਚੋਂ 510 ਕਰੋੜ ਮਾਰਕ ਬਰਲਿਨ ਦੇ ਨੌਂ ਵੱਡੇ ਬੈਂਕਾਂ ਵਿੱਚ ਜਮ੍ਹਾਂ ਹਨ।[25] ਕੇਵਲ ਜਮ੍ਹਾਂ ਰਕਮਾਂ ਨੂੰ ਹੀ ਨਹੀਂ ਸਗੋਂ ਬੈਂਕਾਂ ਦੇ ਕੁੱਲ ਸਰਮਾਏ ਨੂੰ ਲੈਂਦੇ ਹੋਏ ਲੇਖਕ ਨੇ ਲਿਖਿਆ: "1909 ਦੇ ਅੰਤ ਉੱਤੇ ਬਰਲਿਨ ਦੇ ਨੌਂ ਵੱਡੇ ਬੈਂਕ, **ਆਪਣੇ ਨਾਲ਼ ਸਬੰਧਤ ਬੈਂਕਾਂ ਸਮੇਤ**, 1,130 ਕਰੋੜ ਮਾਰਕ, ਅਰਥਾਤ ਜਰਮਨ ਬੈਂਕਾਂ ਦੇ ਕੁੱਲ ਸਰਮਾਏ ਦੇ 83 ਫ਼ੀਸਦੀ ਉੱਤੇ ਕੰਟਰੋਲ ਕਰਦੇ ਹਨ। ਜਰਮਨ ਬੈਂਕ (´Deutsche Bankª) **ਆਪਣੇ ਨਾਲ਼ ਸਬੰਧਤ ਬੈਂਕਾਂ ਸਮੇਤ** ਲਗਭਗ 300 ਕਰੋੜ ਮਾਰਕ ਉੱਤੇ ਕੰਟਰੋਲ ਕਰਦਾ ਹੈ,

*Alfred Lansbrugh. ´F¸nfs Jahre deutsches Bankwesenª in ´Die Bankª 1913. No.8. 728 (ਆਲਫ਼ਰਿਡ ਲਾਂਸਬਰਗ "ਜਰਮਨ ਬੈਂਕਾਂ ਦੀ ਸਰਗਰਮੀ ਦੇ ਪੰਜ ਵਰ੍ਹੇ", ਰਸਾਲੇ "ਬੈਂਕ" ਵਿੱਚ, 1913, ਅੰਕ 9, 728-**ਸੰਪਾ:**)

ਪਰੂਸ਼ਿਆਈ ਰਾਜਕੀ ਰੇਲ ਪ੍ਰਬੰਧ ਦੇ ਨਾਲ਼ ਨਾਲ਼, ਪੁਰਾਣੀ ਦੁਨੀਆਂ ਵਿੱਚ ਸਰਮਾਏ ਦਾ ਸਭ ਤੋਂ ਵੱਡਾ ਵੀ ਅਤੇ ਸਭ ਤੋਂ ਵੱਧ ਵਿਕੇਂਦਰਿਤ ਵੀ, ਇਕੱਤਰੀਣ ਹੈ।"*

ਮੈਂ "ਸਬੰਧਤ" ਬੈਂਕਾਂ ਵੱਲ ਇਸ਼ਾਰੇ ਉੱਤੇ ਜ਼ੋਰ ਦਿੱਤਾ ਹੈ ਕਿਉਂਕਿ ਇਹ ਸਰਮਾਏ ਦੇ ਨਵੀਨ ਕੇਂਦਰੀਣ ਦੇ ਅਤਿ-ਅੰਤ ਉੱਘੜਵੇਂ ਲੱਛਣਾਂ ਵਿੱਚੋਂ ਇੱਕ ਹੈ। ਵੱਡੇ ਕਾਰੋਬਾਰ ਅਤੇ ਖ਼ਾਸ ਤੌਰ 'ਤੇ ਬੈਂਕ, ਨਾ ਕੇਵਲ ਛੋਟਿਆਂ ਨੂੰ ਉੱਕਾ ਹੀ ਸਮੋ ਲੈਂਦੇ ਹਨ, ਸਗੋਂ ਉਹਨਾਂ ਦੇ ਸਰਮਾਏ ਵਿੱਚ "ਅਧਿਕਰਣ" ਪ੍ਰਾਪਤ ਕਰਕੇ, ਉਹਨਾਂ ਦੇ ਹਿੱਸੇ ਖਰੀਦ ਕੇ ਜਾਂ ਉਹਨਾਂ ਨਾਲ਼ ਹਿੱਸਿਆਂ ਦਾ ਵਟਾਂਦਰਾਂ ਕਰਕੇ, ਉਧਾਰ ਦੇਣ ਦੇ ਪ੍ਰਬੰਧ, ਇਤਿ ਆਦਿ ਰਾਹੀਂ, ਉਹਨਾਂ ਨੂੰ "ਨਾਲ਼ ਜੋੜ" ਲੈਂਦੇ ਹਨ, ਉਹਨਾਂ ਨੂੰ ਅਧੀਨ ਬਣਾ ਲੈਂਦੇ ਹਨ, (ਟੈਕਨੀਕਲ ਪਰਿਭਾਸ਼ਾ ਵਰਤਦੇ ਹੋਏ) ਉਹਨਾਂ ਨੂੰ "ਆਪਣੀ" ਟੋਲੀ ਜਾਂ "ਵਿਹਾਰ" ਵਿੱਚ ਲੈ ਆਉਂਦੇ ਹਨ। ਪ੍ਰੋਫੈਸਰ ਲੀਫ਼ਮਾਨ ਨੇ "ਨਵੀਨ ਅਧਿਕਰਣ ਅਤੇ ਵਿੱਤ ਕੰਪਨੀਆਂ"** ਦੀ ਵਿਆਖਿਆ ਕਰਦੀ 500 ਪੰਨਿਆਂ ਦੀ ਇੱਕ ਵੱਡੀ ਕਿਰਤ ਲਿਖ ਕੇ, ਮੰਦੇ ਭਾਗੀਂ ਜੋ ਕੁਝ ਅਣਸਮੋਈ ਕੱਚੀ ਸਮੱਗਰੀ[26] ਹੈ, ਉਸ ਵਿੱਚ ਬਹੁਤ ਅਸਪੱਸ਼ਟ "ਸਿਧਾਂਤਕ" ਵਿਚਾਰਾਂ ਦਾ ਵਾਧਾ ਕਰ ਦਿੱਤਾ ਹੈ। ਇਹ "ਅਧਿਕਰਣ" ਪ੍ਰਬੰਧ ਕੀ ਸਿੱਟੇ ਲਿਆਉਂਦਾ ਹੈ, ਉਸ ਦੀ ਵਿਆਖਿਆ ਵੱਡੇ ਜਰਮਨ ਬੈਂਕਾਂ[27] ਸਬੰਧੀ ਰੀਸਰ ਵੱਲੋਂ, ਜਿਹੜਾ ਖ਼ੁਦ ਬੈਂਕਰ ਹੈ, ਲਿਖੀ ਪੁਸਤਕ ਵਿੱਚ ਸਭ ਤੋਂ ਚੰਗੀ ਤਰ੍ਹਾਂ ਹੁੰਦੀ ਹੈ। ਪਰ ਉਹਦੀ ਸਮੱਗਰੀ ਉੱਤੇ ਵਿਚਾਰ ਕਰਨ ਤੋਂ ਪਹਿਲੋਂ ਅਸੀਂ "ਅਧਿਕਰਣ" ਪ੍ਰਬੰਧ ਦੀ ਇੱਕ ਠੋਸ ਮਿਸਾਲ ਦੇਣਾ ਚਾਹੁੰਦੇ ਹਾਂ।

ਜਰਮਨ ਬੈਂਕ "ਟੋਲੀ" ਜੇ ਬੈਂਕਾਂ ਦੇ ਕਾਰੋਬਾਰ ਦੀ ਸਭ ਤੋਂ ਵੱਡੀ ਟੋਲੀ ਨਹੀਂ ਤਾਂ ਸਭ ਤੋਂ ਵੱਡੀਆਂ ਵਿੱਚੋਂ ਇੱਕ ਹੈ। ਉਹਨਾਂ ਮੁੱਖ ਤੰਦਾਂ ਨੂੰ ਲੱਭਣ ਲਈ ਜਿਹੜੀਆਂ ਇਸ ਟੋਲੀ ਦੇ ਸਭਨਾਂ ਬੈਂਕਾਂ ਨੂੰ ਜੋੜਦੀਆਂ ਹਨ, ਪਹਿਲੇ, ਦੂਜੇ ਅਤੇ ਤੀਜੇ ਦਰਜੇ ਦੇ ਅਧਿਕਰਣ ਜਾਂ, ਜਿਸਦੇ ਅਰਥ ਉਹੋ ਹਨ, (ਛੋਟੇ ਬੈਂਕਾਂ ਦੀ ਜਰਮਨ ਬੈਂਕ ਦੀ) ਅਧੀਨਤਾ ਦੇ ਪਹਿਲੇ, ਦੂਜੇ ਅਤੇ ਤੀਜੇ ਦਰਜੇ ਵਿਚਕਾਰ ਫ਼ਰਕ ਕੀਤਾ ਜਾਣਾ ਚਾਹੀਦਾ ਹੈ। ਤਾਂ ਸਾਨੂੰ ਹੇਠ ਲਿਖੀ ਤਸਵੀਰ ਮਿਲਦੀ ਹੈ।***

---

* Schulze-Gaevernitz ´Die deutsche Kreditbankª in ´Grundrifl der Sozial^konomik, T¸bingen, 1915, S, 12,137 (ਸ਼ੁਲਜ਼ੇ-ਗੀਵੇਰਨਿਤਜ਼। "ਸਮਾਜੀ ਆਰਥਕਤਾ ਦੇ ਅਧਾਰ" ਵਿੱਚ "ਜਰਮਨ ਕਰਜ਼ਾ ਬੈਂਕ," ਟਿਊਬਿੰਗਨ, 1915, ਪੰਨਾ 12 ਅਤੇ 137-**ਸੰਪਾ:**)

**R. Liefmann. ´Beteiligungsóund Finanzierungsgesellschaften Eine Studie ¸ber den modernen Kapitalismus und das Effectenwesenª. 1. Aufl., Jena, 1909, S.212.

***Alfred Lansburgh. ´Das Beteiligungssystem im deutschen Bankwesenª in ´Die bankª, 1910, 1, S. 500 (ਐਲਫ਼ਰਿਡ ਲਾਂਸਬਰਗ। "ਜਰਮਨ ਬੈਂਕਾਂ ਵਿੱਚ ਅਧਿਕਰਣ ਪ੍ਰਣਾਲੀ," ਰਸਾਲੇ "ਬੈਂਕ" ਵਿੱਚ, 1910, ਅੰਕ 1, ਪੰਨਾ 500- **ਸੰਪਾ:**)

**ਜਰਮਨ ਬੈਂਕ ਦੇ ਅਧਿਕਰਣ ਹਨ**

| ਸਥਾਈ | ਸਿੱਧੀ ਜਾਂ ਪਹਿਲੇ ਦਰਜੇ ਦੀ ਅਧੀਨਤਾ 17 ਹੋਰਾਂ ਬੈਂਕਾਂ ਵਿੱਚ | ਦੂਜੇ ਦਰਜੇ ਦੀ ਅਧੀਨਤਾ 17 ਵਿਚੋਂ 9 ਦੇ 34 ਹੋਰ ਬੈਂਕਾਂ ਵਿੱਚ ਅਧਿਕਰਣ ਹਨ | ਤੀਜੇ ਦਰਜੇ ਦੀ ਅਧੀਨਤਾ 9 ਵਿੱਚੋਂ 4 ਦੇ 7 ਹੋਰ ਬੈਂਕਾਂ ਵਿੱਚ ਅਧਿਕਰਣ ਹਨ। |
|---|---|---|---|
| ਅਣਮਿਥੇ ਸਮੇਂ ਲਈ | ਪੰਜ ਹੋਰ ਬੈਂਕਾਂ ਵਿਚ | — | — |
| ਸਮੇਂ ਸਮੇਂ... | 8 ਹੋਰ ਬੈਂਕਾਂ ਵਿੱਚ | 8 ਵਿੱਚੋਂ 5 ਦੇ 14 ਹੋਰ ਬੈਂਕਾਂ ਵਿੱਚ ਅਧਿਕਰਣ ਹਨ। | 5 ਵਿੱਚੋਂ 2 ਦੇ 2 ਹੋਰ ਬੈਂਕਾਂ ਵਿੱਚ ਅਧਿਕਰਣ ਹਨ। |
| **ਕੁੱਲ ਜੋੜ...** | 30 ਹੋਰ ਬੈਂਕਾਂ ਵਿੱਚ | 30 ਵਿੱਚੋਂ 14 ਦੇ 48 ਹੋਰ ਬੈਂਕਾਂ ਵਿੱਚ ਅਧਿਕਰਣ ਹਨ। | 14 ਵਿੱਚੋਂ 6 ਦੇ 9 ਹੋਰ ਬੈਂਕਾਂ ਵਿੱਚ ਅਧਿਕਰਣ ਹਨ। |

ਜਿਹੜੇ ਅੱਠ ਬੈਂਕ "ਸਮੇਂ ਸਮੇਂ" ਜਰਮਨ ਬੈਂਕ ਦੇ ਪਹਿਲੇ ਦਰਜੇ ਵਿੱਚ ਅਧੀਨ ਹਨ, ਉਹਨਾਂ ਵਿੱਚ ਤਿੰਨ ਵਿਦੇਸ਼ੀ ਬੈਂਕ ਹਨ: ਇੱਕ ਆਸਟਰਵੀ (ਵੀਨਰ ਬੈਂਕਵੇਰੀਨ) ਅਤੇ ਦੋ ਰੂਸੀ (ਸਾਇਬੇਰਿਆਈ ਵਣਜ ਬੈਂਕ ਅਤੇ ਵਿਦੇਸ਼ੀ ਵਪਾਰ ਦਾ ਰੂਸੀ ਬੈਂਕ)। ਕੁੱਲ ਮਿਲ਼ਾ ਕੇ, ਸਿੱਧੇ ਅਤੇ ਅਣਸਿੱਧੇ, ਜੁਜ਼ਵੀ ਜਾਂ ਪੂਰੇ ਤੌਰ 'ਤੇ ਜਰਮਨ ਬੈਂਕ "ਟੋਲੀ" ਵਿੱਚ 87 ਬੈਂਕ ਸ਼ਾਮਲ ਹਨ ਅਤੇ ਕੁੱਲ ਸਰਮਾਏ ਦਾ—ਇਹਦਾ ਆਪਣਾ ਅਤੇ ਹੋਰਨਾਂ ਦਾ ਜਿਨ੍ਹਾਂ ਦਾ ਇਹ ਕੰਟਰੋਲ ਕਰਦਾ ਹੈ—ਅੰਦਾਜ਼ਾ 200 ਅਤੇ 300 ਕਰੋੜ ਮਾਰਕ ਦੇ ਦਰਮਿਆਨ ਲਾਇਆ ਗਿਆ ਹੈ।

ਇਹ ਸਪੱਸ਼ਟ ਹੈ ਕਿ ਇੱਕ ਅਜਿਹਾ ਬੈਂਕ ਜਿਹੜਾ ਅਜਿਹੀ ਟੋਲੀ ਦਾ ਮੁੱਖੀ ਹੈ ਅਤੇ ਜਿਹੜਾ ਰਾਜਕੀ ਕਰਜ਼ੇ ਚਾਲੂ ਕਰਨ ਜਿਹੇ ਆਸਾਧਾਰਨ ਤੌਰ 'ਤੇ ਵੱਡੇ ਅਤੇ ਲਾਹੇਵੰਦੇ ਵਿੱਤ ਅਮਲ ਕਰਨ ਲਈ ਆਪਣੇ ਤੋਂ ਕੁਝ ਹੀ ਛੋਟੇ ਅੱਧੀ ਕੁ ਦਰਜਨ ਹੋਰਨਾਂ ਬੈਂਕਾਂ ਨਾਲ਼ ਸਮਝੌਤੇ ਕਰਦਾ ਹੈ, ਪਹਿਲਾਂ ਹੀ "ਵਿਚੋਲੇ" ਦੇ ਕਰਤੱਵ ਤੋਂ ਬਹੁਤ ਵੱਡਾ ਹੋ ਗਿਆ ਹੈ ਅਤੇ ਮੁੱਠੀ ਭਰ ਅਜਾਰੇਦਾਰਾਂ ਦੀ ਸਭਾ ਬਣ ਗਿਆ ਹੈ।

ਜਿਸ ਤੇਜ਼ੀ ਨਾਲ਼ ਵੀਹਵੀਂ ਸਦੀ ਦੇ ਸ਼ੁਰੂ ਉੱਤੇ ਜਰਮਨੀ ਵਿੱਚ ਬੈਂਕਾਂ ਦੇ ਕਾਰੋਬਾਰ ਦਾ ਕੇਂਦਰੀਣ ਆ ਰਿਹਾ ਸੀ, ਉਹ ਹੇਠਾਂ ਦਿੱਤੀ ਵਾਕਫ਼ੀ ਤੋਂ ਸਪੱਸ਼ਟ ਹੈ, ਜਿਹੜੀ ਅਸੀਂ ਕੁਝ ਸੰਖੇਪ ਰੂਪ ਵਿੱਚ ਰੀਸਰ ਤੋਂ ਦੇ ਰਹੇ ਹਾਂ।

**ਬਰਲਿਨ ਦੇ ਛੇ ਵੱਡੇ ਬੈਂਕ**

| ਸਾਲ | ਜਰਮਨੀ ਵਿੱਚ ਸ਼ਾਖਾਂ | ਪੈਸੇ ਜਮ੍ਹਾਂ ਕਰਾਉਣ ਦੇ ਬੈਂਕ ਹੁੰਡੀ ਦਫ਼ਤਰ | ਜਰਮਨ ਸਾਂਝੀਰਾਸ ਬੈਂਕਾਂ ਵਿੱਚ ਲਗਾਤਾਰ ਅਧਿਕਰਣ | ਕੁੱਲ ਸੰਸਥਾਵਾਂ |
|---|---|---|---|---|
| 1895… | 16 | 14 | 1 | 42 |
| 1900… | 21 | 40 | 8 | 80 |
| 1911… | 104 | 276 | 63 | 450 |

ਅਸੀਂ ਵਸੀਲਿਆਂ ਦੇ ਇੱਕ ਸੰਘਣੇ ਜਾਲ਼ ਦਾ ਤਿੱਖਾ ਵਿਕਾਸ ਵੇਖਦੇ ਹਾਂ, ਜਿਹੜਾ ਸਾਰੇ ਦੇਸ਼ ਵਿੱਚ ਫ਼ੈਲਿਆ ਹੋਇਆ ਹੈ, ਕੁੱਲ ਸਰਮਾਏ ਅਤੇ ਆਮਦਨਾਂ ਨੂੰ ਕੇਂਦਰਿਤ ਕਰਦਾ ਹੋਇਆ ਅਤੇ ਹਜ਼ਾਰਾਂ ਹਜ਼ਾਰ ਖਿੰਡੇ ਆਰਥਕ ਕਾਰੋਬਾਰਾਂ ਨੂੰ ਇੱਕੋ ਇੱਕ ਕੌਮੀਂ ਸਰਮਾਏਦਾਰ ਵਿੱਚ ਤਬਦੀਲ ਕਰਦਾ ਹੋਇਆ ਅਤੇ ਇਉਂ ਸੰਸਾਰ ਸਰਮਾਏਦਾਰ ਆਰਥਕਤਾ ਵਿੱਚ ਤਬਦੀਲ ਕਰਦਾ ਹੋਇਆ। ਅਜੋਕੀ ਬੁਰਜੂਆਜ਼ੀ ਰਾਜਨੀਤਕ ਆਰਥਕਤਾ ਦੇ ਇੱਕ ਵਿਆਖਿਆਕਾਰ ਦੇ ਤੌਰ 'ਤੇ ਸ਼ੁਲਜ਼ੇ–ਗੀਵੇਰਨਿਤਜ਼ ਪਿੱਛੇ ਟੂਕ ਵਜੋਂ ਦਿੱਤੇ ਟੁਕੜੇ ਵਿੱਚ ਜਿਸ "ਵਿਕੇਂਦਰੀਣ" ਦੀ ਗੱਲ ਕਰਦਾ ਹੈ, ਅਸਲ ਵਿੱਚ ਉਹਦੇ ਅਰਥ ਵੱਧ ਰਹੀ ਗਿਣਤੀ ਵਿੱਚ ਪਹਿਲੀਆਂ ਦੇ ਨਿਸਬਤਨ "ਸੁਤੰਤਰ" ਜਾਂ ਸਗੋਂ, ਸਖ਼ਤੀ ਨਾਲ਼ ਸਥਾਨਕ ਇਕਾਈਆਂ ਦਾ ਇੱਕੋ ਇੱਕ ਕੇਂਦਰ ਦੇ ਅਧੀਨ ਹੋਣਾ ਹੈ। ਅਸਲ ਵਿੱਚ ਇਹ **ਕੇਂਦਰੀਕਰਣ** ਹੈ, ਅਜਾਰੇਦਾਰ ਦੈਂਤਾਂ ਦੇ ਰੋਲ, ਮਹੱਤਤਾ ਅਤੇ ਸ਼ਕਤੀ ਦਾ ਵਧਣਾ ਹੈ।

ਵਧੇਰੇ ਪੁਰਾਣੇ ਸਰਮਾਏਦਾਰ ਦੇਸ਼ਾਂ ਵਿੱਚ ਇਹ "ਬੈਂਕਾਂ ਦਾ ਜਾਲ਼" ਹੋਰ ਵਧੇਰੇ ਸੰਘਣਾ ਹੈ। ਬਰਤਾਨੀਆਂ ਅਤੇ ਆਇਰਲੈਂਡ ਵਿੱਚ, 1910 ਵਿੱਚ, ਬੈਂਕਾਂ ਦੀਆਂ ਕੁੱਲ, 7,151 ਸ਼ਾਖ਼ਾਂ ਸਨ। ਚਾਰ ਵੱਡੇ ਬੈਂਕਾਂ ਵਿੱਚੋਂ ਹਰ ਇੱਕ ਦੀਆਂ 400 ਤੋਂ ਵੱਧ ਸ਼ਾਖ਼ਾਵਾਂ ਸਨ (447 ਤੋਂ 689 ਤੱਕ); ਹੋਰ ਚਾਰਾਂ ਵਿੱਚੋਂ ਹਰ ਇਕ ਦੀਆਂ 200 ਤੋਂ ਵੱਧ ਸ਼ਾਖ਼ਾ ਸਨ ਅਤੇ ਗਿਆਰਾਂ ਵਿੱਚੋਂ ਹਰ ਇੱਕ ਦੀਆਂ 100 ਤੋਂ ਵੱਧ।

ਫ਼ਰਾਂਸ ਵਿੱਚ ਤਿੰਨ ਵੱਡੇ ਬੈਂਕ ´CrÈdit Lyonnaisª, ´Comptoir Nationalª ਅਤੇ ´SociÈtÈ GÈnÈraleª ("ਕਰੈਡਿਟ ਲਾਇਓਨੇਜ਼," "ਕੰਪਤਿਉਰ ਨੇਸ਼ਨਲ" ਅਤੇ "ਸੋਸਾਇਟੀ ਜਨੇਰਾਲੇ") ਨੇ ਆਪਣੀਆਂ ਸਰਗਰਮੀਆਂ ਅਤੇ ਆਪਣੀਆਂ ਸ਼ਾਖ਼ਾਂ ਦਾ ਜਾਲ਼ ਹੇਠ ਲਿਖੇ ਅਨੁਸਾਰ ਫ਼ੈਲਾਇਆ।*

* Eugen Kaufmann, ´Das franz^sische Bankwesenª, T¸bingen, 1911, S, 356, und 362 (ਯੂਜੀਨ ਕਾਫ਼ਮੈਨ। "ਫ਼ਰਾਂਸ ਵਿੱਚ ਬੈਂਕਾਂ ਦਾ ਕਾਰੋਬਾਰ," ਟਿਊਬਿਨਗਣ, 1911, ਪੰਨੇ 356 ਅਤੇ 362 –**ਸੰਪਾ:**)

| | ਸ਼ਾਖ਼ਾ ਅਤੇ ਦਫ਼ਤਰਾਂ ਦੀ ਗਿਣਤੀ | | | ਸਰਮਾਇਆ (ਲੱਖ ਫ਼ਰਾਂਕ) | |
|---|---|---|---|---|---|
| | ਸੂਬਿਆਂ ਵਿੱਚ | ਪੈਰਿਸ ਵਿੱਚ | ਕੁੱਲ ਜੋੜ | ਆਪਣਾ ਸਰਮਾਇਆ | ਸਰਮਾਏ ਦੇ ਤੌਰ 'ਤੇ ਵਰਤੀਆਂ ਜਾਂਦੀਆਂ |
| 1870 | 47 | 17 | 64 | 200 | 427 |
| 1890 | 192 | 66 | 258 | 265 | 1,245 |
| 1909 | 1,033 | 196 | 1,229 | 887 | 4,363 |

ਇੱਕ ਨਵੀਨ ਵੱਡੇ ਬੈਂਕ ਦੇ "ਸਬੰਧ" ਵਿਖਾਉਣ ਲਈ ਗੀਸਰ ਜਰਮਨੀ ਅਤੇ ਸੰਸਾਰ ਦੇ ਸਭ ਤੋਂ ਵੱਡੇ ਬੈਂਕਾਂ ਵਿੱਚੋਂ ਇੱਕ ਖਾਤਾ ਸਭਾ (´Diskonto-Gesellschaft[a])) ਵੱਲੋਂ ਭੇਜੇ ਅਤੇ ਵਸੂਲ ਕੀਤੇ ਖ਼ਤਾਂ ਦੇ ਹੇਠ ਲਿਖੇ ਅੰਕੜੇ ਦੇਂਦਾ ਹੈ (1914 ਵਿੱਚ ਇਸ ਬੈਂਕ ਦਾ ਸਰਮਾਇਆ 30 ਕਰੋੜ ਮਾਰਕ ਸੀ):

| | ਵਸੂਲ ਕੀਤੇ ਖ਼ਤ | ਭੇਜੇ ਖ਼ਤ |
|---|---|---|
| 1852 | 6,135 | 6,292 |
| 1870 | 85,800 | 87,513 |
| 1900 | 5,33,102 | 6,26,043 |

ਪੈਰਿਸ ਦੇ ਵੱਡੇ ਬੈਂਕ "ਕਰੈਡਿਟ ਲਾਇਓਨੇਜ਼" ਵਿੱਚ ਖ਼ਾਤਿਆਂ ਦੀ ਗਿਣਤੀ 1875 ਵਿੱਚ 28,535 ਤੋਂ ਵੱਧ ਕੇ 1912 ਵਿੱਚ 6,33,539 ਹੋ ਗਈ।*

ਸ਼ਾਇਦ ਇਹ ਸਾਦੇ ਅੰਕੜੇ ਲੰਮੇ ਵਖਿਆਨਾਂ ਨਾਲ਼ੋਂ ਚੰਗੇਰੀ ਤਰ੍ਹਾਂ ਦਰਸਾਉਂਦੇ ਹਨ ਕਿ ਸਰਮਾਏ ਦਾ ਕੇਂਦਰੀਣ ਅਤੇ ਬੈਂਕਾਂ ਦੇ ਲੈਣ-ਦੇਣ ਵਿੱਚ ਵਾਧਾ ਬੈਂਕਾਂ ਦੀ ਮਹਤੱਤਾ ਨੂੰ ਬੁਨਿਆਦੀ ਤੌਰ 'ਤੇ ਤਬਦੀਲ ਕਰ ਰਹੇ ਹਨ। ਖਿੰਡੇ ਹੋਏ ਸਰਮਾਏਦਾਰਾਂ ਨੂੰ ਇੱਕ ਸਮੂਹਕ ਸਰਮਾਏਦਾਰ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ। ਕੁਝ ਸਰਮਾਏਦਾਰਾਂ ਦੇ ਚਾਲੂ ਖ਼ਾਤੇ ਰੱਖਦਾ ਹੋਇਆ ਇੱਕ ਬੈਂਕ ਸਮਝ ਲਓ, ਖ਼ਾਲਸ ਟੈਕਨੀਕਲ ਅਤੇ ਅਨੰਨ ਤੌਰ 'ਤੇ ਸਹਾਇਕ ਅਮਲ ਕਰਦਾ ਹੈ। ਪਰ ਜਦੋਂ ਇਹ ਧੜਵੈਲ ਅਕਾਰ ਅਖ਼ਤਿਆਰ ਕਰ ਲੈਂਦਾ ਹੈ, ਅਸੀਂ ਵੇਖਦੇ ਹਾਂ ਕਿ ਮੁੱਠੀ ਭਰ ਸਰਮਾਏਦਾਰ ਸਮੁੱਚੇ ਸਰਮਾਏਦਾਰ ਸਮਾਜ ਦੇ ਸਭੇ ਅਮਲ, ਵਪਾਰਕ ਅਤੇ ਸਨਅਤੀ ਦੋਵੇਂ, ਆਪਣੀ ਇੱਛਾ ਦੇ ਅਧੀਨ ਕਰ ਲੈਂਦੇ ਹਨ; ਕਿਉਂਕਿ ਉਹ ਇਸ ਯੋਗ ਹੁੰਦੇ ਹਨ ਕਿ—ਉਹਨਾਂ ਦੇ ਬੈਂਕਾਂ ਦੇ ਸਬੰਧਾਂ ਰਾਹੀਂ, ਉਹਨਾਂ ਦੇ ਚਾਲੂ ਖਾਤਿਆਂ ਅਤੇ ਹੋਰ ਵਿੱਤ ਅਮਲਾਂ ਰਾਹੀਂ—ਵੱਖ ਵੱਖ ਸਰਮਾਏਦਾਰਾਂ ਦੀ ਵਿੱਤ ਪ੍ਰਸਥਿਤੀ ਦਾ **ਪਤਾ ਕੱਢ ਸਕਣ**, ਫਿਰ ਉਹਨਾਂ ਨੂੰ **ਕੰਟਰੋਲ ਕਰ ਸਕਣ**, ਕਰਜ਼ੇ ਸੌੜੇਰੇ ਜਾਂ ਵਿਸ਼ਾਲ ਕਰਕੇ, ਸੌਖੀ ਤਰ੍ਹਾਂ ਦੇ ਕੇ ਜਾਂ

* Jean Lescure, ´LíÈpargne en France[a], Paris, 1914, p 52 (ਯਾਂ ਲਸਕੂਰ। "ਫ਼ਰਾਂਸ ਵਿੱਚ ਬੱਚਤਾਂ", ਪੈਰਿਸ, 1914, ਪੰਨਾ 52। – **ਸੰਪਾ:**)

ਉਹਨਾਂ ਵਿੱਚ ਰੁਕਾਵਟਾਂ ਪਾ ਕੇ ਉਹਨਾਂ ਉੱਤੇ ਪ੍ਰਭਾਵ ਪਾ ਸਕਣ ਅਤੇ ਅੰਤ **ਪੂਰੀ ਤਰ੍ਹਾਂ** ਉਹਨਾਂ ਦੀ ਹੋਣੀ ਦਾ **ਨਿਰਣਾ ਕਰ ਸਕਣ**, ਉਹਨਾਂ ਦੀ ਆਮਦਨ ਮੁਕੱਰਰ ਕਰ ਸਕਣ, ਉਹਨਾਂ ਨੂੰ ਸਰਮਾਏ ਤੋਂ ਵਿਰਵਾ ਕਰ ਸਕਣ ਜਾਂ ਉਹਨਾਂ ਨੂੰ ਆਪਣਾ ਸਰਮਾਇਆ ਤੇਜ਼ੀ ਨਾਲ਼ ਅਤੇ ਅਥਾਹ ਹੱਦਾਂ ਤੱਕ ਵਧਾਉਣ ਦੀ ਆਗਿਆ ਦੇਣ, ਆਦਿ।

ਅਸੀਂ ਹੁਣੇ ਬਰਲਿਨ ਦੇ ਡਿਸਕੋਨਟੋ-ਗੈਸਲਸ਼ਾਫ਼ਟ ਦੇ 30 ਕਰੋੜ ਮਾਰਕ ਸਰਮਾਏ ਦਾ ਜ਼ਿਕਰ ਕੀਤਾ ਹੈ। ਬੈਂਕ ਦੇ ਸਰਮਾਏ ਵਿੱਚ ਇਹ ਵਾਧਾ ਬਰਲਿਨ ਦੇ ਦੋ ਸਭ ਤੋਂ ਵੱਡੇ ਬੈਂਕਾਂ —ਜਰਮਨ ਬੈਂਕ ਅਤੇ ਡਿਸਕੋਨਟੋ-ਗੈਸਲਸ਼ਾਫਟ ਵਿਚਕਾਰ ਸਰਦਾਰੀ ਲਈ ਘੋਲ਼ ਦੀਆਂ ਘਟਨਾਵਾਂ ਵਿੱਚੋਂ ਇੱਕ ਸੀ। 1970 ਵਿੱਚ ਪਹਿਲਾ ਅਜੇ ਸਿਖਾਂਦਰੂ ਹੀ ਸੀ ਅਤੇ ਉਹਦਾ ਸਰਮਾਇਆ ਕੇਵਲ ਡੇਢ ਕਰੋੜ ਮਾਰਕ ਸੀ, ਜਿੱਥੇ ਕਿ ਦੂਜੇ ਦਾ ਸਰਮਾਇਆ ਤਿੰਨ ਕਰੋੜ ਮਾਰਕ ਸੀ। 1908 ਵਿੱਚ ਪਹਿਲੇ ਦਾ ਸਰਮਾਇਆ 20 ਕਰੋੜ ਸੀ ਅਤੇ ਦੂਜੇ ਦਾ 17 ਕਰੋੜ। 1914 ਵਿੱਚ ਪਹਿਲੇ ਨੇ ਆਪਣਾ ਸਰਮਾਇਆ 25 ਕਰੋੜ ਤੱਕ ਵਧਾ ਲਿਆ ਅਤੇ ਦੂਜੇ ਨੇ ਇੱਕ ਹੋਰ ਪਹਿਲੇ ਦਰਜੇ ਦੇ ਵੱਡੇ ਬੈਂਕ ਸ਼ਾਫ਼ਹਾਊਸਨਸ਼ੇਰ ਬੈਂਕਵੇਰੀਨ ਨੂੰ ਆਪਣੇ ਵਿੱਚ ਸਮੋ ਕੇ ਆਪਣਾ ਸਰਮਾਇਆ 30 ਕਰੋੜ ਮਾਰਕ ਕਰ ਲਿਆ ਅਤੇ, ਨਿਸ਼ਚੇ ਹੀ, ਸਰਦਾਰੀ ਲਈ ਇਹ ਘੋਲ਼ ਦੁਹਾਂ ਬੈਂਕਾਂ ਵਿਚਕਾਰ ਸਦਾ ਵਧੇਰੇ ਪੱਕੇ ਖ਼ਾਸੇ ਵਾਲ਼ੇ "ਸਮਝੌਤੇ" ਸਦਾ ਵਧੇਰੇ ਵਾਰ ਹੋਣ ਦੇ ਨਾਲ਼ ਨਾਲ਼ ਚੱਲਿਆ। ਇਹ ਹਨ ਉਹ ਸਿੱਟੇ ਜਿਹੜੇ ਇਹ ਵਿਕਾਸ ਬੈਂਕਾਂ ਸਬੰਧੀ ਉਹਨਾਂ ਮਾਹਰਾਂ ਨੂੰ ਕੱਢਣ ਉੱਤੇ ਮਜ਼ਬੂਰ ਕਰਦਾ ਹੈ, ਜਿਹੜੇ ਆਰਥਕ ਸਵਾਲਾਂ ਨੂੰ ਉਸ ਦ੍ਰਿਸ਼ਟੀਕੋਣ ਤੋਂ ਲੈਂਦੇ ਹਨ ਜਿਹੜਾ ਕਿਸੇ ਵੀ ਤਰ੍ਹਾਂ ਬੁਰਜੂਆ ਸੁਧਾਰਵਾਦ ਦੀਆਂ ਨਰਮ ਅਤੇ ਸੋਘੀ ਹੱਦਾਂ ਤੋਂ ਬਾਹਰ ਨਹੀਂ ਜਾਂਦੇ।

ਡਿਸਕੋਨਟੋ-ਗੈਸਲਸ਼ਾਫ਼ਟ ਦੇ ਸਰਮਾਏ ਦੇ ਵਧ ਕੇ 30 ਕਰੋੜ ਮਾਰਕ ਹੋ ਜਾਣ ਉੱਤੇ ਟਿੱਪਣੀ ਕਰਦੇ ਹੋਏ ਜਰਮਨ ਰਸਾਲੇ ´Die Bankª (ਬੈਂਕ), ਨੇ ਲਿਖਿਆ: "ਹੋਰ ਬੈਂਕ ਵੀ ਇਸੇ ਰਾਹ ਉੱਤੇ ਚੱਲਣਗੇ ਅਤੇ ਸਮਾਂ ਪਾ ਕੇ 300 ਲੋਕ, ਜਿਹੜੇ ਅੱਜ ਆਰਥਕ ਪੱਖੋਂ ਜਰਮਨੀ ਉੱਤੇ ਹਕੂਮਤ ਕਰਦੇ ਹਨ, ਹੌਲ਼ੀ ਹੌਲ਼ੀ ਘੱਟ ਕੇ ਪੰਜਾਹ, ਪੰਝੀ ਜਾਂ ਇਸ ਤੋਂ ਵੀ ਥੋੜ੍ਹੇ ਹੋ ਜਾਣਗੇ। ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਕੇਂਦਰੀਣ ਵੱਲ ਇਹ ਤਾਜ਼ਾ ਕਦਮ ਬੈਂਕਾਂ ਤੱਕ ਹੀ ਸੀਮਤ ਰਹੇਗਾ। ਵਿਕੋਲਤ੍ਰੇ ਬੈਂਕਾਂ ਵਿਚਕਾਰ ਜਿਹੜੇ ਨੇੜਵੇਂ ਸਬੰਧ ਇਸ ਸਮੇਂ ਕਾਇਮ ਹਨ ਸੁਭਾਵਕ ਹੀ ਉਹਨਾਂ ਦਾ ਸਿੱਟਾ ਉਹਨਾਂ ਸਨਅਤੀ ਸਿੰਡੀਕੇਟਾਂ ਦਾ ਜੁੜਨਾ ਹੋਵੇਗਾ, ਜਿਨ੍ਹਾਂ ਦੀ ਇਹ ਬੈਂਕ ਹਮਾਇਤ ਕਰਦੇ ਹਨ। ...ਇੱਕ ਸਵੇਰ ਅਸੀਂ ਵੇਖਾਂਗੇ ਕਿ ਸਾਡੇ ਸਾਹਮਣੇ ਟਰੱਸਟਾਂ ਤੋਂ ਬਿਨਾਂ ਕੁਝ ਨਹੀਂ ਰਿਹਾ ਅਤੇ ਅਸੀਂ ਵੇਖਾਂਗੇ ਕਿ ਸਾਡੇ ਸਾਹਮਣੇ ਇਹ ਲੋੜ ਆ ਖੜ੍ਹੀ ਹੋਈ ਹੈ ਕਿ ਅਸੀਂ ਨਿੱਜੀ ਅਜਾਰੇਦਾਰੀਆਂ ਦੀ ਥਾਂ ਰਾਜਕੀ ਅਜਾਰੇਦਾਰੀਆਂ ਨੂੰ ਦਈਏ। ਪਰ ਸਾਡੇ ਲਈ ਆਪਣੇ ਆਪ ਉੱਤੇ ਗਿਲਾ ਕਰਨ ਲਈ ਇਸ ਤੋਂ ਬਿਨਾਂ ਕੁਝ ਨਹੀਂ ਕਿ ਅਸਾਂ ਘਟਨਾਵਾਂ ਨੂੰ ਉਹਨਾਂ ਦੇ ਆਪਣੇ ਰਾਹ ਜਾਣ ਦਿੱਤਾ ਹੈ, ਜਿਸਨੂੰ ਹਿੱਸਿਆਂ ਦੇ ਜੋੜ ਤੋੜ ਨੇ ਕੁਝ ਤਿਖੇਰਾ ਕੀਤਾ ਹੈ।"*

*A. Lansburgh, ´Die Bank mit den 300 Millionenª, ´Die Bankª, ⇨

ਇਹ ਬੁਰਜੂਆ ਪੱਤਰਕਾਰੀ ਦੇ ਖੱਸੀਪੁਣੇ ਦੀ ਇੱਕ ਮਿਸਾਲ ਹੈ, ਜਿਹੜੀ ਬੁਰਜੂਆ ਵਿਗਿਆਨ ਤੋਂ ਕੇਵਲ ਇਸ ਗੱਲੋਂ ਵੱਖਰੀ ਹੈ ਕਿ ਪਿਛਲੇਰਾ ਘੱਟ ਸੱਚਾ ਹੈ ਅਤੇ ਮਾਮਲੇ ਦੇ ਤੱਤ ਨੂੰ ਧੁੰਦਲਾਉਣ ਦਾ, ਜੰਗਲ ਨੂੰ ਰੁੱਖਾਂ ਪਿੱਛੇ ਲੁਕਾਉਣ ਦਾ ਯਤਨ ਕਰਦਾ ਹੈ। ਕੇਂਦਰੀਣ ਦੇ ਸਿੱਟੇ ਉੱਤੇ ਹੈਰਾਨ ਹੋਣਾ, ਸਰਮਾਏਦਾਰ ਜਰਮਨੀ ਦੀ ਹਕੂਮਤ ਜਾਂ ਸਰਮਾਏਦਾਰ "ਸਮਾਜ" ("ਆਪਣੇ ਆਪ") ਉੱਤੇ ਗਿਲਾ ਕਰਨਾ, ਇਹ ਡਰ ਪ੍ਰਗਟ ਕਰਨਾ ਕਿ ਸਰਮਾਏ ਅਤੇ ਹਿੱਸਿਆਂ ਦਾ ਮੈਦਾਨ ਵਿੱਚ ਆਉਣਾ ਕੇਂਦਰੀਣ ਨੂੰ "ਤਿੱਖਾ" ਕਰ ਸਕਦਾ ਹੈ, ਐਨ ਉਸ ਤਰ੍ਹਾਂ ਜਿਵੇਂ "ਕਾਰਟਲਾਂ ਸਬੰਧੀ" ਜਰਮਨ ਮਾਹਰ ਚੀਰਸ਼ਕੀ ਅਮਰੀਕੀ ਟਰੱਸਟਾਂ ਤੋਂ ਡਰਦਾ ਹੈ ਅਤੇ ਜਰਮਨ ਕਾਰਟਲਾਂ ਨੂੰ ਇਸ ਅਧਾਰ ਉੱਤੇ "ਪਹਿਲ ਦੇਂਦਾ ਹੈ" ਕਿ ਉਹ "ਜਿਹੜੇ ਬਹੁਤੇ ਨਹੀਂ, ਸ਼ਾਇਦ ਟਰੱਸਟਾਂ ਵਾਂਗ ਟੈਕਨੀਕਲ ਅਤੇ ਆਰਥਕ ਉੱਨਤੀ ਨੂੰ ਬਹੁਤ ਜ਼ਿਆਦਾ ਤਿੱਖਾ ਨਾ ਕਰਨ"*— ਕੀ ਇਹ ਸਭ ਕੁਝ ਖੱਸੀਪੁਣੇ ਦੀ ਨਿਸ਼ਾਨੀ ਨਹੀਂ ?

ਪਰ ਤੱਥ ਤਾਂ ਤੱਥ ਰਹਿੰਦੇ ਹਨ। ਜਰਮਨੀ ਵਿੱਚ ਕੋਈ ਟਰੱਸਟ ਨਹੀਂ ਇੱਥੇ ਕੇਵਲ ਕਾਰਟਲ ਹਨ—ਪਰ ਜਰਮਨੀ ਉੱਤੇ ਸਰਮਾਏ ਦੇ ਵੱਡੇ ਸਾਹਬ **ਹਕੂਮਤ ਕਰਦੇ ਹਨ**, ਜਿਨ੍ਹਾਂ ਦੀ ਗਿਣਤੀ 300 ਤੋਂ ਵੱਧ ਨਹੀਂ ਅਤੇ ਇਹਨਾਂ ਦੀ ਗਿਣਤੀ ਦਿਨੋਂ ਦਿਨ ਘੱਟਦੀ ਜਾ ਰਹੀ ਹੈ। ਕੁਝ ਹੀ ਹੋਵੇ, ਬੈਂਕਾਂ ਸਬੰਧੀ ਉਹਨਾਂ ਦੇ ਕਾਨੂੰਨਾਂ ਦੇ ਫ਼ਰਕਾਂ ਦੇ ਬਾਵਜੂਦ ਸਾਰੇ ਸਰਮਾਏਦਾਰ ਦੇਸ਼ਾਂ ਵਿੱਚ ਬੈਂਕ ਸਰਮਾਏ ਦੇ ਕੇਂਦਰੀਣ ਅਤੇ ਅਜਾਰੇਦਾਰੀਆਂ ਦੇ ਬਣਨ ਦੇ ਅਮਲ ਨੂੰ ਜ਼ੋਰਦਾਰ ਅਤੇ ਤਿਖੇਰਾ ਕਰਦੇ ਹਨ।

ਬੈਂਕਾਂ ਦੇ ਪ੍ਰਬੰਧ ਕੋਲ਼ "ਨਿਰਸੰਦੇਹ ਵਿਆਪਕ ਲੇਖਾ ਰੱਖਣ ਦਾ ਅਤੇ ਸਮਾਜੀ, ਪੱਧਰ ਉੱਤੇ ਉਤਪਾਦਨ ਦੇ ਸਾਧਨਾਂ ਦੀ ਵੰਡ ਦਾ ਰੂਪ ਹੈ, ਪਰ ਕੇਵਲ ਰੂਪ ਹੀ," ਕਾਰਲ ਮਾਰਕਸ ਨੇ ਅੱਧੀ ਸਦੀ ਪਹਿਲਾਂ "ਸਰਮਾਇਆ" ਵਿੱਚ ਲਿਖਿਆ (ਰੂਸੀ ਅਨੁਵਾਦ, ਸੈਂਚੀ 3, ਭਾਗ–1, ਪੰਨਾ 144)।[28] ਅਸਾਂ ਉੱਪਰ ਬੈਂਕਾਂ ਦੇ ਸਰਮਾਏ ਦੇ ਵਾਧੇ, ਸਭ ਤੋਂ ਵੱਡੇ ਬੈਂਕਾਂ ਦੀਆਂ ਸ਼ਾਖ਼ਾਂ ਅਤੇ ਦਫ਼ਤਰਾਂ ਦੀ ਗਿਣਤੀ ਵਿੱਚ ਵਾਧੇ, ਉਹਨਾਂ ਦੇ ਖਾਤਿਆਂ ਦੇ ਵਾਧੇ, ਆਦਿ, ਸਬੰਧੀ ਜਿਹੜੇ ਅੰਕੜੇ ਦਿੱਤੇ ਹਨ, ਉਹ **ਸਮੁੱਚੀ** ਸਰਮਾਏਦਾਰ ਸ਼੍ਰੇਣੀ ਦੇ ਇਸ "ਵਿਆਪਕ ਲੇਖਾ ਰੱਖਣ" ਦੀ ਤਸਵੀਰ ਪੇਸ਼ ਕਰਦੇ ਹਨ ਅਤੇ ਕੇਵਲ ਸਰਮਾਏਦਾਰਾਂ ਦੇ ਹੀ ਨਹੀਂ, ਕਿਉਂਕਿ ਬੈਂਕ, ਭਾਵੇਂ ਆਰਜ਼ੀ ਤੌਰ 'ਤੇ ਹੀ, ਸਭ ਤਰ੍ਹਾਂ ਦੀਆਂ ਮੁਦਰਾ ਆਮਦਨਾਂ— ਛੋਟੇ ਵਪਾਰੀਆਂ, ਦਫ਼ਤਰੀ ਕਲਰਕਾਂ ਅਤੇ ਕਿਰਤੀ ਸ਼੍ਰੇਣੀ ਦੀ ਨਿੱਕੀ ਜਿਹੀ ਉੱਪਰਲੀ ਪਰਤ ਦੀਆਂ—ਵੀ ਇਕੱਠੀਆਂ ਕਰ ਲੈਂਦੇ ਹਨ। "ਉਤਪਾਦਨ ਦੇ ਸਾਧਨਾਂ ਦੀ ਵਿਆਪਕ ਵੰਡ" —ਜਿਹੜੀ, ਰਸਮੀ ਪੱਖ ਤੋਂ, ਉਹ ਕੁਝ ਹੈ ਜੋ ਕੁਝ ਨਵੀਨ ਬੈਂਕਾਂ ਵਿੱਚ **ਪੈਦਾ ਹੁੰਦਾ ਹੈ** ਜਿਹੜੇ ਫਰਾਂਸ ਵਿੱਚ ਗਿਣਤੀ ਵਿੱਚ ਤਿੰਨ ਤੋਂ ਛੇ ਸਭ ਤੋਂ ਵੱਡੇ ਅਤੇ ਜਰਮਨੀ ਵਿੱਚ ਛੇ ਤੋਂ ਅੱਠ ਸਭ ਤੋਂ ਵੱਡੇ, ਕਰੋੜਾਂ ਕਰੋੜ ਕੰਟਰੋਲ ਕਰਦੇ ਹਨ। ਪਰ "**ਅਸਲ ਅਰਥਾਂ ਵਿੱਚ**" ਉਤਪਾਦਨ ਦੇ

---

⇨ 1914, I, S.426 (ਅ. ਲਾਂਸਬਰਗ। "30 ਕਰੋੜ ਵਾਲ਼ਾ ਬੈਂਕ", ਰਸਾਲੇ "ਬੈਂਕ" ਵਿੱਚ, 1914, ਅੰਕ 1, ਪੰਨਾ 426। **ਸੰਪਾ:**)

* ਸ. ਚੀਰਸ਼ਕੀ, ਜਿਸ ਵਿੱਚੋਂ ਟੂਕ ਪਹਿਲਾਂ ਦਿੱਤੀ ਗਈ, ਪੰਨਾ 128।

ਸਾਧਨਾਂ ਦੀ ਵੰਡ, "ਵਿਆਪਕ" ਨਹੀਂ, ਸਗੋਂ ਨਿੱਜੀ ਹੈ, ਅਰਥਾਤ ਵੱਡੇ ਸਰਮਾਏ ਅਤੇ ਸਭ ਤੋਂ ਪਹਿਲਾਂ, ਧੜਵੈਲ, ਅਜਾਰੇਦਾਰ ਸਰਮਾਏ ਦੇ ਹਿੱਤਾਂ ਨਾਲ਼ ਮੇਲ ਖਾਂਦੀ ਹੈ, ਜਿਹੜਾ ਅਜਿਹੀਆਂ ਪ੍ਰਸਥਿਤੀਆਂ ਵਿੱਚ ਅਮਲ ਕਰਦਾ ਹੈ, ਜਿਸ ਵਿੱਚ ਜਨਤਾ ਥੁੜ੍ਹ ਦੀ ਹਾਲਤ ਵਿੱਚ ਰਹਿੰਦੀ ਹੈ, ਖੇਤੀ ਦਾ ਵਿਕਾਸ ਨਿਰਾਸ਼ਾਜਨਕ ਹੱਦ ਤੱਕ ਸਨਅਤ ਦੇ ਵਿਕਾਸ ਤੋਂ ਪਿੱਛੋਂ ਰਹਿੰਦਾ ਹੈ, ਜਦੋਂ ਕਿ ਖੁਦ ਸਨਅਤ ਵਿੱਚ "ਭਾਰੀਆਂ ਸਨਅਤਾਂ" ਸਨਅਤ ਦੀਆਂ ਬਾਕੀ ਸਭਨਾਂ ਸ਼ਾਖਾਂ ਤੋਂ ਖਿਰਾਜ ਵਸੂਲ ਕਰਦੀਆਂ ਹਨ।

ਸਰਮਾਏਦਾਰ ਆਰਥਕਤਾ ਦੇ ਸਮਾਜੀਕਰਨ ਦੇ ਮਾਮਲੇ ਵਿੱਚ ਸੇਵਿੰਗ ਬੈਂਕ ਅਤੇ ਡਾਕ-ਖਾਨਾ ਬੈਂਕਾਂ ਨਾਲ਼ ਮੁਕਾਬਲਾ ਕਰਨ ਲੱਗ ਪਏ ਹਨ; ਉਹ ਵਧੇਰੇ "ਵਿਕੇਂਦਰਿਤ" ਹਨ, ਅਰਥਾਤ, ਉਹਨਾਂ ਦਾ ਪ੍ਰਭਾਵ ਵਧੇਰੇ ਗਿਣਤੀ ਵਿੱਚ ਥਾਵਾਂ ਉੱਤੇ, ਵਧੇਰੇ ਦੁਰਾਡੀਆਂ ਥਾਵਾਂ ਉੱਤੇ, ਵਸੋਂ ਦੇ ਵਧੇਰੇ ਵਿਸ਼ਾਲ ਹਿੱਸਿਆਂ ਉੱਤੇ ਪੈਂਦਾ ਹੈ। ਇਹ ਹੈ ਵਾਕਫ਼ੀ ਜਿਹੜੀ ਬੈਂਕਾਂ ਅਤੇ ਸੇਵਿੰਗ ਬੈਂਕਾਂ ਵਿੱਚ ਜਮ੍ਹਾਂ ਕਾਰਵਾਈਆਂ ਰਕਮਾਂ ਦੇ ਨਿਸਬਤਨ ਵਾਧੇ ਸਬੰਧੀ ਅਮਰੀਕੀ ਕਮਿਸ਼ਨ ਨੇ ਇਕੱਠੀ ਕੀਤੀ।* (ਹੇਠ ਦਿੱਤੀ ਸਾਰਣੀ ਦੇਖੋ)

**ਜਮ੍ਹਾਂ ਹੋਈਆਂ ਰਕਮਾਂ** (00,00,00,000 **ਮਾਰਕ**)

| | ਬਰਤਾਨੀਆ | | ਫ਼ਰਾਂਸ | | ਜਰਮਨੀ | | |
|---|---|---|---|---|---|---|---|
| | ਬੈਂਕ | ਸੇਵਿੰਗ ਬੈਂਕ | ਬੈਂਕ | ਸੇਵਿੰਗ ਬੈਂਕ | ਬੈਂਕ | ਕਰਜ਼ਾ ਸੁਸਾਇਟੀਆਂ | ਸੇਵਿੰਗ ਬੈਂਕ |
| 1880 | 8.4 | 1.6 | ? | 0.9 | 0.5 | 0.4 | 2.6 |
| 1888 | 12.4 | 2.0 | 1.5 | 2.1 | 1.1 | 0.4 | 4.5 |
| 1908 | 23.2 | 4.2 | 3.7 | 4.2 | 7.1 | 2.2 | 13.9 |

ਕਿਉਂਕਿ ਉਹ ਜਮ੍ਹਾਂ ਕਰਵਾਈ ਰਕਮ ਉੱਤੇ 4 ਜਾਂ 41/4 ਫ਼ੀਸਦੀ ਦੇ ਹਿਸਾਬ ਸੂਦ ਦੇਂਦੇ ਹਨ, ਇਹ ਲਾਜ਼ਮੀ ਹੈ ਕਿ ਸੇਵਿੰਗ ਬੈਂਕ ਆਪਣਾ ਸਰਮਾਇਆ ਲਾਉਣ ਲਈ "ਲਾਹੇਵੰਦੇ" ਰਾਹ ਲੱਭਣ, ਇਹ ਲਾਜ਼ਮੀ ਹੈ ਕਿ ਉਹ ਹੁੰਡੀਆਂ ਗਹਿਣੇ ਰੱਖਣ, ਆਦਿ, ਦੇ ਕੰਮ ਕਰਨ। ਬੈਂਕਾਂ ਅਤੇ ਸੇਵਿੰਗ ਬੈਂਕਾਂ ਵਿਚਕਾਰ ਹੱਦਾਂ "ਵਧੇਰੇ ਅਤੇ ਹੋਰ ਵਧੇਰੇ ਧੁੰਦਲੀਆਂ ਹੋ ਜਾਂਦੀਆਂ ਹਨ"। ਮਿਸਾਲ ਦੇ ਤੌਰ 'ਤੇ ਬੋਚਮ ਅਤੇ ਅਰਫ਼ੁਰਟ ਦੇ ਕਾਮਰਸ ਦੇ ਚੈਂਬਰਾਂ ਨੇ ਮੰਗ ਕੀਤੀ ਕਿ ਸੇਵਿੰਗ ਬੈਂਕਾਂ ਨੂੰ "ਖਾਲਸ" ਬੈਂਕਾਂ ਦਾ ਕਾਰੋਬਾਰ ਕਰਨ ਦੀ ਮਨਾਹੀ ਕਰ ਦਿੱਤੀ ਜਾਵੇ, ਜਿਹਾ ਕਿ ਹੁੰਡੀਆਂ ਦੀ ਮਿਤੀ ਕੱਟਣਾ; ਉਹ ਡਾਕਖਾਨੇ ਦੇ ਬੈਂਕਾਂ ਦੇ "ਕੰਮ 'ਤੇ ਰੋਕ ਲਾਉਣ ਦੀ ਮੰਗ ਕਰਦੇ ਹਨ।"** ਬੈਂਕਾਂ ਦੇ ਵੱਡ-ਸਾਹਬ ਇਸ ਗੱਲੋਂ ਡਰਦੇ ਜਾਪਦੇ

* Statistics of the National Monetary Commission, quoted in ´Die Bank[a], 1910 ("ਕੌਮੀ ਮੁਦਰਾ ਕਮਿਸ਼ਨ ਦੇ ਅੰਕੜੇ," ਰਸਾਲੇ "ਬੈਂਕ" ਵਿੱਚ ਦਿੱਤੀ ਟੂਕ, 1910, ਅੰਕ 2, ਪੰਨਾ 1200।- **ਸੰਪਾ: ।**

* * ´Die Bank[a], 1913, S, 811, 1022, 1914, S. 713.

ਹਨ ਕਿ ਰਾਜਕੀ ਅਜਾਰੇਦਾਰੀ ਉਹਨਾਂ ਉੱਤੇ ਅਜਿਹੇ ਪਾਸਿਉਂ ਆ ਪਵੇਗੀ ਜਿਸਦੀ ਉਹਨਾਂ ਨੂੰ ਆਸ ਨਹੀਂ। ਪਰ, ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਇਹ ਤੌਖਲਾ ਇੱਕੋ ਦਫ਼ਤਰ ਦੇ ਦੋ ਮਹਿਕਮਿਆਂ ਦੇ ਮੈਨੇਜਰਾਂ ਵਿਚਕਾਰ ਸ਼ਰੀਕੇ ਦੇ ਪ੍ਰਗਟਾਅ ਤੋਂ ਵੱਧ ਕੁਝ ਨਹੀਂ; ਕਿਉਂਕਿ ਇੱਕ ਹੱਥ, ਸੇਵਿੰਗ ਬੈਂਕਾਂ ਦੇ ਹਵਾਲੇ ਕੀਤੇ ਲਖੂਖਾ ਉੱਤੇ ਅੰਤਲੇ ਵਿਸ਼ਲੇਸ਼ਣ ਵਿੱਚ ਸਰਮਾਏ ਦੇ ਇਹੋ ਵੱਡ-ਸਾਹਬ ਕੰਟਰੋਲ ਕਰਦੇ ਹਨ, ਜਿਥੇ, ਦੂਜੇ ਹੱਥ, ਸਰਮਾਏਦਾਰ ਸਮਾਜ ਵਿੱਚ ਰਾਜਕੀ ਅਜਾਰੇਦਾਰੀ ਕੇਵਲ ਸਨਅਤ ਦੀਆਂ ਕੁਝ ਸ਼ਾਖਾਂ ਵਿੱਚ ਦਿਵਾਲਾ ਨਿਕਲਣ ਦੇ ਕੰਢੇ ਅੱਪੜੇ ਲੱਖਪਤੀਆਂ ਦੀਆਂ, ਆਮਦਨਾਂ ਵਧਾਉਣਾ ਅਤੇ ਉਹਨਾਂ ਦੀ ਜ਼ਮਾਨਤ ਦੇਣਾ ਹੀ ਹੈ।

ਪੁਰਾਣੇ ਕਿਸਮ ਦੀ ਸਰਮਾਏਦਾਰੀ ਤੋਂ, ਜਿਸ ਵਿੱਚ ਅਜ਼ਾਦ ਮੁਕਾਬਲਾ ਭਾਰੂ ਸੀ, ਨਵੇਂ ਕਿਸਮ ਦੀ ਸਰਮਾਏਦਾਰੀ ਵੱਲ, ਜਿੱਥੇ ਅਜਾਰੇਦਾਰੀ ਦਾ ਰਾਜ ਹੈ, ਤਬਦੀਲੀ, ਹੋਰਨਾਂ ਗੱਲਾਂ ਦੇ ਨਾਲ਼ ਹੀ ਨਾਲ਼, ਸੱਟਾ ਬਜ਼ਾਰ ਦੀ ਮਹੱਤਤਾ ਘਟਣ ਵਿੱਚ ਪ੍ਰਗਟ ਹੁੰਦੀ ਹੈ। ਰਸਾਲਾ ´Die Bank[a] ਲਿਖਦਾ ਹੈ: "ਸੱਟਾ ਬਾਜ਼ਾਰ ਲੰਮੇ ਸਮੇਂ ਤੋਂ ਗੇੜ ਦਾ ਉਹ ਵਿਗੋਚੇ ਵਾਲ਼ਾ ਸਾਧਨ ਨਹੀਂ ਰਿਹਾ ਜਿਹੜਾ ਇਹ ਉਸ ਸਮੇਂ ਸੀ ਜਦੋਂ ਅਜੇ ਬੈਂਕ ਨਵੇਂ ਜਾਰੀ ਕੀਤੇ ਹਿੱਸਿਆਂ ਦਾ ਵੱਡਾ ਹਿੱਸਾ ਆਪਣੇ ਗਾਹਕਾਂ ਕੋਲ਼ ਨਹੀਂ ਸਨ ਵੇਚ ਸਕਦੇ।"*

" 'ਹਰ ਬੈਂਕ ਸੱਟਾ ਬਾਜ਼ਾਰ ਹੈ' ਅਤੇ ਜਿੰਨਾਂ ਵੱਡਾ ਕੋਈ ਬੈਂਕ ਹੋਵੇਗਾ, ਜਿੰਨਾਂ ਵਧੇਰੇ ਬੈਂਕ ਦਾ ਕਾਰੋਬਾਰ ਦਾ ਕੇਂਦਰੀਣ ਸਫ਼ਲ ਹੋਵੇਗਾ, ਉਨਾ ਵਧੇਰੇ ਸੱਚਾ ਇਹ ਅਖਾਣ ਜਾਪਦਾ ਹੈ।"** "ਜਿੱਥੇ ਪਹਿਲੀਆਂ ਵਿੱਚ, ਸੱਤਰਵਿਆਂ ਵਿੱਚ ਸੱਟਾ ਬਾਜ਼ਾਰ ਨੇ, ਜਵਾਨੀ ਦੇ ਉਤਸ਼ਾਹ ਨਾਲ਼ ਡੁੱਲ੍ਹ ਡੁਲ੍ਹ ਪੈਂਦੇ ਨੇ (ਇੱਥੇ 1873[29] ਵਿੱਚ ਸੱਟਾ ਬਜ਼ਾਰ ਵਿੱਚ ਗਿਰਾਵਟ ਵੱਲ, ਨਵੀਂਆਂ ਕੰਪਨੀਆਂ ਖੜ੍ਹੀਆਂ ਕਰਨ ਵਿੱਚ ਹੋਈਆਂ ਸਕੈਂਡਲਾਂ[30], ਆਦਿ ਵੱਲ 'ਸੂਖ਼ਮ' ਇਸ਼ਾਰਾ ਹੈ) ਜਰਮਨੀ ਦੇ ਸਨਅਤੀਕਰਨ ਦਾ ਯੁੱਗ ਖੋਹਲਿਆ, ਅੱਜ ਕੱਲ੍ਹ ਬੈਂਕ ਅਤੇ ਸਨਅਤਾਂ 'ਇਕੱਲੇ ਹੀ ਇਹਦਾ ਪ੍ਰਬੰਧ ਕਰ ਲੈਂਦੇ ਹਨ'। ਸੱਟਾ ਬਜ਼ਾਰ ਉੱਤੇ ਸਾਡੇ ਵੱਡੇ ਬੈਂਕਾਂ ਦਾ ਗ਼ਲਬਾ... ਪੂਰੀ ਤਰ੍ਹਾਂ ਜਥੇਬੰਦ ਜਰਮਨ ਸਨਅਤੀ ਰਾਜ ਦੇ ਪ੍ਰਗਟਾਅ ਤੋਂ ਬਿਨਾਂ ਕੁਝ ਨਹੀਂ। ਜੇ ਸਵੈ-ਚਾਲੂ ਆਰਥਕ ਕਾਨੂੰਨਾਂ ਦੇ ਖੇਤਰ ਉੱਤੇ ਇਉਂ ਰੋਕ ਲਾਈ ਜਾਂਦੀ ਹੈ ਅਤੇ ਬੈਂਕਾਂ ਵੱਲੋਂ ਚੇਤੰਨ ਨਿਮਿਤਣ ਦੇ ਖੇਤਰ ਨੂੰ ਚੋਖਾ ਵਧਾ ਦਿੱਤਾ ਜਾਂਦਾ ਹੈ ਤਾਂ ਅਗਵਾਈ ਕਰਨ ਵਾਲ਼ੇ ਕੁਝ ਮੁਖੀਆਂ ਦੀ ਕੌਮੀ ਆਰਥਕ ਜਿੰਮੇਵਾਰੀ ਬਹੁਤ ਵੱਧ ਜਾਂਦੀ ਹੈ,"*** ਇਉਂ ਪ੍ਰੋ. ਸ਼ੁਲਜ਼ੇ-ਗੀਵੇਰ-ਨਿਤਜ਼, ਜਰਮਨ ਸਾਮਰਾਜਵਾਦ ਦਾ ਪ੍ਰਚਾਰਕ, ਲਿਖਦਾ ਹੈ, ਜਿਹੜਾ ਸਭਨਾਂ ਦੇਸ਼ਾਂ ਦੇ ਸਾਮਰਾਜੀਆਂ ਵਲੋਂ ਇੱਕ ਪ੍ਰਮਾਣਿਕ ਵਿਅਕਤੀ ਮੰਨਿਆ ਜਾਂਦਾ ਹੈ ਅਤੇ ਜਿਹੜਾ

---

*´Die Bank[a], 1914, 1, S. 316,

** Dr. Oscar Stillich, ´Geld-und Bankwesen[a], Berlin, 1907, S. 169, (ਡਾ. ਓਸਕਰ ਸਟਿਲਿਚ, "ਮੁਦਰਾ ਅਤੇ ਬੈਂਕ ਕਾਰੋਬਾਰ," ਬਰਲਿਨ, 1907, ਪੰਨਾ 169।-**ਸੰਪਾ:**)

***Schulze-Gaevernitz ´Die deutsche Kreditbank[a] in ´Grundrifl der Sozial^konomik[a], T¸bingen, 1915, S, 101.

ਇਸ "ਕੇਵਲ ਵਿਸਥਾਰ" ਨੂੰ ਅੱਖੋਂ ਉਹਲੇ ਕਰਨ ਦਾ ਯਤਨ ਕਰਦਾ ਹੈ ਕਿ ਬੈਂਕਾਂ ਵਲੋਂ ਆਰਥਕ ਜੀਵਨ ਦਾ "ਚੇਤੰਨ ਨਿਰਮਾਣ" ਮੁੱਠੀ ਭਰ "ਪੂਰੀ ਤਰ੍ਹਾਂ ਜਥੇਬੰਦ" ਅਜਾਰੇਦਾਰਾਂ ਵੱਲੋਂ ਜਨਤਾ ਨੂੰ ਲੁੱਟਣਾ ਹੈ। ਬੁਰਜੂਆ ਪ੍ਰੋਫ਼ੈਸਰ ਦਾ ਕੰਮ ਪੂਰੀ ਮਸ਼ੀਨ ਨੂੰ ਨੰਗਾ ਕਰਨਾ ਜਾਂ ਬੈਂਕ ਦੇ ਅਜਾਰੇਦਾਰਾਂ ਦੀਆਂ ਕੁੱਲ ਚਾਲਾਂ ਦਾ ਪਾਜ ਉਘੇੜਨਾ ਨਹੀਂ ਸਗੋਂ ਉਹਨਾਂ ਨੂੰ ਚੰਗੀ ਰੌਸ਼ਨੀ ਵਿੱਚ ਪੇਸ਼ ਕਰਨਾ ਹੀ ਹੈ।

ਇਸੇ ਤਰ੍ਹਾਂ ਰੱਦ ਨਾ ਹੋ ਸਕਣ ਵਾਲ਼ੇ ਤੱਥਾਂ ਨੂੰ ਆਇਆ ਗਿਆ ਕਰ ਦੇਣ ਲਈ ਰੀਸਰ, ਹੋਰ ਵਧੇਰੇ ਅਧਿਕਾਰੀ ਅਰਥ-ਸ਼ਾਸਤਰੀ ਅਤੇ ਖੁਦ ਇੱਕ ਬੈਂਕਰ, ਬੇਅਰਥ ਵਾਕੰਸ਼ਾਂ ਨਾਲ਼ ਖੇਡਦਾ ਹੈ: "ਹੌਲ਼ੀ ਹੌਲ਼ੀ ਸੱਟਾ ਬਜ਼ਾਰ ਦਾ ਉਹ ਖ਼ਾਸਾ ਖ਼ਤਮ ਹੋ ਰਿਹਾ ਹੈ ਜਿਹੜਾ ਸਮੁੱਚੇ ਤੌਰ 'ਤੇ ਕੌਮੀ ਆਰਥਕਤਾ ਲਈ ਅਤੇ ਹਿੱਸਿਆਂ ਦੇ ਗੇੜ ਲਈ ਖ਼ਾਸ ਤੌਰ 'ਤੇ ਜ਼ਰੂਰੀ ਸੀ—ਨਾ ਕੇਵਲ ਇੱਕ ਅਤਿ-ਅੰਤ ਸ਼ੁੱਧ ਗਜ਼ ਹੋਣ ਦਾ, ਸਗੋਂ ਉਹਨਾਂ ਉੱਤੇ ਆ ਜੁੜਦੀਆਂ ਆਰਥਕ ਲਹਿਰਾਂ ਦੇ ਲਗਭਗ ਸਵੈਕਾਰ ਨਿਮਿੱਤਣ ਵਾਲ਼ਾ ਹੋਣ ਦਾ ਵੀ।"*

ਦੂਜੇ ਸ਼ਬਦਾਂ ਵਿੱਚ ਪੁਰਾਣੀ ਸਰਮਾਏਦਾਰੀ, ਆਜ਼ਾਦ ਮੁਕਾਬਲੇ ਅਤੇ ਇਹਦੇ ਲਾਜ਼ਮੀ ਨਮਿੱਤਣ ਵਾਲ਼ੇ, ਸੱਟਾ ਬਾਜ਼ਾਰ, ਦੀ ਸਰਮਾਏਦਾਰੀ ਖ਼ਤਮ ਹੋ ਰਹੀ ਹੈ। ਇੱਕ ਨਵੀਂ ਸਰਮਾਏਦਾਰੀ ਨੇ ਇਹਦੀ ਥਾਂ ਲੈ ਲਈ ਹੈ, ਜਿਸ ਵਿੱਚ ਕਿਸੇ ਵਕਤੀ ਸ਼ੈਅ ਦੇ ਸਪੱਸ਼ਟ ਲੱਛਣ ਦਿੱਸਦੇ ਹਨ, ਅਜ਼ਾਦ ਮੁਕਾਬਲੇ ਅਤੇ ਅਜਾਰੇਦਾਰੀ ਦਾ ਮਿਸ਼ਰਣ। ਸੁਭਾਵਕ ਹੀ ਪ੍ਰਸ਼ਨ ਉੱਠਦਾ ਹੈ: ਇਹ ਸਰਮਾਏਦਾਰੀ "ਵਿਕਸਤ ਹੋ ਕੇ" **ਕੀ ਬਣ ਰਹੀ ਹੈ ?** ਪਰ ਬੁਰਜੂਆ ਆਲਮ ਇਹ ਪ੍ਰਸ਼ਨ ਉਠਾਉਣੋਂ ਡਰਦੇ ਹਨ।

"ਤੀਹ ਵਰ੍ਹੇ ਹੋਏ, ਇੱਕ ਦੂਜੇ ਨਾਲ਼ ਅਜ਼ਾਦ ਮੁਕਾਬਲਾ ਕਰਦੇ ਹੋਏ, ਵਪਾਰੀ ਸਰੀਰਕ ਕਿਰਤ ਤੋਂ ਬਿਨਾਂ ਆਪਣੇ ਵਪਾਰ ਨਾਲ਼ ਸਬੰਧਤ ਕੰਮ ਦੇ ਦਸਾਂ ਵਿਚੋਂ ਨੌਂ ਹਿੱਸੇ ਕਰਦੇ ਸਨ। ਅੱਜ ਇਸ 'ਦਿਮਾਗੀ ਕੰਮ' ਦਾ ਦਸ ਵਿੱਚੋਂ ਨੌਂ ਹਿੱਸੇ **ਮੁਲਾਜ਼ਮ** ਕਰਦੇ ਹਨ। ਬੈਂਕਾਂ ਦਾ ਕੰਮ ਇਸ ਵਿਕਾਸ ਦੀ ਮੂਹਰਲੀ ਸਫ਼ ਵਿੱਚ ਹੈ।"** ਸ਼ੁਲਜ਼ੇ-ਗੀਵੇਰਨਿਤਜ਼ ਦਾ ਇਹ ਇਕਬਾਲ ਸਾਨੂੰ ਇੱਕ ਵਾਰ ਫ਼ਿਰ ਉਸ ਪ੍ਰਸ਼ਨ ਤੱਕ ਲੈ ਆਉਂਦਾ ਹੈ: ਇਹ ਨਵੀਂ ਸਰਮਾਏਦਾਰੀ, ਆਪਣੇ ਸਾਮਰਾਜੀ ਪੜਾਅ ਵਿੱਚ ਸਰਮਾਏਦਾਰੀ, ਕਾਹਦੇ ਵਿੱਚ ਵਿਕਸਿਤ ਹੋ ਰਹੀ ਹੈ ?

ਜਿਹੜੇ ਥੋੜ੍ਹੇ ਜਿਹੇ ਬੈਂਕ ਕੇਂਦਰੀਣ ਦੇ ਅਮਲ ਦੇ ਸਿੱਟੇ ਵਜੋਂ ਸਾਰੀ ਸਰਮਾਏਦਾਰ ਆਰਥਕਤਾ ਦੇ ਮੁਖੀ ਰਹਿ ਜਾਂਦੇ ਹਨ, ਉਹਨਾਂ ਵਿੱਚ ਸੁਭਾਵਕ ਹੀ ਅਜਾਰੇਦਾਰ ਸਮਝੌਤਿਆਂ ਵੱਲ ਇੱਕ ਵੱਧ ਰਿਹਾ ਸਪੱਸ਼ਟ ਝੁਕਾਅ ਦਿੱਸਦਾ ਹੈ, **ਬੈਂਕਾਂ ਦੇ ਟਰੱਸਟ** ਵੱਲ ਝੁਕਾਅ। ਅਮਰੀਕਾ ਵਿੱਚ ਨੌਂ ਨਹੀਂ ਸਗੋਂ **ਦੋ** ਬਹੁਤ ਵੱਡੇ ਬੈਂਕ, ਅਰਬਪਤੀਆਂ ਰਾਕਫ਼ੈਲਰ ਅਤੇ ਮਾਰਗਨ ਦੇ ਬੈਂਕ,

---

* ਰੀਸਰ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਚੌਥੀ ਛਾਪ, ਪੰਨਾ 629।

** Schulze-Gavernitz, ´Die deutsche Kreditbank^a in ´Grundrifl der Sozial^konomik^a, T¸bingen,1915.S. 151.

1,100 ਕਰੋੜ ਮਾਰਕ ਦੇ ਸਰਮਾਏ ਨੂੰ ਕੰਟਰੋਲ਼ ਕਰਦੇ ਹਨ।* ਜਰਮਨੀ ਵਿੱਚ ਸ਼ਾਫ਼ਹਾਊਸੇਨਸ਼ੇਰ ਬੈਂਕਵੇਰੀਨ ਦੇ ਡਿਸਕੋਨਟੋ-ਗੈਸਲਸ਼ਾਫ਼ਟ ਵੱਲੋਂ ਸਮੋ ਲਏ ਜਾਣ ਉੱਤੇ, ਜਿਸਦਾ ਮੈਂ ਉੱਪਰ ਜ਼ਿਕਰ ਕੀਤਾ ਹੈ ‹‹Frankfurter Zeitungsi i[a31] ਨੇ, ਜਿਹੜਾ ਸੱਟਾ ਬਾਜ਼ਾਰ ਦਾ ਇੱਕ ਬੁਲਾਰਾ ਹੈ, ਹੇਠ ਲਿਖੀ ਟਿੱਪਣੀ ਕੀਤੀ:

"ਬੈਂਕਾਂ ਦਾ ਕੇਂਦਰੀਣ ਉਹਨਾਂ ਸੰਸਥਾਵਾਂ ਦਾ ਘੇਰਾ ਸੌੜੇਰਾ ਕਰਦਾ ਜਾ ਰਿਹਾ ਹੈ, ਜਿਨ੍ਹਾਂ ਤੋਂ ਕਰਜ਼ੇ ਪ੍ਰਾਪਤ ਕਰਨਾ ਸੰਭਵ ਹੈ ਅਤੇ ਇਹਦੇ ਸਿੱਟੇ ਵਜੋਂ ਬੈਂਕਾਂ ਦੀਆਂ ਟੋਲੀਆਂ ਦੀ ਇੱਕ ਛੋਟੀ ਗਿਣਤੀ ਉੱਤੇ ਵੱਡੀ ਸਨਅਤ ਦੀ ਨਿਰਭਰਤਾ ਵਧਾਈ ਜਾ ਰਹੀ ਹੈ। ਸਨਅਤ ਅਤੇ ਵਿੱਤ ਦੁਨੀਆ ਵਿਚਕਾਰ ਨੇੜਵੇਂ ਸਬੰਧ ਕਾਰਨ, ਜਿਨ੍ਹਾਂ ਸਨਅਤੀ ਕੰਪਨੀਆਂ ਨੂੰ ਬੈਂਕਾਂ ਤੋਂ ਸਰਮਾਏ ਦੀ ਲੋੜ ਹੁੰਦੀ ਹੈ, ਉਹਨਾਂ ਦੀ ਹਰਕਤ ਦੀ ਅਜ਼ਾਦੀ ਘਟਦੀ ਜਾ ਰਹੀ ਹੈ। ਇਸੇ ਕਾਰਨ ਵੱਡੀ ਸਨਅਤ ਬੈਂਕਾਂ ਦੇ ਟਰੱਸਟ ਬਣਨ ਨੂੰ ਮਿਲ਼ੀ ਜੁਲ਼ੀ ਭਾਵਨਾ ਨਾਲ਼ ਵੇਖ ਰਹੀ ਹੈ। ਨਿਰਸੰਦੇਹ, ਅਸਾਂ ਵੱਡੀਆਂ ਬੈਕਿੰਗ ਸੰਸਥਾਵਾਂ ਵਿੱਚ ਅਜਿਹੇ ਸਮਝੌਤਿਆਂ ਦਾ ਮੁੱਢ ਅਕਸਰ ਵੇਖਿਆ ਹੈ, ਜਿਨ੍ਹਾਂ ਦਾ ਮੰਤਵ ਮੁਕਾਬਲਾ ਸੀਮਤ ਕਰਨਾ ਹੈ।"**

ਮੁੜ ਘਿੜ ਕੇ ਬੈਕਿੰਗ ਦੇ ਵਿਕਾਸ ਵਿੱਚ ਅੰਤਮ ਸ਼ਬਦ ਅਜਾਰੇਦਾਰੀ ਹੈ।

ਜਿੱਥੋਂ ਤੱਕ ਬੈਂਕਾਂ ਅਤੇ ਸਨਅਤ ਵਿਚਕਾਰ ਨੇੜਵੇਂ ਸਬੰਧ ਦੀ ਗੱਲ ਹੈ, ਸ਼ਾਇਦ ਇਸੇ ਖੇਤਰ ਵਿੱਚ ਹੀ ਬੈਂਕਾਂ ਦਾ ਨਵਾਂ ਰੋਲ ਅਤਿ -ਅੰਤ ਉੱਘੜਵੀਂ ਤਰ੍ਹਾਂ ਅਨੁਭਵ ਹੁੰਦਾ ਹੈ। ਜਦੋਂ ਕੋਈ ਬੈਂਕ ਕਿਸੇ ਫ਼ਰਮ ਲਈ ਹੁੰਡੀ ਦੀ ਮਿਤੀ ਕੱਟਦਾ ਹੈ, ਉਹਦੇ ਲਈ ਚਾਲੂ ਖਾਤਾ ਖੋਹਲਦਾ ਹੈ, ਆਦਿ, ਇਹ ਕਾਰਵਾਈਆਂ, ਵੱਖ ਵੱਖ ਤੌਰ 'ਤੇ ਲਿਆਂ, ਉਹਦੀ ਸੁਤੰਤਰਤਾ ਨੂੰ ਘੱਟ ਤੋਂ ਘੱਟ ਹੱਦ ਤੱਕ ਵੀ ਨਹੀਂ ਘਟਾਉਂਦੀਆਂ ਅਤੇ ਬੈਂਕ ਨਿਰਮਾਣ ਵਿਚੋਲੇ ਤੋਂ ਵੱਧ ਕੋਈ ਰੋਲ ਅਦਾ ਨਹੀਂ ਕਰਦਾ। ਪਰ ਜਦੋਂ ਅਜਿਹੀਆਂ ਕਾਰਵਾਈਆਂ ਘੜੀ ਮੁੜੀ ਕੀਤੀਆਂ ਜਾਂਦੀਆਂ ਹਨ ਅਤੇ ਇੱਕ ਸਥਾਪਤ ਅਮਲ ਬਣ ਜਾਂਦੀਆਂ ਹਨ, ਜਦੋਂ ਬੈਂਕ ਆਪਣੇ ਹੱਥਾਂ ਵਿੱਚ ਸਰਮਾਏ ਦੀਆਂ ਅਥਾਹ ਮਾਤਰਾਵਾਂ "ਇਕੱਠੀਆਂ" ਕਰ ਲੈਂਦਾ ਹੈ, ਜਦੋਂ ਕਿਸੇ ਖਾਸ ਫ਼ਰਮ ਲਈ ਚਾਲੂ ਖਾਤਾ ਬੈਂਕ ਨੂੰ ਆਪਣੇ ਗਾਹਕ ਦੀ ਆਰਥਕ ਪ੍ਰਸਥਿਤੀ ਸਬੰਧੀ ਵਧੇਰੇ ਅਤੇ ਵਧੇਰੇ ਮੁਕੰਮਲ ਵਾਕਫ਼ੀ ਪ੍ਰਾਪਤ ਕਰਨ ਯੋਗ ਬਣਾਉਂਦਾ ਹੈ—ਅਤੇ ਇਹੋ ਕੁਝ ਹੀ ਹੁੰਦਾ ਹੈ—ਤਾਂ ਸਿੱਟਾ ਇਹ ਨਿਕਲਦਾ ਹੈ ਕਿ ਸਨਅਤੀ ਸਰਮਾਏਦਾਰ ਬੈਂਕ ਉੱਤੇ ਹੋਰ ਵਧੇਰੇ ਪੂਰੀ ਤਰ੍ਹਾਂ ਨਿਰਭਰ ਹੋ ਜਾਂਦਾ ਹੈ।

ਇਹਦੇ ਨਾਲ਼ ਹੀ ਨਾਲ਼, ਇਹ ਕਿਹਾ ਜਾ ਸਕਦਾ ਹੈ, ਕਿ ਹਿੱਸੇ ਖ਼ਰੀਦਣ ਰਾਹੀਂ, ਬੈਂਕਾਂ ਦੇ ਡਾਇਰੈਕਟਰਾਂ ਦੀ ਸਨਅਤੀ ਅਤੇ ਵਣਜ ਕਾਰੋਬਾਰਾਂ ਦੇ ਨਿਗਰਾਨੀ ਬੋਰਡਾਂ (ਡਾਇਰੈਕਟਰਾਂ ਦੇ ਬੋਰਡਾਂ) ਵਿੱਚ ਨਿਯੁਕਤੀ ਰਾਹੀਂ ਅਤੇ ਇਹਨਾਂ ਕਾਰੋਬਾਰਾਂ ਦੇ ਡਾਇਰੈਕਟਰਾਂ ਦੀ ਬੈਂਕਾਂ ਦੇ ਬੋਰਡਾਂ ਵਿੱਚ ਨਿਯੁਕਤੀ ਰਾਹੀਂ, ਬੈਂਕਾਂ ਅਤੇ ਸਭ ਤੋਂ ਵੱਡੇ ਸਨਅਤੀ ਅਤੇ ਵਣਜ ਕਾਰੋਬਾਰਾਂ ਵਿੱਚਕਾਰ ਨਿੱਜੀ ਸਬੰਧ ਸਥਾਪਤ ਹੋ ਜਾਂਦੇ ਹਨ। ਜਰਮਨ ਅਰਥ-ਸ਼ਾਸਤਰੀ

---

* ´Die Bank[a], 1912, 1, S. 435.

** ਸ਼ੁਲਜ਼ੇ-ਗੀਵੇਰਨਿਤਜ਼ ਵੱਲੋਂ ਦਿੱਤੀ ਟੂਕ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾਂ 155।

ਜੀਡਲਜ਼ ਨੇ ਸਰਮਾਏ ਦੇ ਅਤੇ ਕਾਰੋਬਾਰਾਂ ਦੇ ਕੇਂਦਰੀਣ ਦੇ ਇਸ ਰੂਪ ਸਬੰਧੀ ਅਤਿ-ਅੰਤ ਵਿਸਥਾਰ-ਪੂਰਵਕ ਸਮੱਗਰੀ ਇੱਕਠੀ ਕੀਤੀ ਹੈ। ਬਰਲਿਨ ਦੇ ਛੇ ਸਭ ਤੋਂ ਵੱਡੇ ਬੈਂਕਾਂ ਨੂੰ ਆਪਣੇ ਡਾਇਰੈਕਟਰਾਂ ਰਾਹੀਂ 344 ਸਨਅਤੀ ਕੰਪਨੀਆਂ ਵਿੱਚ ਪ੍ਰਤੀਨਿਧਤਾ ਪ੍ਰਾਪਤ ਸੀ ਅਤੇ ਆਪਣੇ ਬੋਰਡ ਦੇ ਮੈਂਬਰਾਂ ਰਾਹੀਂ 407 ਹੋਰਨਾਂ ਵਿੱਚ , ਜਿਸ ਦਾ ਕੁੱਲ ਜੋੜ 751 ਕੰਪਨੀਆਂ ਬਣਦਾ ਹੈ। ਇਹਨਾਂ ਵਿੱਚੋਂ **289** ਕੰਪਨੀਆਂ ਵਿੱਚ ਸਬੰਧਤ ਬੋਰਡਾਂ ਵਿੱਚੋਂ ਹਰ ਇੱਕ ਵਿੱਚ ਉਹਨਾਂ ਦੇ ਦੋ ਪ੍ਰਤੀਨਿੱਧ ਸਨ ਜਾਂ ਉਹਨਾਂ ਨੂੰ ਚੇਅਰਮੈਨ ਦੀਆਂ ਪਦਵੀਆਂ ਪ੍ਰਾਪਤ ਸਨ। ਅਸੀਂ ਇਹ ਸਨਅਤੀ ਅਤੇ ਵਣਜ ਕੰਪਨੀਆਂ ਸਨਅਤ ਦੀਆਂ ਅਤਿ-ਅੰਤ ਭਿੰਨ ਭਿੰਨ ਸ਼ਾਖਾਂ ਵਿੱਚ ਵੇਖਦੇ ਹਾਂ: ਬੀਮਾ, ਟਰਾਂਸਪੋਰਟ, ਰੈਸਟੋਰੈਂਟ, ਥੀਏਟਰ, ਕਲਾ ਦੀ ਸਨਅਤ, ਆਦਿ। ਦੂਜੇ ਹੱਥ ਛੇ ਬੈਂਕਾਂ ਦੇ ਨਿਗਰਾਨੀ ਬੋਰਡਾਂ ਵਿੱਚ (1910 ਵਿੱਚ) 51 ਸਭ ਤੋਂ ਵੱਡੇ ਸਨਅਤਕਾਰ ਸ਼ਾਮਲ ਸਨ, ਜਿਨ੍ਹਾਂ ਵਿੱਚ ਕਰੁਪ ਦੇ, ਬਲਵਾਨ "ਹਾਪਾਗ" 'Hapag[a] (ਹੈਂਬਰਗ-ਅਮਰੀਕਾ ਲਈਨ,) ਇਤਿ ਆਦਿ, ਦੇ ਡਾਇਰੈਕਰਟਰ ਵੀ ਸਨ। 1895 ਤੋਂ 1910 ਤੱਕ ਇਹਨਾਂ ਛੇ ਬੈਂਕਾਂ ਵਿੱਚੋਂ ਹਰ ਇੱਕ ਨੇ ਕਈ ਸੌ ਸਨਅਤੀ ਕੰਪਨੀਆਂ ਦੇ ਹਿੱਸੇ ਅਤੇ ਹੁੰਡੀਆਂ ਜਾਰੀ ਕਰਨ ਵਿੱਚ ਹਿੱਸਾ ਲਿਆ (ਇਹ ਗਿਣਤੀ 281 ਤੋਂ 419 ਦੇ ਵਿਚਕਾਰ ਰਹੀ)।*

ਬੈਂਕਾਂ ਅਤੇ ਸਨਅਤ ਵਿਚਕਾਰ "ਨਿੱਜੀ ਸਬੰਧਾਂ" ਵਿੱਚ ਉਹਨਾਂ ਅਤੇ ਹਕੂਮਤ ਦੁਹਾਂ ਵਿਚਕਾਰ "ਨਿੱਜੀ ਸਬੰਧਾਂ" ਰਾਹੀਂ ਵਾਧਾ ਹੁੰਦਾ ਹੈ। ਜੀਡਲਜ਼ ਲਿਖਦਾ ਹੈ: "ਨਿਗਰਾਨੀ ਬੋਰਡਾਂ ਵਿੱਚ ਸੀਟਾਂ ਖ਼ਤਾਬਾਂ ਵਾਲ਼ੇ ਲੋਕਾਂ ਨੂੰ ਅਤੇ ਸਾਬਕ ਵੱਡੇ ਸਰਕਾਰੀ ਮੁਲਾਜ਼ਮਾਂ ਨੂੰ ਖੁੱਲ੍ਹੀ ਤਰ੍ਹਾਂ ਪੇਸ਼ ਕੀਤੀਆਂ ਜਾਂਦੀਆਂ ਹਨ, ਜਿਹੜੇ ਅਧਿਕਾਰੀਆਂ ਨਾਲ਼ ਸਬੰਧ ਸੌਖੇਰੇ ਬਣਾਉਣ [!!] ਲਈ ਬਹੁਤ ਕੁਝ ਕਰ ਸਕਦੇ ਹਨ। ..." "ਆਮ ਤੌਰ 'ਤੇ ਇੱਕ ਵੱਡੇ ਬੈਂਕ ਦੇ ਨਿਗਰਾਨੀ ਬੋਰਡ ਵਿੱਚ ਪਾਰਲੀਮੈਂਟ ਦਾ ਇੱਕ ਮੈਂਬਰ ਜਾਂ ਬਰਲਿਨ ਸ਼ਹਿਰ ਦਾ ਇੱਕ ਕੌਂਸਲਰ ਹੁੰਦਾ ਹੈ।"

ਕਿਹਾ ਜਾ ਸਕਦਾ ਹੈ ਕਿ ਵੱਡੀਆਂ ਸਰਮਾਏਦਾਰ ਅਜਾਰੇਦਾਰੀਆਂ ਦੀ ਉਸਾਰੀ ਅਤੇ ਵਿਕਾਸ ਸਭਨਾਂ "ਪ੍ਰਕਿਰਤਕ" ਅਤੇ "ਪਰਾ-ਪਕ੍ਰਿਰਤਕ" ਢੰਗਾਂ ਨਾਲ਼ ਪੂਰੀ ਤਰ੍ਹਾਂ ਨਾਲ਼ ਅੱਗੇ ਵੱਧ ਰਿਹਾ ਹੈ। ਸੈਂਕੜੇ ਵਿੱਤ ਬਾਦਸ਼ਾਹਾਂ ਵਿਚਕਾਰ, ਜਿਹੜੇ ਨਵੀਨ ਸਰਮਾਏਦਾਰ ਪ੍ਰਣਾਲੀ ਉੱਤੇ ਰਾਜ ਕਰਦੇ ਹਨ, ਕਿਰਤ ਦੀ ਇੱਕ ਵੰਡ ਨੇਮ-ਬੱਧ ਢੰਗ ਨਾਲ਼ ਵਿਕਸਿਤ ਹੋ ਰਹੀ ਹੈ:

"ਕੁਝ ਵੱਡੇ ਸਨਅਤਕਾਰਾਂ ਦੀ ਸਰਗਰਮੀ ਦੇ ਖੇਤਰ ਦੇ ਵਿਸ਼ਾਲ ਹੋਣ [ਬੈਂਕਾਂ ਦੇ ਬੋਰਡਾਂ ਵਿੱਚ ਸ਼ਾਮਲ ਹੋਣ, ਆਦਿ] ਦੇ ਨਾਲ਼ ਹੀ ਨਾਲ਼ ਅਤੇ ਸੂਬਾਈ ਬੈਂਕ ਮੈਨੇਜਰਾਂ ਨੂੰ ਮਿੱਥੇ ਸਨਅਤੀ ਖੇਤਰ ਦਿੱਤੇ ਜਾਣ ਦੇ ਨਾਲ਼ ਹੀ ਨਾਲ਼, ਵੱਡੇ ਬੈਂਕਾਂ ਦੇ ਡਾਇਰੈਕਟਰਾਂ ਵਿਚਕਾਰ ਵਿਸ਼ੇਸ਼ਤਾ-ਪ੍ਰਾਪਤੀ ਵਿੱਚ ਵਾਧਾ ਹੋ ਗਿਆ ਹੈ। ਆਮ ਤੌਰ 'ਤੇ ਗੱਲ ਕਰਦਿਆਂ, ਇਸ

---

* ਜੀਡਲਜ਼, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ; ਰੀਸਰ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ।

ਵਿਸ਼ੇਸ਼ਤਾ-ਪ੍ਰਾਪਤੀ ਦੀ ਤਾਂ ਹੀ ਕਲਪਨਾ ਕੀਤੀ ਜਾ ਸਕਦੀ ਹੈ ਜੇ ਬੈਂਕਿੰਗ ਕਾਰੋਬਾਰ ਇੱਕ ਵੱਡੀ ਪੱਧਰ ਉੱਤੇ ਕੀਤਾ ਜਾਵੇ ਅਤੇ ਵਿਸ਼ੇਸ਼ ਤੌਰ 'ਤੇ ਜਦੋਂ ਇਹਦੇ ਸਨਅਤ ਨਾਲ਼ ਵਿਸ਼ਾਲ ਸਬੰਧ ਹੋਣ। ਕਿਰਤ ਦੀ ਇਹ ਵੰਡ ਦੋ ਲੀਹਾਂ ਅਨੁਸਾਰ ਹੁੰਦੀ ਹੈ: ਇੱਕ ਹੱਥ ਸਨਅਤ ਨਾਲ਼ ਸਮੁੱਚੇ ਸਬੰਧ, ਉਹਦੇ ਵਿਸ਼ੇਸ਼ ਕਾਰਜ ਦੇ ਤੌਰ 'ਤੇ ਇੱਕ ਡਾਇਰੈਕਟਰ ਨੂੰ ਸੌਂਪ ਦਿੱਤੇ ਜਾਂਦੇ ਹਨ; ਦੂਜੇ ਹੱਥ, ਹਰ ਡਾਇਰੈਕਟਰ ਕਈ ਵੱਖ ਵੱਖ ਕਾਰੋਬਾਰਾਂ ਦੀ ਜਾਂ ਸਨਅਤ ਦੀ ਇੱਕੋ ਸ਼ਾਖ ਦੇ ਜਾਂ ਇੱਕੋ ਜਿਹੇ ਹਿੱਤਾਂ ਵਾਲ਼ੇ ਕਾਰੋਬਾਰਾਂ ਦੀ ਇੱਕ ਟੋਲੀ ਦੀ ਨਿਗਰਾਨੀ ਸਾਂਭ ਲੈਂਦਾ ਹੈ।... [ਸਰਮਾਏਦਾਰੀ ਪਹਿਲਾਂ ਹੀ ਵਿਕੋਲਤ੍ਰੇ ਕਾਰੋਬਾਰਾਂ ਦੀ ਜਥੇਬੰਦ **ਨਿਗਰਾਨੀ** ਦੇ ਪੜਾਅ ਉੱਤੇ ਅੱਪੜ ਚੁੱਕੀ ਹੈ।] ਇੱਕ ਜਰਮਨ ਸਨਅਤ ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਦਾ ਹੈ, ਕਈ ਵਾਰ ਤਾਂ ਕੇਵਲ ਪੱਛਮੀ ਜਰਮਨ ਸਨਅਤ ਵਿੱਚ ਹੀ [ਪੱਛਮ ਜਰਮਨੀ ਦਾ ਸਭ ਤੋਂ ਵੱਧ ਸਨਅਤੀ ਹਿੱਸਾ ਹੈ] ਹੋਰ ਵਿਦੇਸ਼ੀ ਰਾਜਾਂ ਅਤੇ ਵਿਦੇਸ਼ੀ ਸਨਅਤ ਨਾਲ਼ ਸਬੰਧਾਂ ਵਿੱਚ, ਸਨਅਤਕਾਰਾਂ ਅਤੇ ਹੋਰਨਾਂ ਦੇ ਆਚਰਣਾਂ ਬਾਰੇ ਵਾਕਫ਼ੀ ਪ੍ਰਾਪਤ ਕਰਨ ਅਤੇ ਸੱਟਾ ਮੰਡੀ ਦੇ ਮਾਮਲਿਆਂ ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਦੇ ਹਨ, ਆਦਿ। ਇਸ ਤੋਂ ਬਿਨਾਂ, ਬੈਂਕ ਦੇ ਹਰ ਡਾਇਰੈਕਟਰ ਨੂੰ ਇੱਕ ਖ਼ਾਸ ਇਲਾਕਾ ਜਾਂ ਸਨਅਤ ਦੀ ਖਾਸ ਸ਼ਾਖ਼ ਦਿੱਤੀ ਜਾਂਦੀ ਹੈ; ਇੱਕ ਮੁੱਖ ਤੌਰ 'ਤੇ ਬਿਜਲੀ ਕੰਪਨੀਆਂ ਦੇ ਨਿਗਰਾਨੀ ਬੋਰਡਾਂ ਵਿੱਚ ਕੰਮ ਕਰਦਾ ਹੈ, ਇੱਕ ਹੋਰ ਰਸਾਇਣੀ, ਬੀਅਰ ਤਿਆਰ ਕਰਨ ਦੇ ਕਾਰਖ਼ਾਨਿਆਂ, ਚਕੰਦਰ ਤੋਂ ਖੰਡ ਤਿਆਰ ਕਰਨ ਦੇ ਕਾਰਖਾਨਿਆਂ ਦੇ ਬੋਰਡਾਂ ਵਿੱਚ, ਤੀਜਾ ਕੁਝ ਵਿਕੋਲਤ੍ਰੇ ਸਨਅਤੀ ਕਾਰੋਬਾਰਾਂ ਦੇ ਬੋਰਡਾਂ ਵਿੱਚ, ਪਰ ਨਾਲ਼ ਹੀ ਨਾਲ਼ ਬੀਮਾ ਕੰਪਨੀਆਂ ਦੇ ਨਿਗਰਾਨੀ ਬੋਰਡਾਂ ਵਿੱਚ ਕੰਮ ਕਰਦਾ ਹੈ।... ਮੁੱਕਦੀ ਗੱਲ, ਇਸ ਬਾਰੇ ਕੋਈ ਸ਼ੱਕ ਨਹੀਂ ਹੋ ਸਕਦਾ, ਕਿ ਵੱਡੇ ਬੈਂਕਾਂ ਦੀਆਂ ਕਾਰਵਾਈਆਂ ਦੇ ਅਕਾਰ ਅਤੇ ਭਿੰਨਤਾ ਵਿੱਚ ਵਾਧੇ ਦੇ ਨਾਲ਼ ਹੀ ਨਾਲ਼, ਕਿਹਾ ਜਾ ਸਕਦਾ ਹੈ ਕਿ ਉਹਨਾਂ ਨੂੰ ਖ਼ਾਲਸ ਬੈਂਕਿੰਗ ਦੇ ਖੇਤਰ ਵਿੱਚੋਂ ਕੁਝ ਕੁ ਉੱਪਰ ਚੁੱਕਣ ਅਤੇ ਉਹਨਾਂ ਨੂੰ ਸਨਅਤ ਦੇ ਆਮ ਮਸਲਿਆਂ ਦੇ ਅਤੇ ਸਨਅਤ ਦੀ ਹਰ ਸ਼ਾਖ ਦੇ ਵਿਸ਼ੇਸ਼ ਮਸਲਿਆਂ ਦੇ ਚੰਗੇਰੇ ਮਾਹਰ, ਚੰਗੇਰੇ ਪਾਰਖੂ ਬਣਾਉਣ ਅਤੇ ਇਉਂ ਉਹਨਾਂ ਨੂੰ ਸਬੰਧਤ ਬੈਂਕ ਦੇ ਸਨਅਤੀ ਰਸੂਖ਼ ਦੇ ਖੇਤਰ ਵਿੱਚ ਅਮਲ ਕਰਨ ਯੋਗ ਹੋਣ ਦੇ ਮੰਤਵ (ਅਤੇ ਸਿੱਟੇ ) ਅਨੁਸਾਰ ਉਹਨਾਂ ਦੇ ਡਾਇਰੈਕਟਰਾਂ ਵਿੱਚ ਕੰਮ ਦੀ ਵਧੇਰੇ ਵੰਡ ਹੁੰਦੀ ਹੈ। ਇਸ ਪ੍ਰਬੰਧ ਵਿੱਚ ਬੈਂਕਾਂ ਵੱਲੋਂ ਆਪਣੇ ਨਿਗਰਾਨੀ ਬੋਰਡਾਂ ਵਿੱਚ ਅਜਿਹੇ ਲੋਕਾਂ ਨੂੰ ਚੁਣਨ ਦੇ ਯਤਨਾਂ ਰਾਹੀਂ ਵਾਧਾ ਹੋਇਆ ਹੈ ਜਿਹੜੇ ਸਨਅਤੀ ਮਾਮਲਿਆਂ ਵਿੱਚ ਮਾਹਰ ਹਨ, ਜਿਹਾ ਕਿ ਸਨਅਤਕਾਰ, ਸਾਬਕ ਅਧਿਕਾਰੀ, ਵਿਸ਼ੇਸ਼ ਤੌਰ 'ਤੇ ਜਿਹੜੇ ਪਹਿਲਾਂ ਰੇਲਵੇ ਮੁਲਾਜ਼ਮਤ ਵਿੱਚ ਜਾਂ ਖਾਣਾਂ, ਵਿੱਚ ਕੰਮ ਕਰਦੇ ਰਹੇ ਹਨ", ਆਦਿ*।

ਅਸੀਂ ਅਜਿਹਾ ਹੀ ਪ੍ਰਬੰਧ ਬਹੁਤ ਥੋੜ੍ਹੇ ਜਿਹੇ ਫ਼ਰਕ ਨਾਲ਼ ਫ਼ਰਾਂਸੀਸੀ ਬੈਂਕਿੰਗ ਵਿੱਚ ਵੇਖਦੇ ਹਾਂ। ਮਿਸਾਲ ਵਜੋਂ ਤਿੰਨ ਸਭ ਤੋਂ ਵੱਡੇ ਫ਼ਰਾਂਸੀਸੀ ਬੈਂਕਾਂ ਵਿੱਚੋਂ ਇੱਕ, ਕਰੈਡਿਟ

* ਜੀਡਲਜ਼, ਜਿਸ ਵਿੱਚੋਂ ਟੂਕ ਪਹਿਲਾਂ ਦਿੱਤੀ ਗਈ, ਪੰਨੇ 156-157।

ਲਾਇਓਨੇਜ਼, ਨੇ ਇਕ ਵਿੱਤ ਖੋਜ ਸੇਵਾ, (service des études financières) ਵਿੱਤ, ਅਧਿਐਨਾਂ ਦੀ ਸੇਵਾ ਸ਼ੁਰੂ ਕੀਤੀ ਹੈ, ਜਿਸ ਵਿੱਚ ਪੰਜਾਹ ਇੰਜੀਨਿਅਰ, ਅੰਕੜਾ-ਵਿਗਿਆਨੀ, ਅਰਥ-ਸ਼ਾਸਤਰੀ, ਵਕੀਲ, ਆਦਿ ਸਥਾਈ ਤੌਰ 'ਤੇ ਕੰਮ ਕਰਦੇ ਹਨ। ਇਹਦੇ ਉੱਤੇ ਹਰ ਵਰ੍ਹੇ ਛੇ ਤੋਂ ਸੱਤ ਲੱਖ ਫ਼ਰਾਂਕ ਖ਼ਰਚ ਹੁੰਦੇ ਹਨ। ਆਪਣੀ ਵਾਰੀ ਇਸ ਸੇਵਾ ਨੂੰ ਅੱਠ ਵਿਭਾਗਾਂ ਵਿੱਚ ਵੰਡਿਆਂ ਗਿਆ ਹੈ: ਇੱਕ ਸਨਅਤੀ ਸੰਸਥਾਵਾਂ ਸਬੰਧੀ ਵਾਕਫ਼ੀ ਇਕੱਠੀ ਕਰਨ ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਦੀ ਹੈ, ਇੱਕ ਹੋਰ ਆਮ ਅੰਕੜਿਆਂ ਦਾ ਅਧਿਐਨ ਕਰਦੀ ਹੈ, ਤੀਜੀ ਰੇਲਾਂ, ਭਾਫ਼ ਦੇ ਜਹਾਜ਼ਾਂ ਦੀਆਂ ਕੰਪਨੀਆਂ ਦਾ, ਚੌਥੀ ਹਿੱਸਿਆਂ ਦਾ, ਪੰਜਵੀਂ, ਵਿੱਤ ਰਿਪੋਰਟਾਂ ਦਾ, ਆਦਿ।*

ਇਹਦਾ ਸਿੱਟਾ, ਇੱਕ ਹੱਥ ਬੈਂਕਾਂ ਦਾ ਅਤੇ ਸਨਅਤੀ ਸਰਮਾਏ ਦਾ ਸਦਾ ਵਧੇਰੇ ਮਿਲ਼ਣਾ ਜਾਂ, ਜਿਹਾ ਕਿ ਨ. ਇ. ਬੁਖਾਰਿਨ ਇਹਨੂੰ ਬਹੁਤ ਠੀਕ ਤਰ੍ਹਾਂ ਕਹਿੰਦਾ ਹੈ, ਜੁੜਨਾ, ਹੁੰਦਾ ਹੈ ਅਤੇ ਦੂਜੇ ਹੱਥ ਬੈਂਕਾਂ ਦਾ ਵਧ ਕੇ ਸੱਚ ਮੁੱਚ "ਵਿਆਪਕ ਖ਼ਾਸੇ" ਵਾਲ਼ੀਆਂ ਸੰਸਥਾਵਾਂ ਬਣਨਾ ਹੁੰਦਾ ਹੈ। ਇਸ ਮਸਲੇ ਸਬੰਧੀ ਮੈਂ ਜੀਡਲਜ਼ ਦੀ, ਜਿਸਨੇ ਇਸ ਮਸਲੇ ਦਾ ਸਭ ਤੋਂ ਚੰਗਾ ਅਧਿਐਨ ਕੀਤਾ ਹੈ, ਠੀਕ ਠੀਕ ਪਰਿਭਾਸ਼ਾਵਾਂ ਵਰਤਣਾ ਜ਼ਰੂਰੀ ਸਮਝਦਾ ਹਾਂ:

"ਸਨਅਤੀ ਸਬੰਧਾਂ ਦੇ ਸਮੂਹ ਦਾ ਮੁਆਇਨਾ ਸਨਅਤ ਵੱਲੋਂ ਕੰਮ ਕਰ ਰਹੀਆਂ ਵਿੱਤ ਸਥਾਪਤੀਆਂ ਦਾ **ਵਿਆਪਕ ਖ਼ਾਸਾ** ਪ੍ਰਗਟ ਕਰਦਾ ਹੈ। ਹੋਰ ਤਰ੍ਹਾਂ ਦੇ ਬੈਂਕਾਂ ਤੋਂ ਉੱਕਾ ਹੀ ਵੱਖਰੇ ਢੰਗ ਨਾਲ਼ ਅਤੇ ਕਈ ਵਾਰ ਸਾਹਿਤ ਵਿੱਚ ਕੀਤੀ ਇਸ ਮੰਗ ਦੇ ਉਲਟ ਕਿ ਬੈਂਕ ਇਕ ਤਰ੍ਹਾਂ ਦੇ ਕਾਰੋਬਾਰ ਜਾਂ ਸਨਅਤ ਦੀ ਇੱਕ ਸ਼ਾਖ਼ ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਨ ਤਾਂ ਜੁ ਉਹਨਾਂ ਦੇ ਪੈਰਾਂ ਹੇਠੋਂ ਜ਼ਮੀਨ ਨਾ ਨਿਕਲ਼ ਜਾਏ—ਜਿੱਥੋਂ ਤੱਕ ਇਲਾਕੇ ਜਾਂ ਸਨਅਤ ਦੀਆਂ ਸ਼ਾਖ਼ਾਂ ਦਾ ਸਬੰਧ ਹੈ, ਵੱਡੇ ਬੈਂਕ ਸਨਅਤੀ ਕਾਰੋਬਾਰਾਂ ਨਾਲ਼ ਆਪਣੇ ਸਬੰਧ ਵੱਧ ਤੋਂ ਵੱਧ ਸੰਭਵ ਹੱਦ ਤੱਕ ਵੰਨ-ਸੁਵੰਨੇ ਬਣਾਉਣ ਦਾ ਯਤਨ ਕਰ ਰਹੇ ਹਨ ਅਤੇ ਇਲਾਕਿਆਂ ਅਤੇ ਸਨਅਤ ਦੀਆਂ ਸ਼ਾਖ਼ਾਂ ਵਿੱਚ ਸਰਮਾਏ ਦੀ ਅਸਾਵੀਂ ਵੰਡ ਨੂੰ, ਜਿਹੜੀ ਵਿਕੋਲਤ੍ਰੇ ਕਾਰੋਬਾਰਾਂ ਦੇ ਇਤਿਹਾਸਿਕ ਵਿਕਾਸ ਤੋਂ ਪੈਦਾ ਹੋਈ ਹੈ ਖ਼ਤਮ ਕਰਨ ਦਾ ਯਤਨ ਕਰ ਰਹੇ ਹਨ।" "ਇੱਕ ਝੁਕਾਅ ਸਨਅਤ ਨਾਲ਼ ਸਬੰਧਾਂ ਨੂੰ ਆਮ ਬਣਾਉਣਾ ਹੈ; ਦੂਜਾ ਝੁਕਾਅ ਉਹਨਾਂ ਨੂੰ ਪੱਕੇ ਅਤੇ ਨੇੜਵੇਂ ਬਣਾਉਣਾ ਹੈ। ਛੇ ਵੱਡੇ ਬੈਂਕਾਂ ਵਿੱਚ ਇਹ ਦੋਵੇਂ ਝੁਕਾਅ ਮੁੱਖ ਰੱਖੇ ਜਾਂਦੇ ਹਨ, ਪੂਰੀ ਤਰ੍ਹਾਂ ਨਹੀਂ, ਪਰ ਚੋਖੀ ਹੱਦ ਤੱਕ ਅਤੇ ਬਰਾਬਰ ਦੀ ਪੱਧਰ ਤੱਕ।"

ਅਕਸਰ ਸਨਅਤੀ ਅਤੇ ਵਪਾਰਕ ਹਲਕੇ ਬੈਂਕਾਂ ਦੇ "ਜ਼ੁਲਮ" ਦੀ ਸ਼ਿਕਾਇਤ ਕਰਦੇ ਹਨ ਅਤੇ ਇਹ ਕੋਈ ਹੈਰਾਨ ਕਰਨ ਵਾਲ਼ੀ ਗੱਲ ਨਹੀਂ ਕਿ ਅਜਿਹੀਆਂ ਸ਼ਿਕਾਇਤਾਂ ਸੁਣੀਆਂ ਜਾਂਦੀਆਂ ਹਨ; ਕਿਉਂਕਿ, ਜਿਹਾ ਕਿ ਹੇਠ ਲਿਖੀ ਮਿਸਾਲ ਤੋਂ ਵੇਖਿਆ ਜਾਵੇਗਾ, ਵੱਡੇ ਬੈਂਕ "ਹੁਕਮ ਦੇਂਦੇ ਹਨ"। 19 ਨਵੰਬਰ 1901 ਨੂੰ, ਇੱਕ ਵੱਡੇ, ਅਖੌਤੀ ਬਰਲਿਨ "**ਦ**" ਬੈਂਕਾਂ ਵਿੱਚੋਂ ਇੱਕ ਨੇ (ਚਾਰ ਸਭ ਤੋਂ ਵੱਡੇ ਬੈਂਕਾਂ ਦੇ ਨਾਂ **ਦ** ਅੱਖਰ ਨਾਲ਼ ਸ਼ੁਰੂ ਹੁੰਦੇ ਹਨ)

* ´Die Bank[a] ਵਿੱਚ ਫ਼ਰਾਂਸੀਸੀ ਬੈਂਕਾਂ ਸਬੰਧੀ ਯੂਜੀਨ ਕਾਫ਼ਮੈਨ ਦਾ ਲੇਖ, 1909, 2, ਪੰਨਾ 851 ਅਤੇ ਉਸ ਤੋਂ ਅੱਗੇ।

ਜਰਮਨ ਉੱਤਰ-ਪੱਛਮੀ ਸੀਮਿੰਟ ਸਿੰਡੀਕੇਟ ਦੇ ਡਾਇਰੈਕਟਰਾਂ ਦੇ ਬੋਰਡ ਨੂੰ ਹੇਠ ਲਿਖੇ ਅਨੁਸਾਰ ਲਿਖਿਆ: "ਜਿਹਾ ਕਿ ਸਾਨੂੰ ਇੱਕ ਅਖ਼ਬਾਰ ਵਿੱਚ ਤੁਹਾਡੇ ਵੱਲੋਂ 18 ਤਾਰੀਖ਼ ਨੂੰ ਛਾਪੇ ਗਏ ਨੋਟਸ ਤੋਂ ਪਤਾ ਲੱਗਾ ਹੈ, ਸਾਡੇ ਲਈ ਇਹ ਸੰਭਾਵਨਾ ਮੁੱਖ ਰੱਖਣਾ ਲਾਜ਼ਮੀ ਹੈ ਕਿ ਤੁਹਾਡੀ ਸਿੰਡੀਕੇਟ ਦੀ ਅਗਲੀ ਆਮ ਇਕਤ੍ਰਤਾ, ਜਿਹੜੀ ਇਸ ਮਹੀਨੇ ਦੀ 30 ਤਾਰੀਖ਼ ਨੂੰ ਹੋਣ ਵਾਲ਼ੀ ਹੈ, ਸ਼ਾਇਦ ਤੁਹਾਡੇ ਕਾਰੋਬਾਰ ਵਿੱਚ ਕੁਝ ਅਜਿਹੀਆਂ ਤਬਦੀਲੀਆਂ ਕਰ ਦੇਵੇ ਜਿਹੜੀਆਂ ਸਾਨੂੰ ਪ੍ਰਵਾਨ ਨਹੀਂ। ਸਾਨੂੰ ਬਹੁਤ ਅਫ਼ਸੋਸ ਹੈ, ਕਿ ਇਹਨਾਂ ਕਾਰਨਾਂ ਕਰਕੇ, ਅਸੀਂ ਹੁਣ ਤੋਂ ਹੀ ਉਹ ਕਰਜ਼ੇ ਦੀਆਂ ਸਹੂਲਤਾਂ ਵਾਪਸ ਲੈਣ ਲਈ ਮਜ਼ਬੂਰ ਹਾਂ ਜਿਹੜਾ ਹੁਣ ਤੱਕ ਤੁਹਾਨੂੰ ਦਿੱਤਾ ਜਾਂਦਾ ਰਿਹਾ ਹੈ। ...ਪਰ ਜੇ ਉਪਰੋਕਤ ਅਗਲੀ ਆਮ ਇੱਕਤ੍ਰਤਾ ਅਜਿਹੇ ਫ਼ੈਸਲੇ ਨਾ ਕਰੇ ਜਿਹੜੇ ਸਾਨੂੰ ਪ੍ਰਵਾਨ ਨਹੀਂ ਅਤੇ ਜੇ ਸਾਨੂੰ ਇਸ ਮਾਮਲੇ ਵਿੱਚ ਭਵਿੱਖ ਲਈ ਜ਼ਮਾਨਤਾਂ ਮਿਲ਼ ਜਾਣ, ਤਾਂ ਅਸੀਂ ਤੁਹਾਨੂੰ ਨਵਾਂ ਕਰਜ਼ਾ ਦੇਣ ਸਬੰਧੀ ਗੱਲ ਬਾਤ ਸ਼ੁਰੂ ਕਰਨ ਲਈ ਉੱਕਾ ਹੀ ਰਜ਼ਾਮੰਦ ਹਾਂ।"*

ਤੱਥ ਤਾਂ ਇਹ ਹੈ ਕਿ ਇਹ ਛੋਟੇ ਸਰਮਾਏ ਉੱਤੇ ਵੱਡੇ ਸਰਮਾਏ ਵੱਲੋਂ ਜ਼ਬਰ ਕੀਤੇ ਜਾਣ ਦੀ ਪੁਰਾਣੀ ਸ਼ਿਕਾਇਤ ਹੈ, ਪਰ ਇਸ ਹਾਲਤ ਵਿੱਚ ਇੱਕ ਪੂਰੀ ਸਿੰਡੀਕੇਟ "ਛੋਟੇ" ਸਰਮਾਏ ਦੀ ਪੱਟੀ ਵਿੱਚ ਆ ਪਈ! ਛੋਟੇ ਅਤੇ ਵੱਡੇ ਸਰਮਾਏ ਵਿਚਕਾਰ ਪੁਰਾਣਾ ਘੋਲ਼ ਵਿਕਾਸ ਦੇ ਨਵੇਂ ਅਤੇ ਅਥਾਹ ਵੱਡੇ ਪੜਾਅ ਉੱਤੇ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਗੱਲ ਸਮਝ ਆਉਣ ਵਾਲ਼ੀ ਹੈ ਕਿ ਵੱਡੇ ਬੈਂਕ ਕਾਰੋਬਾਰ, ਜਿਹੜੇ ਕਈ ਕਰੋੜਾਂ ਦੇ ਮਾਲਕ ਹਨ, ਅਜਿਹੇ ਸਾਧਨਾਂ ਰਾਹੀਂ ਟੈਕਨੀਕਲ ਉੱਨਤੀ ਨੂੰ ਤਿਖੇਰਾ ਕਰ ਸਕਦੇ ਹਨ, ਜਿਸਦਾ ਬੀਤੇ ਦੇ ਸਾਧਨਾਂ ਨਾਲ਼ ਮੁਕਾਬਲਾ ਕਰਨਾ ਵੀ ਸੰਭਵ ਨਹੀਂ। ਮਿਸਾਲ ਵਜੋਂ, ਬੈਂਕ ਵਿਸ਼ੇਸ਼ ਟੈਕਨੀਕਲ ਖੋਜ ਸੰਸਥਾਵਾਂ ਸਥਾਪਤ ਕਰਦੇ ਹਨ ਅਤੇ ਨਿਸ਼ਚੇ ਹੀ, ਕੇਵਲ "ਮਿੱਤਰ" ਸਨਅਤੀ ਕਾਰੋਬਾਰਾਂ ਨੂੰ ਉਹਨਾਂ ਦੇ ਕੰਮ ਤੋਂ ਲਾਭ ਪੁੱਜਦਾ ਹੈ। ਬਿਜਲੀ ਰੇਲਵੇ ਖੋਜ ਸਭਾ, ਵਿਗਿਆਨਕ ਅਤੇ ਟੈਕਨੀਕਲ ਖੋਜ ਦਾ ਕੇਂਦਰੀ ਬਿਊਰੋ, ਆਦਿ, ਇਸ ਪੱਟੀ ਵਿੱਚ ਆਉਂਦੇ ਹਨ।

ਵੱਡੇ ਬੈਂਕਾਂ ਦੇ ਡਾਇਰੈਕਟਰ ਆਪ ਇਹ ਵੇਖੇ ਬਿਨਾਂ ਨਹੀਂ ਰਹਿ ਸਕਦੇ ਕਿ ਕੌਮੀ ਆਰਥਕਤਾ ਦੀਆਂ ਨਵੀਂਆਂ ਪ੍ਰਸਥਿਤੀਆਂ ਸਿਰਜੀਆਂ ਜਾ ਰਹੀਆਂ ਹਨ; ਪਰ ਉਹ ਇਹਨਾਂ ਵਰਤਾਰਿਆਂ ਦੇ ਸਨਮੁੱਖ ਨਿਤਾਣੇ ਹਨ।

"ਜਿਸ ਕਿਸੇ ਨੇ, ਪਿਛਲੇ ਕੁਝ ਵਰ੍ਹਿਆਂ ਵਿੱਚ ਵੱਡੇ ਬੈਂਕਾਂ ਦੀਆਂ ਡਾਇਰੈਕਟਰਾਂ ਦੀਆਂ ਪਦਵੀਆਂ ਅਤੇ ਨਿਗਰਾਨੀ ਬੋਰਡਾਂ ਦੀਆਂ ਸੀਟਾਂ ਉੱਤੇ ਲੱਗੇ ਲੋਕਾਂ ਵਿੱਚ ਤਬਦੀਲੀਆਂ ਧਿਆਨ ਨਾਲ਼ ਵੇਖੀਆਂ ਹਨ," ਜੀਡਲਜ਼ ਲਿਖਦਾ ਹੈ, "ਉਹ ਇਹ ਵੇਖੇ ਬਿਨਾਂ ਨਹੀਂ ਰਹਿ ਸਕਦਾ ਕਿ ਤਾਕਤ ਹੌਲ਼ੀ ਹੌਲ਼ੀ ਉਹਨਾਂ ਲੋਕਾਂ ਦੇ ਹੱਥਾਂ ਵਿੱਚ ਆਉਂਦੀ ਜਾ ਰਹੀ ਹੈ, ਜਿਹੜੇ ਇਹ ਵਿਚਾਰ ਰੱਖਦੇ ਹਨ ਕਿ ਸਨਅਤ ਦੇ ਆਮ ਵਿਕਾਸ ਵਿੱਚ ਵੱਡੇ ਬੈਂਕਾਂ ਦਾ ਦਖ਼ਲ ਜ਼ਰੂਰੀ ਅਤੇ ਵੱਧ ਰਹੀ ਮਹੱਤਤਾ ਵਾਲ਼ਾ ਹੈ। ਇਹਨਾਂ ਨਵੇਂ ਲੋਕਾਂ ਅਤੇ ਪੁਰਾਣੇ ਬੈਂਕ ਡਾਇਰੈਕਟਰਾਂ ਵਿਚਕਾਰ ਵਪਾਰ ਦੇ ਇਸ ਵਿਸ਼ੇ ਅਤੇ ਅਕਸਰ ਜਾਤੀ ਖ਼ਾਸੇ ਦੇ ਮੱਤ-ਭੇਦ ਵਧਦੇ ਜਾ ਰਹੇ

* Dr. Oscar Stillich. ´Geld- und Bankwesen[a]. Berlin 1907, S, 148.

ਹਨ। ਮਸਲਾ ਇਹ ਹੈ ਕਿ ਕਰਜ਼ਾ ਦੇਣ ਵਾਲ਼ੀਆਂ ਸੰਸਥਾਵਾਂ ਦੇ ਤੌਰ 'ਤੇ ਬੈਂਕਾਂ ਨੂੰ ਸਨਅਤ ਵਿੱਚ ਦਖ਼ਲ ਦੇਣ ਤੋਂ ਨੁਕਸਾਨ ਪੁੱਜੇਗਾ ਜਾਂ ਨਹੀਂ, ਕਿ ਕੀ ਉਹ ਸਰਗਰਮੀ ਦੇ ਇੱਕ ਅਜਿਹੇ ਖੇਤਰ ਵਿੱਚ, ਜਿਸਦੀ ਉਹਨਾਂ ਦੇ ਕਰਜ਼ਾ ਦੇਣ ਵਾਲ਼ੇ ਵਿਚੋਲੇ ਦੇ ਤੌਰ 'ਤੇ ਰੋਲ ਨਾਲ਼ ਕੋਈ ਸਾਂਝ ਨਹੀਂ ਅਤੇ ਜਿਹੜਾ ਬੈਂਕਾਂ ਨੂੰ ਉਸ ਖੇਤਰ ਵਿੱਚ ਲਿਜਾ ਰਹੀ ਹੈ ਜਿੱਥੇ ਉਹ ਸਦਾ ਵਧੇਰੇ ਵਪਾਰ ਵਿੱਚ ਉਤਾਰ ਚੜ੍ਹਾ ਤੋਂ ਪ੍ਰਭਾਵਤ ਹੋਣਗੇ, ਸ਼ਾਮਲ ਹੋਣ ਲਈ ਪਰਖੇ ਅਸੂਲਾਂ ਅਤੇ ਯਕੀਨੀ ਨਫ਼ੇ ਦੀ ਕੁਰਬਾਨੀ ਕਰ ਰਹੇ ਹਨ। ਇਹ ਅਨੇਕ ਪੁਰਾਣੇ ਡਾਇਰੈਕਟਰਾਂ ਦੀ ਰਾਏ ਹੈ, ਜਿੱਥੇ ਕਿ ਵਧੇਰੇ ਜਵਾਨ ਲੋਕ ਸਨਅਤ ਵਿੱਚ ਦਖ਼ਲ ਨੂੰ ਉੱਨੀ ਹੀ ਵੱਡੀ ਜ਼ਰੂਰਤ ਸਮਝਦੇ ਹਨ ਜਿੰਨੀ ਉਹ ਸੀ ਜਿਸ ਨੇ ਵੱਡੀ ਨਵੀਨ ਸਨਅਤ ਦੇ ਨਾਲ਼ ਹੀ ਨਾਲ਼, ਵੱਡੇ ਬੈਂਕਾਂ ਅਤੇ ਨਵੀਨ ਸਨਅਤੀ ਬੈਂਕਿੰਗ ਨੂੰ ਜਨਮ ਦਿੱਤਾ। ਦੋਵੇਂ ਧਿਰਾਂ ਇੱਕ ਨੁਕਤੇ ਉੱਤੇ ਰਜ਼ਾਮੰਦ ਹਨ: ਕਿ ਵੱਡੇ ਬੈਂਕਾਂ ਦੀਆਂ ਨਵੀਆਂ ਸਰਗਰਮੀਆਂ ਵਿੱਚ ਨਾ ਪੱਕੇ ਅਸੂਲ ਹਨ ਅਤੇ ਨਾ ਹੀ ਠੋਸ ਆਸ਼ੇ ਹਨ।"*

ਪੁਰਾਣੀ ਸਰਮਾਏਦਾਰੀ ਦੇ ਦਿਨ ਪੁਗ ਗਏ ਹਨ। ਨਵੀਂ ਸਰਮਾਏਦਾਰੀ ਇਸੇ ਗੱਲ ਵੱਲ ਤਬਦੀਲੀ ਦੀ ਪ੍ਰਤਿਨਿੱਧ ਹੈ। ਅਜਾਰੇਦਾਰੀ ਨੂੰ ਅਜ਼ਾਦ ਮੁਕਾਬਲੇ ਨਾਲ਼ "ਅਨੁਕੂਲਣ" ਲਈ "ਪੱਕੇ ਅਸੂਲ ਅਤੇ ਠੋਸ ਆਸ਼ੇ" ਢੂੰਡਣਾ, ਨਿਰਸੰਦੇਹ, ਫ਼ਜ਼ੂਲ ਹੈ। ਅਮਲੀ ਮਨੁੱਖ ਜੋ ਕੁਝ ਕਬੂਲ ਕਰਦੇ ਹਨ, ਉਹਦੀ ਟੁਣਕਾਰ "ਜਥੇਬੰਦ" ਸਰਮਾਏਦਾਰੀ ਦੀ ਛੱਬ ਦੇ ਇਹਦੇ ਪ੍ਰਚਾਰਕਾਂ ਸ਼ੁਲਜ਼ੇ-ਗੀਵੇਰਨਿਤਜ਼, ਲੀਫ਼ਮਾਨ ਅਤੇ ਅਜਿਹੇ ਹੋਰ "ਸਿਧਾਂਤਕਾਰਾਂ"[32] ਵੱਲੋਂ ਗਾਏ ਸਰਕਾਰੀ ਸ਼ਲਾਘਾ ਦੇ ਗੀਤਾਂ ਨਾਲ਼ੋਂ ਵੱਖਰੀ ਹੈ।

ਐਨ ਕਿਸ ਸਮੇਂ ਵੱਡੇ ਬੈਂਕਾਂ ਦੀਆਂ "ਨਵੀਆਂ ਸਰਗਰਮੀਆਂ" ਅੰਤ ਸਥਾਪਤ ਹੋਈਆਂ? ਜੀਡਲਜ਼ ਇਸ ਮਹੱਤਵਪੂਰਨ ਪ੍ਰਸ਼ਨ ਦਾ ਸਾਨੂੰ ਚੋਖਾ ਨਿਸ਼ਚਿਤ ਉੱਤਰ ਦੇਂਦਾ ਹੈ:

"ਬੈਂਕਾਂ ਅਤੇ ਸਨਅਤੀ ਕਾਰੋਬਾਰਾਂ ਵਿਚਕਾਰ ਸਬੰਧ, ਉਹਨਾਂ ਦੇ ਨਵੇਂ ਤੱਤ, ਉਹਨਾਂ ਦੇ ਨਵੇਂ ਰੂਪਾਂ ਅਤੇ ਉਹਨਾਂ ਦੇ ਨਵੇਂ ਸਾਧਨਾਂ, ਅਰਥਾਤ ਵੱਡੇ ਬੈਂਕਾਂ ਸਮੇਤ, ਜਿਹੜੇ ਕੇਂਦਰਿਤ ਅਤੇ ਵਿਕੇਂਦਰਿਤ ਦੁਹਾਂ ਅਸੂਲਾਂ ਅਨੁਸਾਰ ਜਥੇਬੰਦ ਹਨ, ਨੱਬੇਵਿਆਂ ਤੋਂ ਪਹਿਲਾਂ ਇੱਕ ਲਖਣਾਇਕ ਆਰਥਕ ਵਰਤਾਰਾ ਉੱਕਾ ਹੀ ਨਹੀਂ ਸਨ; ਨਿਸ਼ਚੇ ਹੀ, ਇੱਕ ਅਰਥ ਵਿੱਚ ਇਹ ਮੁੱਢਲੀ ਤਿੱਥੀ 1897 ਤੱਕ ਵਧਾਈ ਜਾ ਸਕਦੀ ਹੈ, ਜਦੋਂ ਮਹੱਤਵਪੂਰਨ 'ਜੋੜ' ਅਮਲ ਵਿੱਚ ਆਏ ਅਤੇ ਜਦੋਂ ਬੈਂਕਾਂ ਦੀ ਸਨਅਤੀ ਨੀਤੀ ਨੂੰ ਰਾਸ ਆਉਣ ਲਈ ਵਿਕੇਂਦਰਿਤ ਜਥੇਬੰਦੀ ਦਾ ਨਵਾਂ ਰੂਪ ਪਹਿਲੀ ਵਾਰ ਲਾਗੂ ਕੀਤਾ ਗਿਆ। ਇਹਦੇ ਆਦਿ ਦਾ ਨੁਕਤਾ ਸ਼ਾਇਦ ਇਸ ਤੋਂ ਵੀ ਪਿਛਲੇਰੀ ਤਿੱਥੀ 'ਤੇ ਰੱਖਿਆ ਜਾ ਸਕਦਾ ਹੈ, ਕਿਉਂਕਿ ਇਹ 1900 ਦਾ ਸੰਕਟ ਹੀ ਸੀ, ਜਿਸਨੇ ਸਨਅਤ ਦੇ ਵੀ ਅਤੇ ਬੈਂਕਾਂ ਦੇ ਵੀ ਕੇਂਦਰੀਣ ਦਾ ਅਮਲ ਅਤਿ-ਅੰਤ ਤਿੱਖਾ ਅਤੇ ਤੇਜ਼ ਕੀਤਾ, ਉਸ ਅਮਲ ਨੂੰ ਮਜ਼ਬੂਤ ਬਣਾਇਆ, ਪਹਿਲੀ ਵਾਰ ਸਨਅਤ ਨਾਲ਼ ਸਬੰਧਾਂ ਨੂੰ ਬੈਂਕਾਂ ਦੀ ਯਥਾਰਥਕ ਅਜਾਰੇਦਾਰੀ ਵਿੱਚ ਤਬਦੀਲ ਕੀਤਾ ਅਤੇ ਇਸ ਸਬੰਧ

* ਜੀਡਲਜ਼, ਜਿਸ ਵਿੱਚੋਂ ਟੂਕ ਪਹਿਲਾਂ ਦਿੱਤੀ ਗਈ, ਪੰਨਾ 183-84)।

ਨੂੰ ਵਧੇਰੇ ਨੇੜਵਾਂ ਅਤੇ ਵਧੇਰੇ ਸਰਗਰਮ ਬਣਾ ਦਿੱਤਾ।"*

ਇਸ ਪ੍ਰਕਾਰ 20 ਵੀਂ ਸਦੀ ਪੁਰਾਣੀ ਸਰਮਾਏਦਾਰੀ ਤੋਂ ਨਵੀਂ ਸਰਮਾਏਦਾਰੀ ਵੱਲ ਮੋੜ ਹੈ, ਆਮ ਤੌਰ 'ਤੇ ਸਰਮਾਏ ਦੇ ਗ਼ਲਬੇ ਤੋਂ ਵਿੱਤ ਸਰਮਾਏ ਵਿੱਚ ਤਬਦੀਲੀ ਦਾ ਮੋੜ ਹੈ।

## III ਵਿੱਤ ਸਰਮਾਇਆ ਅਤੇ ਵਿੱਤ ਜੁੰਡੀ-ਰਾਜ

ਹਿਲਫ਼ਰਡਿੰਗ ਲਿਖਦਾ ਹੈ, "ਸਨਅਤ ਵਿੱਚ ਲੱਗੇ ਸਰਮਾਏ ਦਾ ਇੱਕ ਲਗਾਤਾਰ ਵਧਦਾ ਹਿੱਸਾ ਉਹਨਾਂ ਸਨਅਤਕਾਰਾਂ ਦੀ ਮਾਲਕੀ ਨਹੀਂ ਰਹਿੰਦਾ ਜਿਹੜੇ ਇਹਨੂੰ ਵਰਤਦੇ ਹਨ। ਉਹ ਇਹਦੀ ਵਰਤੋਂ ਕੇਵਲ ਬੈਂਕਾਂ ਦੇ ਸਾਧਨ ਰਾਹੀਂ ਪ੍ਰਾਪਤ ਕਰਦੇ ਹਨ, ਜਿਹੜੇ ਉਹਨਾਂ ਦੇ ਸਬੰਧ ਵਿੱਚ ਸਰਮਾਏ ਦੇ ਮਾਲਕਾਂ ਦੀ ਪ੍ਰਤਿਨਿਧਤਾ ਕਰਦੇ ਹਨ। ਦੂਜੇ ਹੱਥ ਬੈਂਕ ਇਸ ਗੱਲ ਉੱਤੇ ਮਜ਼ਬੂਰ ਹੈ ਕਿ ਉਹ ਆਪਣੇ ਸਰਮਾਏ ਦਾ ਸਦਾ ਵਧਦਾ ਹਿੱਸਾ ਸਨਅਤ ਵਿੱਚ ਲਾਵੇ। ਇਉਂ, ਸਦਾ ਵਧਦੀ ਹੱਦ ਤੱਕ, ਬੈਂਕਰ ਸਨਅਤੀ ਸਰਮਾਏਦਾਰ ਵਿੱਚ ਤਬਦੀਲ ਹੁੰਦਾ ਜਾ ਰਿਹਾ ਹੈ। ਬੈਂਕਾਂ ਦੇ ਇਸ ਸਰਮਾਏ ਨੂੰ, ਅਰਥਾਤ, ਮੁਦਰਾ ਦੇ ਰੂਪ ਵਿੱਚ ਸਰਮਾਏ ਨੂੰ, ਜਿਸਨੂੰ ਅਸਲ ਵਿੱਚ ਸਨਅਤੀ ਸਰਮਾਏ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ ਮੈਂ 'ਵਿੱਤ ਸਰਮਾਇਆ' ਕਹਿੰਦਾ ਹਾਂ।" "ਵਿੱਤ ਸਰਮਾਇਆ ਉਹ ਸਰਮਾਇਆ ਹੈ ਜਿਸਨੂੰ ਬੈਂਕ ਕੰਟਰੋਲ ਕਰਦੇ ਹਨ ਅਤੇ ਸਨਅਤਕਾਰ ਵਰਤਦੇ ਹਨ।"**

ਇਹ ਵਿਆਖਿਆ ਇਸ ਹੱਦ ਤੱਕ ਨਾਮੁਕੰਮਲ ਹੈ ਕਿ ਇਹ ਇੱਕ ਅਤਿ-ਅੰਤ ਮਹੱਤਵਪੂਰਨ ਤੱਥ ਬਾਰੇ ਚੁੱਪ ਹੈ—ਉਤਪਾਦਨ ਦੇ ਅਤੇ ਸਰਮਾਏ ਦੇ ਇਸ ਹੱਦ ਤੱਕ ਕੇਂਦਰੀਣ ਬਾਰੇ ਕਿ ਇਸ ਕੇਂਦਰੀਣ ਦਾ ਸਿੱਟਾ ਅਜਾਰੇਦਾਰੀ ਹੋ ਰਿਹਾ ਹੈ ਅਤੇ ਹੋਇਆ ਹੈ। ਪਰ ਆਪਣੀ ਸਾਰੀ ਕ੍ਰਿਤ ਵਿੱਚ ਅਤੇ ਵਿਸ਼ੇਸ਼ ਤੌਰ 'ਤੇ ਉਸ ਕਾਂਡ ਤੋਂ ਪਹਿਲਾਂ ਦੋ ਕਾਂਡਾਂ ਵਿੱਚ, ਜਿਸ ਵਿੱਚੋਂ ਇਹ ਪਰਿਭਾਸ਼ਾ ਲਈ ਗਈ ਹੈ, ਹਿਲਫ਼ਰਡਿੰਗ ਉਸ ਰੋਲ ਉੱਤੇ ਜ਼ੋਰ ਦੇਂਦਾ ਹੈ ਜਿਹੜਾ **ਸਰਮਾਏਦਾਰ ਅਜਾਰੇਦਾਰੀਆਂ** ਅਦਾ ਕਰਦੀਆਂ ਹਨ।

ਉਤਪਾਦਨ ਦਾ ਕੇਂਦਰੀਣ; ਉਸ ਤੋਂ ਪੈਦਾ ਹੁੰਦੀਆਂ ਅਜਾਰੇਦਾਰੀਆਂ; ਬੈਂਕਾਂ ਦਾ ਸਨਅਤਾਂ ਨਾਲ਼ ਮਿਲ ਜਾਣਾ ਜਾਂ ਉਹਨਾਂ ਦੀ ਜੁੜਤ—ਅਜਿਹਾ ਹੈ ਵਿੱਤ ਸਰਮਾਏ ਦੇ ਉਭਰਨ ਦਾ ਇਤਿਹਾਸ ਅਤੇ ਅਜਿਹਾ ਹੈ ਇਸ ਸੰਕਲਪ ਦਾ ਤੱਤ।

ਅਸਾਂ ਹੁਣ ਇਹ ਬਿਆਨ ਕਰਨਾ ਹੈ ਕਿ ਜਿਣਸ ਉਤਪਾਦਨ ਅਤੇ ਨਿੱਜੀ ਜਾਇਦਾਦ ਦੀਆਂ ਆਮ ਪ੍ਰਸਥਿਤੀਆਂ ਹੇਠ ਸਰਮਾਏਦਾਰ ਅਜਾਰੇਦਾਰੀਆਂ ਦੇ "ਵਪਾਰਕ ਅਮਲਾਂ" ਦਾ ਸਿੱਟਾ ਸਦਾ ਹੀ ਵਿੱਤ ਜੁੰਡੀ-ਰਾਜ ਦੇ ਗ਼ਲਬੇ ਦੇ ਰੂਪ ਵਿੱਚ ਨਿਕਲਦਾ ਹੈ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਰੀਸਰ, ਸ਼ੁਲਜੇ-ਗੀਵੇਰਨਿਤਜ਼, ਲੀਫ਼ਮਾਨ ਅਤੇ ਹੋਰ ਜਰਮਨ—ਅਤੇ ਕੇਵਲ ਜਰਮਨ ਹੀ ਨਹੀਂ—ਬੁਰਜੂਆ ਆਲਮ, ਸਾਮਰਾਜਵਾਦ ਅਤੇ

---

*ਉਪਰੋਕਤ, ਪੰਨਾ 181।

** ਰ. ਹਿਲਫ਼ਰਡਿੰਗ, "ਵਿੱਤ ਸਰਮਾਇਆ," ਮਾਸਕੋ, 1912, ਰੂਸੀ ਵਿੱਚ, ਪੰਨੇ, 338-339।

ਵਿੱਤ ਸਰਮਾਏ ਦੇ ਹਾਮੀ ਹਨ। ਇੱਕ ਜੁੰਡੀ-ਰਾਜ ਦੇ ਬਣਨ ਦੇ "ਅਮਲਾਂ", ਉਹਦੇ ਢੰਗਾਂ, ਉਹਦੀਆਂ "ਬੇਐਬ ਅਤੇ ਐਬਦਾਰ" ਆਮਦਨਾਂ ਦੇ ਅਕਾਰਾਂ, ਪਾਰਲੀਮੈਂਟਾਂ ਨਾਲ ਉਹਦੇ ਸਬੰਧਾਂ, ਇਤਿਆਦਿ, ਨੂੰ ਪ੍ਰਗਟ ਕਰਨ ਦੀ ਥਾਂ ਉਹ ਇਹਨੂੰ ਲੁਕਾਉਂਦੇ ਜਾਂ ਇਹਦੇ ਉੱਤੇ ਮੁਲੰਮਾ ਚਾੜ੍ਹਦੇ ਹਨ। ਉਹ ਸ਼ਾਨਦਾਰ ਅਤੇ ਅਸ਼ਪੱਸ਼ਟ ਵਾਕੰਸ਼ਾਂ ਰਾਹੀਂ, ਬੈਂਕਾਂ ਦੇ ਡਾਇਰੈਕਟਰਾਂ "ਦੇ ਜ਼ਿੰਮੇਵਾਰੀ ਦੇ ਅਨੁਭਵ" ਦੇ ਵਾਸਤੇ ਪਾ ਕੇ, ਪਰੂਸ਼ਿਆਈ ਅਧਿਕਾਰੀਆਂ ਦੇ ਫ਼ਰਜ਼ ਦੇ ਅਨੁਭਵ ਦੀ ਸ਼ਲਾਘਾ ਕਰਕੇ, ਅਜਾਰੇਦਾਰੀਆਂ ਦੀ "ਨਿਗਰਾਨੀ ਕਰਨ" ਅਤੇ "ਨਮਿਤਣ" ਸਬੰਧੀ ਪਾਰਲੀਮੈਂਟਰੀ ਬਿੱਲਾਂ ਦੇ ਨਿਗੂਣੇ ਵਿਸਥਾਰਾਂ ਦਾ ਗੰਭੀਰਤਾ ਨਾਲ਼ ਅਧਿਐਨ ਕਰਕੇ, ਸਿਧਾਂਤਾਂ ਨਾਲ਼ ਬਾਰਾਟੈਣੀ ਖੇਡ ਕੇ, ਜਿਵੇਂ ਕਿ, ਮਿਸਾਲ ਵਜੋਂ, ਹੇਠ ਲਿਖੀ "ਆਲਮਾਨਾ" ਪਰਿਭਾਸ਼ਾ ਹੈ ਜਿਹੜੀ ਪ੍ਰੋਫ਼ੈਸਰ ਲੀਫ਼ਮਾਨ ਨੇ ਘੜ੍ਹੀ ਹੈ, "ਭੱਖਦੇ ਪ੍ਰਸ਼ਨਾਂ" ਤੋਂ ਕੰਨੀ ਕਤਰਾਉਂਦੇ ਹਨ: "**ਵਣਜ ਇੱਕ ਕਿੱਤਾ ਹੈ, ਜਿਸਦਾ ਮੰਤਵ ਵਸਤਾਂ ਇਕੱਠੀਆਂ ਕਰਨਾ, ਉਹਨਾਂ ਦੇ ਭੰਡਾਰ ਖੜ੍ਹੇ ਕਰਨਾ ਅਤੇ ਵਿਤਰਣ ਹੈ**"* (ਮੋਟੇ ਟੇਢੇ ਅੱਖਰ ਪ੍ਰੋਫ਼ੈਸਰ ਨੇ ਹੀ ਵਰਤੇ ਹਨ)... ਇਸ ਤੋਂ ਸਿੱਟਾ ਨਿਕਲਦਾ ਹੈ ਕਿ ਵਣਜ ਆਦਿ-ਕਾਲੀਨ ਮਨੁੱਖ ਦੇ ਸਮੇਂ ਵਿੱਚ ਵੀ ਸੀ, ਜਿਸਨੂੰ ਵਟਾਂਦਰੇ ਦਾ ਉੱਕਾ ਹੀ ਪਤਾ ਨਹੀਂ ਸੀ ਅਤੇ ਇਹ ਕਿ ਇਹ ਸੋਸ਼ਲਿਜ਼ਮ ਅਧੀਨ ਵੀ ਰਹੇਗਾ!

ਪਰ ਵਿੱਤ ਜੁੰਡੀ-ਰਾਜ ਸਬੰਧੀ ਭਿਆਨਕ ਤੱਥ ਇੰਨੇ ਪ੍ਰਤੱਖ ਹਨ ਕਿ ਸਭਨਾਂ ਸਰਮਾਏਦਾਰ ਦੇਸ਼ਾਂ ਵਿੱਚ, ਅਮਰੀਕਾ ਵਿੱਚ, ਫ਼ਰਾਂਸ ਅਤੇ ਜਰਮਨੀ ਵਿੱਚ, ਇੱਕ ਪੂਰਾ ਸਾਹਿਤ ਹੋਂਦ ਵਿੱਚ ਆ ਗਿਆ ਹੈ, ਜਿਹੜਾ **ਬੁਰਜੂਆ** ਦ੍ਰਿਸ਼ਟੀਕੋਣ ਤੋਂ ਲਿਖਿਆ ਗਿਆ ਹੈ, ਪਰ ਜਿਹੜਾ, ਇਹਦੇ ਬਾਵਜੂਦ, ਇਸ ਜੁੰਡੀ-ਰਾਜ ਦੀ ਇੱਕ ਚੋਖੀ ਸੱਚੀ ਤਸਵੀਰ ਅਤੇ ਪੜਚੋਲ—ਸੁਭਾਵਕ ਹੀ ਨਿੱਕ-ਬੁਰਜੂਆ—ਪੇਸ਼ ਕਰਦਾ ਹੈ।

ਮੁੱਖ ਮਹੱਤਤਾ "ਅਧਿਕਰਣ ਪ੍ਰਣਾਲੀ" ਦੀ ਹੈ, ਜਿਸ ਵੱਲ ਉੱਪਰ ਸੰਖੇਪ ਇਸ਼ਾਰਾ ਕੀਤਾ ਗਿਆ ਹੈ। ਜਰਮਨ ਅਰਥ-ਸ਼ਾਸਤਰੀ ਹੇਮੈਨ, ਜਿਹੜਾ ਇਸ ਮਾਮਲੇ ਵੱਲ ਧਿਆਨ ਦਿਵਾਉਣ ਵਾਲ਼ਾ ਸ਼ਾਇਦ ਸਭ ਤੋਂ ਪਹਿਲਾ ਸੀ, ਇਹਦਾ ਤੱਤ ਇਉਂ ਬਿਆਨ ਕਰਦਾ ਹੈ:

"ਕਾਰੋਬਾਰ ਦੇ ਮੁੱਖੀ ਮੁੱਖ ਕੰਪਨੀ [ਅੱਖਰੀ ਅਰਥ- "ਮਾਂ ਕੰਪਨੀ"] ਉੱਤੇ ਕੰਟਰੋਲ ਕਰਦਾ ਹੈ; ਪਿਛਲੇਰੀ ਅਧੀਨ ਕੰਪਨੀਆਂ ["ਧੀ ਕੰਪਨੀਆਂ"] ਉੱਤੇ ਰਾਜ ਕਰਦੀ ਹੈ, ਜਿਹੜੀਆਂ ਆਪਣੀ ਵਾਰੀ ਅੱਗੋਂ ਹੋਰ ਅਧੀਨ ਕੰਪਨੀਆਂ ["ਦੁਹਤਰਾ ਕੰਪਨੀਆਂ"] ਨੂੰ ਕੰਟਰੋਲ ਕਰਦੀਆਂ ਹਨ, ਆਦਿ। ਇਉਂ ਨਿਸਬਤਨ ਛੋਟੇ ਸਰਮਾਏ ਨਾਲ਼ ਉਤਪਾਦਨ ਦੇ ਅਥਾਹ ਖੇਤਰਾਂ ਉੱਤੇ ਭਾਰੂ ਹੋਣਾ ਸੰਭਵ ਹੈ। ਨਿਰਸੰਦੇਹ, ਜੇ 50 ਫ਼ੀਸਦੀ ਸਰਮਾਏ ਉੱਤੇ ਅਧਿਕਰਣ ਕਿਸੇ ਕੰਪਨੀ ਉੱਤੇ ਕੰਟਰੋਲ ਕਰਨ ਲਈ ਕਾਫ਼ੀ ਹੈ ਤਾਂ ਕਿਸੇ ਕਾਰੋਬਾਰ ਦੇ ਮੁੱਖੀ ਲਈ ਦੂਜੇ ਦਰਜੇ ਦੀਆਂ ਅਧੀਨ ਕੰਪਨੀਆਂ ਦੇ 80 ਲੱਖ ਉੱਤੇ ਕੰਟਰੋਲ ਹਾਸਲ ਕਰਨ ਲਈ ਕੇਵਲ ਦਸ ਲੱਖ ਦੀ ਲੋੜ ਹੈ ਅਤੇ ਜੇ 'ਪਰਸਪਰ ਜੁੜਤ' ਨੂੰ ਵਧਾਇਆ ਜਾਵੇ ਤਾਂ ਦਸ ਲੱਖ

---

* ਰ. ਲੀਫ਼ਮਾਨ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾਂ 476।

ਨਾਲ਼ ਇੱਕ ਕਰੋੜ ਸੱਠ ਲੱਖ, ਤਿੰਨ ਕਰੋੜ ਵੀਹ ਲੱਖ, ਆਦਿ, ਨੂੰ ਕੰਟਰੋਲ ਕਰਨਾ ਸੰਭਵ ਹੈ।*

ਤੱਥ ਤਾਂ ਇਹ ਹੈ ਕਿ ਤਜ਼ਰਬੇ ਤੋਂ ਪਤਾ ਲੱਗਦਾ ਹੈ ਕਿ ਕਿਸੇ ਕੰਪਨੀ ਦੇ ਮਾਮਲਿਆਂ ਨੂੰ ਸੇਧਣ ਲਈ ਇਹਦੇ ਹਿੱਸਿਆਂ ਦੇ 40 ਫ਼ੀਸਦੀ** ਦੀ ਮਾਲਕੀ ਕਾਫ਼ੀ ਹੈ ਕਿਉਂਕਿ ਵਿੱਚ ਅਮਲ ਵਿੱਚ ਕੁਝ ਨਿੱਕੇ, ਖਿੰਡੇ ਹੋਏ ਹਿੱਸੇਦਾਰਾਂ ਲਈ ਆਮ ਇੱਕਤ੍ਰਤਾਵਾਂ, ਆਦਿ, ਵਿੱਚ ਸ਼ਾਮਲ ਹੋਣਾ ਅਸੰਭਵ ਹੁੰਦਾ ਹੈ। ਹਿੱਸਿਆਂ ਦੀ ਮਾਲਕੀ ਦਾ "ਜਮਹੂਰੀਕਰਣ", ਜਿਸ ਤੋਂ ਬੁਰਜੂਆ ਭੁਲਾਂਦਰਾਵਾਦੀ[33] ਅਤੇ ਮੌਕਾ-ਪ੍ਰਸਤ, ਅਖੌਤੀ "ਸ਼ੋਸ਼ਲ-ਡੈਮੋਕਰੈਟ", "ਸਰਮਾਏ ਦੇ ਜਮਹੂਰੀਕਰਣ" ਦੀ, ਨਿੱਕੀ ਪੱਧਰ ਦੇ ਉਤਪਾਦਨ ਦੇ ਰੋਲ ਅਤੇ ਮਹੱਤਤਾ ਦੇ ਮਜ਼ਬੂਤ ਹੋਣ, ਆਦਿ ਦੀ ਆਸ ਰੱਖਦੇ ਹਨ (ਜਾਂ ਕਹਿੰਦੇ ਹਨ ਕਿ ਆਸ ਰੱਖਦੇ ਹਨ), ਅਸਲ ਵਿੱਚ ਵਿੱਤ ਜੁੰਡੀ-ਰਾਜ[34] ਦੀ ਤਾਕਤ ਵਧਾਉਣ ਦੇ ਢੰਗਾਂ ਵਿੱਚੋਂ ਇੱਕ ਹੈ। ਲੱਗਦੇ ਹੱਥ, ਇਹੋ ਕਾਰਨ ਹੈ ਕਿ ਵਧੇਰੇ ਉੱਨਤ ਜਾਂ ਪੁਰਾਣੇ ਅਤੇ ਵਧੇਰੇ "ਤਜ਼ਰਬੇਕਾਰ" ਸਰਮਾਏਦਾਰ ਦੇਸ਼ਾਂ ਵਿੱਚ ਕਾਨੂੰਨ ਥੋੜ੍ਹੇ ਮੁੱਲ ਦੇ ਹਿੱਸੇ ਜਾਰੀ ਕਰਨ ਦੀ ਆਗਿਆ ਦੇਂਦਾ ਹੈ। ਜਰਮਨੀ ਵਿੱਚ ਕਾਨੂੰਨ ਇੱਕ ਹਜ਼ਾਰ ਮਾਰਕ ਮੁੱਲ ਤੋਂ ਘੱਟ ਦੇ ਹਿੱਸੇ ਜਾਰੀ ਕਰਨ ਦੀ ਆਗਿਆ ਨਹੀਂ ਦੇਂਦਾ ਅਤੇ ਜਰਮਨ ਵਿੱਤ ਦੇ ਵੱਡ-ਸਾਹਬ ਬੜੇ ਹਿਰਖ਼ ਦੀ ਨਜ਼ਰ ਨਾਲ਼ ਬਰਤਾਨੀਆ ਵੱਲ ਵੇਖਦੇ ਹਨ, ਜਿੱਥੇ ਇੱਕ ਪੌਂਡ (=20 ਮਾਰਕ, ਲਗਭਗ 10 ਰੂਬਲ) ਦੇ ਹਿੱਸੇ ਜਾਰੀ ਕਰਨ ਦੀ ਆਗਿਆ ਹੈ। ਸੀਮਨਜ਼ ਨੇ, ਜਿਹੜਾ ਜਰਮਨੀ ਦੇ ਸਭ ਤੋਂ ਵੱਡੇ ਸਨਅਤਕਾਰਾਂ ਅਤੇ "ਵਿੱਤ ਬਾਦਸ਼ਾਹਾਂ" ਵਿੱਚੋਂ ਇੱਕ ਹੈ, 7 ਜੂਨ 1900 ਨੂੰ ਰਾਈਖ਼ਸਤਾਗ ਨੂੰ ਦੱਸਿਆ "ਇੱਕ ਪੌਂਡ ਦਾ ਹਿੱਸਾ ਬਰਤਾਨਵੀਂ ਸਾਮਰਾਜਵਾਦ ਦਾ ਅਧਾਰ ਹੈ।"*** ਇਸ ਵਪਾਰੀ ਨੂੰ, ਇੱਕ ਬਦਨਾਮ ਲੇਖਕ ਨਾਲ਼ੋਂ, ਜਿਸਨੂੰ ਰੂਸ ਵਿੱਚ ਮਾਰਕਸਵਾਦ ਦੇ ਮੋਢੀਆਂ ਵਿੱਚੋਂ ਇੱਕ[35] ਸਮਝਿਆ ਜਾਂਦਾ ਹੈ ਅਤੇ ਜਿਸਦਾ ਨਿਸ਼ਚਾ ਹੈ ਕਿ ਸਾਮਰਾਜਵਾਦ ਇੱਕ ਖ਼ਾਸ ਕੌਮ ਦੀ ਭੈੜੀ ਆਦਤ ਹੈ, ਸਾਮਰਾਜਵਾਦ ਦਾ ਵਧੇਰੇ "ਮਾਰਕਸਵਾਦੀ" ਗਿਆਨ ਹੈ।...

ਪਰ "ਅਧਿਕਰਣ ਪ੍ਰਣਾਲੀ" ਨਾ ਕੇਵਲ ਅਜਾਰੇਦਾਰਾਂ ਦੀ ਤਾਕਤ ਵਿੱਚ ਅਥਾਹ ਵਾਧਾ ਕਰਨ ਵਿੱਚ ਸਹਾਈ ਹੁੰਦਾ ਹੈ; ਇਹ ਉਹਨਾਂ ਨੂੰ ਇਸ ਯੋਗ ਬਣਾਉਂਦੀ ਹੈ ਕਿ ਜਨਤਾ ਨੂੰ ਧੋਖਾ ਦੇਣ ਲਈ ਨਿੱਧੜਕ ਹੋ ਕੇ ਹਰ ਤਰ੍ਹਾਂ ਦੀਆਂ ਸ਼ੱਕੀ ਅਤੇ ਗੰਦੀਆਂ ਚਾਲਾਂ ਚੱਲਣ, ਕਿਉਂਕਿ ਰਸਮੀ ਤੌਰ 'ਤੇ "ਮਾਂ ਕੰਪਨੀ" ਦੇ ਡਾਇਰੈਕਟਰ "ਧੀ ਕੰਪਨੀ" ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਨਹੀਂ, ਜਿਸਨੂੰ "ਸੁਤੰਤਰ" ਸਮਝਿਆ ਜਾਂਦਾ ਹੈ ਅਤੇ ਜਿਸਦੇ **ਸਾਧਨ ਰਾਹੀਂ** ਉਹ **ਕੋਈ ਵੀ** "ਚਾਲ ਚੱਲ" ਸਕਦੇ ਹਨ। ਇਹ ਹੈ ਇੱਕ ਮਿਸਾਲ ਜਿਹੜੀ ਮਈ 1914 ਦੇ

---

* Hans Gideon Heymann ´Die gemischten Werke im deutschen Grofleisengewerbeª, St., 1904, S. 268-69.(ਆਦਿ, ਪਹਿਲੀ ਛਾਪ ਦੇ ਪੰਨੇ 268-69 **ਸੰਪਾ:**)

** Liefmann, ´Beteilgungsges. etcª, S. 258 of the first edition.

* **Schulze-Gaevernitz in ´Grundrifl der Sozialˆkonomikª, V. 2, S. 110.

ਜਰਮਨ ਰਸਾਲੇ ´Die Bank[a] (ਬੈਂਕ) ਵਿੱਚੋਂ ਲਈ ਗਈ ਹੈ:

"ਕੁਝ ਵਰ੍ਹੇ ਪਹਿਲਾਂ ਕੈਸੇਲ ਦੀ ਸਪਰਿੰਗ ਸਟੀਲ ਕੰਪਨੀ ਜਰਮਨੀ ਵਿੱਚ ਸਭ ਤੋਂ ਵੱਧ ਨਫ਼ੇ ਵਾਲ਼ੇ ਕਾਰੋਬਾਰਾਂ ਵਿੱਚੋਂ ਇੱਕ ਸਮਝੀ ਜਾਂਦੀ ਸੀ। ਮਾੜੇ ਪ੍ਰਬੰਧ ਕਾਰਨ ਇਹਦਾ ਡਿਵੀਡੈਂਡ 15 ਫ਼ੀਸਦੀ ਤੋਂ ਘੱਟ ਕੇ ਸਿਫ਼ਰ ਹੋ ਗਿਆ। ਜਾਪਦਾ ਹੈ ਕਿ ਬੋਰਡ ਨੇ ਹਿੱਸੇਦਾਰਾਂ ਨਾਲ਼ ਸਲਾਹ ਕੀਤੇ ਬਗੈਰ ਆਪਣੀ ਇੱਕ "ਧੀ ਕੰਪਨੀ", ਹੈਸੀਆ ਕੰਪਨੀ ਨੂੰ, ਜਿਸਦਾ ਨਾਂ-ਮਾਤਰ ਸਰਮਾਇਆ ਕੇਵਲ ਕੁਝ ਲੱਖ ਮਾਰਕ ਹੈ, 60 **ਲੱਖ ਮਾਰਕ** ਕਰਜ਼ਾ ਦੇ ਦਿੱਤਾ। ਇਸ ਜ਼ਿੰਮੇਵਾਰੀ ਦਾ, ਜਿਹੜੀ "ਮਾਂ ਕੰਪਨੀ" ਦੇ ਸਰਮਾਏ ਦੇ ਲਗਭਗ ਤਿਗਣੀ ਹੈ, ਬੈਲੈਂਸ-ਸ਼ੀਟ ਵਿੱਚ ਕਦੀ ਜ਼ਿਕਰ ਨਾ ਕੀਤਾ ਗਿਆ। ਇਹ ਉੱਕਾਈ ਪੂਰੀ ਤਰ੍ਹਾਂ ਕਾਨੂੰਨੀ ਸੀ ਅਤੇ ਦੋ ਵਰ੍ਹੇ ਲੁਕਾਈ ਜਾ ਸਕੀ ਕਿਉਂਕਿ ਇਹ ਕੰਪਨੀਆਂ ਸਬੰਧੀ ਕਾਨੂੰਨ ਦੀ ਕਿਸੇ ਧਾਰਾ ਦੀ ਉਲੰਘਣਾ ਨਹੀਂ ਸੀ ਕਰਦੀ। ਨਿਗਰਾਨ ਬੋਰਡ ਦਾ ਸਭਾ-ਪਤੀ, ਜਿਸਨੇ ਜ਼ਿੰਮੇਵਾਰ ਮੁੱਖੀ ਦੇ ਤੌਰ 'ਤੇ ਝੂਠੇ ਬੈਲੈਂਸ-ਸ਼ੀਟ ਉੱਤੇ ਦਸਤਖ਼ਤ ਕੀਤੇ, ਕੈਸੇਲ ਚੈਂਬਰ ਆਫ਼ ਕਾਮਰਸ ਦਾ ਪ੍ਰਧਾਨ ਸੀ ਅਤੇ ਹੁਣ ਵੀ ਹੈ। ਹਿੱਸੇਦਾਰਾਂ ਨੂੰ ਹੈਸੀਆ ਕੰਪਨੀ ਦੇ ਦਿੱਤੇ ਕਰਜ਼ੇ ਦਾ ਉਦੋਂ ਹੀ ਪਤਾ ਲੱਗਾ ਜਦੋਂ ਇਹ ਇੱਕ ਗ਼ਲਤੀ ਸਾਬਤ ਕੀਤਾ ਜਾ ਚੁੱਕਾ ਸੀ".... (ਲੇਖਕ ਨੂੰ ਗ਼ਲਤੀ ਦਾ ਸ਼ਬਦ ਉਲਟੇ ਕਾਮਿਆਂ ਵਿੱਚ ਦੇਣਾ ਚਾਹੀਦਾ ਹੈ) "ਅਤੇ ਫਿਰ ਸਪਰਿੰਗ ਸਟੀਲ ਦੇ ਹਿੱਸਿਆਂ ਦਾ ਮੁੱਲ ਲਗਭਗ 100 ਫ਼ੀਸਦੀ ਘੱਟ ਗਿਆ, ਕਿਉਂਕਿ ਭੇਦੀ ਉਹਨਾਂ ਤੋਂ ਛੁਟਕਾਰਾ ਪਾ ਰਹੇ ਸਨ।...

"**ਬੈਲੈਂਸ ਸ਼ੀਟ ਨਾਲ਼ ਮਦਾਰੀਆਂ ਵਾਲ਼ੀ ਖੇਡ ਦੀ ਇਹ ਲਖਣਾਇਕ ਮਿਸਾਲ**, ਜਿਹੜੀ ਸਾਂਝੀ ਰਾਸ ਕੰਪਨੀਆਂ ਵਿੱਚ **ਬਹੁਤ ਆਮ** ਹੈ, ਇਸ ਗੱਲ ਦੀ ਵਿਆਖਿਆ ਕਰਦੀ ਹੈ ਕਿ ਉਹਨਾਂ ਦੇ ਬੋਰਡ ਆਫ਼ ਡਾਇਰੈਕਟਰਜ਼ ਖ਼ਤਰੇ ਵਾਲ਼ੇ ਕੰਮ ਵਿਕੋਲਤ੍ਰੇ ਵਪਾਰੀਆਂ ਨਾਲ਼ੋਂ ਕਿਤੇ ਵੱਧ ਬੇਫਿਕਰੀ ਨਾਲ਼ ਕਰਨ ਲਈ ਤਿਆਰ ਹੋ ਜਾਂਦੇ ਹਨ। ਬੈਲੈਂਸ-ਸ਼ੀਟ ਤਿਆਰ ਕਰਨ ਦੇ ਨਵੀਨ ਤਰੀਕੇ ਨਾ ਕੇਵਲ ਇਹ ਸੰਭਵ ਬਣਾਉਂਦੇ ਹਨ ਕਿ ਸ਼ੱਕੀ ਕਾਰਵਾਈਆਂ ਨੂੰ ਆਮ ਹਿੱਸੇਦਾਰਾਂ ਦੀਆਂ ਅੱਖਾਂ ਤੋਂ ਲੁਕਾਇਆ ਜਾਵੇ ਸਗੋਂ ਸਭ ਤੋਂ ਵੱਧ ਜ਼ਿੰਮੇਵਾਰ ਲੋਕਾਂ ਨੂੰ ਇਸ ਯੋਗ ਬਣਾਉਂਦੇ ਹਨ ਕਿ ਉਹ ਆਪਣੇ ਹਿੱਸੇ ਵੇਲ਼ੇ ਸਿਰ ਵੇਚ ਕੇ ਅਸਫ਼ਲ ਸੱਟੇਬਾਜ਼ੀ ਦੇ ਨਤੀਜਿਆਂ ਤੋਂ ਛੁਟਕਾਰਾ ਪਾ ਲੈਣ ਜਿੱਥੇ ਕਿ ਵਿਕੋਲਤ੍ਰਾ ਵਪਾਰੀ ਆਪਣੇ ਹਰ ਅਮਲ ਵਿੱਚ ਆਪਣੀ ਚਮੜੀ ਖ਼ਤਰੇ ਵਿੱਚ ਪਾਉਂਦਾ ਹੈ।...

"ਸਾਂਝੀ-ਰਾਸ ਕੰਪਨੀਆਂ ਦੇ ਬੈਲੈਸ਼-ਸ਼ੀਟ ਮੱਧ ਕਾਲ ਦੇ Palimpsests (ਪਾਲਿਮਪਸੈਸਟਸ) ਦੀ ਯਾਦ ਦਿਵਾਉਂਦੇ ਹਨ, ਜਿਨ੍ਹਾਂ ਉੱਤੇ ਪਹਿਲਾਂ ਦਿਸਦੀ ਲਿਖਤ ਖੁਰਚਣੀ ਪੈਂਦੀ ਸੀ ਤਾਂ ਜੁ ਦਸਤਾਵੇਜ਼ ਦਾ ਅਸਲੀ ਅਰਥ ਦੇਣ ਵਾਲ਼ੀ ਇੱਕ ਹੋਰ ਲਿਖਤ ਲੱਭੀ ਜਾ ਸਕੇ। [ਪਾਲਿਮਪਸੈਸਟਸ ਚਰਮੀ ਕਾਗ਼ਜ਼ ਉੱਤੇ ਲਿਖੀਆਂ ਉਹ ਦਸਤਾਵੇਜ਼ ਹੁੰਦੀਆਂ ਹਨ, ਜਿਨ੍ਹਾਂ ਤੋਂ ਅਸਲ ਲਿਖਤ ਮਿਟਾ ਕੇ ਉੱਤੇ ਹੋਰ ਲਿਖਤ ਲਿਖ ਦਿੱਤੀ ਜਾਂਦੀ ਹੈ।]

"ਬੈਲੈਂਸ-ਸ਼ੀਟ ਨੂੰ ਸਮਝੋਂ ਬਾਹਰਾ ਬਣਾਉਣ ਦਾ ਸਭ ਤੋਂ ਸਾਦਾ ਅਤੇ ਇਸੇ ਲਈ, ਸਭ ਤੋਂ ਆਮ ਢੰਗ "ਧੀ ਕੰਪਨੀਆਂ" ਖੜ੍ਹੀਆਂ ਕਰਕੇ—ਜਾਂ ਉਹਨਾਂ ਨੂੰ ਆਪਣੇ ਨਾਲ਼ ਜੋੜ

ਕੇ, ਇੱਕ ਕਾਰੋਬਾਰ ਨੂੰ ਕਈ ਹਿੱਸਿਆਂ ਵਿੱਚ ਵੰਡਣਾ ਹੈ। ਇਸ ਪ੍ਰਣਾਲੀ ਦੇ ਵੱਖ ਵੱਖ ਮੰਤਵ—ਕਾਨੂੰਨੀ ਅਤੇ ਗ਼ੈਰ-ਕਾਨੂੰਨੀ—ਇੰਨੇ ਸਪੱਸ਼ਟ ਹਨ ਕਿ ਇਹਨੂੰ ਨਾ ਵਰਤਣ ਵਾਲ਼ੀਆਂ ਵੱਡੀਆਂ ਕੰਪਨੀਆਂ ਕੇਵਲ ਛੋਟ ਹੀ ਹਨ।"*

ਇੱਕ ਵੱਡੀ ਅਜਾਰੇਦਾਰ ਕੰਪਨੀ ਦੀ ਮਿਸਾਲ ਵਜੋਂ ਜਿਹੜੀ ਇਹ ਪ੍ਰਣਾਲੀ ਵਿਸ਼ਾਲ ਰੂਪ ਵਿੱਚ ਵਰਤਦੀ ਹੈ, ਲੇਖਕ ਪ੍ਰਸਿੱਧ ਜੈਨਰਲ ਇਲੈਕਟ੍ਰਿਕ ਕੰਪਨੀ ਦੀ (A.E.G., ਜਿਸਦਾ ਮੈਂ ਅੱਗੇ ਜਾ ਕੇ ਜ਼ਿਕਰ ਕਰਾਂਗਾ) ਮਿਸਾਲ ਦੇਂਦਾ ਹੈ। 1912 ਵਿੱਚ ਇਹ ਹਿਸਾਬ ਲਾਇਆ ਗਿਆ ਸੀ ਕਿ 1912 ਵਿੱਚ ਇਸ ਕੰਪਨੀ ਦੇ 175 ਤੋਂ 200 ਕੰਪਨੀਆਂ ਵਿੱਚ ਹਿੱਸੇ ਸਨ, ਨਿਸ਼ਚੇ ਹੀ, ਉਹ ਉਹਨਾਂ ਉੱਤੇ ਗ਼ਾਲਬ ਸੀ ਅਤੇ ਇਉਂ ਲਗਭਗ **150 ਕਰੋੜ ਮਾਰਕ** ਦੇ ਸਰਮਾਏ ਨੂੰ ਕੰਟਰੋਲ ਕਰਦੀ ਸੀ।**

ਕੰਟਰੋਲ, ਬੈਲੈਂਸ਼-ਸ਼ੀਟ ਛਾਪਣ, ਇੱਕ ਖ਼ਾਸ ਫ਼ਾਰਮ ਮੁਤਾਬਕ ਬੈਲੈਂਸ-ਸ਼ੀਟ ਬਣਾਉਣਾ, ਹਿਸਾਬ ਕਿਤਾਬ ਦੀ ਜਨਤਕ ਪੜਤਾਲ, ਆਦਿ, ਦੇ ਨੇਮ ਜਿਨ੍ਹਾਂ ਸਬੰਧੀ ਪ੍ਰੋਫ਼ੈਸਰ ਅਤੇ ਨੇਕ-ਨੀਅਤ ਅਧਿਕਾਰੀ—ਅਰਥਾਤ ਉਹ ਸਾਰੇ ਜਿਹੜੇ ਸਰਮਾਏਦਾਰੀ ਦੀ ਰੱਖਿਆ ਕਰਨ ਅਤੇ ਇਹਨੂੰ ਸੁਹਣਾ ਬਣਾਉਣ ਦੀ ਭਾਵਨਾ ਨਾਲ਼ ਗੜੁੱਚੇ ਹੋਏ ਹਨ—ਜਨਤਾ ਸਾਹਮਣੇ ਵਖਿਆਨ ਦੇਂਦੇ ਹਨ, ਕਿਸੇ ਕੰਮ ਦੇ ਨਹੀਂ; ਕਿਉਂਕਿ ਨਿੱਜੀ ਜਾਇਦਾਦ ਪਵਿੱਤਰ ਹੈ ਅਤੇ ਕਿਸੇ ਨੂੰ ਆਪਣੇ ਹਿੱਸੇ ਖ਼ਰੀਦਣ, ਵੇਚਣ, ਤਬਾਦਲਾ ਕਰਨ ਜਾਂ ਗਹਿਣੇ ਰੱਖਣ, ਆਦਿ ਤੋਂ ਰੋਕਿਆ ਨਹੀਂ ਜਾ ਸਕਦਾ।

ਵੱਡੇ ਰੂਸੀ ਬੈਂਕਾਂ ਵਿੱਚ "ਅਧਿਕਰਣ ਪ੍ਰਣਾਲੀ" ਕਿਸ ਹੱਦ ਤੱਕ ਵਿਕਸਿਤ ਹੋਈ ਹੈ, ਉਹਦਾ ਅੰਦਾਜ਼ਾ ਏ. ਅਗਾਹਦ ਵੱਲੋਂ ਦਿੱਤੇ ਅੰਕੜਿਆਂ ਤੋਂ ਲੱਗਦਾ ਹੈ, ਜਿਹੜਾ 15 ਵਰ੍ਹੇ ਰੂਸੀ-ਚੀਨੀ ਬੈਂਕ ਵਿੱਚ ਇੱਕ ਅਧਿਕਾਰੀ ਸੀ ਅਤੇ ਜਿਸਨੇ ਮਈ 1914 ਵਿੱਚ ਇੱਕ ਪੁਸਤਕ ਛਾਪੀ, ਜਿਸਦਾ ਨਾਂ "ਵੱਡੇ ਬੈਂਕ ਅਤੇ ਸੰਸਾਰ ਦੀ ਮੰਡੀ"*** ਪੂਰੀ ਤਰ੍ਹਾਂ ਠੀਕ ਤਾਂ ਉੱਕਾ ਹੀ ਨਹੀਂ। ਲੇਖਕ ਵੱਡੇ ਰੂਸੀ ਬੈਂਕਾਂ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ: (ੳ) ਉਹ ਬੈਂਕ

---

* L, Eschwege. ´Tochtergesellschaftenª in ´Die Bankª, 1914, l, S. 545. (ਲ. ਏਸ਼ਵੇਗੇ। "ਧੀ ਕੰਪਨੀਆਂ", ਰਸਾਲੇ "ਬੈਂਕ" ਵਿੱਚ, 1914, ਅੰਕ 1, ਪੰਨਾ 545 **—ਸੰਪਾ.**)

** Kurt Heinig. ´Der Weg des Electrotrustsª, ´New Zeitª, 1912, 30, Jahrg,, 2, S. 484.(ਕੁਰਟ ਹੀਨਿੰਗ। "ਬਿਜਲ ਟਰੱਸਟਾਂ ਦਾ ਰਾਹ" "ਨਵਾਂ ਜ਼ਮਾਨਾ", 1912, ਸੈਂਚੀ 30, ਅੰਕ 2, ਪੰਨਾ 494- **ਸੰਪਾ:**)

*** E. Agahd. ´Groflbanken und Weltmarktª, Die wirtschaft-liche und politische Bedeutung der Groflbanken im Weltmarkt unter Ber¸cksichtigung ihres Einflusses auf Rufllands Volks-wirtschaft und die deutsch-russischen Beziehungenª, Berl., 1914 (ਏ. ਅਗਾਹਦ, "ਵੱਡੇ ਬੈਂਕ ਅਤੇ ਸੰਸਾਰ ਦੀ ਮੰਡੀ। ਰੂਸ ਦੀ ਜਨਤਕ ਆਰਥਕਤਾ ਅਤੇ ਜਰਮਨ-ਰੂਸੀ ਸਬੰਧਾਂ ਦੇ ਸਬੰਧ ਵਿੱਚ ਸੰਸਾਰ ਮੰਡੀ ਵਿੱਚ ਵੱਡੇ ਬੈਂਕਾਂ ਦੀ ਆਰਥਕ ਅਤੇ ਰਾਜਸੀ ਮਹੱਤਤਾ, " ਬਰਲਿਨ, 1914,-**ਸੰਪਾ:**)

ਜਿਹੜੇ "ਅਧਿਕਰਣ ਪ੍ਰਣਾਲੀ" ਹੇਠ ਆਉਂਦੇ ਹਨ ਅਤੇ (ਅ) "ਸੁਤੰਤਰ ਬੈਂਕ"—ਪਰ "ਸੁਤੰਤਰਤਾ" ਦੇ ਅਰਥ ਆਪਹੁਦਰੇ ਤੌਰ 'ਤੇ **ਵਿਦੇਸ਼ੀ** ਬੈਂਕਾਂ ਦੀ ਸੁਤੰਤਰਤਾ ਤੋਂ ਲਏ ਗਏ ਹਨ। ਲੇਖਕ ਪਹਿਲੀ ਟੋਲੀ ਨੂੰ ਤਿੰਨ ਉਪ-ਟੋਲੀਆਂ ਵਿੱਚ ਵੰਡਦਾ ਹੈ: (1) ਜਰਮਨ ਅਧਿਕਰਣ (2) ਬਰਤਾਨਵੀਂ ਅਧਿਕਰਣ ਅਤੇ (3) ਫਰਾਂਸੀਸੀ ਅਧਿਕਰਣ, ਅਜਿਹਾ ਕਰਦੇ ਹੋਏ ਉਹ ਜ਼ਿਕਰ ਕੀਤੇ ਸਬੰਧਤ ਦੇਸ਼ ਦੇ ਵੱਡੇ ਵਿਦੇਸ਼ੀ ਬੈਂਕਾਂ ਦੇ "ਅਧਿਕਰਣ" ਅਤੇ ਭਾਰੂ ਹੋਣ ਨੂੰ ਮੁੱਖ ਰੱਖਦਾ ਹੈ। ਲੇਖਕ ਆਪਣੇ ਨਿੱਕ-ਬੁਰਜੂਆ, ਸੁਧਾਰਕ ਦ੍ਰਿਸ਼ਟੀਕੋਣ ਤੋ ਇਹ ਫ਼ਰਜ਼ ਕਰ ਲੈਂਦੇ ਹੋਏ ਕਿ ਸਰਮਾਏਦਾਰੀ ਅਧੀਨ ਪੈਸਾ ਲਾਉਣ ਦੇ ਪਹਿਲੇ ਰੂਪ ਨੂੰ ਦੂਜੇ ਰੂਪ ਨਾਲ਼ੋਂ ਵੱਖ ਕੀਤਾ ਜਾ ਸਕਦਾ ਹੈ ਅਤੇ ਦੂਜੇ ਨੂੰ ਖ਼ਤਮ ਕੀਤਾ ਜਾ ਸਕਦਾ ਹੈ ਬੈਂਕਾਂ ਦੇ ਸਰਮਾਏ ਨੂੰ "ਉਪਜਾਊ ਢੰਗ ਨਾਲ਼" ਲਾਏ (ਅਰਥਾਤ ਸਨਅਤੀ ਅਤੇ ਵਪਾਰਕ ਕਾਰੋਬਾਰਾਂ ਵਿੱਚ ਲਾਏ) ਅਤੇ "ਸੱਟੇਬਾਜ਼ ਤੌਰ 'ਤੇ" ਲਾਏ (ਅਰਥਾਤ ਸੱਟਾ ਮੰਡੀ ਅਤੇ ਵਿੱਚ ਕਾਰਵਾਈਆਂ ਵਿੱਚ ਲਾਏ) ਵਿੱਚ ਵੰਡਦਾ ਹੈ।

ਇਹ ਹਨ ਉਹਦੇ ਵੱਲੋਂ ਦਿੱਤੇ ਅੰਕੜੇ: (ਅਗਲੇ ਪੰਨੇ ਉੱਤੇ ਸਾਰਣੀ ਵੇਖੋ)

ਇਹਨਾਂ ਅੰਕੜਿਆਂ ਅਨੁਸਾਰ ਲਗਭਗ ਕੁੱਲ 400 ਕਰੋੜ ਰੂਬਲ ਵਿੱਚੋਂ, ਜਿਹੜਾ ਵੱਡੇ ਬੈਂਕਾਂ ਦਾ "ਚਾਲੂ" ਸਰਮਾਇਆ ਬਣਦਾ ਹੈ, **ਤਿੰਨ-ਚੁਥਾਈ ਤੋਂ ਵੱਧ**, 300 ਕਰੋੜ ਤੋਂ ਵੱਧ, ਉਹਨਾਂ ਬੈਂਕਾਂ ਦੀ ਮਿਲਖ ਹੈ ਜਿਹੜੇ ਅਸਲ ਵਿੱਚ ਵਿਦੇਸ਼ੀ ਬੈਂਕਾਂ ਦੀਆਂ "ਧੀ ਕੰਪਨੀਆਂ" ਹੀ ਹਨ ਅਤੇ ਮੁੱਖ ਤੌਰ 'ਤੇ ਪੈਰਿਸ ਦੇ ਬੈਂਕਾਂ ਦੀਆਂ (ਪ੍ਰਸਿੱਧ ਤ੍ਰਿਕੜੀ: ਯੂਨੀਅਨ ਪੈਰੇਸੀਨ, ਪੈਰਿਸ ਵਲੰਦੇਜ਼ੀ ਅਤੇ ਸੋਸਾਇਟੀ ਜੈਨੇਰੇਲੇ) ਅਤੇ ਬਰਲਿਨ ਦੇ ਬੈਂਕਾਂ ਦੀਆਂ (ਵਿਸ਼ੇਸ਼ ਤੌਰ 'ਤੇ ਜਰਮਨ ਬੈਂਕ ਅਤੇ ਡਿਸਕੋਨਟੋ-ਗੈਸੇਲਸ਼ਾਫ਼ਟ)। ਦੋ ਸਭ ਤੋਂ ਵੱਡੇ ਰੂਸੀ ਬੈਂਕਾਂ, ਰੂਸੀ (ਵਿਦੇਸ਼ੀ ਵਪਾਰ ਲਈ ਰੂਸੀ ਬੈਂਕ) ਅਤੇ ਕੌਮਾਂਤਰੀ (ਸੇਂਟ ਪੀਟਰਜ਼ਬਰਗ ਕੌਮਾਂਤਰੀ ਵਣਜ ਬੈਂਕ) ਨੇ 1906 ਅਤੇ 1912 ਵਿਚਕਾਰ ਤਿੰਨ ਚੁਥਾਈ "ਜਰਮਨ ਸਰਮਾਇਆ ਵਰਤਦੇ ਹੋਏ" ਆਪਣਾ ਸਰਮਾਇਆ 4 ਕਰੋੜ 40 ਲੱਖ ਰੂਬਲ ਤੋਂ ਵਧਾ ਕੇ 9 ਕਰੋੜ 80 ਲੱਖ ਰੂਬਲ ਕਰ ਲਿਆ ਅਤੇ ਆਪਣੇ ਰਾਖਵੇਂ ਭੰਡਾਰ ਡੇਢ ਕਰੋੜ ਰੂਬਲ ਤੋਂ ਵਧਾ ਕੇ ਤਿੰਨ ਕਰੋੜ 90 ਲੱਖ ਰੂਬਲ ਕਰ ਲਏ। ਪਹਿਲਾ ਬੈਂਕ ਬਰਲਿਨ ਦੇ ਜਰਮਨ ਬੈਂਕ "ਵਪਾਰ" ਦਾ ਹੈ ਅਤੇ ਦੂਜਾ ਡਿਸਕੋਨਟੋ-ਗੈਸੇਲਸ਼ਾਫ਼ਟ ਦਾ ਹੈ। ਯੋਗ ਅਗਾਹਦ ਹਿੱਸਿਆਂ ਦੀ ਬਹੁ-ਗਿਣਤੀ ਬਰਲਿਨ ਦੇ ਬੈਂਕਾਂ ਦੇ ਹੱਥ ਹੋਣ 'ਤੇ, ਜਿਸਦੇ ਸਿੱਟੇ ਵਜੋਂ ਰੂਸੀ ਹਿੱਸੇਦਾਰ ਨਿਤਾਣੇ ਹਨ, ਅਤਿ-ਅੰਤ ਗ਼ੁੱਸੇ ਹੈ। ਸੁਭਾਵਕ ਹੀ, ਜਿਹੜਾ ਦੇਸ਼ ਸਰਮਾਇਆ ਬਰਾਮਦ ਕਰਦਾ ਹੈ ਉਹ ਮਲਾਈ ਛਕ ਜਾਂਦਾ ਹੈ; ਮਿਸਾਲ ਵਜੋਂ ਸਾਇਬੇਰਿਆਈ ਵਣਜ ਬੈਂਕ ਦੇ ਹਿੱਸੇ ਮੰਡੀ ਵਿੱਚ ਲਿਆਉਣ ਤੋਂ ਪਹਿਲਾਂ ਬਰਲਿਨ ਦੇ ਜਰਮਨ ਬੈਂਕ ਨੇ ਉਹਨਾਂ ਨੂੰ ਪੂਰਾ ਇੱਕ ਸਾਲ ਆਪਣੇ ਕਬਜ਼ੇ ਵਿੱਚ ਰੱਖਿਆ ਅਤੇ ਫਿਰ 100 ਦੀ ਥਾਂ 193 ਦੇ ਹਿਸਾਬ ਵੇਚਿਆ, ਅਰਥਾਤ, ਨਾਂ-ਮਾਤਰ ਕੀਮਤ ਦੇ ਲਗਭਗ ਦੂਣੇ ਉੱਤੇ, ਇਉਂ ਲਗਭਗ 60 ਲੱਖ ਦਾ ਨਫ਼ਾ "ਕਮਾਇਆ", ਜਿਸਨੂੰ ਹਿਲਫ਼ਰਡਿੰਗ "ਮੋਢੀਆਂ ਦੇ ਨਫ਼ੇ" ਕਹਿੰਦਾ ਹੈ।

ਸਾਡਾ ਲੇਖਕ ਸੇਂਟ ਪੀਟਰਜ਼ਬਰਗ ਦੇ ਮੁੱਖ ਬੈਂਕਾਂ ਦੀ ਕੁੱਲ "ਸਮਤਾ" 823.5

**ਬੈਂਕਾਂ ਦੀ ਸੰਪੱਤੀ (ਅਕਤੂਬਰ-ਨਵੰਬਰ 1913 ਦੀਆਂ ਰਿਪੋਰਟਾਂ ਅਨੁਸਾਰ)**

| ਰੂਸੀ ਬੈਂਕਾਂ ਟੋਲੀਆਂ | ਲਾਈ ਸੰਪੱਤੀ (ਦਸ ਲੱਖ ਰੂਬਲ) | | |
|---|---|---|---|
| | ਉਪਜਾਊ ਤੌਰ 'ਤੇ | ਸੱਟੇਬਾਜ਼ ਤੌਰ 'ਤੇ | ਕੁੱਲ ਜੋੜ |
| ੳ 1) ਚਾਰ ਬੈਂਕ: ਸਾਇਬੇਰਿਆਈ ਵਪਾਰਕ, ਰੂਸੀ, ਕੌਮਾਂਤਰੀ ਅਤੇ ਹੁੰਡੀ ਬੈਂਕ | 413.7 | 859.1 | 1,272.8 |
| ੳ 2) ਦੋ ਬੈਂਕ: ਵਣਜ ਅਤੇ ਸਨਅਤੀ ਅਤੇ ਰੂਸੀ–ਬਰਤਾਨਵੀਂ | 239.3 | 169.1 | 408.4 |
| ੳ 3) ਪੰਜ ਬੈਂਕ: ਰੂਸੀ–ਏਸ਼ੀਆਈ, ਸੇਂਟ ਪੀਟਰਜ਼ਬਰਗ ਪ੍ਰਾਈਵੇਟ, ਅਜ਼ੋਵ–ਦੋਨ, ਯੂਨੀਅਨ ਮਾਸਕੋ, ਰੂਸੀ–ਫ਼ਰਾਂਸੀਸੀ ਵਣਜ | 711.8 | 669.2 | 1373.0 |
| (11 ਬੈਂਕ) **ਕੁੱਲ ਜੋੜ** | ੳ) 1,364.8 | 1,689.4 | 3,054.2 |
| ਅ) ਅੱਠ ਬੈਂਕ –ਮਾਸਕੋ ਵਪਾਰੀਆਂ ਦਾ, ਵੋਲਗਾ–ਕਾਮਾ, ਜੁੰਕਰ ਐਂਡ ਕੰਪਨੀ, ਸੇਂਟ ਪੀਟਰਜ਼ਬਰਗ ਵਣਜ (ਪਹਿਲਾਂ ਵਾਵੇਲਬਰਗ), ਮਾਸਕੋ ਦਾ ਬੈਂਕ (ਪਹਿਲਾਂ ਰਿਆਬੂਸ਼ਿੰਸ਼ਕੀ), ਮਾਸਕੋ ਹੁੰਡੀ, ਮਾਸਕੋ ਵਣਜ, ਮਾਸਕੋ ਪ੍ਰਾਈਵੇਟ | 504.2 | 391.1 | 895.3 |
| (19 ਬੈਂਕ) **ਕੁੱਲ ਜੋੜ** | 1,869.0 | 2,080.5 | 3,949.5 |

ਕਰੋੜ ਰੂਬਲ ਮਿੱਥਦਾ ਹੈ, 800 ਕਰੋੜ ਰੂਬਲ ਤੋਂ ਚੋਖੀ ਵਧ ਅਤੇ ਵਿਦੇਸ਼ੀ ਬੈਂਕਾਂ ਦੇ "ਅਧਿਕਰਣਾਂ" ਜਾਂ ਜਿਸ ਹੱਦ ਤੱਕ ਉਹ ਇਹਨਾਂ ਉੱਤੇ ਗ਼ਾਲਬ ਹਨ, ਉਹਨਾਂ ਦਾ ਅੰਦਾਜ਼ਾ ਉਹ ਇਸ ਤਰ੍ਹਾਂ ਲਾਉਂਦਾ ਹੈ: ਫ਼ਰਾਂਸੀਸੀ ਬੈਂਕ 55 ਫ਼ੀਸਦੀ; ਬਰਤਾਨਵੀ ਬੈਂਕ 10 ਫ਼ੀਸਦੀ; ਜਰਮਨ 35 ਫ਼ੀਸਦੀ। ਲੇਖਕ ਹਿਸਾਬ ਲਾਉਂਦਾ ਹੈ ਕਿ ਕੰਮ ਕਰ ਰਹੇ ਕੁੱਲ 823.5 ਕਰੋੜ ਰੂਬਲ ਸਰਮਾਏ ਵਿੱਚੋਂ 368.7 ਕਰੋੜ ਦਾਂ 40 ਫ਼ੀਸਦੀ ਤੋਂ ਵੱਧ ਪ੍ਰੋਦੂਗੋਲ ਅਤੇ ਪ੍ਰੋਦਾਮੇਤ ਸਿੰਡੀਕੇਟਾਂ ਅਤੇ ਤੇਲ, ਧਾਤਾਂ ਅਤੇ ਸੀਮਿੰਟ ਦੀਆਂ ਸਨਅਤਾਂ ਦੀਆਂ ਸਿੰਡੀਕੇਟਾਂ ਦੇ ਹਿੱਸੇ ਆਉਂਦਾ ਹੈ। ਇਉਂ ਸਰਮਾਏਦਾਰ ਅਜਾਰੇਦਾਰੀਆਂ ਦੀ ਸਥਾਪਤੀ ਕਾਰਨ ਬੈਂਕ ਅਤੇ ਸਨਅਤੀ ਸਰਮਾਏ ਦੀ ਜੁੜਤ ਨੇ ਵੀ ਰੂਸ ਵਿੱਚ ਧੜਵੈਲ ਪਲਾਂਘਾਂ ਪੁੱਟੀਆਂ ਹਨ।[36]

ਕੁਝ ਹੱਥਾਂ ਵਿੱਚ ਕੇਂਦਰਿਤ ਹੋਇਆ ਅਤੇ ਲਗਭਗ ਅਜਾਰੇਦਾਰੀ ਦੀ ਪ੍ਰਸਥਿਤੀ ਵਿੱਚ ਹੁੰਦਾ ਹੋਇਆ, ਵਿੱਤ ਸਰਮਾਇਆ ਕੰਪਨੀਆਂ ਸ਼ੁਰੂ ਕਰਕੇ, ਹਿੱਸੇ, ਸਰਕਾਰੀ ਕਰਜ਼ੇ, ਆਦਿ ਜਾਰੀ ਕਰਕੇ ਧੜਵੈਲ ਅਤੇ ਸਦਾ ਵਧ ਰਹੇ ਨਫ਼ੇ ਕਮਾਉਂਦਾ ਹੈ, ਵਿੱਤ ਜੁੰਡੀ ਰਾਜ ਦਾ ਗ਼ਲਬਾ ਮਜ਼ਬੂਤ ਬਣਾਉਂਦਾ ਹੈ ਅਤੇ ਅਜਾਰੇਦਾਰਾਂ ਦੇ ਭਲ਼ੇ ਲਈ ਸਾਰੇ ਸਮਾਜ ਤੋਂ ਖ਼ਿਰਾਜ ਵਸੂਲ ਕਰਦਾ ਹੈ। ਇਹ ਹੈ ਇੱਕ ਮਿਸਾਲ, ਅਮਰੀਕੀ ਟਰੱਸਟਾਂ ਦੇ "ਵਪਾਰਕ" ਢੰਗਾਂ ਦੀ, ਜਿਹੜੀ ਅਨੇਕਾਂ ਹੋਰਨਾਂ ਵਿੱਚੋਂ ਲਈ ਗਈ ਹੈ ਅਤੇ ਜਿਹੜੀ ਹਿਲਫ਼ਰਡਿੰਗ ਨੇ ਪੇਸ਼ ਕੀਤੀ ਹੈ। ਹੈਵੇਮੇਅਰ ਨੇ 15 ਛੋਟੀਆਂ ਫ਼ਰਮਾਂ ਨੂੰ ਮਿਲ਼ਾ ਕੇ, ਜਿਨ੍ਹਾਂ ਦਾ ਕੁੱਲ ਸਰਮਾਇਆ 65,00,000 ਡਾਲਰ ਸੀ ਖੰਡ ਦਾ ਟਰੱਸਟ ਖੜ੍ਹਾ ਕੀਤਾ। ਜਿਹਾ ਕਿ ਅਮਰੀਕੀ ਕਹਿੰਦੇ ਹਨ, ਚੰਗੀ ਤਰ੍ਹਾਂ "ਪਾਣੀ ਮਿਲਾ ਕੇ" ਟਰੱਸਟ ਦਾ ਸਰਮਾਇਆ ਪੰਜ ਕਰੋੜ ਹੋਣ ਦਾ ਐਲਾਨ ਕਰ ਦਿੱਤਾ ਗਿਆ। ਇਸ "ਲੋੜੋਂ ਵਧੇਰੇ-ਸਰਮਾਇਆ ਲਾਉਣ" ਨੇ ਅਜ਼ਾਰੇਦਾਰ ਨਫ਼ਿਆਂ ਨੂੰ ਉਸੇ ਤਰ੍ਹਾਂ ਅਗਾਊ ਵੇਖ ਲਿਆ ਸੀ ਜਿਵੇਂ ਯੂਨਾਈਟਿਡ ਸਟੇਟਸ ਸਟੀਲ ਕਾਰਪੋਰੇਸ਼ਨ ਵੱਧ ਤੋਂ ਵੱਧ ਸੰਭਵ ਗਿਣਤੀ ਵਿੱਚ ਖਣਿਜ ਲੋਹੇ ਦੇ ਮੈਦਾਨ ਖ਼ਰੀਦਣ ਵਿੱਚ ਆਪਣੇ ਅਜਾਰੇਦਾਰ ਨਫ਼ੇ ਅਗਾਊਂ ਵੇਖ ਲੈਂਦਾ ਹੈ। ਅਸਲੀਅਤ ਵਿੱਚ ਖੰਡ ਦੇ ਟਰੱਸਟ ਨੇ ਅਜਾਰੇਦਾਰ ਕੀਮਤਾਂ ਮਿੱਥ ਦਿੱਤੀਆਂ, ਜਿਸ ਨੇ ਇਸ ਲਈ ਅਜਿਹੇ ਨਫ਼ੇ ਸੰਭਵ ਬਣਾਏ ਕਿ ਇਹ "ਪਾਣੀ ਮਿਲਾ ਕੇ" **ਸੱਤ ਗੁਣਾ ਕੀਤੇ** ਸਰਮਾਏ ਉੱਤੇ ਦਸ ਫ਼ੀਸਦੀ ਡਿਵੀਡੈਂਡ ਦੇ ਸਕਿਆ ਜਾਂ **ਟਰੱਸਟ ਦੇ ਬਣਨ ਸਮੇਂ ਯਥਾਰਥ ਵਿੱਚ ਲਾਏ ਗਏ ਸਰਮਾਏ ਉੱਤੇ ਲਗਭਗ 70 ਫ਼ੀਸਦੀ ਦੇ ਸਕਿਆ !** 1909 ਵਿੱਚ ਖੰਡ ਦੇ ਟਰੱਸਟ ਦਾ ਸਰਮਾਇਆ ਨੌਂ ਕਰੋੜ ਡਾਲਰ ਸੀ। 22 ਵਰ੍ਹਿਆਂ ਵਿੱਚ ਇਹਨੇ ਆਪਣਾ ਸਰਮਾਇਆ ਦਸ ਗੁਣਾ ਤੋਂ ਵੱਧ ਵਧਾ ਲਿਆ।

ਫ਼ਰਾਂਸ ਵਿੱਚ "ਵਿੱਤ ਜੁੰਡੀ-ਰਾਜ" ਦੇ ਦਾਬੇ ਨੇ ਇੱਕ ਅਜਿਹਾ ਰੂਪ ਧਾਰਨ ਕੀਤਾ ਜਿਹੜਾ ਕੇਵਲ ਥੋੜ੍ਹਾ ਜਿਹਾ ਹੀ ਵੱਖਰਾ ਹੈ। (**ਫ਼ਰਾਂਸ ਵਿੱਚ ਵਿੱਤ ਜੁੰਡੀ-ਰਾਜ ਵਿਰੁੱਧ** ਲਾਈਸਿਸ ਦੀ ਪ੍ਰਸਿੱਧ ਪੁਸਤਕ ਦਾ ਨਾਂ ਹੈ ਜਿਸਦੀ ਪੰਜਵੀਂ ਛਾਪ 1908 ਵਿੱਚ ਛਪੀ)। ਚਾਰ ਸਭ ਤੋਂ ਵੱਡੇ ਬੈਂਕਾਂ ਨੂੰ ਸਰਕਾਰੀ ਕਰਜ਼ੇ ਜਾਰੀ ਕਰਨ ਦੇ ਕੰਮ ਵਿੱਚ ਨਿਸਬਤੀ ਨਹੀਂ ਸਗੋਂ "ਅਨੰਨ ਅਜਾਰੇਦਾਰੀ" ਪ੍ਰਾਪਤ ਹੈ। ਯਥਾਰਥ ਵਿੱਚ ਇਹ "ਵੱਡੇ ਬੈਂਕਾਂ ਦਾ ਟਰੱਸਟ" ਹੈ ਅਤੇ ਅਜ਼ਾਰੇਦਾਰੀ ਸਰਕਾਰੀ ਕਰਜ਼ੇ ਜਾਰੀ ਕਰਨ ਵਿੱਚੋਂ ਅਜਾਰੇਦਾਰ ਨਫ਼ੇ ਲਿਆਉਂਦੀ ਹੈ।

ਆਮ ਤੌਰ ’ਤੇ ਕਰਜ਼ਾ ਲੈਣ ਵਾਲ਼ੇ ਦੇਸ਼ ਨੂੰ ਕਰਜ਼ੇ ਦੀ ਰਕਮ ਦੇ 90 ਫ਼ੀਸਦੀ ਤੋਂ ਵਧ ਨਹੀਂ ਮਿਲ਼ਦਾ, ਬਾਕੀ 10 ਫ਼ੀਸਦੀ ਬੈਂਕਾਂ ਅਤੇ ਵਿਚੋਲਿਆਂ ਦੇ ਹਿੱਸੇ ਆਉਂਦਾ ਹੈ। ਬੈਂਕਾਂ ਨੇ 40 ਕਰੋੜ ਫ਼ਰਾਂਕ ਦੇ ਰੂਸੀ-ਚੀਨੀ ਕਰਜ਼ੇ ਵਿੱਚ ਜਿਹੜਾ ਨਫ਼ਾ ਕਮਾਇਆ ਉਹ ਅੱਠ ਫ਼ੀਸਦੀ ਬਣਦਾ ਹੈ; 80 ਕਰੋੜ ਦੇ ਰੂਸੀ (1904) ਕਰਜ਼ੇ ਵਿੱਚੋਂ ਨਫ਼ਾ 10 ਫ਼ੀਸਦੀ ਸੀ ਅਤੇ 6,25,00,000 ਫ਼ਰਾਂਕ ਦੇ ਮਰਾਕੋ ਦੇ (1904) ਕਰਜ਼ੇ ਵਿੱਚੋਂ ਇਹ 18.75 ਫ਼ੀਸਦੀ ਸੀ। ਸਰਮਾਏਦਾਰੀ, ਜਿਸਨੇ ਆਪਣੇ ਵਿਕਾਸ ਦਾ ਮੁੱਢ ਛੋਟੇ ਸੂਦਖ਼ੋਰ ਸਰਮਾਏ ਨਾਲ਼ ਕੀਤਾ ਹੁਣ ਆਪਣੇ ਵਿਕਾਸ ਦਾ ਅੰਤ ਧੜਵੈਲ ਸੂਦਖ਼ੋਰ ਸਰਮਾਏ ਨਾਲ਼ ਕਰ ਰਹੀ ਹੈ। ਲਾਈਸਿਸ ਕਹਿੰਦਾ ਹੈ: “ਫ਼ਰਾਂਸੀਸੀ ਯੂਰਪ ਦੇ ਸੂਦਖ਼ੋਰ ਹਨ।” ਸਰਮਾਏਦਾਰੀ ਦੀ ਇਸ ਕਾਇਆ-ਪਲਟ ਰਾਹੀਂ ਆਰਥਕ ਜੀਵਨ ਦੀਆਂ ਸਭੇ ਪ੍ਰਸਥਿਤੀਆਂ ਠੋਸ ਰੂਪ ਵਿੱਚ ਤਬਦੀਲ ਕੀਤੀਆਂ ਜਾ ਰਹੀਆਂ ਹਨ। ਇੱਕ ਸਥਿਰ ਵਸੋਂ ਅਤੇ ਉੱਨਤੀ ਨਾ ਕਰ ਰਹੀ ਸਨਅਤ, ਵਣਜ ਅਤੇ ਜਹਾਜ਼ਰਾਨੀ ਨਾਲ਼ “ਦੇਸ਼” ਸੂਦਖੋਰੀ ਰਾਹੀਂ ਅਮੀਰ ਬਣ ਸਕਦਾ ਹੈ। “ਪੰਜਾਹ ਬੰਦੇ, ਜਿਹੜੇ 80 ਲੱਖ ਫ਼ਰਾਂਕ ਦੇ ਸਰਮਾਏ ਦੀ ਪ੍ਰਤਿਨਿੱਧਤਾ ਕਰਦੇ ਹਨ ਚਾਰ ਬੈਂਕਾਂ ਵਿੱਚ ਜਮ੍ਹਾਂ ਕਰਵਾਏ 200 **ਕਰੋੜ ਫ਼ਰਾਂਕ** ਨੂੰ ਕੰਟਰੋਲ ਕਰ ਸਕਦੇ ਹਨ।” “ਅਧਿਕਰਣ ਪ੍ਰਣਾਲੀ” ਦਾ ਵੀ, ਜਿਸ ਤੋਂ ਅਸੀਂ ਪਹਿਲਾਂ ਹੀ ਜਾਣੂ ਹਾਂ, ਇਹੋ ਸਿੱਟਾ ਨਿਕਲਦਾ ਹੈ। ਮਿਸਾਲ ਵਜੋਂ, ਸਭ ਤੋਂ ਵੱਡੇ ਬੈਂਕਾਂ ਵਿੱਚੋਂ ਇੱਕ ਸੋਸਾਇਟੀ ਜੈਨੇਰਲੇ (Société Générale) ਨੇ ਆਪਣੀ “ਧੀ ਕੰਪਨੀ” ਮਿਸਰੀ ਖੰਡ ਸਾਫ਼ ਕਰਨ ਦੇ ਕਾਰਖ਼ਾਨੇ ਲਈ 64,000 ਕਰਜ਼ੇ ਦੀਆਂ ਹੁੰਡੀਆਂ ਜਾਰੀ ਕੀਤੀਆਂ। ਹੁੰਡੀਆਂ 150 ਫ਼ੀਸਦੀ ਦੀ ਦਰ ’ਤੇ ਜਾਰੀ ਕੀਤੀਆਂ ਗਈਆਂ, ਅਰਥਾਤ, ਬੈਂਕ ਨੂੰ ਹਰ ਫ਼ਰਾਂਕ ਪਿੱਛੇ 50 ਸੈਨਟਾਈਮ ਲਾਭ ਹੁੰਦਾ ਹੈ। ਨਵੀਂ ਕੰਪਨੀ ਦੇ ਡਿਵੀਡੈਂਡ ਝੂਠੇ ਸਾਬਤ ਹੋਏ, “ਜਨਤਾ” ਨੂੰ 9 ਤੋਂ 10 ਕਰੋੜ ਫ਼ਰਾਂਕ ਘਾਟਾ ਪਿਆ। “ਸੋਸਾਇਟੀ ਜੈਨੇਰਲੇ ਦਾ ਇੱਕ ਡਾਇਰੈਕਟਰ ਖੰਡ ਸਾਫ਼ ਕਰਨ ਦੇ ਕਾਰਖਾਨੇ ਦੇ ਡਾਇਰੈਕਟਰਾਂ ਦੇ ਬੋਰਡ ਦਾ ਮੈਂਬਰ ਸੀ।” ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਲੇਖਕ ਇਹ ਸਿੱਟਾ ਕੱਢਣ ’ਤੇ ਮਜ਼ਬੂਰ ਹੁੰਦਾ ਹੈ ਕਿ “ਫ਼ਰਾਂਸੀਸੀ ਗਣ-ਰਾਜ ਵਿੱਤ ਬਾਦਸ਼ਾਹੀ ਹੈ”; “ਇਹ ਵਿੱਤ ਜੁੰਡੀ-ਰਾਜ ਦਾ ਪੂਰੀ ਤਰ੍ਹਾਂ ਗ਼ਾਲਬ ਹੋਣਾ ਹੈ; ਇਹ ਪਿਛਲੇਰੀ ਅਖ਼ਬਾਰਾਂ ਅਤੇ ਹਕੂਮਤ ਉੱਤੇ ਭਾਰੂ ਹੈ।”*

ਕਰਜ਼ਿਆਂ ਦੀਆਂ ਹੁੰਡੀਆਂ ਜਾਰੀ ਕਰਨ ਤੋਂ, ਜਿਹੜਾ ਵਿੱਤ ਸਰਮਾਏ ਦੇ ਮੁੱਖ ਕਾਰਜਾਂ ਵਿੱਚੋਂ ਇੱਕ ਹੈ, ਪ੍ਰਾਪਤ ਹੁੰਦੀਆਂ ਨਫ਼ੇ ਦੀਆਂ ਅਸਾਧਾਰਨ ਉੱਚੀਆਂ ਦਰਾਂ ਵਿੱਤ ਜੁੰਡੀ-ਰਾਜ ਦੇ ਵਿਕਾਸ ਅਤੇ ਮਜ਼ਬੂਤ ਹੋਣ ਵਿੱਚ ਬਹੁਤ ਮਹੱਤਵਪੂਰਨ ਹਿੱਸਾ ਪਾਉਂਦੀਆਂ ਹਨ। “ਦੇਸ਼ ਵਿੱਚ ਇੱਕ ਵੀ ਕਾਰੋਬਾਰ ਅਜਿਹਾ ਨਹੀਂ ਜਿਹੜਾ ਉਹਨਾਂ ਦੇ ਨੇੜੇ ਅੱਪੜਦੇ ਨਫ਼ੇ ਲਿਆਵੇ ਜਿਹੜੇ ਵਿਦੇਸ਼ੀ ਕਰਜ਼ੇ ਜਾਰੀ ਕਰਨ ਤੋ ਮਿਲਦੇ ਹਨ,” ´Die Bank[a]** ਨੇ ਲਿਖਿਆ ਹੈ।

---

*Lysis. ´Contre líoligarchie financiÈre en France[a], 5Èd., p., 1908, pp, 11, 12, 26, 39, 40, 48.

** ´Die Bank[a], 1913, ਨੰ, 7, ਪੰਨਾ 630।

"ਕੋਈ ਹੋਰ ਬੈਂਕ ਕਾਰੋਬਾਰ ਅਜਿਹੇ ਨਫ਼ੇ ਨਹੀਂ ਲਿਆਉਂਦਾ ਜਿਨ੍ਹਾਂ ਦਾ ਹਿੱਸਿਆਂ ਦੇ ਜਾਰੀ ਕਰਨ ਤੋਂ ਪ੍ਰਾਪਤ ਕੀਤੇ ਨਫ਼ਿਆਂ ਨਾਲ਼ ਮੁਕਾਬਲਾ ਕੀਤਾ ਜਾ ਸਕੇ!" ਰਸਾਲੇ "ਜਰਮਨ ਅਰਥ-ਸ਼ਾਸਤਰੀ" ਅਨੁਸਾਰ ਸਨਅਤੀ ਹਿੱਸੇ ਜਾਰੀ ਕਰਨ ਤੋਂ ਹੋਏ ਔਸਤ ਸਾਲਾਨਾ ਨਫ਼ੇ ਹੇਠ ਲਿਖੇ ਅਨੁਸਾਰ ਸਨ:

| | ਫ਼ੀਸਦੀ |
|---|---|
| 1895 | 38.6 |
| 1896 | 36.1 |
| 1897 | 66.7 |
| 1898 | 67.7 |
| 1899 | 66.9 |
| 1900 | 55.2 |

"1891 ਤੋਂ 1900 ਤੱਕ ਦੇ ਦਸਾਂ ਵਰ੍ਹਿਆਂ ਵਿੱਚ ਜਰਮਨ ਸਨਅਤੀ ਹਿੱਸੇ ਜਾਰੀ ਕਰਕੇ 100 **ਕਰੋੜ ਮਾਰਕ ਤੋਂ ਵੱਧ** 'ਕਮਾਏ' ਗਏ।"*

ਸਨਅਤੀ ਉਭਾਰ ਦੇ ਦਿਨਾਂ ਵਿੱਚ ਵਿੱਤ ਸਰਮਾਏ ਦੇ ਨਫ਼ੇ ਬਹੁਤ ਵੱਡੇ ਹੁੰਦੇ ਹਨ ਪਰ ਗਿਰਾਵਟ ਦੇ ਦਿਨਾਂ ਵਿੱਚ ਛੋਟੇ ਅਤੇ ਗ਼ੈਰ-ਮਜ਼ਬੂਤ ਵਪਾਰਾਂ ਦੀ ਹੋਂਦ ਨਹੀਂ ਰਹਿੰਦੀ ਅਤੇ ਵੱਡੇ ਬੈਂਕ ਉਹਨਾਂ ਨੂੰ ਕੌਡੀਆਂ ਦੇ ਮੁੱਲ ਖਰੀਦ ਕੇ ਉਹਨਾਂ ਵਿੱਚ "ਅਧਿਕਰਣ" ਪ੍ਰਾਪਤ ਕਰ ਲੈਂਦੇ ਹਨ ਜਾਂ ਉਹਨਾਂ ਦੀ "ਬਹਾਲੀ" ਅਤੇ "ਨਵੀਂ ਜਥੇਬੰਦੀ" ਦੀਆਂ ਨਫ਼ੇ ਵਾਲ਼ੀਆਂ ਸਕੀਮਾਂ ਵਿੱਚ ਹਿੱਸਾ ਲੈਂਦੇ ਹਨ। ਅਜਿਹੇ ਕਾਰੋਬਾਰਾਂ ਦੀ, ਜਿਹੜੇ ਘਾਟੇ 'ਤੇ ਚੱਲ ਰਹੇ ਹਨ, "ਬਹਾਲੀ" ਵਿੱਚ "ਹਿੱਸਿਆਂ ਦਾ ਸਰਮਾਇਆ ਘੱਟ ਕਰ ਦਿੱਤਾ ਜਾਂਦਾ ਹੈ, ਅਰਥਾਤ, ਨਫ਼ਾ ਛੁਟੇਰੇ ਸਰਮਾਏ ਵਿੱਚ ਵੰਡਿਆ ਜਾਂਦਾ ਹੈ ਅਤੇ ਛੁਟੇਰੇ ਆਧਾਰ ਉੱਤੇ ਇਹਦਾ ਹਿਸਾਬ ਲਾਇਆ ਜਾਂਦਾ ਹੈ। ਜਾਂ, ਜੇ ਆਮਦਨ ਉੱਕਾ ਹੀ ਸਿਫ਼ਰ ਹੋ ਚੁੱਕੀ ਹੋਵੇ ਤਾਂ ਨਵਾਂ ਸਰਮਾਇਆ ਇਕੱਠਾ ਕੀਤਾ ਜਾਂਦਾ ਹੈ, ਜਿਹੜਾ, ਪੁਰਾਣੇ ਅਤੇ ਘੱਟ ਲਾਹੇਵੰਦੇ ਸਰਮਾਏ ਨਾਲ਼ ਮਿਲ਼ ਕੇ ਯੋਗ ਆਮਦਨ ਲਿਆਵੇਗਾ।" ਲੱਗਦੇ ਹੱਥ, "ਹਿਲਫ਼ਰਡਿੰਗ ਵਾਧਾ ਕਰਦਾ ਹੈ, "ਇਹਨਾਂ ਸਭਨਾਂ ਨਵੀਂਆਂ ਜਥੇਬੰਦੀਆਂ ਅਤੇ ਬਹਾਲੀਆਂ ਦੀ ਬੈਂਕਾਂ ਲਈ ਦੂਹਰੀ ਮਹੱਤਤਾ ਹੈ: ਪਹਿਲੇ ਨਫ਼ੇ ਵਾਲ਼ੇ ਕਾਰੋਬਾਰ ਵਜੋਂ ਅਤੇ ਦੂਜੇ ਔਕੜਾਂ ਵਿੱਚ ਫ਼ਸੀਆਂ ਕੰਪਨੀਆਂ ਉੱਤੇ ਕੰਟਰੋਲ ਪ੍ਰਾਪਤ ਕਰਨ ਦੇ ਅਵਸਰ ਵਜੋਂ।"**

ਇਹ ਹੈ ਇਕ ਮਿਸਾਲ। ਡਾਰਟਮੁੰਡ ਦੀ ਯੂਨੀਅਨ ਮਾਈਨਿੰਗ ਕੰਪਨੀ 1872

---

* ਸਟਿਲਿਚ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, 5.143; ਨਾਲ਼ੇ W. Sombart. ´Die deutsche Volkswirtschaft im 19. Jahrhundert[a] 2. Aufl., 1909, S. 526, Anlage. 8. (ਵ. ਜ਼ੋਮਬਰਟ। "19 ਵੀਂ ਸਦੀ ਵਿੱਚ ਜਰਮਨ ਆਰਥਕਤਾ"। ਦੂਜੀ ਛਾਪ, 1909, ਪੰਨਾ 526, ਜ਼ਮੀਮਾ 8।-**ਸੰਪਾ:**)

** "ਵਿੱਤ ਸਰਮਾਇਆ", ਪੰਨਾ 172।

ਵਿੱਚ ਸਥਾਪਿਤ ਕੀਤੀ ਗਈ। ਇਹਦੇ ਹਿੱਸਿਆਂ ਦਾ ਸਰਮਾਇਆ ਚਾਰ ਕਰੋੜ ਮਾਰਕ ਦੀ ਮਾਤਰਾ ਵਿੱਚ ਜਾਰੀ ਕੀਤਾ ਗਿਆ ਅਤੇ ਇਹਦੇ ਵੱਲੋਂ 12 ਫ਼ੀਸਦੀ ਡਿਵੀਡੈਂਡ ਦਿੱਤੇ ਜਾਣ ਪਿਛੋਂ ਉਹਨਾਂ ਦਾ ਮੁੱਲ 170 ਤੱਕ ਵੱਧ ਗਿਆ। ਵਿੱਤ ਸਰਮਾਏ ਨੇ ਮਲਾਈ ਲਾਹ ਲਈ ਅਤੇ ਦੋ ਕਰੋੜ 80 ਲੱਖ ਦੀ ਮਾੜੀ ਜਿਹੀ ਰਕਮ ਕਮਾ ਲਈ। ਇਸ ਕੰਪਨੀ ਦੇ ਮੁੱਖ ਮੋਢੀਆਂ ਵਿੱਚੋਂ ਬਹੁਤ ਵੱਡਾ ਜਰਮਨ ਡਿਸਕੋਨਟੋ–ਗੈਸੇਲਸ਼ਾਫ਼ਟ ਸੀ, ਜਿਸਨੇ ਇੰਨੀ ਸਫ਼ਲਤਾ ਨਾਲ਼ 30 ਕਰੋੜ ਮਾਰਕ ਦਾ ਸਰਮਾਇਆ ਪ੍ਰਾਪਤ ਕਰ ਲਿਆ। ਪਿੱਛੋਂ ਜਾ ਕੇ ਯੂਨੀਅਨ ਦੇ ਡਿਵੀਡੈਂਡ ਸਿਫ਼ਰ ਤੱਕ ਡਿੱਗ ਗਏ; ਹਿੱਸੇਦਾਰਾਂ ਨੂੰ ਇਸ ਗੱਲ ਉੱਤੇ ਰਜ਼ਾਮੰਦ ਹੋਣਾ ਪਿਆ ਕਿ ਸਰਮਾਇਆ "ਘਟਾ ਦਿੱਤਾ" ਜਾਵੇ, ਅਰਥਾਤ ਇਸ ਮੰਤਵ ਲਈ ਕਿ ਸਾਰਾ ਨਾ ਗੁਆਚ ਜਾਵੇ ਇਸ ਵਿੱਚੋਂ ਥੋੜ੍ਹਾ ਗੁਆਉਣ 'ਤੇ ਰਾਜ਼ੀ ਹੋਣਾ ਪਿਆ। "ਬਹਾਲੀਆਂ" ਦੀ ਇੱਕ ਪੂਰੀ ਲੜੀ ਰਾਹੀਂ 30 ਵਰ੍ਹਿਆਂ ਦੇ ਦੌਰਾਨ ਕੰਪਨੀ ਦੀਆਂ ਵਹੀਆਂ ਵਿੱਚ ਸੱਤ ਕਰੋੜ 30 ਲੱਖ ਮਾਰਕ ਵੱਟੇ ਖਾਤੇ ਵਿੱਚ ਪਾ ਦਿੱਤੇ ਗਏ। "ਇਸ ਸਮੇਂ ਕੰਪਨੀ ਦੇ ਮੁੱਢਲੇ ਹਿੱਸੇਦਾਰਾਂ ਕੋਲ਼ ਆਪਣੇ ਹਿੱਸਿਆਂ ਦੀ ਨਾਂ–ਮਾਤਰ ਕੀਮਤ ਦਾ ਕੇਵਲ ਪੰਜ ਫ਼ੀਸਦੀ ਹੈ।",* ਪਰ ਬੈਂਕਾਂ ਨੇ ਹਰ "ਬਹਾਲੀ" ਵਿੱਚੋਂ "ਕੁਝ ਨਾ ਕੁਝ ਕਮਾਇਆ।"

ਤੇਜ਼ੀ ਨਾਲ਼ ਵੱਧ ਰਹੇ ਵੱਡੇ ਸ਼ਹਿਰਾਂ ਦੇ ਨੇੜੇ ਸਥਿਤ ਜ਼ਮੀਨ ਦਾ ਸੱਟਾ ਵਿੱਤ ਸਰਮਾਏ ਲਈ ਖ਼ਾਸ ਤੌਰ 'ਤੇ ਨਫ਼ੇ ਵਾਲ਼ਾ ਕਾਰੋਬਾਰ ਹੈ। ਇੱਥੇ ਬੈਂਕਾਂ ਦੀ ਅਜਾਰੇਦਾਰੀ ਭੋਂ ਦੇ ਪਟੇ ਦੀ ਅਜਾਰੇਦਾਰੀ ਅਤੇ ਆਵਾਜਾਈ ਦੇ ਸਾਧਨਾਂ ਦੀ ਅਜਾਰੇਦਾਰੀ ਨਾਲ਼ ਮਿਲ਼ ਜਾਂਦੀ ਹੈ, ਕਿਉਂਕਿ ਭੋਂ ਦੀ ਕੀਮਤ ਵਿੱਚ ਵਾਧਾ ਅਤੇ ਇਹਨੂੰ ਟੋਟਿਆਂ ਵਿੱਚ ਲਾਹੇਵੰਦਾ ਵੇਚ ਸਕਣ ਦੀ ਸੰਭਾਵਨਾ, ਆਦਿ, ਮੁੱਖ ਤੌਰ 'ਤੇ ਸ਼ਹਿਰ ਦੇ ਕੇਂਦਰ ਨਾਲ਼ ਆਵਾਜਾਈ ਦੇ ਚੰਗੇ ਸਾਧਨਾਂ ਉੱਤੇ ਨਿਰਭਰ ਹੈ; ਅਤੇ ਆਵਾਜਾਈ ਦੇ ਇਹ ਸਾਧਨ ਉਹਨਾਂ ਵੱਡੀਆਂ ਕੰਪਨੀਆਂ ਦੇ ਹੱਥ ਵਿੱਚ ਹਨ ਜਿਹੜੀਆਂ ਅਧਿਕਰਣ ਪ੍ਰਣਾਲੀ ਅਤੇ ਬੋਰਡਾਂ ਉੱਤੇ ਸੀਟਾਂ ਦੀ ਵੰਡ ਰਾਹੀਂ ਇਹਨਾਂ ਹੀ ਬੈਂਕਾਂ ਨਾਲ਼ ਜੁੜੀਆਂ ਹੋਈਆਂ ਹਨ। ਇਹਦੇ ਸਿੱਟੇ ਵਜੋਂ ਅਸੀਂ ਉਹ ਕੁਝ ਵੇਖਦੇ ਹਾਂ ਜਿਸਨੂੰ 'Die Bank[a] ਵਿੱਚ ਅਕਸਰ ਲਿਖਣ ਵਾਲ਼ਾ ਲ. ਏਸ਼ਵੇਗੇ, ਜਰਮਨ ਲੇਖਕ ਜਿਸਨੇ ਭੋਂ ਦੇ ਵਪਾਰ ਅਤੇ ਗਹਿਣੇ ਰੱਖਣ, ਆਦਿ ਦਾ ਵਿਸ਼ੇਸ਼ ਅਧਿਐਨ ਕੀਤਾ ਹੈ, "ਜਿਲ੍ਹਣ" ਕਹਿੰਦਾ ਹੈ। ਸ਼ਹਿਰਾਂ ਦੇ ਨੇੜੇ ਭੋਂ ਦੇ ਟੋਟਿਆਂ ਦੀ ਝਲਿਆਈ ਸੱਟੇਬਾਜ਼ੀ; ਬਰਲਿਨ ਦੇ "ਬੋਸਵਾਓ ਅਤੇ ਕਨਾਉਰ" ਦੀ ਫ਼ਰਮ ਜਿਹੀਆਂ ਫ਼ਰਮਾਂ ਦਾ ਢਹਿ ਢੇਰੀ ਹੋਣਾ, ਇਸ ਫ਼ਰਮ ਨੇ "ਨਿਗਰ ਅਤੇ ਪੱਕੇ" ਜਰਮਨ ਬੈਂਕ ਦੀ ਸਹਾਇਤਾ ਨਾਲ਼ ਦਸ ਕਰੋੜ ਮਾਰਕ ਪ੍ਰਾਪਤ ਕਰ ਲਏ—ਨਿਸ਼ਚੇ ਹੀ ਪਿਛਲੇਰੇ ਨੇ ਅਧਿਕਰਣ ਪ੍ਰਣਾਲੀ ਰਾਹੀਂ, ਅਰਥਾਤ, ਗੁਪਤ ਤੌਰ 'ਤੇ, ਪਰਦੇ ਦੇ ਪਿੱਛੇ ਕੰਮ ਕੀਤਾ— ਅਤੇ ਉਹਨੂੰ "ਕੇਵਲ" ਇੱਕ ਕਰੋੜ 20 ਲੱਖ ਮਾਰਕ ਦਾ ਘਾਟਾ ਹੋਇਆ, ਫਿਰ ਛੋਟੇ ਮਾਲਕਾਂ ਅਤੇ ਕਿਰਤੀਆਂ ਦੀ ਤਬਾਹੀ ਜਿਨ੍ਹਾਂ ਨੂੰ ਨਕਲੀ ਉਸਾਰੀ ਫ਼ਰਮਾਂ ਵਿੱਚੋਂ ਕੁਝ ਨਹੀਂ ਮਿਲ਼ਦਾ, ਕਾਛ ਸਬੰਧੀ ਸਰਟੀਫ਼ਿਕੇਟਾਂ ਅਤੇ ਉਸਾਰੀ

* ਸਟਿਲਿਚ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, 5.138 ਅਤੇ ਲੀਫ਼ਮਾਨ, 5.51।

ਦੇ ਲਾਈਸੈਂਸਾਂ ਦਾ ਕੰਟਰੋਲ ਪ੍ਰਾਪਤ ਕਰਨ ਲਈ ਬਰਲਿਨ ਦੀ "ਈਮਾਨਦਾਰ" ਪੁਲਿਸ ਅਤੇ ਰਾਜ ਪ੍ਰਬੰਧ ਨਾਲ਼ ਧੋਖੇ ਭਰੇ ਸੌਦੇ, ਇਤਿ ਆਦਿ।*

"ਅਮਰੀਕੀ ਸਦਾਚਾਰ", ਜਿਸਦੀ ਯੂਰਪੀ ਪ੍ਰੋਫ਼ੈਸਰ ਅਤੇ ਨੇਕ-ਨੀਅਤ ਬੁਰਜੂਆ ਇੰਨੇ ਦੰਭੀ ਢੰਗ ਨਾਲ਼ ਨਿਖੇਧੀ ਕਰਦੇ ਹਨ, ਵਿੱਤ ਸਰਮਾਏ ਦੇ ਯੁੱਗ ਵਿੱਚ ਸੱਚਮੁੱਚ ਕਿਸੇ ਵੀ ਦੇਸ਼ ਵਿੱਚ ਹਰ ਵੱਡੇ ਸ਼ਹਿਰ ਦਾ ਸਦਾਚਾਰ ਬਣ ਗਿਆ ਹੈ।

1914 ਦੇ ਸ਼ੁਰੂ ਵਿੱਚ ਬਰਲਿਨ ਵਿੱਚ "ਟਰਾਂਸਪੋਰਟ ਟਰੱਸਟ" ਕਾਇਮ ਕਰਨ ਦੀ, ਅਰਥਾਤ, ਬਰਲਿਨ ਵਿੱਚ ਟਰਾਂਸਪੋਰਟ ਦੇ ਤਿੰਨ ਕਾਰੋਬਾਰਾਂ ਵਿਚਕਾਰ "ਹਿੱਤਾਂ ਦੀ ਸਾਂਝ" ਸਥਾਪਿਤ ਕਰਨ ਦੀ ਗੱਲ ਚੱਲੀ ਸੀ: ਸ਼ਹਿਰ ਦੀ ਬਿਜਲੀ ਨਾਲ਼ ਚੱਲਣ ਵਾਲ਼ੀ ਰੇਲ, ਟਰੈਮਵੇ ਕੰਪਨੀ ਅਤੇ ਓਮਨੀਬੱਸ** ਕੰਪਨੀ ਵਿਚਕਾਰ। ´Die Bank[a] ਨੇ ਲਿਖਿਆ, "ਸਾਨੂੰ ਇਸ ਗੱਲ ਦਾ ਗਿਆਨ ਹੈ ਕਿ ਇਹ ਗੱਲ ਉਸ ਸਮੇਂ ਤੋਂ ਸੋਚੀ ਜਾ ਰਹੀ ਹੈ ਜਦੋਂ ਤੋਂ ਬਾਕੀ ਦੋ ਟਰਾਂਸਪੋਰਟ ਕੰਪਨੀਆਂ ਨੇ ਓਮਨੀਬੱਸ ਕੰਪਨੀ ਵਿੱਚ ਹਿੱਸਿਆਂ ਦੀ ਬਹੁ-ਗਿਣਤੀ ਪ੍ਰਾਪਤ ਕਰ ਲਈ ਹੈ। ...ਜਿਹੜੇ ਲੋਕ ਇਸ ਮੰਤਵ ਵਿੱਚ ਲੱਗੇ ਹੋਏ ਹਨ, ਜਦੋਂ ਉਹ ਕਹਿੰਦੇ ਹਨ ਕਿ ਟਰਾਂਸਪੋਰਟ ਸੇਵਾਵਾਂ ਨੂੰ ਇੱਕਠਾ ਕਰਕੇ ਉਹ ਬੱਚਤ ਪ੍ਰਾਪਤ ਕਰ ਲੈਣਗੇ, ਜਿਸ ਤੋਂ ਸਮਾਂ ਪਾ ਕੇ ਜਨਤਾ ਨੂੰ ਲਾਭ ਪੁੱਜੇਗਾ ਤਾਂ ਅਸੀਂ ਉਹਨਾਂ ਉੱਤੇ ਪੂਰੀ ਤਰ੍ਹਾਂ ਇਤਬਾਰ ਕਰ ਸਕਦੇ ਹਾਂ। ਪਰ ਮਸਲਾ ਇਸ ਕਰਕੇ ਗੁੰਝਲਦਾਰ ਹੋ ਜਾਂਦਾ ਹੈ ਕਿ ਜਿਹੜਾ ਟਰਾਂਸਪੋਰਟ ਟਰੱਸਟ ਬਣਾਇਆ ਜਾ ਰਿਹਾ ਹੈ, ਉਹਦੇ ਪਿੱਛੇ ਬੈਂਕ ਹਨ, ਜਿਹੜੇ, ਜੇ ਉਹਨਾਂ ਦੀ ਇੱਛਾ ਹੋਵੇ ਤਾਂ, ਆਵਾਜਾਈ ਦੇ ਸਾਧਨਾਂ ਜਿਸਦੀ ਉਹਨਾਂ ਅਜਾਰੇਦਾਰੀ ਪ੍ਰਾਪਤ ਕਰ ਲਈ ਹੈ, ਆਪਣੇ ਜ਼ਮੀਨ ਦੇ ਵਪਾਰ ਦੇ ਹਿੱਤਾਂ ਦੇ ਅਧੀਨ ਕਰ ਸਕਦੇ ਹਨ। ਇਸ ਵਿਚਾਰ ਦੇ ਯੋਗ ਹੋਣ ਦਾ ਨਿਸ਼ਚਾ ਕਰਨ ਲਈ ਸਾਡੇ ਲਈ ਬਸ ਇੰਨਾਂ ਕਰਨਾ ਜ਼ਰੂਰੀ ਹੈ ਕਿ ਅਸੀਂ ਇਹ ਯਾਦ ਕਰੀਏ ਕਿ ਜਿਸ ਵੱਡੇ ਬੈਂਕ ਨੇ ਬਿਜਲੀ ਨਾਲ਼ ਚੱਲਣ ਵਾਲ਼ੀ ਰੇਲ ਦੀ ਕੰਪਨੀ ਸਥਾਪਤ ਕਰਨ ਨੂੰ ਉਤਸ਼ਾਹ ਦਿੱਤਾ, ਕੰਪਨੀ ਦੀ ਸਥਾਪਤੀ ਸਮੇਂ ਉਹਦੇ ਹਿੱਤ ਪਹਿਲਾਂ ਹੀ ਇਸ ਵਿੱਚ ਸਨ। ਅਰਥਾਤ: ਆਵਾਜਾਈ ਦੇ ਕਾਰੋਬਾਰ ਦੇ ਹਿੱਤਾਂ ਦੀ ਜ਼ਮੀਨੀ ਜਾਇਦਾਦ ਦੇ ਹਿੱਤਾਂ ਨਾਲ਼ ਕੰਘੀ ਬਣੀ ਹੋਈ ਸੀ। ਨੁਕਤਾ ਇਹ ਹੈ ਕਿ ਇਸ ਰੇਲ ਦੀ ਪੂਰਬੀ ਲਾਈਨ ਉਸ ਜ਼ਮੀਨ ਉੱਤੋਂ ਲੰਘਣੀ ਸੀ ਜਿਹੜੀ, ਜਦੋਂ ਇਹ ਪੱਕਾ ਹੋ ਗਿਆ ਕਿ ਲਾਈਨ ਬਣਾਈ ਹੋਵੇਗੀ ਤਾਂ ਬੈਂਕ ਨੇ ਆਪਣੇ ਲਈ ਅਤੇ ਆਪਣੇ ਕੁਝ ਭਿਆਨਾਂ ਲਈ ਧੜਵੈਲ ਨਫ਼ੇ ਉੱਤੇ ਵੇਚੀ।"***

ਜਦੋਂ ਇੱਕ ਵਾਰ ਕੋਈ ਅਜਾਰੇਦਾਰੀ ਬਣ ਜਾਂਦੀ ਹੈ ਅਤੇ ਅਰਬਾਂ ਦੇ ਸਰਮਾਏ ਉੱਤੇ ਕੰਟਰੋਲ ਕਰਦੀ ਹੈ ਤਾਂ ਉਹ ਹਕੂਮਤ ਦੇ ਰੂਪ ਅਤੇ ਹੋਰ ਸਭਨਾਂ "ਵਿਸਥਾਰਾਂ" ਦੀ ਪਰਵਾਹ

---

* ´Die Bank[a] ਵਿੱਚ, 1913, 5.952. ਲ. ਏਸ਼ਵਗੇ, ´Der Sumpf[a]; ਉਪਰੋਕਤ, 1912, 1, 5.223 ਅਤੇ ਲੜੀਵਾਰ।

** ਘੋੜਿਆਂ ਨਾਲ਼ ਖਿੱਚੀ ਜਾਣ ਵਾਲੀ ਗੱਡੀ।-**ਅਨੁ:**)

*** ´Verkehrstrust[a], ´Die Bank[a], 1914, 1, S.89 ("ਟਰਾਂਸਪੋਰਟ ਟਰੱਸਟ, ਰਸਾਲੇ "ਬੈਂਕ" ਵਿੱਚ, 1914, ਅੰਕ 1, ਪੰਨਾ 89।-**ਸੰਪਾ:**)

ਨਾ ਕਰਦੇ ਹੋਏ ਸਰਵਜਨਕ ਜੀਵਨ ਦੇ ਹਰ ਖੇਤਰ ਵਿੱਚ ਲਾਜ਼ਮੀ ਤੌਰ 'ਤੇ ਘੁਸ ਜਾਂਦੀ ਹੈ। ਜਰਮਨ ਆਰਥਕ ਸਾਹਿਤ ਵਿੱਚ ਅਸੀਂ ਅਕਸਰ ਪਰੂਸ਼ਿਆਈ ਨੌਕਰਸ਼ਾਹੀ ਦੀ ਖ਼ੁਸ਼ਾਮਦੀ ਸ਼ਲਾਘਾ ਅਤੇ ਫ਼ਰਾਂਸ ਦੀ ਪਨਾਮਾ[37] ਸਕੈਂਡਲ ਅਤੇ ਅਮਰੀਕਾ ਵਿੱਚ ਰਾਜਸੀ ਭ੍ਰਿਸ਼ਟਾਚਾਰ ਵੱਲ ਇਸ਼ਾਰੇ ਵੇਖਦੇ ਹਾਂ। ਪਰ ਤੱਥ ਇਹ ਹੈ ਕਿ ਜਰਮਨ ਬੈਂਕਾਂ ਦੇ ਮਾਮਲਿਆਂ ਨੂੰ ਸਮਰਪਤ ਬੁਰਜੂਆ ਸਾਹਿਤ ਨੂੰ **ਵੀ** ਲਗਾਤਾਰ ਖ਼ਾਲਸ ਬੈਂਕ ਕਾਰੋਬਾਰ ਦੇ ਖੇਤਰ ਤੋਂ ਬਹੁਤ ਦੂਰ ਤੱਕ ਅੱਗੇ ਜਾਣਾ ਪਿਆ ਹੈ; ਮਿਸਾਲ ਵਜੋਂ, ਉਹ ਸਦਾ ਵਧ ਰਹੀ ਤੇਜ਼ੀ ਦਾ ਜ਼ਿਕਰ ਕਰਦੇ ਹੋਏ ਜਿਸ ਨਾਲ਼ ਸਰਵਜਨਕ ਅਧਿਕਾਰੀ ਬੈਂਕਾਂ ਵਿੱਚ ਨੌਕਰੀ ਕਰਦੇ ਹਨ, ਉਹ "ਬੈਂਕਾਂ ਦੀ ਖਿੱਚ" ਸਬੰਧੀ ਹੇਠ ਲਿਖੇ ਅਨੁਸਾਰ ਲਿਖਦਾ ਹੈ: "ਉਸ ਰਾਜਕੀ ਅਧਿਕਾਰੀ ਦੀ ਈਮਾਨਦਾਰੀ ਬਾਰੇ ਕੀ ਕਿਹਾ ਜਾ ਸਕਦਾ ਹੈ, ਜਿਹੜਾ ਆਪਣੇ ਦਿਲ ਦੇ ਧੁਰ ਅੰਦਰ ਬੈਹਰੇਨ ਸਟਰਾਸੇ ਵਿਖੇ ਸੁਖਦਾਈ ਨੌਕਰੀ ਲਈ ਲੁਛ ਰਿਹਾ ਹੈ?"* (ਬੈਹਰੇਨਸਟਰਾਸੇ ਬਰਲਿਨ ਦੀ ਉਹ ਸੜਕ ਹੈ ਜਿੱਥੇ ਜਰਮਨ ਬੈਂਕ ਦਾ ਮੱਖ ਦਫ਼ਤਰ ਸਥਿਤ ਹੈ।) 1909 ਵਿੱਚ ´Die Bank[a] ਦੇ ਪ੍ਰਕਾਸ਼ਕ ਐਲਫਰਡ ਲਾਂਸਬਰਗ ਨੇ ਇੱਕ ਲੇਖ ਲਿਖਿਆ, ਜਿਸਦਾ ਸਿਰਲੇਖ ਸੀ, "ਬਾਜ਼ਨਤੀਨਵਾਦ ਦੀ ਮਹੱਤਤਾ," ਜਿਸ ਵਿੱਚ ਉਹਨੇ ਚੱਲਦੇ ਚੱਲਦੇ ਵਿਲਹਲਮ ਦੂਜੇ ਦੇ ਫ਼ਲਸਤੀਨ ਦੇ ਦੌਰੇ ਦਾ ਅਤੇ "ਇਸ ਦੌਰੇ ਦੇ ਫ਼ੌਰੀ ਨਤੀਜੇ, ਬਗ਼ਦਾਦ ਰੇਲਵੇ ਦੀ ਉਸਾਰੀ, 'ਜਰਮਨ ਪਹਿਲਕਦਮੀ ਦੀ' ਮਾਰੂ 'ਮਹਾਨ ਉਪਜ' ਜਿਹੜੀ ਬਾਕੀ ਸਾਰੀਆਂ ਰਾਜਸੀ ਗ਼ਲਤੀਆਂ ਨਾਲ਼ੋਂ 'ਘੇਰੇ' ਲਈ ਵਧੇਰੇ ਜ਼ਿੰਮੇਵਾਰ ਹੈ," ਦਾ ਜ਼ਿਕਰ ਕੀਤਾ।** (ਘੇਰੇ ਦਾ ਅਰਥ ਹੈ ਐਡਵਰਡ ਸੱਤਵੇਂ ਦੀ ਜਰਮਨੀ ਨੂੰ ਨਖੇੜਨ ਅਤੇ ਉਹਨੂੰ ਜਰਮਨੀ-ਵਿਰੋਧੀ ਸਾਮਰਾਜੀ ਏਕੇ ਨਾਲ਼ ਘੇਰਨ ਦੀ ਨੀਤੀ।) 1911 ਵਿੱਚ ਏਸ਼ਵੇਗੇ ਨੇ, ਇਸ ਰਸਾਲੇ ਵਿੱਚ ਲਿਖਣ ਵਾਲ਼ਾ ਲੇਖਕ ਜਿਸਦਾ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਇੱਕ ਲੇਖ ਲਿਖਿਆ, ਜਿਸਦਾ ਸਿਰਲੇਖ ਸੀ, "ਕੁਬੇਰ ਰਾਜ ਅਤੇ ਨੌਕਰਸ਼ਾਹੀ" ਜਿਸ ਵਿੱਚ, ਮਿਸਾਲ ਵਜੋਂ, ਉਹਨੇ ਫ਼ੇਲਕਰ ਨਾਂ ਦੇ ਇੱਕ ਜਰਮਨ ਅਧਿਕਾਰੀ ਦਾ ਪਾਜ ਉਘੇੜਿਆ ਜਿਹੜਾ ਕਾਰਟਲ ਕਮੇਟੀ ਦਾ ਬਹੁਤ ਉਤਸ਼ਾਹੀ ਮੈਂਬਰ ਸੀ ਅਤੇ ਜਿਸਨੇ, ਜਿਹਾ ਕਿ ਪਿੱਛੋਂ ਜਾ ਕੇ ਪਤਾ ਲੱਗਾ, ਸਭ ਤੋਂ ਵੱਡੇ ਕਾਰਟਲ, ਅਸਪਾਤ ਦੀ ਸਿੰਡੀਕੇਟ ਵਿੱਚ ਇੱਕ ਬਹੁਤ ਮੋਟੀ ਤਨਖ਼ਾਹ ਵਾਲ਼ੀ ਪਦਵੀਂ ਪ੍ਰਾਪਤ ਕਰ ਲਈ। ਅਜਿਹੀਆਂ ਹੀ ਘਟਨਾਵਾਂ ਨੇ, ਜਿਹੜੀਆਂ ਕਿਸੇ ਵੀ ਤਰ੍ਹਾਂ ਸਬੱਬੀ ਨਹੀਂ, ਇਸ ਬੁਰਜੂਆ ਲੇਖਕ ਨੂੰ ਇਹ ਮੰਨਣ 'ਤੇ ਮਜ਼ਬੂਰ ਕਰ ਦਿੱਤਾ ਕਿ "ਜਰਮਨ ਵਿਧਾਨ ਜਿਹੜੀ ਆਰਥਕ ਅਜ਼ਾਦੀ ਦੇਂਦਾ ਹੈ, ਉਹ ਆਰਥਕ ਜੀਵਨ ਦੇ ਕਈ ਵਿਭਾਗਾਂ ਵਿੱਚ ਇੱਕ ਬੇਅਰਥ ਵਾਕੰਸ਼ ਬਣ ਗਈ ਹੈ" ਅਤੇ ਇਹ ਕਿ ਕੁਬੇਰ ਰਾਜ ਦੇ ਵਿਦਮਾਨ ਗ਼ਲਬੇ ਅਧੀਨ "ਵਿਸ਼ਾਲ ਤੋਂ ਵਿਸ਼ਾਲ ਰਾਜਸੀ ਅਜ਼ਾਦੀ ਵੀ ਸਾਨੂੰ ਗ਼ੈਰ-ਅਜ਼ਾਦ ਲੋਕਾਂ ਵਿੱਚ ਤਬਦੀਲ ਹੋਣੋਂ ਨਹੀਂ ਰੋਕ ਸਕਦੀ।"***

ਜਿੱਥੋਂ ਤੱਕ ਰੂਸ ਦਾ ਸਬੰਧ ਹੈ ਮੈਂ ਬੱਸ ਇੱਕ ਮਿਸਾਲ ਹੀ ਦਿਆਂਗਾ। ਕੁਝ ਵਰ੍ਹੇ ਹੋਏ

---

* ´Der Zug zur Bank[a], ´Die Bank[a], 1909,1, S. 79.(ਬੈਂਕਾਂ ਲਈ ਲਾਲਸਾ-**ਸੰਪਾ:**)

** ਉਪਰੋਕਤ, ਪੰਨਾ 301।

*** ਉਪਰੋਕਤ, 1911, 2, ਪੰਨਾ 825; 1913, 2, ਪੰਨਾ 962।

ਸਾਰੇ ਅਖ਼ਬਾਰਾਂ ਨੇ ਐਲਾਨ ਕੀਤਾ ਕਿ ਖਜ਼ਾਨਾ ਵਜ਼ਾਰਤ ਦੇ ਕਰਜ਼ਾ ਵਿਭਾਗ ਦੇ ਡਾਇਰੈਕਟਰ ਦਵੀਦੋਵ ਨੇ ਇੱਕ ਵੱਡੇ ਬੈਂਕ ਵਿੱਚ ਇੰਨੀ ਤਨਖਾਹ ਉੱਤੇ, ਜਿਸਦਾ ਜੋੜ, ਇਕਰਾਰਨਾਮੇ ਅਨੁਸਾਰ, ਕੁਝ ਵਰ੍ਹਿਆਂ ਵਿੱਚ ਦੱਸ ਲੱਖ ਰੂਬਲ ਹੋਵੇਗਾ, ਨੌਕਰੀ ਕਰਨ ਲਈ ਆਪਣੀ ਪਦਵੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਕਰਜ਼ਾ ਵਿਭਾਗ ਇੱਕ ਅਜਿਹੀ ਸੰਸਥਾ ਹੈ, ਜਿਸਦਾ ਕਾਰਜ "ਦੇਸ਼ ਦੀਆਂ ਸਭਨਾਂ ਕਰਜ਼ਾ ਦੇਣ ਵਾਲ਼ੀਆਂ ਸੰਸਥਾਵਾਂ ਦੀਆਂ ਸਰਗਰਮੀਆਂ ਵਿੱਚ ਤਾਲ ਮੇਲ ਪੈਦਾ ਕਰਨਾ" ਹੈ ਅਤੇ ਜਿਹੜਾ ਸੇਂਟ ਪੀਟਰਸਬਰਗ ਅਤੇ ਮਾਸਕੋ ਵਿਖੇ ਬੈਂਕਾਂ ਨੂੰ ਹਰ ਵਰ੍ਹੇ 80 ਤੋਂ 100 ਕਰੋੜ ਰੂਬਲ ਦੀ ਸਹਾਇਤਾ ਦੇਂਦਾ ਹੈ।*

ਇਹ ਗੱਲ ਆਮ ਤੌਰ 'ਤੇ ਸਰਮਾਏਦਾਰ ਦੀ ਲਖਣਾਇਕ ਹੈ ਕਿ ਸਰਮਾਏ ਦੀ ਮਾਲਕੀ ਨੂੰ ਉਤਪਾਦਨ ਵਿੱਚ ਸਰਮਾਇਆ ਲਾਉਣ ਤੋਂ ਵੱਖ ਕਰ ਦਿੱਤਾ ਜਾਂਦਾ ਹੈ, ਕਿ ਮੁਦਰਾ ਸਰਮਾਏ ਨੂੰ ਸਨਅਤੀ ਜਾਂ ਉਤਪਾਦਕ ਸਰਮਾਏ ਤੋਂ ਵੱਖ ਕਰ ਦਿੱਤਾ ਜਾਂਦਾ ਹੈ ਅਤੇ ਇਹ ਕਿ ਲਾਭੰਸ਼ਾਂ ਸਹਾਰੇ ਜਿਉਣ ਵਾਲ਼ੇ ਨੂੰ, ਜਿਸਦਾ ਗੁਜ਼ਾਰਾ ਨਿਰੋਲ ਮੁਦਰਾ ਸਰਮਾਏ ਤੋਂ ਪ੍ਰਾਪਤ ਹੋਈ ਆਮਦਨ ਤੋਂ ਹੈ, ਕਾਰੋਬਾਰ ਚਲਾਉਣ ਵਾਲ਼ੇ ਤੋਂ ਅਤੇ ਉਹਨਾਂ ਸਭਨਾਂ ਤੋਂ ਜਿਨ੍ਹਾਂ ਦਾ ਸਰਮਾਏ ਦੇ ਪ੍ਰਬੰਧ ਨਾਲ਼ ਸਿੱਧਾ ਸਬੰਧ ਹੈ, ਉੱਕਾ ਹੀ ਵੱਖ ਕਰ ਦਿੱਤਾ ਜਾਂਦਾ ਹੈ। ਸਾਮਰਾਜਵਾਦ ਜਾਂ ਵਿੱਤ ਸਰਮਾਏ ਦਾ ਗ਼ਲਬਾ, ਸਰਮਾਏਦਾਰੀ ਦਾ ਉਹ ਸਰਵਉੱਚ ਪੜਾਅ ਹੈ ਜਿਸ ਵਿੱਚ ਇਹ ਵਖਰੇਵਾਂ ਅਥਾਹ ਹੱਦਾਂ ਪ੍ਰਾਪਤ ਕਰ ਲੈਂਦਾ ਹੈ। ਸਰਮਾਏ ਦੇ ਹੋਰ ਸਭਨਾਂ ਰੂਪਾਂ ਉੱਤੇ ਵਿੱਤ ਸਰਮਾਏ ਦੀ ਸਰਦਾਰੀ ਦੇ ਅਰਥ ਹਨ ਲਾਭੰਸ਼ਾਂ ਸਹਾਰੇ ਜਿਉਣ ਵਾਲ਼ਿਆਂ ਅਤੇ ਵਿੱਤ ਜੁੰਡੀ-ਰਾਜ ਦਾ ਗ਼ਲਬਾ; ਇਹਦਾ ਅਰਥ ਇਹ ਹੈ ਕਿ ਵਿੱਤ ਪੱਖੋਂ "ਬਲਵਾਨ" ਕੁਝ ਰਿਆਸਤਾਂ ਬਾਕੀਆਂ ਨਾਲ਼ੋਂ ਉੱਘੜ ਕੇ ਸਾਹਮਣੇ ਆਉਂਦੀਆਂ ਹਨ। ਇਹ ਅਮਲ ਕਿਸ ਹੱਦ ਤੱਕ ਚੱਲ ਰਿਹਾ ਹੈ ਉਹਦਾ ਅੰਦਾਜ਼ਾ ਨਿਕਾਸਾਂ ਸਬੰਧੀ ਅਰਥਾਤ ਸਭ ਤਰ੍ਹਾਂ ਦੀਆਂ ਹਿੱਸਾ-ਹੁੰਡੀਆਂ ਦੇ ਜਾਰੀ ਕੀਤੇ ਜਾਣ ਸਬੰਧੀ ਅੰਕੜਿਆਂ ਤੋਂ ਲਾਇਆ ਜਾ ਸਕਦਾ ਹੈ।

ਕੌਮਾਂਤਰੀ ਅੰਕ-ਸੰਕਲਣ ਸੰਸਥਾ ਦੇ ਬੁਲੇਟਨ ਵਿੱਚ ਅ. ਨੇਮਾਰਕ** ਨੇ ਸਾਰੇ ਸੰਸਾਰ ਵਿੱਚ ਹੁੰਡੀਆਂ ਜਾਰੀ ਹੋਣ ਸਬੰਧੀ ਬੜੇ ਵਿਆਪਕ, ਮੁਕੰਮਲ ਅਤੇ ਤੁਲਨਾਤਮਕ ਅੰਕੜੇ ਛਾਪੇ ਹਨ, ਜਿਨ੍ਹਾਂ ਦੀ ਆਰਥਕ ਸਾਹਿਤ ਵਿੱਚ ਮੁੜ ਮੁੜ ਟੂਕ ਦਿੱਤੀ ਗਈ ਹੈ।[38] ਹੇਠਾਂ ਉਹ ਕੁੱਲ ਜੋੜ ਦਿੱਤੇ ਗਏ ਹਨ ਜਿਹੜੇ ਉਹ ਚਾਰ ਦਹਾਕਿਆਂ ਲਈ ਦੇਂਦਾ ਹੈ: (ਅਗਲੇ ਪੰਨੇ ਉੱਤੇ ਸਾਰਣੀ ਵੇਖੋ)

1870 ਵਿਆਂ ਵਿੱਚ, ਖ਼ਾਸ ਤੌਰ 'ਤੇ ਫ਼ਰਾਂਸ-ਪਰੂਸ਼ਿਆਈ ਯੁੱਧ ਦੇ ਸਮੇਂ ਜਾਰੀ ਕੀਤੇ ਕਰਜ਼ਿਆਂ ਅਤੇ ਯੁੱਧ ਤੋਂ ਪਿਛੋਂ ਜਰਮਨੀ ਵਿੱਚ ਕੰਪਨੀਆਂ ਸਥਾਪਤ ਕਰਨ ਵਿੱਚ

---

* ਏ. ਅਗਾਹਦ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾਂ 202।

** Bulletin de 1íinstitut international de statistque, t, XIX, livr, II, la Haye, 1912 ("ਕੌਮਾਂਤਰੀ ਅੰਕ-ਸੰਕਲਣ ਸੰਸਥਾ ਦਾ ਬੁਲੇਟਨ", ਸੈਂਚੀ, 19, ਦੂਜੀ ਪੁਸਤਕ , ਹੇਗ, 1921, — **ਸੰਪਾ:**) ਦੂਜੇ ਕਾਲਮ ਵਿੱਚ ਛੋਟੇ ਰਾਜਾਂ ਸਬੰਧੀ ਵਾਕਫ਼ੀ ਦਾ ਅੰਦਾਜ਼ਾ 1902 ਦੇ ਅੰਕੜਿਆਂ ਵਿੱਚ 20 ਫ਼ੀਸਦੀ ਵਾਧਾ ਕਰਕੇ ਕੀਤਾ ਗਿਆ ਹੈ।

ਆਈ ਤੇਜ਼ੀ ਕਾਰਨ , ਸਾਰੇ ਸੰਸਾਰ ਵਿੱਚ ਨਿਕਾਸਾਂ ਦੀ ਕੁੱਲ ਰਕਮ ਵਧੀ ਸੀ। ਸਮੁੱਚੇ ਤੌਰ ’ਤੇ ਉਨ੍ਹੀਵੀਂ ਸਦੀ ਦੇ ਅਖ਼ੀਰੀ ਤਿੰਨ ਦਹਾਕਿਆਂ ਵਿੱਚ ਵਾਧਾ ਨਿਸਬਤਨ ਬਹੁਤ ਤੇਜ਼ ਨਹੀਂ ਸੀ ਅਤੇ ਕੇਵਲ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਹੀ ਲਗਭਗ 100 ਫ਼ੀਸਦੀ ਦਾ ਧੜਵੈਲ ਵਾਧਾ ਦੇਖਿਆ ਜਾ ਸਕਦਾ ਹੈ। ਇਉਂ ਵੀਹਵੀਂ ਸਦੀ ਦੇ ਸ਼ੁਰੂ ਹੋਣ ਦਾ ਲੱਛਣ ਕੇਵਲ ਅਜਾਰੇਦਾਰੀਆਂ (ਕਾਰਟਲਾਂ, ਸਿੰਡੀਕੇਟਾਂ, ਟਰੱਸਟਾਂ) ਵਿੱਚ ਵਾਧਾ ਹੀ ਨਹੀਂ, ਜਿਸ ਦਾ ਅਸੀਂ ਪਿੱਛੇ ਜ਼ਿਕਰ ਕਰ ਆਏ ਹਾਂ, ਸਗੋਂ ਵਿੱਤ ਸਰਮਾਏ ਵਿਚ ਵਾਧਾ ਵੀ ਹੈ।

**ਫ਼ੀ ਦਹਾਕਾ ਕੁੱਲ ਨਿਕਾਸ**

**ਫ਼ਰਾਂਕਾਂ ਵਿੱਚ** (00,00,00,000)

| | |
|---|---|
| 1871–80 | 76.1 |
| 1881–90 | 64.5 |
| 1891–1900 | 100.4 |
| 1901–10 | 197.8 |

ਨੇਮਾਰਕ ਨੇ ਅੰਦਾਜ਼ਾ ਲਾਇਆ ਹੈ ਕਿ 1910 ਵਿੱਚ ਸੰਸਾਰ ਵਿੱਚ ਚਾਲੂ ਜਾਰੀ ਕੀਤੀਆਂ ਕੁੱਲ ਹਿੱਸਾ–ਹੁੰਡੀਆਂ ਦੀ ਕੁੱਲ ਰਕਮ 81,500 ਕਰੋੜ ਫ਼ਰਾਂਕ ਸੀ। ਕੁਝ ਅਜਿਹੀਆਂ ਰਕਮਾਂ ਕੱਢਣ ਪਿੱਛੋਂ ਜਿਹੜੀਆਂ ਦੂਜੀ ਵਾਰ ਗਿਣੀਆਂ ਗਈਆਂ ਹੋਣ ਉਹ ਕੁੱਲ ਜੋੜ ਨੂੰ 57,500–60,000 ਕਰੋੜ ਤੱਕ ਘਟਾ ਦੇਂਦਾ ਹੈ, ਜਿਹੜਾ ਵੱਖ ਵੱਖ ਦੇਸ਼ਾਂ ਵਿੱਚ ਹੇਠ ਲਿਖੇ ਅਨੁਸਾਰ ਵੰਡਿਆ ਹੋਇਆ ਹੈ। (ਮੈਂ ਕੁੱਲ ਜੋੜ 60,000 ਕਰੋੜ ਲੈਂਦਾ ਹਾਂ):

**ਵਿੱਤ ਹਿੱਸਾ-ਹੁੰਡੀਆਂ 1910 ਵਿੱਚ**

(00,00,00,000 **ਫ਼ਰਾਂਕ**)

| | | | | |
|---|---|---|---|---|
| ਬਰਤਾਨੀਆ | 142 | 479 | ਹਾਲੈਂਡ | 12.5 |
| ਅਮਰੀਕਾ | 132 | | ਬੈਲਜੀਅਮ | 7.5 |
| ਫ਼ਰਾਂਸ | 110 | | ਸਪੇਨ | 7.5 |
| ਜਰਮਨੀ | 95 | | ਸਵਿਟਜ਼ਰਲੈਂਡ | 6.25 |
| ਰੂਸ | 31 | | ਡੈਨਮਾਰਕ | 3.75 |
| ਆਸਟਰੀਆ–ਹੰਗਰੀ | 24 | | ਸਵੀਡਨ, ਨਾਰਵੇ, ਰੁਮਾਨੀਆ, ਆਦਿ | 2.5 |
| ਇਟਲੀ | 14 | | | |
| ਜਪਾਨ | 12 | | **ਕੁੱਲ ਜੋੜ** | 600 |

ਇਹਨਾਂ ਅੰਕੜਿਆਂ ਤੋਂ ਅਸੀਂ ਇੱਕ ਦਮ ਚਾਰ ਸਭ ਤੋਂ ਅਮੀਰ ਸਰਮਾਏਦਾਰ ਦੇਸ਼ ਉੱਭਰ ਕੇ ਸਾਹਮਣੇ ਆਉਂਦੇ ਵੇਖਦੇ ਹਾਂ, ਜਿਨ੍ਹਾਂ ਵਿੱਚੋਂ ਹਰ ਇੱਕ ਕੋਲ਼ ਲਗਭਗ 10,000

ਤੋਂ 15,000 ਕਰੋੜ ਫ਼ਰਾਂਕ ਦੀਆਂ ਹਿੱਸਾ-ਹੁੰਡੀਆਂ ਹਨ। ਇਹਨਾਂ ਚਾਰ ਦੇਸ਼ਾਂ ਵਿੱਚੋਂ ਦੋ, ਬਰਤਾਨੀਆ ਅਤੇ ਫ਼ਰਾਂਸ ਸਭ ਤੋਂ ਪੁਰਾਣੇ ਸਰਮਾਏਦਾਰ ਦੇਸ਼ ਹਨ ਅਤੇ, ਜਿਹਾ ਕਿ ਅਸੀਂ ਵੇਖਾਂਗੇ, ਉਹਨਾਂ ਕੋਲ਼ ਸਭ ਤੋਂ ਵੱਧ ਬਸਤੀਆਂ ਹਨ; ਦੂਜੇ ਦੋ, ਅਮਰੀਕਾ ਅਤੇ ਜਰਮਨੀ ਵਿਕਾਸ ਦੀ ਤੇਜ਼ੀ ਅਤੇ ਸਨਅਤ ਵਿੱਚ ਸਰਮਾਏਦਾਰ ਅਜਾਰੇਦਾਰੀਆਂ ਦੇ ਫੈਲਾਅ ਦੀ ਪੱਧਰ ਵਿੱਚ ਮੂਹਰੇ ਹਨ। ਮਿਲ਼ਾ ਕੇ ਇਹਨਾਂ ਚਾਰ ਦੇਸ਼ਾਂ ਕੋਲ਼ 47,900 ਕਰੋੜ ਫ਼ਰਾਂਕ ਦੀਆਂ ਹਿੱਸਾ-ਹੁੰਡੀਆਂ ਹਨ, ਅਰਥਾਤ ਸੰਸਾਰ ਦੇ ਵਿੱਤ ਸਰਮਾਏ ਦਾ ਲਗਭਗ 80 ਫ਼ੀਸਦੀ। ਇੱਕ ਜਾਂ ਦੂਜੇ ਢੰਗ ਨਾਲ਼ ਬਾਕੀ ਦਾ ਲਗਭਗ ਸਾਰਾ ਸੰਸਾਰ ਇਹਨਾਂ ਕੌਮਾਂਤਰੀ ਬੈਂਕਰ ਦੇਸ਼ਾਂ ਦਾ, ਸੰਸਾਰ ਦੇ ਵਿੱਤ ਸਰਮਾਏ ਦੇ ਇਹਨਾਂ "ਥੰਮ੍ਹਾਂ" ਦਾ ਕਰਜ਼ਦਾਰ ਅਤੇ ਬਾਜ਼ਗੁਜ਼ਾਰ ਹੈ।

ਸਰਮਾਏ ਦੀ ਬਰਾਮਦ ਵਿੱਤ ਸਰਮਾਏ ਉੱਤੇ ਨਿਰਭਰਤਾ ਅਤੇ ਸਬੰਧਾਂ ਦਾ ਜਿਹੜਾ ਕੌਮਾਂਤਰੀ ਜਾਲ ਉਣਨ ਵਿੱਚ ਜੋ ਹਿੱਸਾ ਪਾਉਂਦੀ ਹੈ, ਉਹਨੂੰ ਵੇਖਣਾ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ।

## IV. ਸਰਮਾਏ ਦੀ ਬਰਾਮਦ

ਜਦੋਂ ਅਜ਼ਾਦ ਮੁਕਾਬਲੇ ਦਾ ਰਾਜ ਸੀ, **ਵਸਤਾਂ** ਦੀ ਬਰਾਮਦ ਪੁਰਾਣੀ ਸਰਮਾਏਦਾਰੀ ਦੀ ਲਖਣਾਇਕ ਸੀ। ਸਰਮਾਏਦਾਰੀ ਦੇ ਨਵੀਨਤਮ ਪੜਾਅ ਦੀ, ਜਦੋਂ ਅਜਾਰੇਦਾਰੀਆਂ ਰਾਜ ਕਰਦੀਆਂ ਹਨ, ਲਖਣਾਇਕ **ਸਰਮਾਏ** ਦੀ ਬਰਾਮਦ ਹੈ।

ਸਰਮਾਏਦਾਰੀ ਜਿਣਸ ਉਤਪਾਦਨ ਆਪਣੇ ਵਿਕਾਸ ਦੇ ਸਰਵਉੱਚ ਪੜਾਅ ਉੱਤੇ ਹੈ, ਜਦੋਂ ਖੁਦ ਕਿਰਤ-ਸ਼ਕਤੀ ਇੱਕ ਜਿਣਸ ਬਣ ਜਾਂਦੀ ਹੈ। ਦੇਸ਼ ਅੰਦਰ ਵਟਾਂਦਰੇ ਅਤੇ, ਖਾਸ ਤੌਰ 'ਤੇ, ਕੌਮਾਂਤਰੀ ਵਟਾਂਦਰੇ ਦਾ ਵਾਧਾ ਸਰਮਾਏਦਾਰੀ ਦਾ ਲਖਣਾਇਕ ਲੱਛਣ ਹੈ। ਵਿਕੋਲਤ੍ਰੇ ਕਾਰੋਬਾਰਾਂ, ਸਨਅਤ ਦੀਆਂ ਵਿਕੋਲਤਰੀਆਂ ਸ਼ਾਖਾਂ ਅਤੇ ਵਿਕੋਲਤ੍ਰੇ ਦੇਸ਼ਾਂ ਦਾ ਅਸਾਵਾਂ ਅਤੇ ਰੁੱਕ ਰੁੱਕ ਕੇ ਹੋਣ ਵਾਲ਼ਾ ਵਿਕਾਸ ਸਰਮਾਏਦਾਰੀ ਅਧੀਨ ਅਟੱਲ ਹੈ। ਇੰਗਲੈਂਡ ਕਿਸੇ ਹੋਰ ਨਾਲ਼ੋਂ ਪਹਿਲਾਂ ਇੱਕ ਸਰਮਾਏਦਾਰ ਦੇਸ਼ ਬਣ ਗਿਆ ਅਤੇ ਉਨ੍ਹੀਵੀਂ ਸਦੀ ਦੇ ਮੱਧ ਤੱਕ, ਅਜ਼ਾਦ ਵਪਾਰ ਪ੍ਰਵਾਨ ਕਰਕੇ, ਉਹਨੇ "ਸੰਸਾਰ ਦੀ ਵਰਕਸ਼ਾਪ", ਸਭਨਾਂ ਦੇਸ਼ਾਂ ਨੂੰ ਤਿਆਰ ਵਸਤਾਂ ਦੇਣ ਵਾਲ਼ਾ ਹੋਣ ਦਾ ਦਾਹਵਾ ਕੀਤਾ, ਜਿਨ੍ਹਾਂ ਵਟਾਂਦਰੇ ਵਿੱਚ ਉਹਨੂੰ ਕੱਚੇ ਪਦਾਰਥ ਦਈ ਜਾਣਾ ਸੀ। ਪਰ ਉਨ੍ਹੀਵੀ ਸਦੀ ਦੀ ਆਖਰੀ ਚੁਥਾਈ ਵਿੱਚ **ਇਸ** ਅਜਾਰੇਦਾਰੀ ਦੀ ਜੜ੍ਹੀਂ ਪਹਿਲਾਂ ਹੀ ਤੇਲ ਦਿੱਤਾ ਜਾ ਚੁੱਕਾ ਸੀ; ਕਿਉਂਕਿ ਹੋਰ ਦੇਸ਼, "ਰੱਖਿਅਕ" ਤੱਟ-ਕਰਾਂ ਪਿੱਛੇ ਲੁੱਕ ਕੇ, ਵਿਕਾਸ ਕਰਕੇ ਸੁਤੰਤਰ ਸਰਮਾਏਦਾਰ ਰਾਜ ਬਣ ਗਏ। ਵੀਹਵੀਂ ਸਦੀ ਦੀਆਂ ਬਰੂਹਾਂ ਉੱਤੇ ਅਸੀਂ ਇੱਕ ਨਵੀਂ ਕਿਸਮ ਦੀ ਅਜਾਰੇਦਾਰੀ ਦਾ ਵਿਕਾਸ ਵੇਖਦੇ ਹਾਂ: ਪਹਿਲਾਂ, ਸਰਮਾਏਦਾਰ ਤੌਰ 'ਤੇ ਵਿਕਸਿਤ ਸਭਨਾਂ ਦੇਸ਼ਾਂ ਵਿੱਚ ਸਰਮਾਏਦਾਰਾਂ ਦੀਆਂ ਅਜਾਰੇਦਾਰ ਸਭਾਵਾਂ; ਦੂਜੇ, ਕੁਝ ਬਹੁਤ ਅਮੀਰ ਦੇਸ਼ਾਂ ਦੀ, ਜਿਨ੍ਹਾਂ ਵਿੱਚ ਸਰਮਾਏ ਦਾ ਕੇਂਦਰੀਣ ਧੜਵੈਲ ਅਕਾਰ ਅਖ਼ਤਿਆਰ ਕਰ ਗਿਆ ਹੈ, ਅਜਾਰੇਦਾਰ ਪ੍ਰਸਥਿਤੀ। ਉੱਨਤ ਦੇਸ਼ਾਂ ਵਿੱਚ ਬਹੁਤ ਵੱਡੀ ਮਾਤਰਾ ਵਿੱਚ "ਸਰਮਾਏ ਦੀ ਵਾਫ਼ਰਤਾ" ਪੈਦਾ ਹੋ ਗਈ ਹੈ।

ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਜੇ ਸਰਮਾਏਦਾਰੀ ਖੇਤੀ ਨੂੰ ਵਿਕਸਿਤ ਕਰ ਸਕਦੀ, ਜਿਹੜੀ ਅੱਜ ਹਰ ਥਾਂ ਸਨਅਤ ਨਾਲ਼ੋਂ ਬਹੁਤ ਜ਼ਿਆਦਾ ਪੱਛੜੀ ਹੋਈ ਹੈ, ਜੇ ਉਹ ਜਨਤਾ ਦਾ ਜੀਵਨ ਪੱਧਰ ਉੱਚਾ ਕਰ ਸਕਦੀ, ਜਿਹੜੀ ਅਚੰਭਾਜਨਕ ਟੈਕਨੀਕਲ ਉੱਨਤੀ ਦੇ ਬਾਵਜੂਦ ਹਰ ਥਾਂ ਅਜੇ ਤੱਕ ਅੱਧ-ਭੁੱਖੀ ਅਤੇ ਗਰੀਬੀ-ਗਰਸੀ ਹੈ, ਤਾਂ ਸਰਮਾਏ ਦੀ ਵਾਫ਼ਰਤਾ ਦਾ ਕੋਈ ਪ੍ਰਸ਼ਨ ਨਾ ਹੁੰਦਾ। ਸਰਮਾਏਦਾਰੀ ਦੇ ਨਿੱਕ-ਬੁਰਜੂਆ ਪੜਚੋਲੀਏ ਅਕਸਰ ਇਹ "ਦਲੀਲ" ਦੇਂਦੇ ਹਨ। ਪਰ ਜੇ ਸਰਮਾਏਦਾਰੀ ਇਹ ਕੰਮ ਕਰਦੀ ਤਾਂ ਇਹ ਸਰਮਾਏਦਾਰੀ ਨਾ ਹੁੰਦੀ; ਕਿਉਂਕਿ ਅਸਾਵਾਂ ਵਿਕਾਸ ਅਤੇ ਜਨਤਾ ਦੀ ਹੋਂਦ ਦੀ ਅੱਧ-ਭੁੱਖਮਰੀ ਦੀ ਹਾਲਤ ਉਤਪਾਦਨ ਦੇ ਇਸ ਢੰਗ ਦੀਆਂ ਬੁਨਿਆਦੀ ਅਤੇ ਅਟੱਲ ਸ਼ਰਤਾਂ ਅਤੇ ਮੂਲ਼ ਅਧਾਰ ਹਨ। ਜਿੰਨਾਂ ਚਿਰ ਸਰਮਾਏਦਾਰੀ ਕਾਇਮ ਹੈ ਵਾਫ਼ਰ ਸਰਮਾਇਆ ਕਿਸੇ ਖ਼ਾਸ ਦੇਸ਼ ਵਿੱਚ ਜਨਤਾ ਦਾ ਜੀਵਨ ਪੱਧਰ ਉੱਚੀ ਕਰਨ ਲਈ ਨਹੀਂ ਵਰਤਿਆ ਜਾਵੇਗਾ ਕਿਉਂਕਿ ਇਹਦੇ ਅਰਥ ਸਰਮਾਏਦਾਰਾਂ ਦੇ ਨਫ਼ੇ ਘੱਟ ਜਾਣਾ ਹੋਵੇਗਾ, ਸਗੋਂ ਨਫ਼ੇ ਵਧਾਉਣ ਦੇ ਮੰਤਵ ਲਈ ਪੱਛੜੇ ਦੇਸ਼ਾਂ ਨੂੰ ਵਿਦੇਸ਼ੀ ਸਰਮਾਏ ਦੀ ਬਰਾਮਦ ਲਈ ਵਰਤਿਆ ਜਾਵੇਗਾ। ਇਹਨਾਂ ਪੱਛੜੇ ਦੇਸ਼ਾਂ ਵਿੱਚ ਨਫ਼ੇ ਆਮ ਤੌਰ 'ਤੇ ਉੱਚੇ ਹੁੰਦੇ ਹਨ, ਕਿਉਂਕਿ ਸਰਮਾਏ ਦੀ ਘਾਟ ਹੁੰਦੀ ਹੈ, ਭੋਂ ਦੀ ਕੀਮਤ ਨਿਸਬਤਨ ਨੀਂਵੀਂ ਹੁੰਦੀ ਹੈ, ਉਜਰਤਾਂ ਘੱਟ ਹੁੰਦੀਆਂ ਹਨ ਅਤੇ ਕੱਚੇ ਪਦਾਰਥ ਸਸਤੇ ਹੁੰਦੇ ਹਨ। ਕਈ ਪੱਛੜੇ ਦੇਸ਼ਾਂ ਦੇ ਸਰਮਾਏਦਾਰ ਵਿਹਾਰ ਵਿੱਚ ਪਹਿਲਾਂ ਹੀ ਖਿੱਚੇ ਜਾਣ ਕਾਰਨ ਸਰਮਾਏ ਦੀ ਬਰਾਮਦ ਸੰਭਵ ਹੋ ਗਈ ਹੈ; ਮੁੱਖ ਰੇਲਾਂ ਜਾਂ ਤਾਂ ਉੱਥੇ ਉਸਾਰੀਆਂ ਗਈਆਂ ਹਨ ਅਤੇ ਜਾਂ ਉਸਾਰੀਆਂ ਜਾ ਰਹੀਆਂ ਹਨ, ਸਨਅਤੀ ਵਿਕਾਸ ਲਈ ਬੁਨਿਆਦੀ ਪ੍ਰਸਥਿਤੀਆਂ ਪੈਦਾ ਕਰ ਦਿੱਤੀਆਂ ਗਈਆਂ ਹਨ, ਆਦਿ। ਸਰਮਾਏ ਦੀ ਬਰਾਮਦ ਦੀ ਲੋੜ ਇਸ ਤੱਥ ਕਾਰਨ ਪੈਦਾ ਹੋਈ ਹੈ ਕਿ ਕੁਝ ਦੇਸ਼ਾਂ ਵਿੱਚ ਸਰਮਾਏਦਾਰੀ "ਬਹੁਤ ਜ਼ਿਆਦਾ ਪੱਕ" ਗਈ ਹੈ ਅਤੇ (ਖੇਤੀ ਦੀ ਪੱਛੜੀ ਹਾਲਤ ਅਤੇ ਜਨਤਾ ਦੀ ਗ਼ਰੀਬੀ ਕਾਰਨ) ਸਰਮਾਏ ਨੂੰ ਲੱਗਣ ਲਈ "ਨਫ਼ੇ ਵਾਲ਼ਾ" ਖੇਤਰ ਨਹੀਂ ਮਿਲ਼ਦਾ।

ਤਿੰਨ ਮੁੱਖ ਦੇਸ਼ਾਂ ਵੱਲੋਂ ਵਿਦੇਸ਼ਾਂ ਵਿੱਚ ਲਾਏ ਸਰਮਾਏ ਦੀ ਮਾਤਰਾ ਸਬੰਧੀ ਲਗਭਗ ਅੰਕੜੇ ਇਹ ਹਨ*

---

* Hobson. 'Imperialism', London, 1902, p, 58; (ਹਾਬਸਨ, "ਸਾਮਰਾਜਵਾਦ", ਲੰਦਨ 1902, ਪੰਨਾ 58-**ਸੰਪਾ:**); ਰੀਸਰ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨੇ, 395 ਅਤੇ 404। P. Arndt in 'Weltwirtschaftliches Archiv', Bd, 7, 1916, S. 35.(ਪ. ਅਰੰਡਟ, "ਸੰਸਾਰ ਦੀ ਆਰਥਕਤਾ ਦਾ ਮੁਨਾਫ਼ਜ਼ਖ਼ਾਨਾ," ਸੈਂਚੀ 7, 1916, ਪੰਨਾ 35-**ਸੰਪਾ:**) ਨੇਮਾਰਕ, "ਬੁਲੇਟਨ" ਵਿੱਚ; ਹਿਲਫ਼ਰਡਿੰਗ, "ਵਿੱਤ ਸਰਮਾਇਆ,' ਪੰਨਾ 492; ਲਾਇਡ ਜਾਰਜ, ਹਾਊਸ ਆਫ਼ ਕਾਮਨਜ਼ ਵਿੱਤ ਤਕਰੀਰ, 4 ਮਈ 1915, 5 ਮਈ 1915 ਦੇ 'Daily Telegraph' ਵਿੱਚ ਛਪੀ; B. Harms. 'Probleme der Weltwirtschaft', Jena, 1912, S. 235.(ਬ. ਹਾਰਮਜ਼, "ਸੰਸਾਰ ਆਰਥਕਤਾ ਦੇ ਮਸਲੇ", ਜੈਨਾ, 1912, ਪੰਨਾ 235 ਅਤੇ ਉਸ ਤੋਂ ਅੱਗੇ-**ਸੰਪਾ:**) Dr. Siegmund Schilder. 'Entwicklungstendenzen der ⇨

**ਵਿਦੇਸ਼ਾਂ ਵਿੱਚ ਲਾਇਆ**
**ਸਰਮਾਇਆ** (00,00,00,000 **ਫਰਾਂਕ**)

| ਸਾਲ | ਬਰਤਾਨੀਆ | ਫ਼ਰਾਂਸ | ਜਰਮਨੀ |
|---|---|---|---|
| 1862 | 3.6 | – | – |
| 1872 | 15.0 | 10 (1869) | – |
| 1882 | 22.0 | 15(1880) | ? |
| 1893 | 42.0 | 20 (1890) | ? |
| 1902 | 62.0 | 27-37 | 12.5 |
| 1914 | 75-100.0 | 60 | 44.0 |

ਇਸ ਸਾਰਣੀ ਤੋਂ ਪਤਾ ਲੱਗਦਾ ਹੈ ਕਿ ਸਰਮਾਏ ਦੀ ਬਰਾਮਦ ਨੇ ਵੀਹਵੀਂ ਸਦੀ ਦੇ ਮੁੱਢ ਵਿੱਚ ਹੀ ਬਹੁਤ ਵੱਡਾ ਅਕਾਰ ਧਾਰਨ ਕੀਤਾ। ਯੁੱਧ ਤੋਂ ਪਹਿਲਾਂ ਤਿੰਨ ਮੁੱਖ ਦੇਸ਼ਾਂ ਵੱਲੋਂ ਵਿਦੇਸ਼ਾਂ ਵਿੱਚ ਲਾਇਆ ਸਰਮਾਇਆ 17,500 ਅਤੇ 20,000 ਕਰੋੜ ਫ਼ਰਾਂਕ ਦੇ ਵਿਚਕਾਰ ਸੀ। ਪੰਜ ਫ਼ੀਸਦੀ ਦੀ ਨਿਰਮਾਣ ਜਿਹੀ ਦਰ ਉੱਤੇ ਵੀ ਇਸ ਰਕਮ ਤੋਂ ਆਮਦਨ ਹਰ ਵਰ੍ਹੇ 800 ਤੋਂ 1,000 ਕਰੋੜ ਫ਼ਰਾਂਕ ਹੋਵੇਗੀ—ਸੰਸਾਰ ਦੇ ਵਧੇਰੇ ਦੇਸ਼ਾਂ ਅਤੇ ਕੌਮਾਂ ਉੱਤੇ ਸਾਮਰਾਜੀ ਜਬਰ ਅਤੇ ਲੁੱਟ-ਚੋਂਘ ਲਈ, ਮੁੱਠੀ ਭਰ ਅਮੀਰ ਰਿਆਸਤਾਂ ਦੇ ਸਰਮਾਏਦਾਰ ਪਰਜੀਵੀਪੁਣੇ ਲਈ ਇੱਕ ਨਿੱਗਰ ਅਧਾਰ!

ਵਿਦੇਸ਼ਾਂ ਵਿੱਚ ਲਾਇਆ ਸਰਮਾਇਆ ਵੱਖ ਵੱਖ ਦੇਸ਼ਾਂ ਵਿੱਚ ਕਿਵੇਂ ਵੰਡਿਆ ਹੋਇਆ ਹੈ? ਇਹ **ਕਿੱਥੇ** ਲਾਇਆ ਗਿਆ ਹੈ? ਇਹਨਾਂ ਪ੍ਰਸ਼ਨਾਂ ਦਾ ਲਗਭਗ ਉੱਤਰ ਹੀ ਦਿੱਤਾ ਜਾ ਸਕਦਾ ਹੈ, ਪਰ ਇਹ ਅਜਿਹਾ ਹੈ ਜਿਹੜਾ ਨਵੀਨ ਸਾਮਰਾਜਵਾਦ ਦੀ ਆਮ ਸਬੰਧਾਂ ਅਤੇ ਜੋੜਾਂ ਉੱਤੇ ਚਾਨਣ ਪਾਉਣ ਲਈ ਕਾਫ਼ੀ ਹੈ। (ਅਗਲੇ ਪੰਨੇ ਉੱਤੇ ਸਾਰਣੀ ਵੇਖੋ-**ਸੰਪਾ**)

---

⇨ Weltwirtschaft.[a] Berlin, 1912, Band 1, S. 150, (ਡਾ. ਸੀਗਮੁੰਡ ਸ਼ਿਲਡਰ, "ਸੰਸਾਰ ਆਰਥਕਤਾ ਦੇ ਵਿਕਾਸ ਵਿੱਚ ਝੁਕਾਅ, " ਬਰਲਿਨ, 1912, ਸੈਂਚੀ 1 ਪੰਨਾ 150-**ਸੰਪਾ:**); George Paish. ´Great Britainís Capital Investment ets.[a], in ´Journal of the Royal Statistical Society[a], Vol. LXXIV, 1910-11, p. 167 et seg, :) (ਜਾਰਜ ਪੈਸ਼, "ਬਰਤਾਨੀਆ ਵੱਲੋਂ ਲਾਇਆ ਸਰਮਾਇਆ, ਆਦਿ," ਰਾਇਲ ਸਟੈਟਿਸਟੀਕਲ ਸੋਸਾਇਟੀ ਦੇ ਰਸਾਲੇ ਵਿੱਚ, 1910-11, ਪੰਨਾ 167 ਅਤੇ ਉਸ ਤੋਂ ਅੱਗੇ।-**ਸੰਪਾ:**); Georges Diouritch. ´LíExpansion des banques allemandes ‡ IíÈtranger, ses rapports avec le dÈveloppement Èconomique de IíAllemagne[a], (ਜਾਰਜ ਡੀਓਰਿਚ, "ਵਿਦੇਸ਼ਾਂ ਵਿੱਚ ਜਰਮਨ ਬੈਂਕਾਂ ਦਾ ਵਿਕਾਸ ਅਤੇ ਇਹਦਾ ਜਰਮਨੀ ਦੀ ਆਰਥਕਤਾ ਦੇ ਵਿਕਾਸ ਨਾਲ਼ ਸਬੰਧ", ਪੈਰਿਸ, 1909, ਪੰਨਾ 84-**ਸੰਪਾ:**)

ਬਰਤਾਨਵੀਂ ਸਰਮਾਏ ਦੇ ਲੱਗਣ ਦਾ ਮੁੱਖ ਖੇਤਰ ਬਰਤਾਨਵੀਂ ਬਸਤੀਆਂ ਹਨ, ਜਿਹੜੀਆਂ ਅਮਰੀਕਾ ਵਿੱਚ ਹੀ ਬਹੁਤ ਵੱਡੀਆਂ ਹਨ (ਮਿਸਾਲ ਵਜੋਂ ਕੈਨੇਡਾ), ਏਸ਼ੀਆ, ਆਦਿ ਦੀ ਤਾਂ ਗੱਲ ਹੀ ਨਾ ਕਰੋ। ਇਸ ਹਾਲਤ ਵਿੱਚ ਸਰਮਾਏ ਦੀ ਬਹੁਤ ਵੱਡੀ ਬਰਾਮਦ ਦਾ ਵਿਸ਼ਾਲ ਬਸਤੀਆਂ ਨਾਲ਼, ਸਾਮਰਾਜਵਾਦ ਲਈ ਜਿਨ੍ਹਾਂ ਦੀ ਮਹੱਤਤਾ ਦੀ ਗੱਲ ਮੈਂ ਅੱਗੇ ਚੱਲ ਕੇ ਕਰਾਂਗਾ, ਬਹੁਤ ਨੇੜਵਾਂ ਸਬੰਧ ਹੈ। ਫ਼ਰਾਂਸ ਦੀ ਹਾਲਤ ਵਿੱਚ ਪ੍ਰਸਥਿਤੀ ਵੱਖਰੀ ਹੈ।

**ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿੱਚ ਵਿਦੇਸ਼ੀ ਸਰਮਾਏ**
**ਦੀ (ਲਗਭਗ) ਵੰਡ (1910 ਦੇ ਨੇੜੇ ਤੇੜੇ)**

| | ਬਰਤਾਨੀਆ | ਫ਼ਰਾਂਸ | ਜਰਮਨੀ | ਕੁੱਲ ਜੋੜ |
|---|---|---|---|---|
| | (00,00,00,000 ਮਾਰਕ) | | | |
| ਯੂਰਪ | 4 | 23 | 18 | 45 |
| ਅਮਰੀਕਾ | 37 | 4 | 10 | 51 |
| ਅਫ਼ਰੀਕਾ, ਏਸ਼ੀਆ ਅਤੇ ਆਸਟਰੇਲੀਆ | 29 | 8 | 7 | 44 |
| **ਕੁੱਲ ਜੋੜ** | 70 | 35 | 35 | 140 |

ਫ਼ਰਾਂਸੀਸੀ ਸਰਮਾਇਆ ਮੁੱਖ ਤੌਰ 'ਤੇ ਯੂਰਪ ਵਿੱਚ, ਸਭ ਤੋਂ ਵੱਧ ਰੂਸ ਵਿੱਚ (ਲਗਭਗ 1,000 ਕਰੋੜ ਫ਼ਰਾਂਕ) ਲੱਗਾ ਹੋਇਆ ਹੈ। ਇਹ ਵਧੇਰੇ **ਕਰਜ਼ਾ** ਸਰਮਾਇਆ ਹੈ, ਹਕੂਮਤੀ ਕਰਜ਼ੇ ਅਤੇ ਸਨਅਤੀ ਕਾਰੋਬਾਰਾਂ ਵਿੱਚ ਲਗਾ ਹੋਇਆ ਸਰਮਾਇਆ ਨਹੀਂ। ਬਰਤਾਨਵੀਂ ਬਸਤੀਵਾਦੀ ਸਾਮਰਾਜਵਾਦ ਦੇ ਮੁਕਾਬਲੇ ਉੱਤੇ ਫ਼ਰਾਂਸੀਸੀ ਸਾਮਰਾਜਵਾਦ ਨੂੰ ਸੂਦਖ਼ੋਰ ਸਾਮਰਾਜਵਾਦ ਕਿਹਾ ਜਾ ਸਕਦਾ ਹੈ। ਜਰਮਨੀ ਦੀ ਹਾਲਤ ਵਿੱਚ ਸਾਨੂੰ ਇੱਕ ਤੀਜੀ ਕਿਸਮ ਮਿਲ਼ਦੀ ਹੈ; ਬਸਤੀਆਂ ਬਹੁਤ ਧਿਆਨ-ਯੋਗ ਨਹੀਂ ਅਤੇ ਵਿਦੇਸ਼ਾਂ ਵਿੱਚ ਲਾਇਆ ਸਰਮਾਇਆ ਯੂਰਪ ਅਤੇ ਅਮਰੀਕਾ ਵਿਚਕਾਰ ਬਹੁਤ ਸਾਵੀਂ ਤਰ੍ਹਾਂ ਵੰਡਿਆ ਹੋਇਆ ਹੈ।

ਸਰਮਾਏ ਦੀ ਬਰਾਮਦ ਉਹਨਾਂ ਦੇਸ਼ਾਂ ਵਿੱਚ ਸਰਮਾਏਦਾਰੀ ਦੇ ਵਿਕਾਸ ਉੱਤੇ ਅਸਰ ਪਾਉਂਦੀ ਹੈ ਅਤੇ ਇਹਨੂੰ ਬਹੁਤ ਤੇਜ਼ ਕਰਦੀ ਹੈ, ਜਿੱਥੇ ਇਹ ਬਰਾਮਦ ਕੀਤਾ ਜਾਂਦਾ ਹੈ। ਸੋ, ਜਿੱਥੇ ਸਰਮਾਏ ਦੀ ਬਰਾਮਦ ਸਰਮਾਇਆ ਬਰਾਮਦ ਕਰਨ ਵਾਲ਼ੇ ਦੇਸ਼ਾਂ ਵਿੱਚ ਵਿਕਾਸ ਨੂੰ ਕੁਝ ਹੱਦ ਤੱਕ ਰੋਕ ਸਕਦੀ ਹੈ, ਇਹ ਸਮੁੱਚੇ ਸੰਸਾਰ ਵਿੱਚ ਹਰ ਥਾਂ ਸਰਮਾਏਦਾਰੀ ਦੇ ਹੋਰ ਵਿਕਾਸ ਨੂੰ ਵਿਸ਼ਾਲ ਅਤੇ ਡੂੰਘਾ ਕਰਕੇ ਹੀ ਅਜਿਹਾ ਕਰ ਸਕਦੀ ਹੈ।

ਸਰਮਾਇਆ ਬਰਾਮਦ ਕਰਨ ਵਾਲ਼ੇ ਦੇਸ਼ ਲਗਭਗ ਹਮੇਸ਼ਾਂ ਹੀ ਕੁਝ "ਲਾਭ" ਪ੍ਰਾਪਤ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ, ਜਿਨ੍ਹਾਂ ਦਾ ਖ਼ਾਸਾ ਵਿੱਤ ਸਰਮਾਏ ਅਤੇ ਅਜਾਰੇਦਾਰੀ ਦੇ ਦੌਰ ਦੀ ਵਿਸ਼ੇਸ਼ਤਾ ਉੱਤੇ ਚਾਨਣ ਪਾਉਂਦਾ ਹੈ। ਮਿਸਾਲ ਵਜੋਂ ਬਰਲਿਨ ਦੇ ਰਸਾਲੇ «Die Bank» ਵਿੱਚ ਹੇਠ ਲਿਖੀ ਲਿਖਤ ਛਪੀ:

"ਕੌਮਾਂਤਰੀ ਸਰਮਾਇਆ ਮੰਡੀ ਵਿੱਚ ਪਿੱਛੇ ਜਿਹੇ ਤੋਂ ਇੱਕ ਕਾਮੇਡੀ ਖੇਡੀ ਜਾ

ਰਹੀ ਹੈ ਜਿਹੜੀ ਅਰਿਸਟੋਫ਼ੇਨਜ਼* ਦੀ ਕਲਮ ਤੋਂ ਲਿਖੇ ਜਾਣ ਦੀ ਹੱਕਦਾਰ ਹੈ। ਸਪੇਨ ਤੋਂ ਲੈ ਕੇ ਬਲਕਾਨ ਦੇ ਰਾਜਾਂ ਤੱਕ, ਰੂਸ ਤੋਂ ਅਰਜਨਟੀਨ ਤੱਕ, ਬਰਾਜ਼ੀਲ ਅਤੇ ਚੀਨ, ਖੁੱਲ੍ਹੇ ਤੌਰ 'ਤੇ ਜਾਂ ਗੁਪਤ ਢੰਗ ਨਾਲ਼, ਵੱਡੀਆਂ ਮੁਦਰਾ ਮੰਡੀਆਂ ਵਿੱਚ ਕਰਜ਼ਿਆਂ ਦੀਆਂ ਮੰਗਾਂ ਨਾਲ਼ ਆਏ ਹਨ, ਜਿਹੜੀਆਂ ਕਈ ਵਾਰ ਬੜੀਆਂ ਜ਼ੋਰਦਾਰ ਹੁੰਦੀਆਂ ਹਨ। ਮੁਦਰਾ ਦੀਆਂ ਮੰਡੀਆਂ ਅੱਜ ਕੱਲ੍ਹ ਬਹੁਤ ਆਸ-ਭਰਪੂਰ ਨਹੀਂ ਅਤੇ ਰਾਜਸੀ ਰੰਗ-ਢੰਗ ਵੀ ਬਹੁਤ ਆਸ਼ਾਜਨਕ ਨਹੀਂ। ਪਰ ਮੁਦਰਾ ਦੀ ਕੋਈ ਮੰਡੀ ਇਸ ਡਰ ਕਾਰਨ ਕਰਜ਼ਾ ਦੇਣੋਂ ਨਾਂਹ ਨਹੀਂ ਕਰ ਸਕਦੀ ਕਿ ਕਿਧਰੇ ਉਹਦਾ ਗੁਆਂਢੀ ਉਹਦੇ ਤੋਂ ਅੱਗੇ ਨਾ ਲੰਘ ਜਾਵੇ, ਕਰਜ਼ਾ ਦੇਣਾ ਮੰਨ ਲਏ ਅਤੇ ਕੋਈ ਜਵਾਬ ਸੇਵਾ ਪ੍ਰਾਪਤ ਕਰ ਲਏ। ਇਹਨਾਂ ਕੌਮਾਂਤਰੀ ਸੌਦਿਆਂ ਵਿੱਚ ਲੈਣਦਾਰ ਸਦਾ ਹੀ ਕੋਈ ਵਾਧੂ ਲਾਭ ਪ੍ਰਾਪਤ ਕਰ ਲੈਂਦਾ ਹੈ; ਕਿਸੇ ਵਪਾਰਕ ਸੰਧੀ ਵਿੱਚ ਕੋਈ ਲਾਹੇਵੰਦੀ ਧਾਰਾ, ਜਹਾਜ਼ਾਂ ਉੱਤੇ ਕੋਲਾ ਲੱਦਣ ਦਾ ਸਟੇਸ਼ਨ, ਬੰਦਰਗਾਹ ਉਸਾਰਨ ਦਾ ਆਰਡਰ, ਕੋਈ ਮੋਟੀ ਰਿਆਇਤ ਜਾਂ ਤੋਪਾਂ ਲਈ ਆਰਡਰ।"**

ਵਿੱਤ ਸਰਮਾਏ ਨੇ ਅਜਾਰੇਦਾਰੀਆਂ ਦਾ ਯੁੱਗ ਸਿਰਜਿਆ ਹੈ ਅਤੇ ਅਜਾਰੇਦਾਰੀਆਂ ਹਰ ਥਾਂ ਅਜਾਰੇਦਾਰ ਅਸੂਲ ਲਾਗੂ ਕਰਦੀਆਂ ਹਨਃ ਨਫ਼ੇ ਵਾਲ਼ੇ ਸੌਦਿਆਂ ਲਈ "ਸਬੰਧਾਂ" ਦੀ ਵਰਤੋਂ ਖੁੱਲ੍ਹੀ ਮੰਡੀ ਵਿੱਚ ਮੁਕਾਬਲੇ ਦੀ ਥਾਂ ਲੈ ਲੈਂਦੀ ਹੈ। ਸਭ ਤੋਂ ਆਮ ਗੱਲ ਇਹ ਸ਼ਰਤ ਲਾਉਣਾ ਹੈ ਕਿ ਦਿੱਤੇ ਗਏ ਕਰਜ਼ੇ ਦਾ ਇੱਕ ਹਿੱਸਾ ਲੈਣਦਾਰ ਦੇਸ਼ ਵਿੱਚ ਖ਼ਰਚਿਆ ਜਾਵੇ, ਖ਼ਾਸ ਤੌਰ 'ਤੇ ਜੰਗੀ ਸਮਾਨ ਜਾਂ ਜਹਾਜ਼, ਆਦਿ, ਖਰੀਦਣ ਲਈ। ਪਿਛਲੇ ਦੋ ਦਹਾਕਿਆਂ (1890-1910) ਵਿੱਚ ਫ਼ਰਾਂਸ ਨੇ ਬਹੁਤ ਅਕਸਰ ਇਹ ਤਰੀਕਾ ਵਰਤਿਆ ਹੈ। ਇਉਂ ਸਰਮਾਏ ਦੀ ਬਰਾਮਦ ਜਿਣਸਾਂ ਦੀ ਬਰਾਮਦ ਨੂੰ ਉਤਸ਼ਾਹ ਦੇਣ ਦਾ ਇੱਕ ਸਾਧਨ ਬਣ ਜਾਂਦੀ ਹੈ। ਇਸ ਸਬੰਧ ਵਿੱਚ ਵਿਸ਼ੇਸ਼ ਤੌਰ 'ਤੇ ਵੱਡੀਆਂ ਫ਼ਰਮਾਂ ਵਿਚਕਾਰ ਲੈਣ ਦੇਣ ਉਹ ਰੂਪ ਧਾਰਨ ਕਰ ਲੈਂਦਾ ਹੈ, ਜਿਸਨੂੰ ਸ਼ਿਲਡਰ*** "ਬੜੀ ਨਰਮੀ ਨਾਲ਼" "ਭ੍ਰਿਸ਼ਟਾਚਾਰ ਦੀਆਂ ਹੱਦਾਂ" ਕਹਿੰਦਾ ਹੈ। ਜਰਮਨੀ ਵਿੱਚ ਕਰੁਪ, ਫ਼ਰਾਂਸ ਵਿੱਚ ਸ਼ਨੀਡਰ, ਬਰਤਾਨੀਆਂ ਵਿੱਚ, ਆਰਮਸਟਰਾਂਗ, ਉਹਨਾਂ ਫ਼ਰਮਾਂ ਦੀਆਂ ਮਿਸਾਲਾਂ ਹਨ ਜਿਨ੍ਹਾਂ ਦੇ ਬਲਵਾਨ ਬੈਂਕਾਂ ਅਤੇ ਹਕੂਮਤਾਂ ਨਾਲ਼ ਨੇੜਵੇਂ ਸਬੰਧ ਹਨ ਅਤੇ ਜਿਨ੍ਹਾਂ ਨੂੰ ਕਰਜ਼ੇ ਦਾ ਪ੍ਰਬੰਧ ਕਰਦੇ ਸਮੇਂ "ਅੱਖੋਂ ਉਹਲੇ" ਨਹੀਂ ਕੀਤਾ ਜਾ ਸਕਦਾ।

ਰੂਸ ਨੂੰ ਕਰਜ਼ਾ ਦੇਂਦੇ ਸਮੇਂ ਫ਼ਰਾਂਸ ਨੇ ਉਹਨੂੰ 16 ਸਤੰਬਰ 1905 ਦੀ ਵਪਾਰਕ ਸੰਧੀ ਵਿੱਚ "ਜਕੜ" ਲਿਆ, ਇਹ ਸ਼ਰਤ ਲਾ ਦਿੱਤੀ ਕਿ ਕੁਝ ਰਿਆਇਤਾਂ 1917 ਤੱਕ ਚਾਲੂ ਰਹਿਣਗੀਆਂ। ਉਹਨੇ ਜਪਾਨ ਨਾਲ਼ 19 ਅਗਸਤ 1911 ਦੀ ਵਪਾਰਕ ਸੰਧੀ ਵਿੱਚ ਵੀ ਅਜਿਹਾ ਹੀ ਕੀਤਾ। ਆਸਟਰੀਆ ਅਤੇ ਸਰਬੀਆ ਵਿਚਕਾਰ ਤੱਟ-ਕਰ ਯੁੱਧ, ਜਿਹੜਾ ਸੱਤ ਮਹੀਨਿਆਂ ਦੇ ਵਕਫ਼ੇ ਨਾਲ਼ 1906 ਤੋਂ 1911 ਤੱਕ ਜਾਰੀ ਰਿਹਾ, ਉਹਦਾ ਕਾਰਨ ਕੁਝ

* ਪ੍ਰਸਿੱਧ ਕਲਾਸਿਕੀ ਯੂਨਾਨੀ ਨਾਟਕਾਰ-**ਅਨੁਃ**

** 'Die Bank', 1913, 2, ਪੰਨਾ 1024।

*** ਸ਼ਿਲਡਰ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨੇ 346, 350, 371।

ਹੱਦ ਤੱਕ ਆਸਟਰੀਆ ਅਤੇ ਫ਼ਰਾਂਸ ਵਿਚਕਾਰ ਸਰਬੀਆ ਨੂੰ ਜੰਗੀ ਸਮਾਨ ਸਪਲਾਈ ਕਰਨ ਵਿੱਚ ਮੁਕਾਬਲਾ ਸੀ। ਜਨਵਰੀ 1912 ਵਿੱਚ ਪਾਲ ਦੇਸ਼ਾਨੇਲ ਨੇ ਚੈਂਬਰ ਆਫ਼ ਡੈਪਟੀਜ਼ ਵਿੱਚ ਦੱਸਿਆ ਕਿ 1908 ਤੋਂ 1911 ਤੱਕ ਫਰਾਂਸੀਸੀ ਫ਼ਰਮਾਂ ਨੇ ਸਰਬੀਆ ਨੂੰ 4 ਕਰੋੜ 50 ਲੱਖ ਫ਼ਰਾਂਕ ਦਾ ਜੰਗੀ ਸਮਾਨ ਦਿੱਤਾ।

ਸਾਓ-ਪਾਓਲੋ (ਬਰਾਜ਼ੀਲ) ਤੋਂ ਆਸਟਰੋ-ਹੰਗੇਰਵੀ ਕੌਂਸਲ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ: "ਬ੍ਰਾਜ਼ੀਲ ਦੀਆਂ ਰੇਲਾਂ ਮੁੱਖ ਤੌਰ 'ਤੇ ਫ਼ਰਾਂਸੀਸੀ, ਬੈਲਜਮੀ, ਬਰਤਾਨਵੀ ਅਤੇ ਜਰਮਨੀ ਸਰਮਾਇਆ ਉਸਾਰ ਰਿਹਾ ਹੈ। ਰੇਲਾਂ ਦੀ ਇਸ ਉਸਾਰੀ ਨਾਲ਼ ਸਬੰਧਤ ਵਿੱਤ ਅਮਲਾਂ ਵਿੱਚ ਸਬੰਧਤ ਦੇਸ਼ ਲੋੜੀਂਦੀ ਰੇਲਵੇ ਸਮੱਗਰੀ ਲਈ ਆਰਡਰ ਦੇਣ ਦੀ ਸ਼ਰਤ ਲਾਉਂਦੇ ਹਨ।"

ਮਨੁੱਖ ਕਹਿ ਸਕਦਾ ਹੈ ਕਿ ਵਿੱਤ ਸਰਮਾਏ ਨੇ ਸੱਚ ਮੁੱਚ ਆਪਣਾ ਜਾਲ਼ ਸੰਸਾਰ ਦੇ ਸਭਨਾਂ ਦੇਸ਼ਾਂ ਵਿੱਚ ਫੈਲਾਇਆ ਹੋਇਆ ਹੈ। ਬਸਤੀਆਂ ਵਿੱਚ ਸਥਾਪਤ ਕੀਤੇ ਬੈਂਕ ਅਤੇ ਉਹਨਾਂ ਦੀਆਂ ਸ਼ਾਖਾਂ ਇਸ ਵਿੱਚ ਮਹੱਤਵਪੂਰਨ ਹਿੱਸਾ ਪਾਉਂਦੀਆਂ ਹਨ। ਜਰਮਨ ਸਾਮਰਾਜੀ "ਪੁਰਾਣੇ" ਬਸਤੀਵਾਦੀ ਦੇਸ਼ਾਂ ਵੱਲ, ਜਿਹੜੇ ਆਪਣੇ ਲਈ ਇਹੋ ਜਿਹਾ ਪ੍ਰਬੰਧ ਕਰਨ ਵਿੱਚ "ਸਫ਼ਲ" ਰਹੇ ਹਨ, ਹਿਰਖ ਦੀ ਨਜ਼ਰ ਨਾਲ਼ ਵੇਖਦੇ ਹਨ। 1904 ਵਿੱਚ ਬਰਤਾਨੀਆ ਦੇ 50 ਬਸਤੀਆਂ ਦੇ ਬੈਂਕ ਸਨ ਅਤੇ ਉਹਨਾਂ ਦੀਆਂ 2,279 ਸ਼ਾਖਾ ਸਨ (1910 ਵਿੱਚ 72 ਬੈਂਕ ਅਤੇ 5,449 ਸ਼ਾਖਾਂ ਹਨ); ਫ਼ਰਾਂਸ ਦੇ 136 ਸ਼ਾਖਾਂ ਵਾਲ਼ੇ 20 ਬੈਂਕ ਸਨ, ਹਾਲੈਂਡ ਦੇ 68 ਸ਼ਾਖਾਂ ਵਾਲ਼ੇ 16 ਬੈਂਕ ਸਨ ਅਤੇ ਜਰਮਨੀ ਦੇ "ਕੇਵਲ" 70 ਸ਼ਾਖਾਂ ਵਾਲ਼ੇ 13 ਬੈਂਕ ਸਨ।* ਆਪਣੀ ਵਾਰੀ ਅਮਰੀਕੀ ਸਰਮਾਏਦਾਰ ਅੰਗਰੇਜ਼ਾਂ ਅਤੇ ਜਰਮਨਾਂ ਵੱਲ ਈਰਖਾ ਦੀ ਨਜ਼ਰ ਨਾਲ਼ ਵੇਖਦੇ ਹਨ: "ਦੱਖਣੀ ਅਮਰੀਕਾ ਵਿੱਚ," ਉਹਨਾਂ 1915 ਵਿੱਚ ਸ਼ਿਕਾਇਤ ਕੀਤੀ, "ਪੰਜ ਜਰਮਨ ਬੈਂਕਾਂ ਦੀਆਂ 40 ਸ਼ਾਖਾਂ ਹਨ ਅਤੇ ਪੰਜ ਬਰਤਾਨਵੀ ਬੈਂਕਾਂ ਦੀਆਂ 70 ਸ਼ਾਖਾਂ ਹਨ। ... ਬਰਤਾਨੀਆ ਅਤੇ ਜਰਮਨੀ ਨੇ ਪਿਛਲੇ 25 ਵਰ੍ਹਿਆਂ ਵਿੱਚ ਅਰਜਨਟੀਨ, ਬ੍ਰਾਜ਼ੀਲ ਅਤੇ ਉਰਾਗੂਏ ਵਿੱਚ ਲਗਭਗ 400 ਕਰੋੜ ਡਾਲਰ ਸਰਮਾਇਆ ਲਾਇਆ ਹੈ ਅਤੇ ਇਹਦੇ ਸਿਟੇ ਵਜੋਂ ਉਹ ਇਹਨਾਂ ਤਿੰਨ ਦੇਸ਼ਾਂ ਦੇ ਕੁੱਲ ਵਪਾਰ ਦੇ 46 ਫ਼ੀਸਦੀ ਦਾ ਲਾਭ ਉਠਾਉਂਦੇ ਹਨ।"**

---

* ਰੀਸਰ, ਜਿਸ ਵਿੱਚ ਪਹਿਲਾਂ ਟੂਕ ਦਿੱਤੀ ਗਈ, ਚੌਥੀ ਛਾਪ, ਪੰਨਾ 375; ਡਿਓਰਦਿਚ, ਪੰਨਾ 283।

** The Annals of the American Academy of Political and Social Science, vol, LIX, May 1915, p. 301, (ਰਾਜਸੀ ਅਤੇ ਸਮਾਜੀ ਵਿਗਿਆਨਾਂ ਦੀ ਅਮਰੀਕੀ ਅਕਾਦੇਮੀ ਦੇ ਸਾਲਵਾਰ", ਸੈਂਚੀ LIX ਮਈ 1915, ਪੰਨਾ 301-**ਸੰਪਾ:**)। ਇਸੇ ਸੈਂਚੀ ਵਿੱਚ ਪੰਨਾ 331 ਉੱਤੇ ਅਸੀਂ ਪੜ੍ਹਦੇ ਹਾਂ ਕਿ ਉੱਘੇ ਅੰਕੜਾ-ਵਿਗਿਆਨੀ ਪੈਸ਼ ਨੇ ਵਿੱਤ ਰਸਾਲੇ (The Statist) ਵਿੱਚ ਬਰਤਾਨੀਆ, ਜਰਮਨੀ, ਫ਼ਰਾਂਸ, ਬੈਲਜ਼ੀਅਮ ਅਤੇ ਹਾਲੈਂਡ ਵਲੋਂ ਬਰਾਮਦ ਕੀਤੇ ਸਰਮਾਏ ਦਾ ਅੰਦਾਜ਼ਾ 4,000 ਕਰੋੜ ਡਾਲਰ ਜਾਂ 20,000 ਕਰੋੜ ਫਰਾਂਕ ਲਾਇਆ।

ਪਰਿਭਾਸ਼ਾ ਦੇ ਅਲੰਕਾਰਕ ਅਰਥਾਂ ਵਿੱਚ ਸਰਮਾਇਆ ਬਰਾਮਦ ਕਰਨ ਵਾਲ਼ੇ ਦੇਸ਼ਾਂ ਨੇ ਸੰਸਾਰ ਨੂੰ ਆਪਸ ਵਿੱਚ ਵੰਡ ਲਿਆ ਹੈ। ਪਰ ਵਿੱਤ ਸਰਮਾਏ ਦਾ ਸਿੱਟਾ **ਯਥਾਰਥ ਵਿੱਚ** ਸੰਸਾਰ ਦੀ ਵੰਡ ਵਿੱਚ ਨਿਕਲਿਆ ਹੈ।

## V. ਸਰਮਾਏਦਾਰ ਸਭਾਵਾਂ ਵਿੱਚ ਸੰਸਾਰ ਦੀ ਵੰਡ

ਅਜਾਰੇਦਾਰ ਸਰਮਾਏਦਾਰ ਸਭਾਵਾਂ, ਕਾਰਟਲਾਂ, ਸਿੰਡੀਕੇਟਾਂ ਅਤੇ ਟਰੱਸਟਾਂ ਨੇ ਪਹਿਲਾਂ ਘਰੋਗੀ ਮੰਡੀ ਆਪਸ ਵਿੱਚ ਵੰਡ ਲਈ ਅਤੇ ਆਪਣੇ ਦੇਸ਼ ਦੀ ਸਨਅਤ ਦਾ ਘੱਟ ਜਾਂ ਵੱਧ ਮੁਕੰਮਲ ਕਬਜ਼ਾ ਪ੍ਰਾਪਤ ਕਰ ਲਿਆ। ਪਰ ਸਰਮਾਏਦਾਰੀ ਅਧੀਨ ਘਰੋਗੀ ਮੰਡੀ ਲਾਜ਼ਮੀ ਤੌਰ 'ਤੇ ਵਿਦੇਸ਼ੀ ਮੰਡੀ ਨਾਲ਼ ਜੁੜੀ ਹੋਈ ਹੈ। ਬੜਾ ਸਮਾਂ ਪਹਿਲਾਂ ਸਰਮਾਏਦਾਰੀ ਨੇ ਇੱਕ ਸੰਸਾਰ ਮੰਡੀ ਹੋਂਦ ਵਿੱਚ ਲਿਆ ਦਿੱਤੀ। ਜਿਉਂ ਜਿਉਂ ਸਰਮਾਏ ਦੀ ਬਰਾਮਦ ਵਧੀ, ਅਤੇ ਜਿਉਂ ਜਿਉਂ ਵੱਡੀਆਂ ਅਜਾਰੇਦਾਰ ਸਭਾਵਾਂ ਦੇ ਵਿਦੇਸ਼ੀ ਅਤੇ ਬਸਤੀਵਾਦੀ ਸਬੰਧ ਅਤੇ "ਰਸੂਖ਼ ਦੇ ਖੇਤਰ" ਸਭਨਾਂ ਢੰਗਾਂ ਨਾਲ਼ ਵਧੇ, ਮਾਮਲੇ "ਸੁਭਾਵਕ ਤੌਰ 'ਤੇ" ਇਹਨਾਂ ਸਭਾਵਾਂ ਵਿਚਕਾਰ ਕੌਮਾਂਤਰੀ ਸਮਝੌਤੇ ਅਤੇ ਕੌਮਾਂਤਰੀ ਕਾਰਟਲ ਬਣਨ ਵੱਲ ਵਧੇ।

ਇਹ ਸਰਮਾਏ ਅਤੇ ਉਤਪਾਦਨ ਦੇ ਸੰਸਾਰ ਕੇਂਦਰੀਣ ਦਾ ਇੱਕ ਨਵਾਂ ਪੜਾਅ ਹੈ, ਇਸ ਤੋਂ ਪਹਿਲੇ ਪੜਾਵਾਂ ਨਾਲ਼ੋਂ ਬੇਮਿਸਾਲ ਉਚੇਰਾ। ਆਓ ਅਸੀਂ ਵੇਖੀਏ ਇਹ ਪਰਾ-ਅਜਾਰੇਦਾਰੀ ਕਿਵੇਂ ਵਿਕਸਿਤ ਹੁੰਦੀ ਹੈ।

ਬਿਜਲੀ ਦੀ ਸਨਅਤ ਨਵੀਨਤਮ ਟੈਕਨੀਕਲ ਪ੍ਰਾਪਤੀਆਂ ਦੀ ਅਤਿ-ਅੰਤ ਲਖਣਾਇਕ ਹੈ ਅਤੇ ਉਨ੍ਹੀਵੀਂ ਸਦੀ ਦੇ **ਅੰਤ** ਅਤੇ ਵੀਹਵੀਂ ਸਦੀ ਦੀ ਮੁੱਢ ਤੋਂ ਸਰਮਾਏਦਾਰੀ ਦੀ ਅਤਿ-ਅੰਤ ਲਖਣਾਇਕ ਹੈ। ਇਹ ਸਨਅਤ ਨਵੇਂ ਸਰਮਾਏਦਾਰ ਦੇਸ਼ਾਂ ਦੇ ਦੋ ਨੇਤਾਵਾਂ ਅਮਰੀਕਾ ਅਤੇ ਜਰਮਨੀ ਵਿੱਚ ਸਭ ਤੋਂ ਵੱਧ ਵਿਕਸਿਤ ਹੋਈ ਹੈ। ਜਰਮਨੀ ਵਿੱਚ 1900 ਦੇ ਸੰਕਟ ਨੇ ਕੇਂਦਰੀਣ ਨੂੰ ਵਿਸ਼ੇਸ਼ ਤੌਰ 'ਤੇ ਬਲਵਾਨ ਬਲ ਦਿੱਤਾ। ਸੰਕਟ ਦੇ ਸਮੇਂ ਬੈਂਕਾਂ ਨੇ, ਜਿਹੜੇ ਉਸ ਸਮੇਂ ਤੱਕ ਸਨਅਤ ਨਾਲ਼ ਚੋਖੀ ਚੰਗੀ ਤਰ੍ਹਾਂ ਇੱਕ-ਮਿੱਕ ਹੋ ਚੁੱਕੇ ਸਨ, ਨਿਸਬਤਨ ਛੋਟੀਆਂ ਫ਼ਰਮਾਂ ਦੀ ਤਬਾਹੀ ਅਤੇ ਉਹਨਾਂ ਦੇ ਵੱਡੀਆਂ ਵਿੱਚ ਸਮੋ ਲਏ ਜਾਣ ਦੇ ਅਮਲ ਨੂੰ ਬਹੁਤ ਤਿੱਖਾ ਅਤੇ ਤੀਬਰ ਕੀਤਾ। ਜੀਡਲਜ਼ ਨੇ ਲਿਖਿਆ ਹੈ, "ਬੈਂਕਾਂ ਨੇ ਐਨ ਉਹਨਾਂ ਫ਼ਰਮਾਂ ਦੀ ਸਹਾਇਤਾ ਕਰਨੋਂ ਨਾਂਹ ਕਰ ਦਿੱਤੀ ਜਿਨ੍ਹਾਂ ਨੂੰ ਸਰਮਾਏ ਦੀ ਸਭ ਤੋਂ ਵੱਧ ਲੋੜ ਸੀ ਅਤੇ ਪਹਿਲਾਂ ਝਲਿਆਇਆ ਉਭਾਰ ਲਿਆਂਦਾ ਅਤੇ ਫਿਰ ਉਹਨਾਂ ਕੰਪਨੀਆਂ ਦੀ ਤਬਾਹੀ ਲਿਆਂਦੀ ਜਿਹੜੀਆਂ ਉਹਨਾਂ ਨਾਲ਼ ਚੋਖੀ ਨੇੜਵੀਂ ਤਰ੍ਹਾਂ ਜੁੜੀਆਂ ਹੋਈਆਂ ਨਹੀਂ ਸਨ।"*

ਇਹਦੇ ਸਿੱਟੇ ਵਜੋਂ, 1900 ਤੋਂ ਪਿੱਛੋਂ, ਜਰਮਨੀ ਵਿੱਚ ਕੇਂਦਰੀਣ ਛਾਲ਼ੀਂ ਵਧਿਆ। 1900 ਤੱਕ ਬਿਜਲੀ ਦੀ ਸਨਅਤ ਵਿੱਚ ਸੱਤ ਜਾਂ ਅੱਠ "ਟੋਲੀਆਂ" ਸਨ। ਹਰ ਇੱਕ ਵਿੱਚ ਕਈ ਕੰਪਨੀਆਂ ਸਨ (ਕੁੱਲ 28 ਸਨ) ਅਤੇ ਹਰ ਇੱਕ ਦੀ ਦੋ ਤੋਂ 11 ਬੈਂਕ ਸਹਾਇਤਾ ਕਰਦੇ

---

* ਜੀਡਲਜ਼, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾ 232।

## ਬਿਜਲੀ ਦੀ ਸਨਅਤ ਵਿੱਚ ਟੋਲੀਆਂ

| | | | | | | | |
|---|---|---|---|---|---|---|---|
| 1900 ਤੋਂ ਪਹਿਲਾਂ | ਫ਼ੈਲਟਨ ਅਤੇ ਗੁਈਲਾਮੇ | ਲਾਹਮੇਅਰ | ਯੂਨੀਅਨ ਏ. ਈ. ਜੀ. | ਸੀਮਨਜ਼ ਅਤੇ ਹਾਲਸਕੇ | ਸ਼ੂਕਰਟ ਅਤੇ ਕੰਪਨੀ | ਬਰਗਮੈਨ | ਕੁਮੇਰ |
| | ਫ਼ੈਲਟਨ ਅਤੇ ਲਾਹਮੇਅਰ | | (ਏ.. ਈ. ਜੀ.) (ਜੀ.ਈ ਸੀ.) | ਸੀਮਨਜ਼ ਅਤੇ ਹਾਲਸਕੇ ਸ਼ੂਕਰਟ | | ਬਰਗਮੈਨ | 1900 ਵਿੱਚ ਖ਼ਤਮ ਹੋ ਗਈ |
| 1912 ਤੱਕ | ਏ. ਈ. ਜੀ. (ਜੀ. ਈ. ਸੀ) | | | ਸੀਮਨਜ਼ ਅਤੇ ਹਾਲਸਕੇ-ਸ਼ੂਕਰਟ | | | |

(1908 ਤੋਂ ਨੇੜਵੀਂ "ਮਿਲਵਰਤਨ" ਕਰਦੇ ਹੋਏ)

ਸਨ। 1908 ਅਤੇ 1912 ਵਿਚਕਾਰ ਇਹ ਸਭੇ ਟੋਲੀਆਂ ਦੋ ਜਾਂ ਇੱਕ ਵਿੱਚ ਇੱਕ-ਮਿਕ ਹੋ ਗਈਆਂ। ਹੇਠਾਂ ਦਿੱਤਾ ਨਕਸ਼ਾ ਇਸ ਅਮਲ ਨੂੰ ਵਿਖਾਉਂਦਾ ਹੈ: (ਅਗਲੇ ਪੰਨੇ ਉੱਤੇ ਸਾਰਣੀ ਵੇਖੋ)

ਪ੍ਰਸਿੱਧ ਏ. ਈ. ਜੀ. (ਜੈਨਰਲ ਇਲੈਕਟਰਿਕ ਕੰਪਨੀ) ਜਿਹੜੀ ਇਉਂ ਹੋਂਦ ਵਿੱਚ ਆਈ ("ਅਧਿਕਰਣ" ਪ੍ਰਣਾਲੀ ਰਾਹੀਂ) 175 ਤੋਂ 200 ਕੰਪਨੀਆਂ ਉੱਤੇ ਕੰਟਰੋਲ ਕਰਦੀ ਹੈ ਅਤੇ ਇਹਦਾ ਕੁੱਲ ਸਰਮਾਇਆ ਲਗਭਗ 150 **ਕਰੋੜ** ਮਾਰਕ ਹੈ। ਕੇਵਲ ਸਿੱਧੀਆਂ ਏਜੰਸੀਆਂ ਵਿੱਚੋਂ ਹੀ ਦਸ ਤੋਂ ਵੱਧ ਦੇਸ਼ਾਂ ਵਿੱਚ ਇਹਦੀਆਂ 34 ਹਨ ਜਿਨ੍ਹਾਂ ਵਿੱਚੋਂ 12 ਸਾਂਝੀ-ਰਾਸ ਕੰਪਨੀਆਂ ਹਨ। 1904 ਵਿੱਚ ਜਰਮਨੀ ਦੀ ਬਿਜਲੀ ਦੀ ਸਨਅਤ ਵੱਲੋਂ ਵਿਦੇਸ਼ਾਂ ਵਿੱਚ ਲਾਏ ਸਰਮਾਏ ਦਾ ਅੰਦਾਜ਼ਾ 23 ਕਰੋੜ 30 ਲੱਖ ਮਾਰਕ ਲਾਇਆ ਗਿਆ ਸੀ। ਇਸ ਰਕਮ ਵਿੱਚੋਂ ਛੇ ਕਰੋੜ 20 ਲੱਖ ਰੂਸ ਵਿੱਚ ਲਾਇਆ ਗਿਆ ਸੀ। ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਏ. ਈ. ਜੀ ਇੱਕ ਧੜਵੈਲ "ਜੁੱਟ" ਹੈ—ਉਹਦੀਆਂ ਮਾਲ ਤਿਆਰ ਕਰਨ ਵਾਲ਼ੀਆਂ ਕੰਪਨੀਆਂ ਦੀ ਗਿਣਤੀ ਹੀ 16 ਤੋਂ ਘੱਟ ਨਹੀਂ — ਜਿਹੜਾ ਤਾਰਾਂ ਅਤੇ ਇਨਸੂਲੇਟਰਾਂ ਤੋਂ ਲੈ ਕੇ ਮੋਟਰ-ਕਾਰਾਂ ਅਤੇ ਉਡਣ ਵਾਲ਼ੀਆਂ ਮਸ਼ੀਨਾਂ ਤੱਕ ਅਤਿ-ਅੰਤ ਵੱਖ ਵੱਖ ਤਰ੍ਹਾਂ ਦੀਆਂ ਵਸਤਾਂ ਤਿਆਰ ਕਰਦਾ ਹੈ।

ਪਰ ਯੂਰਪ ਵਿੱਚ ਕੇਂਦਰੀਣ ਅਮਰੀਕਾ ਵਿੱਚ ਕੇਂਦਰੀਣ ਦੇ ਅਮਲ ਦਾ ਹੀ ਇੱਕ ਹਿੱਸਾ ਹੈ, ਜਿਹੜਾ ਹੇਠ ਲਿਖੇ ਅਨੁਸਾਰ ਹੋਂਦ ਵਿੱਚ ਆਇਆ:

ਜੈਨਰਲ ਇਲੈਕਟਰਿਕ ਕੰਪਨੀ

| | | |
|---|---|---|
| ਅਮਰੀਕਾ: | ਥਾਮਸਨ-ਹੂਸਟਨ ਕੰਪਨੀ ਯੂਰਪ ਵਿੱਚ ਇੱਕ ਫ਼ਰਮ ਸਥਾਪਤ ਕਰਦੀ ਹੈ | ਐਡੀਸ਼ਨ ਕੰਪਨੀ ਯੂਰਪ ਵਿੱਚ ਫ਼ਰਾਂਸੀਸੀ ਐਡੀਸ਼ਨ ਕੰਪਨੀ ਸਥਾਪਤ ਕਰਦੀ ਹੈ ਜਿਹੜੀ ਆਪਣੇ ਪੇਟੈਂਟ ਜਰਮਨ ਫ਼ਰਮ ਨੂੰ ਮੁੰਤਕਿਲ ਕਰ ਦੇਂਦੀ ਹੈ |
| ਜਰਮਨੀ: | ਯੂਨੀਅਨ ਇਲੈਕਟਰਿਕ ਕੰਪਨੀ | ਜੈਨਰਲ ਇਲੈਕਟਰਿਕ ਕੰਪਨੀ (ਏ. ਈ. ਜੀ.) |

ਜਨਰਲ ਇਲੈਕਟਰਿਕ ਕੰਪਨੀ (ਏ. ਈ. ਜੀ.)

ਇਉਂ, ਦੋ ਬਿਜਲਈ "ਮਹਾਨ ਸ਼ਕਤੀਆਂ" ਬਣਾ ਦਿੱਤੀਆਂ ਗਈਆਂ: "ਸੰਸਾਰ ਵਿੱਚ ਇਹਨਾਂ ਤੋਂ **ਪੂਰੀ ਤਰ੍ਹਾਂ** ਸੁਤੰਤਰ ਕੋਈ ਹੋਰ ਬਿਜਲੀ ਕੰਪਨੀਆਂ ਨਹੀਂ, " ਹੀਨਿੰਗ ਨੇ ਆਪਣੇ ਲੇਖ "ਬਿਜਲ ਟਰੱਸਟ ਦਾ ਰਾਹ" ਵਿੱਚ ਲਿਖਿਆ। ਹੇਠ ਲਿਖੇ ਅੰਕੜਿਆਂ ਤੋਂ ਦੁਹਾਂ ਟਰੱਸਟਾਂ ਦੇ ਲੈਣ ਦੇਣ ਦੇ ਅਕਾਰ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ, ਭਾਵੇਂ ਇਹ ਕਿਸੇ ਵੀ ਤਰ੍ਹਾਂ ਮੁਕੰਮਲ ਨਹੀਂ:

| | ਲੈਣ ਦੇਣ (0,00,000 ਮਾਰਕ) | |
|---|---|---|
| ਅਮਰੀਕਾ: ਜੈਨਰਲ ਇਲੈਕਟ੍ਰਿਕ ਕੰਪਨੀ (ਜੀ. ਈ. ਸੀ.) | 1907<br>1910 | 252<br>298 |
| ਜਰਮਨੀ: ਜਰਮਨ ਇਲੈਕਟ੍ਰਿਕ ਕੰਪਨੀ (ਏ. ਈ. ਸੀ) | 1907<br>1911 | 216<br>362 |

| | ਮੁਲਾਜ਼ਮਾਂ ਦੀ ਗਿਣਤੀ | ਖਾਲਸ ਮੁਨਾਫ਼ਾ (0,00,000) ਮਾਰਕ |
|---|---|---|
| ਅਮਰੀਕਾ: ਜੈਨਰਲ ਇਲੈਕਟ੍ਰਿਕ ਕੰਪਨੀ (ਜੀ. ਈ. ਸੀ ) | 28, 000<br>32, 000 | 35.4<br>45.6 |
| ਜਰਮਨੀ–ਜੈਨਰਲ ਇਲੈਕਟ੍ਰਿਕ ਕੰਪਨੀ (ਏ. ਈ. ਜੀ) | 30,700<br>60,800 | 14.5<br>21.7 |

ਅਤੇ ਫਿਰ 1907 ਵਿੱਚ ਜਰਮਨ ਅਤੇ ਅਮਰੀਕੀ ਟਰੱਸਟਾਂ ਨੇ ਆਪਸ ਵਿੱਚ ਇੱਕ ਸਮਝੌਤਾ ਕਰਕੇ ਆਪੋ ਵਿੱਚ ਸੰਸਾਰ ਦੀ ਵੰਡ ਕਰ ਲਈ। ਉਹਨਾਂ ਵਿਚਕਾਰ ਮੁਕਾਬਲਾ ਖ਼ਤਮ ਹੋ ਗਿਆ। ਅਮਰੀਕੀ ਜੈਨਰਲ ਇਲੈਕਟ੍ਰਿਕ ਕੰਪਨੀ (ਜੀ.ਈ.ਸੀ) ਨੂੰ ਅਮਰੀਕਾ ਅਤੇ ਕੈਨੇਡਾ "ਮਿਲ਼ ਗਏ"। ਜਰਮਨ ਜੈਨਰਲ ਇਲੈਕਟ੍ਰਿਕ ਕੰਪਨੀ (ਏ. ਈ. ਜੀ.) ਨੂੰ ਜਰਮਨੀ, ਆਸਟਰੀਆ, ਰੂਸ, ਹਾਲੈਂਡ, ਡੈਨਮਾਰਕ ਅਤੇ ਸਵਿਟਜ਼ਰਲੈਂਡ, ਤੁਰਕੀ ਅਤੇ ਬਲਕਾਨ ਦਾ ਇਲਾਕਾ "ਮਿਲ਼ ਗਏ"। "ਧੀ ਕੰਪਨੀਆਂ" ਦੇ ਸਨਅਤ ਦੀਆਂ ਨਵੀਆਂ ਸ਼ਾਖਾਂ ਅਤੇ ਅਜੇ ਤੱਕ ਐਲਾਟ ਨਾ ਕੀਤੇ ਗਏ "ਨਵੇਂ" ਦੇਸ਼ਾਂ ਵਿੱਚ ਘੁਸਣ ਸਬੰਧੀ ਵਿਸ਼ੇਸ਼ ਸਮਝੌਤੇ, ਸੁਭਾਵਕ ਹੀ ਗੁਪਤ, ਕੀਤੇ ਗਏ। ਦੁਹਾਂ ਟਰੱਸਟਾਂ ਨੇ ਕਾਢਾਂ ਅਤੇ ਤਜ਼ਰਬਿਆਂ ਦਾ ਵਟਾਂਦਰਾ ਕਰਨਾ ਸੀ।*

ਇਸ ਟਰੱਸਟ ਨਾਲ਼ ਮੁਕਾਬਲਾ ਕਰਨ ਦੀ ਔਖ ਜਿਹੜਾ ਅਸਲ ਵਿੱਚ ਇੱਕੋ ਇੱਕ ਸੰਸਾਰ–ਵਿਆਪੀ ਟਰਸੱਟ ਹੈ, ਜਿਹੜਾ ਕਈ ਸੌ ਕਰੋੜ ਦੇ ਸਰਮਾਏ ਉੱਤੇ ਕੰਟਰੋਲ ਕਰਦਾ ਹੈ ਅਤੇ ਜਿਸ ਦੀਆਂ, "ਸ਼ਾਖਾਂ", ਏਜੰਸੀਆਂ, ਪ੍ਰਤਿਨਿੱਧ ਅਤੇ ਸਬੰਧ, ਆਦਿ ਸੰਸਾਰ ਦੀ ਹਰ ਨੁਕਰ ਵਿੱਚ ਮੌਜੂਦ ਹਨ, ਸਵੈ–ਸਪੱਸ਼ਟ ਹੈ। ਪਰ ਜੇ ਅਸਾਵੇਂ ਵਿਕਾਸ, ਯੁੱਧ, ਦਿਵਾਲੇ, ਆਦਿ, ਕਾਰਨ ਸ਼ਕਤੀਆਂ ਦਾ ਸਬੰਧ ਤਬਦੀਲ ਹੋ ਜਾਵੇ ਤਾਂ ਇਹ ਦੋ ਬਲਵਾਨ ਟਰੱਸਟਾਂ

* ਰੀਸਰ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾ 239; ਡਿਓਰਿਚ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾ 239, ਹੀਨਿੰਗ , ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ।

ਵਿਚਕਾਰ ਸੰਸਾਰ ਦੀ ਵੰਡ ਅਤੇ **ਮੁੜ-ਵੰਡ** ਦੀ ਸੰਭਾਵਨਾ ਨੂੰ ਰੱਦ ਨਹੀਂ ਕਰਦੀ।

ਅਜਿਹੀ ਮੁੜ-ਵੰਡ ਦੇ ਯਤਨ ਦੀ, ਮੁੜ ਵੰਡ ਲਈ ਘੋਲ਼ ਦੀ ਇੱਕ ਸਿੱਖਿਆਦਾਇਕ ਉਦਾਹਰਣ ਤੇਲ ਦੀ ਸਨਅਤ ਤੋਂ ਮਿਲਦੀ ਹੈ:

"ਸੰਸਾਰ ਦੀ ਤੇਲ ਮੰਡੀ", 1905 ਵਿੱਚ ਜੀਡਲਜ਼ ਨੇ ਲਿਖਿਆ, "ਅੱਜ ਵੀ ਦੋ ਵੱਡੀਆਂ ਵਿੱਤ ਟੋਲੀਆਂ ਵਿੱਚ ਵੰਡੀ ਹੋਈ ਹੈ—ਰਾਕਫ਼ੈਲਰ ਦੀ ਅਮਰੀਕੀ ਸਟੈਂਡਰਡ ਆਇਲ ਕੰਪਨੀ ਅਤੇ ਰਾਬਚਾਈਲਡ ਅਤੇ ਨੋਬਲ, ਬਾਕੂ ਵਿਖੇ ਰੂਸੀ ਤੇਲ ਖੇਤਰ ਉੱਤੇ ਕੰਟਰੋਲ ਕਰਨ ਵਾਲ਼ੇ ਹਿੱਤਾਂ ਦੇ ਦੁਹਾਂ ਦੇ ਟੋਲੀਆਂ ਵਿਚਕਾਰ ਨੇੜਵੇਂ ਸਬੰਧ ਹਨ। ਪਰ ਕਈ ਵਰ੍ਹਿਆਂ ਤੋਂ ਪੰਜ ਦੁਸ਼ਮਣ ਉਹਨਾਂ ਦੀ ਅਜਾਰੇਦਾਰੀ ਲਈ ਖ਼ਤਰਾ ਬਣੇ ਹੋਏ ਹਨ* 1) ਅਮਰੀਕੀ ਤੇਲ ਖੇਤਰਾਂ ਦਾ ਨਿਖੁਟਣਾ 2) ਬਾਕੂ ਦੀ ਮਨਤਾਸ਼ੇਵ ਦੀ ਫ਼ਰਮ ਵੱਲੋਂ ਮੁਕਾਬਲਾ 3) ਆਸਟਰੀਆ ਦਾ ਤੇਲ ਦਾ ਖੇਤਰ 4) ਰੁਮਾਨੀਆ ਦਾ ਤੇਲ ਦਾ ਖੇਤਰ 5) ਸਮੁੰਦਰ ਪਾਰ ਦੇ ਤੇਲ ਖੇਤਰ, ਵਿਸ਼ੇਸ਼ ਤੌਰ 'ਤੇ ਹਾਲੈਂਡ ਦੀਆਂ ਬਸਤੀਆਂ ਵਿੱਚ (ਅਤਿ-ਅੰਤ ਅਮੀਰ ਫ਼ਰਮਾਂ ਸੈਮੂਅਲ ਅਤੇ ਸ਼ੈਲ, ਜਿਸਦਾ ਬਰਤਾਨਵੀ ਸਰਮਾਏ ਨਾਲ਼ ਵੀ ਸਬੰਧ ਹੈ)। ਅਖ਼ੀਰੀ ਤਿੰਨਾਂ ਟੋਲੀਆਂ ਦਾ ਸਬੰਧ ਜਰਮਨ ਬੈਂਕਾਂ ਨਾਲ਼ ਹੈ ਜਿਨ੍ਹਾਂ ਦਾ ਮੂਹਰੀ ਬਹੁਤ ਵੱਡਾ ਜਰਮਨ ਬੈਂਕ ਹੈ। ਇਹਨਾਂ ਬੈਂਕਾਂ ਨੇ ਸੁਤੰਤਰ ਤੌਰ 'ਤੇ ਅਤੇ ਨੇਮ-ਬੱਧ ਢੰਗ ਨਾਲ਼ ਤੇਲ ਦੀ ਸਨਅਤ ਵਿਕਸਿਤ ਕੀਤੀ, ਮਿਸਾਲ ਵਜੋਂ ਰੁਮਾਨੀਆ ਵਿੱਚ, ਤਾਂ ਜੁ ਉਹਨਾਂ ਦੀ ਆਪਣੀ ਪੈਰ ਧਰਨ ਦੀ ਥਾਂ ਹੋਵੇ। 1907 ਵਿੱਚ ਰੁਮਾਨੀਆ ਦੀ ਤੇਲ ਦੀ ਸਨਅਤ ਵਿੱਚ ਲੱਗੇ ਵਿਦੇਸ਼ੀ ਸਰਮਾਏ ਦਾ ਅੰਦਾਜ਼ਾ 18 ਕਰੋੜ 50 ਲੱਖ ਫ਼ਰਾਂਕ ਦਾ ਸੀ, ਜਿਸ ਵਿੱਚੋਂ ਸੱਤ ਕਰੋੜ 40 ਲੱਖ ਜਰਮਨ ਸਰਮਾਇਆ ਸੀ।**

"ਸੰਸਾਰ ਦੀ ਵੰਡ" ਲਈ ਇੱਕ ਘੋਲ਼ ਸ਼ੁਰੂ ਹੋ ਗਿਆ, ਜਿਹਾ ਕਿ, ਯਥਾਰਥ ਵਿੱਚ, ਇਹਨੂੰ ਆਰਥਕ ਸਾਹਿਤ ਵਿੱਚ ਕਿਹਾ ਜਾਂਦਾ ਹੈ। ਇਕ ਹੱਥ ਰਾਕਫ਼ੈਲਰ ਦਾ "ਤੇਲ ਟਰੱਸਟ" **ਹਰ ਸ਼ੈ** ਆਪਣੇ ਹੱਥ ਵਿੱਚ ਲੈਣਾ ਚਾਹੁੰਦਾ ਸੀ; ਇਹਨੇ **ਐਨ** ਹਾਲੈਂਡ ਵਿੱਚ ਇੱਕ "ਧੀ ਕੰਪਨੀ" ਸਥਾਪਤ ਕੀਤੀ ਅਤੇ ਵਲੰਦੇਜ਼ੀ ਹਿੰਦ-ਏਸ਼ੀਆ ਵਿੱਚ ਤੇਲ ਦੇ ਖੇਤਰ ਖਰੀਦ ਲਏ ਤਾਂ ਜੁ ਆਪਣੇ ਮੁੱਖ ਦੁਸ਼ਮਣ ਐਂਗਲੋਂ-ਡਚ ਸ਼ੈੱਲ ਟਰੱਸਟ ਉੱਤੇ ਵਾਰ ਕਰੇ। ਦੂਜੇ ਹੱਥ ਜਰਮਨ ਬੈਂਕ ਅਤੇ ਹੋਰ ਜਰਮਨ ਬੈਂਕਾਂ ਦਾ ਮੰਤਵ ਰੁਮਾਨੀਆ "ਆਪਣੇ ਲਈ ਰੱਖਣਾ" ਅਤੇ ਉਹਨੂੰ ਰਾਕਫ਼ੈਲਰ ਵਿਰੁੱਧ ਧਿਰ ਨਾਲ਼ ਜੋੜਨਾ ਹੈ। ਪਿਛਲੇਰੇ ਕੋਲ਼ ਕਿਤੇ ਜ਼ਿਆਦਾ ਸਰਮਾਇਆ ਅਤੇ ਤੇਲ ਦੀ ਢੋ-ਢੁਆਈ ਅਤੇ ਵੰਡ ਦਾ ਅਤਿ-ਅੰਤ ਸ਼ਾਨਦਾਰ ਪ੍ਰਬੰਧ ਸੀ। ਘੋਲ਼ ਦਾ ਅੰਤ ਹੋਣਾ ਸੀ ਅਤੇ 1907 ਵਿੱਚ ਜਰਮਨ ਬੈਂਕ ਦੀ ਮੁਕੰਮਲ ਹਾਰ ਨਾਲ਼ ਹੋ ਗਿਆ, ਜਿਸ ਸਾਹਮਣੇ ਚੋਣ ਕਰਨ ਦਾ ਅਵਸਰ ਆ ਗਿਆ: ਜਾਂ ਆਪਣੇ "ਤੇਲ ਦੇ ਹਿੱਤ" ਖ਼ਤਮ ਕਰ ਦੇਵੇ ਅਤੇ ਕਰੋੜਾਂ ਦਾ ਨੁਕਸਾਨ ਸਹਾਰੇ ਜਾਂ ਈਨ ਮੰਨ ਲਵੇ। ਉਹਨੇ ਈਨ ਮੰਨਣਾ ਸਵੀਕਾਰ ਕਰ ਲਿਆ ਅਤੇ "ਤੇਲ ਟਰੱਸਟ" ਨਾਲ਼ ਇੱਕ ਬਹੁਤ ਘਾਟੇ ਵਾਲ਼ਾ ਸਮਝੌਤਾ ਕਰ ਲਿਆ।

---

* ਜੀਡਲਜ਼, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨੇ 192-193।

** ਡਿਓਰਿਚ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨੇ 245-246।

ਜਰਮਨ ਬੈਂਕ ਇਹ ਗੱਲ ਮੰਨ ਗਿਆ ਕਿ "ਉਹ ਕੋਈ ਅਜਿਹੀ ਗੱਲ ਨਹੀਂ ਕਰੇਗਾ ਜਿਸ ਨਾਲ਼ ਅਮਰੀਕੀ ਹਿੱਤਾਂ ਨੂੰ ਨੁਕਸਾਨ ਪਹੁੰਚ ਸਕੇ"। ਇਸ ਮਤਲਬ ਦੀ ਇਕ ਧਾਰਾ ਰੱਖੀ ਗਈ ਕਿ ਜਰਮਨੀ ਦੇ ਰਾਜਕੀ ਤੇਲ ਅਜਾਰੇਦਾਰੀ ਸਥਾਪਤ ਕਰ ਲੈਣ ਦੀ ਹਾਲਤ ਵਿੱਚ ਇਹ ਸਮਝੌਤਾ ਖ਼ਤਮ ਹੋ ਜਾਵੇਗਾ।

ਫਿਰ "ਤੇਲ ਦੀ ਕਾਮੇਡੀ" ਸ਼ੁਰੂ ਹੋਈ। ਜਰਮਨੀ ਦੇ ਵਿੱਤ ਬਾਦਸ਼ਾਹਾਂ ਵਿੱਚੋਂ ਇੱਕ, ਵਾਨ ਗਵਿਨਰ, ਜਰਮਨ ਬੈਂਕ ਦੇ ਇੱਕ ਡਾਇਰੈਕਟਰ ਨੇ, ਆਪਣੇ ਪ੍ਰਾਈਵੇਟ ਸਕੱਤਰ, ਸ਼ਟਾਉਸ ਰਾਹੀਂ ਰਾਜਕੀ ਤੇਲ ਅਜਾਰੇਦਾਰੀ ਲਈ ਮੁਹਿੰਮ ਸ਼ੁਰੂ ਕਰ ਦਿੱਤੀ। ਬਹੁਤ ਵੱਡੇ ਜਰਮਨ ਬੈਂਕ ਦੀ ਧੜਵੈਲ ਮਸ਼ੀਨ ਅਤੇ ਉਹਦੇ ਸਾਰੇ ਵਿਸ਼ਾਲ "ਸਬੰਧ" ਹਰਕਤ ਵਿੱਚ ਲਿਆਂਦੇ ਗਏ। ਅਖ਼ਬਾਰਾਂ ਅਮਰੀਕੀ ਟਰੱਸਟ ਦੇ ਜੂਲੇ ਵਿਰੁੱਧ "ਦੇਸ਼ ਭਗਤ" ਗ਼ੁੱਸੇ ਨਾਲ਼ ਉਬਲਣ ਲੱਗ ਪਈਆਂ ਅਤੇ, 15 ਮਾਰਚ 1911 ਨੂੰ, ਲਗਭਗ ਇੱਕ-ਮੱਤ ਵੋਟ ਰਾਹੀਂ ਰਾਈਖਸਤਾਗ ਨੇ ਇੱਕ ਪ੍ਰਸਤਾਵ ਪ੍ਰਵਾਨ ਕੀਤਾ, ਜਿਸ ਵਿੱਚ ਹਕੂਮਤ ਨੂੰ ਕਿਹਾ ਗਿਆ ਸੀ ਕਿ ਉਹ ਇੱਕ ਤੇਲ ਅਜਾਰੇਦਾਰੀ ਸਥਾਪਤ ਕਰਨ ਲਈ ਬਿਲ ਪੇਸ਼ ਕਰੇ। ਹਕੂਮਤ ਨੇ ਇਸ "ਲੋਕ-ਪ੍ਰਿਅ" ਵਿਚਾਰ ਨੂੰ ਜੀ ਆਇਆਂ ਕਿਹਾ ਅਤੇ ਜਾਪਦਾ ਸੀ ਕਿ ਜਰਮਨ ਬੈਂਕ ਦੀ, ਜਿਹੜਾ ਇੱਕ ਰਾਜ ਦੀ ਅਜਾਰੇਦਾਰੀ ਰਾਹੀਂ ਆਪਣੇ ਅਮਰੀਕੀ ਵਿਰੋਧੀ ਨੂੰ ਹਰਾਉਣਾ ਅਤੇ ਆਪਣਾ ਕਾਰੋਬਾਰ ਚੰਗੇਰਾ ਬਣਾਉਣਾ ਚਾਹੁੰਦਾ ਸੀ, ਚਾਲ ਸਫ਼ਲ ਹੋ ਗਈ ਹੈ। ਜਰਮਨ ਤੇਲ ਦੇ ਸ਼ਾਹਾਂ ਨੇ ਹੁਣੇ ਤੋਂ ਹੀ ਧੜਵੈਲ ਨਫ਼ਿਆਂ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਜਿਹੜੇ ਕਿਸੇ ਤਰ੍ਹਾਂ ਰੂਸ ਵਿੱਚ ਖੰਡ ਤਿਆਰ ਕਰਨ ਵਾਲ਼ਿਆਂ ਤੋਂ ਘੱਟ ਨਹੀਂ ਹੋਣਗੇ। ...ਪਰ ਪਹਿਲਾਂ ਜਰਮਨ ਬੈਂਕ ਲੁੱਟ ਦੇ ਮਾਲ ਦੀ ਵੰਡ 'ਤੇ ਆਪੋ ਵਿੱਚ ਲੜ ਪਏ। ਡਿਸਕੋਨਟੋ-ਗੈਸੇਲਸ਼ਾਫ਼ਟ ਨੇ ਜਰਮਨ ਬੈਂਕ ਦੇ ਲਾਲਚੀ ਆਸ਼ਿਆਂ ਦਾ ਪਰਦਾ ਉਘੇੜ ਦਿੱਤਾ; ਦੂਜੇ ਹਕੂਮਤ ਰਾਕਫ਼ੈਲਰ ਨਾਲ਼ ਘੋਲ਼ ਦੀ ਸੰਭਾਵਨਾ ਤੋਂ ਘਬਰਾ ਗਈ, ਕਿਉਂਕਿ ਉਹਨੂੰ ਡਰ ਸੀ ਕਿ ਜਰਮਨੀ ਨੂੰ ਹੋਰ ਸੋਮਿਆਂ ਤੋਂ ਚੋਖਾ ਤੇਲ ਨਹੀਂ ਮਿਲ ਸਕੇਗਾ (ਰੁਮਾਨੀਆ ਦਾ ਉਤਪਾਦਨ ਬਹੁਤ ਥੋੜ੍ਹਾ ਸੀ); ਤੀਜੇ, ਐਨ ਉਸ ਸਮੇਂ 1913 ਵਿੱਚ ਜਰਮਨੀ ਦੀਆਂ ਯੁੱਧ ਦੀਆਂ ਤਿਆਰੀਆਂ ਲਈ 100 ਕਰੋੜ ਮਾਰਕ ਮਨਜ਼ੂਰ ਕੀਤੇ ਗਏ ਸਨ। ਤੇਲ ਅਜ਼ਾਰੇਦਾਰੀ ਦਾ ਪ੍ਰਾਜੈਕਟ ਅੱਗੇ ਪਾ ਦਿੱਤਾ ਗਿਆ। ਰਾਕਫ਼ੈਲਰ "ਤੇਲ ਟਰੱਸਟ" ਘੱਟੋ ਘੱਟ ਕੁਝ ਸਮੇਂ ਲਈ, ਘੋਲ਼ ਵਿੱਚੋਂ ਜੇਤੂ ਹੋ ਕੇ ਨਿਕਲ਼ਿਆ।

ਜਰਮਨ ਰਸਾਲੇ 'Die Bank' ਨੇ ਉਸ ਸਮੇਂ ਲਿਖਿਆ ਕਿ ਜਰਮਨੀ ਕੇਵਲ ਬਿਜਲੀ ਦੀ ਅਜਾਰੇਦਾਰੀ ਸਥਾਪਤ ਕਰਕੇ ਅਤੇ ਜਲ-ਸ਼ਕਤੀ ਨੂੰ ਬਿਜਲੀ ਵਿੱਚ ਤਬਦੀਲ ਕਰਕੇ ਹੀ ਤੇਲ ਟਰੱਸਟ ਨਾਲ਼ ਲੜ ਸਕਦਾ ਹੈ। "ਪਰ, " ਲੇਖਕ ਨੇ ਕਿਹਾ, "ਬਿਜਲੀ ਦੀ ਅਜਾਰੇਦਾਰੀ ਉਦੋਂ ਹੀ ਬਣੇਗੀ ਜਦੋਂ ਉਤਪਾਦਕਾਂ ਨੂੰ ਇਹਦੀ ਲੋੜ ਹੋਵੇਗੀ ਅਰਥਾਤ, ਜਦੋਂ ਬਿਜਲੀ ਦੀ ਸਨਅਤ ਵਿੱਚ ਅਗਲੀ ਵੱਡੀ ਗਿਰਾਵਟ ਆਉਣ ਹੀ ਵਾਲ਼ੀ ਹੋਵੇਗੀ ਅਤੇ ਜਦੋਂ ਧੜਵੈਲ, ਮਹਿੰਗੇ ਬਿਜਲੀਘਰ ਜਿਹੜੇ ਨਿੱਜੀ ਬਿਜਲੀ ਕੰਪਨੀਆਂ, ਜਿਹੜੀਆਂ ਸ਼ਹਿਰਾਂ, ਰਾਜਾਂ ਆਦਿ ਤੋਂ ਇਹਨਾਂ ਨੂੰ ਉਸਾਰਨ ਦੇ ਹੱਕ ਪ੍ਰਾਪਤ ਕਰ ਰਹੀਆਂ ਹਨ, ਇੰਨੇ ਜ਼ਿਆਦਾ

ਖਰਚ ਨਾਲ਼ ਉਸਾਰ ਰਹੀਆਂ ਹਨ, ਨਫ਼ੇ ਉੱਤੇ ਕੰਮ ਨਹੀਂ ਕਰ ਸਕਣਗੇ। ਉਸ ਸਮੇਂ ਜਲ-ਸ਼ਕਤੀ ਵਰਤਣੀ ਹੀ ਪਵੇਗੀ। ਪਰ ਇਹਨੂੰ ਰਾਜ ਦੇ ਖਰਚ ਉੱਤੇ ਸਸਤੀ ਬਿਜਲੀ ਵਿੱਚ ਤਬਦੀਲ ਕਰਨਾ ਅਸੰਭਵ ਹੋਵੇਗਾ, ਇਹ 'ਰਾਜ ਦੇ ਕੰਟਰੋਲ ਹੇਠ ਨਿੱਜੀ ਅਜਾਰੇਦਾਰੀ' ਦੇ ਹਵਾਲੇ ਕਰਨੀ ਹੋਵੇਗੀ, ਕਿਉਂਕਿ ਨਿੱਜੀ ਸਨਅਤ ਨੇ ਪਹਿਲਾਂ ਹੀ ਬਹੁਤ ਸਾਰੇ ਕਰਾਰ ਕਰ ਲਏ ਹੋਏ ਹਨ ਅਤੇ ਭਾਰੀ ਮੁਆਵਜ਼ੇ ਦੀਆਂ ਸ਼ਰਤਾਂ ਲਾਈਆਂ ਹਨ।... ਅਜਿਹਾ ਹੀ ਸ਼ੋਰੇ ਦੀ ਅਜਾਰੇਦਾਰੀ ਨਾਲ਼ ਹੋਇਆ, ਅਜਿਹਾ ਹੀ ਤੇਲ ਦੀ ਅਜਾਰੇਦਾਰੀ ਨਾਲ਼ ਹੋਇਆ ਅਤੇ ਅਜਿਹਾ ਹੀ ਬਿਜਲ ਸ਼ਕਤੀ ਦੀ ਅਜਾਰੇਦਾਰੀ ਨਾਲ਼ ਹੋਵੇਗਾ। ਸਮਾਂ ਆ ਗਿਆ ਹੈ ਜਦੋਂ ਸਾਡੇ ਰਾਜਕੀ ਸੋਸ਼ਲਿਸਟ, ਜਿਹੜੇ ਆਪਣੇ ਆਪ ਨੂੰ ਇੱਕ ਸੁਹਣੇ ਅਸੂਲ ਰਾਹੀਂ ਅੰਨ੍ਹੇ ਹੋਣ ਦੀ ਆਗਿਆ ਦੇਂਦੇ ਹਨ, ਇਹ ਸਮਝ ਲੈਣ ਕਿ ਜਰਮਨੀ ਵਿੱਚ ਅਜਾਰੇਦਾਰੀਆਂ ਨੇ ਕਦੀ ਵੀ ਇਹ ਮੰਤਵ ਪ੍ਰਾਪਤ ਕਰਨ ਦਾ ਯਤਨ ਨਹੀਂ ਕੀਤਾ, ਨਾ ਹੀ ਉਹਨਾਂ ਦਾ ਸਿੱਟਾ ਖਪਤਕਾਰ ਨੂੰ ਲਾਭ ਪੁਚਾਉਣਾ ਜਾਂ ਕਾਰੋਬਾਰ ਸ਼ੁਰੂ ਕਰਨ ਵਾਲਿਆਂ ਦੇ ਨਫ਼ੇ ਦਾ ਇੱਕ ਹਿੱਸਾ ਰਾਜ ਨੂੰ ਦੇਣਾ ਹੋਇਆ ਹੈ; ਉਹਨਾਂ ਰਾਜ ਦੇ ਖਰਚੇ ਉੱਤੇ ਉਹਨਾਂ ਨਿੱਜੀ ਸਨਅਤਾਂ ਦੀ ਬਹਾਲੀ ਨੂੰ ਸੌਖੇਰਾ ਬਣਾਉਣ ਦਾ ਕੰਮ ਕੀਤਾ ਹੈ, ਜਿਹੜੀਆਂ ਦੀਵਾਲੀਆਪੁਣੇ ਦੇ ਕੰਢੇ ਅੱਪੜੀਆਂ ਹੋਈਆਂ ਸਨ।"*

ਅਜਿਹੇ ਹਨ ਉਹ ਵੱਡਮੁੱਲੇ ਇਕਬਾਲ ਜਿਹੜੇ ਜਰਮਨ ਬੁਰਜੂਆ ਅਰਥ-ਸ਼ਾਸਤਰੀ ਕਰਨ 'ਤੇ ਮਜ਼ਬੂਰ ਹਨ। ਅਸੀਂ ਇੱਥੇ ਸਪੱਸ਼ਟ ਤੌਰ 'ਤੇ ਵੇਖਦੇ ਹਾਂ ਕਿ ਵਿੱਤ ਸਰਮਾਏ ਦੇ ਦੌਰ ਵਿੱਚ ਨਿੱਜੀ ਅਤੇ ਰਾਜਕੀ ਅਜਾਰੇਦਾਰੀਆਂ ਦੀ ਕਿਵੇਂ ਕਰੰਘੜੀ ਬਣੀ ਹੋਈ ਹੈ; ਕਿਵੇਂ ਦੋਵੇਂ, ਵੱਡੀਆਂ ਅਜਾਰੇਦਾਰੀਆਂ ਵਿੱਚ ਸੰਸਾਰ ਦੀ ਵੰਡ ਲਈ ਸਾਮਰਾਜੀ ਘੋਲ਼ ਦੀਆਂ ਬਸ ਵੱਖ ਵੱਖ ਕੜੀਆਂ ਹੀ ਹਨ।

ਵਪਾਰਕ ਜਹਾਜ਼ਰਾਨੀ ਵਿੱਚ ਕੇਂਦਰੀਣ ਦੇ ਅਥਾਹ ਵਿਕਾਸ ਦਾ ਅੰਤ ਵੀ ਸੰਸਾਰ ਦੀ ਵੰਡ ਵਿੱਚ ਹੋਇਆ ਹੈ। ਜਰਮਨੀ ਵਿੱਚ ਦੋ ਬਲਵਾਨ ਕੰਪਨੀਆਂ ਸਾਹਮਣੇ ਆਈਆਂ ਹਨ; "ਹੈਮਬਰਗ-ਅਮਰੀਕਾ" ਅਤੇ "ਨਾਰਡਡਿਊਸ਼ਰ ਲਾਇਡ", ਜਿਨ੍ਹਾਂ ਵਿੱਚੋਂ ਹਰ ਇੱਕ ਦਾ ਸਰਮਾਇਆ 20 ਕਰੋੜ ਮਾਰਕ ਹੈ (ਹਿੱਸਿਆਂ ਅਤੇ ਹੁੰਡੀਆਂ ਵਿੱਚ) ਅਤੇ ਉਹ 18 ਕਰੋੜ 50 ਲੱਖ ਅਤੇ 18 ਕਰੋੜ 90 ਲੱਖ ਮਾਰਕ ਮੁੱਲ ਦੇ ਜਹਾਜ਼ਾਂ ਦੀਆਂ ਮਾਲਕ ਹਨ। ਦੂਜੇ ਹੱਥ ਅਮਰੀਕਾ ਵਿੱਚ ਪਹਿਲੀ ਜਨਵਰੀ 1903 ਨੂੰ "ਇੰਟਰਨੈਸ਼ਨਲ ਮਰਕੈਨਟਾਈਲ ਮੈਰੀਨ ਕੰਪਨੀ," ਜਿਸਨੂੰ ਮਾਰਗਨ ਟਰੱਸਟ ਕਿਹਾ ਜਾਂਦਾ ਹੈ, ਸਥਾਪਤ ਕੀਤੀ ਗਈ; ਇਸ ਨੇ ਨੌਂ ਅਮਰੀਕੀ ਅਤੇ ਬਰਤਾਨਵੀ ਦੁਖ਼ਾਨੀ ਜਹਾਜ਼ਰਾਨੀ ਕੰਪਨੀਆਂ ਨੂੰ ਇੱਕਮੁੱਠ ਕੀਤਾ ਅਤੇ ਇਹਦੇ ਕੋਲ਼ 12 ਕਰੋੜ ਡਾਲਰ (48 ਕਰੋੜ ਮਾਰਕ) ਦਾ ਸਰਮਾਇਆ ਸੀ। 1903 ਵਿੱਚ ਹੀ ਜਰਮਨ ਦੈਂਤਾਂ ਅਤੇ ਅਮਰੀਕੀ-ਬਰਤਾਨਵੀ ਟਰੱਸਟਾਂ ਨੇ ਸੰਸਾਰ ਦੀ ਵੰਡ ਕਰਨ ਅਤੇ ਇਹਦੇ ਸਿੱਟੇ ਵਜੋਂ ਨਫ਼ਿਆਂ ਦੀ ਵੰਡ ਕਰਨ ਬਾਰੇ ਸਮਝੌਤਾ ਕਰ ਲਿਆ ਸੀ। ਜਰਮਨ

---

* ´Die Bank[a], 1912, 2, ਪੰਨਾਂ 629, 1036; 1913, 1, ਪੰਨਾ 388।

ਕੰਪਨੀਆਂ ਨੇ ਅੰਗ੍ਰੇਜ਼-ਅਮਰੀਕੀ ਆਵਾਜਾਈ ਵਿੱਚ ਮੁਕਾਬਲਾ ਨਾ ਕਰਨ ਦਾ ਇਕਰਾਰ ਕੀਤਾ। ਕਿਹੜੀਆਂ ਕਿਹੜੀਆਂ ਬੰਦਰਗਾਹਾਂ ਕਿਸ ਕਿਸ ਨੂੰ "ਐਲਾਟ ਕੀਤੀਆਂ" ਜਾਣੀਆਂ ਹਨ, ਇਹ ਸਪੱਸ਼ਟ ਤੌਰ 'ਤੇ ਮਿੱਥਿਆ ਗਿਆ; ਕੰਟਰੋਲ ਦੀ ਇੱਕ ਸਾਂਝੀ ਕਮੇਟੀ ਸਥਾਪਤ ਕੀਤੀ ਗਈ, ਆਦਿ। ਇੱਕ ਸਮਝੌਤਾ 20 ਵਰ੍ਹਿਆਂ ਲਈ ਕੀਤਾ ਗਿਆ, ਜਿਸ ਵਿੱਚ ਯੁੱਧ ਦੀ ਹਾਲਤ ਵਿੱਚ ਇਹਨੂੰ ਰੱਦ ਕਰਨ ਸਬੰਧੀ ਸੋਘਵਾਨ ਧਾਰਾ ਰੱਖੀ ਗਈ।*

ਕੌਮਾਂਤਰੀ ਰੇਲ ਕਾਰਟਲ ਦੀ ਸਥਾਪਤੀ ਦੀ ਕਹਾਣੀ ਵੀ ਅਤਿ-ਅੰਤ ਸਿੱਖਿਆਦਾਇਕ ਹੈ। ਅਜਿਹਾ ਕਾਰਟਲ ਬਣਾਉਣ ਦਾ ਪਹਿਲਾ ਯਤਨ ਬਰਤਾਨਵੀ, ਬੈਲਜਮੀ ਅਤੇ ਜਰਮਨ ਰੇਲਾਂ ਤਿਆਰ ਕਰਨ ਵਾਲ਼ਿਆਂ ਵੱਲੋਂ 1884 ਵਿੱਚ ਇੱਕ ਸਖ਼ਤ ਸਨਅਤੀ ਮੰਦੇ ਸਮੇਂ ਕੀਤਾ ਗਿਆ। ਕਾਰਖ਼ਾਨੇਦਾਰ ਇਸ ਗੱਲ 'ਤੇ ਰਜ਼ਾਮੰਦ ਹੋ ਗਏ ਕਿ ਉਹ ਸਬੰਧਤ ਦੇਸ਼ਾਂ ਦੀਆਂ ਘਰੋਗੀ ਮੰਡੀਆਂ ਵਿੱਚ ਇੱਕ ਦੂਜੇ ਦਾ ਮੁਕਾਬਲਾ ਨਹੀਂ ਕਰਨਗੇ ਅਤੇ ਉਹਨਾਂ ਬਾਕੀ ਦੇ ਸੰਸਾਰ ਨੂੰ ਇਕ ਨਿਸਬਤ ਨਾਲ਼ ਵੰਡ ਲਿਆ: ਬਰਤਾਨੀਆ, 66 ਫ਼ੀਸਦੀ; ਜਰਮਨੀ, 27 ਫ਼ੀਸਦੀ; ਬੈਲਜੀਅਮ, 7 ਫ਼ੀਸਦੀ। ਹਿੰਦੁਸਤਾਨ ਪੂਰੀ ਤਰ੍ਹਾਂ ਬਰਤਾਨੀਆ ਲਈ ਰਾਖਵਾਂ ਰੱਖਿਆ ਗਿਆ। ਇੱਕ ਬਰਤਾਨਵੀ ਫ਼ਰਮ ਵਿਰੁੱਧ, ਜਿਹੜੀ ਕਾਰਟਲ ਤੋਂ ਬਾਹਰ ਰਹੀ ਸੀ, ਸਾਂਝੇ ਯੁੱਧ ਦਾ ਐਲਾਨ ਕਰ ਦਿੱਤਾ ਗਿਆ, ਜਿਸਦਾ ਖ਼ਰਚਾ ਕੁੱਲ ਵਿਕਰੀ ਉੱਤੇ ਲਾਈ ਇੱਕ ਫ਼ੀਸਦੀ ਉਗਰਾਹੀ ਰਾਹੀਂ ਪੂਰਾ ਕੀਤਾ ਗਿਆ। ਪਰ 1886 ਵਿੱਚ ਕਾਰਟਲ ਢਹਿ-ਢੇਰੀ ਹੋ ਗਿਆ ਜਦੋਂ ਦੋ ਬਰਤਾਨਵੀਂ ਫ਼ਰਮਾਂ ਇਸ ਤੋਂ ਵੱਖ ਹੋ ਗਈਆਂ। ਇਹ ਗੱਲ ਲਖਣਾਇਕ ਹੈ ਕਿ ਪਿੱਛੋਂ ਆਏ ਵਪਾਰਕ ਉਭਾਰ ਦੇ ਸਮਿਆਂ ਵਿੱਚ ਸਮਝੌਤਾ ਨਾ ਹੋ ਸਕਿਆ।

1904 ਵਿੱਚ ਜਰਮਨ ਅਸਪਾਤ ਸਿੰਡੀਕੇਟ ਸਥਾਪਤ ਕੀਤੀ ਗਈ। ਨਵੰਬਰ 1904 ਵਿੱਚ ਕੌਮਾਂਤਰੀ ਰੇਲ ਕਾਰਟਲ ਹੇਠ ਲਿਖੇ ਕੋਟਿਆਂ ਨਾਲ਼ ਮੁੜ ਸਥਾਪਤ ਕੀਤਾ ਗਿਆ: ਬਰਤਾਨੀਆ, 53.5 ਫ਼ੀਸਦੀ; ਜਰਮਨੀ, 28.83 ਫ਼ੀਸਦੀ; ਬੈਲਜੀਅਮ, 17.67 ਫ਼ੀਸਦੀ। ਪਿੱਛੋਂ ਫ਼ਰਾਂਸ ਆ ਰਲ਼ਿਆ ਅਤੇ ਉਹਨੂੰ 100 ਫ਼ੀਸਦੀ ਹੱਦ ਤੋਂ ਵੱਧ, ਅਰਥਾਤ 104.8 ਫ਼ੀਸਦੀ ਵਿੱਚੋਂ ਪਹਿਲੇ ਦੂਜੇ ਅਤੇ ਤੀਜੇ ਵਰ੍ਹੇ ਲਈ ਤਰਤੀਬਵਾਰ 4.8 ਫ਼ੀਸਦੀ, 5.8 ਫ਼ੀਸਦੀ ਅਤੇ 6.4 ਫ਼ੀਸਦੀ ਮਿਲ਼ਿਆ। 1905 ਵਿੱਚ ਯੂਨਾਈਟਿਡ ਸਟੇਟਸ ਸਟੀਲ ਕਾਰੋਪਰੇਸ਼ਨ ਕਾਰਟਲ ਵਿੱਚ ਸ਼ਾਮਲ ਹੋ ਗਿਆ; ਫਿਰ ਆਸਟਰੀਆ ਅਤੇ ਸਪੇਨ। 1910 ਵਿੱਚ ਫ਼ੋਗੇਲਸਟੇਈਨ ਨੇ ਲਿਖਿਆ, "ਇਸ ਸਮੇਂ ਸੰਸਾਰ ਦੀ ਵੰਡ ਮੁਕੰਮਲ ਹੈ ਅਤੇ ਵੱਡੇ ਖਪਤਕਾਰ, ਮੁੱਖ ਤੌਰ 'ਤੇ ਰਾਜਕੀ ਰੇਲਾਂ—ਕਿਉਂਕਿ ਦੁਨੀਆਂ ਉਹਨਾਂ ਦੇ ਹਿੱਤਾਂ ਦਾ ਧਿਆਨ ਰੱਖੇ ਬਿਨਾਂ ਵੰਡੀ ਗਈ ਹੈ-ਹੁਣ ਜੂਪੀਟਰ ਦੇ ਸਵਰਗ ਵਿੱਚ ਕਵੀ ਵਾਂਗ ਰਹਿ ਸਕਦੇ ਹਨ।"**

ਮੈਂ ਕੌਮਾਂਤਰੀ ਜਿਸਤ ਸਿੰਡੀਕੇਟ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਹੜੀ 1909 ਵਿੱਚ ਸਥਾਪਤ ਕੀਤੀ ਗਈ ਅਤੇ ਜਿਸਨੇ ਉਪਜ ਕਾਰਖ਼ਾਨਿਆਂ ਦੀਆਂ ਪੰਜਾਂ ਟੋਲੀਆਂ ਵਿੱਚ ਸ਼ੁੱਧਤਾ ਨਾਲ਼ ਵੰਡ ਦਿੱਤੀ: ਜਰਮਨ, ਬੈਲਜਮੀ, ਫ਼ਰਾਂਸੀਸੀ, ਸਪੇਨੀ ਅਤੇ

---

* ਰੀਸਰ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾਂ 215।

** Vogelstein. ´Organisationsformen[a], S. 100.

ਬਰਤਾਨਵੀ ਅਤੇ ਕੌਮਾਂਤਰੀ ਬਾਰੂਦ ਟਰੱਸਟ ਦਾ ਵੀ, ਜਿਹੜਾ ਲੀਫ਼ਮਾਨ ਕਹਿੰਦਾ ਹੈ, "ਜਰਮਨ ਬਾਰੂਦ ਤਿਆਰ ਕਰਨ ਵਾਲ਼ਿਆਂ ਉੱਕਾ ਹੀ ਨਵੀਨ, ਨੇੜੇ ਦਾ ਏਕਾ" ਹੈ, ਜਿਨ੍ਹਾਂ, ਇਹ ਕਿਹਾ ਜਾ ਸਕਦਾ ਹੈ, ਕਿ ਫ਼ਰਾਂਸੀਸੀ ਅਤੇ ਅਮਰੀਕੀ ਬਾਰੂਦ ਤਿਆਰ ਕਰਨ ਵਾਲ਼ਿਆਂ ਦੇ ਅਜਿਹੇ ਹੀ ਢੰਗ ਨਾਲ਼ ਜਥੇਬੰਦ ਹੋਣ ਕਾਰਨ, ਸਾਰੇ ਸੰਸਾਰ ਨੂੰ ਆਪਸ ਵਿੱਚ ਵੰਡ ਲਿਆ ਹੈ।"*

ਲੀਫ਼ਮਾਨ ਨੇ ਹਿਸਾਬ ਲਾਇਆ ਹੈ ਕਿ 1897 ਵਿੱਚ ਲਗਭਗ 40 ਕੌਮਾਂਤਰੀ ਕਾਰਟਲ ਅਜਿਹੇ ਸਨ ਜਿਨ੍ਹਾਂ ਵਿੱਚ ਜਰਮਨੀ ਦਾ ਹਿੱਸਾ ਸੀ, ਜਿੱਥੇ ਕਿ 1910 ਵਿੱਚ ਉਹਨਾਂ ਦੀ ਗਿਣਤੀ ਲਗਭਗ 100 ਸੀ।

ਕੁਝ ਬੁਰਜੂਆ ਲੇਖਕਾਂ ਨੇ (ਜਿਨ੍ਹਾਂ ਨਾਲ਼ ਹੁਣ ਕਾਰਲ ਕਾਊਟਸਕੀ ਵੀ ਰਲ਼ ਗਿਆ ਹੈ, ਜਿਸਨੇ ਉਹ ਮਾਰਕਸਵਾਦੀ ਪੁਜ਼ੀਸ਼ਨ ਤਿਆਗ ਦਿੱਤੀ ਹੈ, ਜਿਸ ਉੱਤੇ ਉਹ, ਮਿਸਾਲ ਵਜੋਂ 1909 ਵਿੱਚ ਖੜ੍ਹਾ ਸੀ।) ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਕੌਮਾਂਤਰੀ ਕਾਰਟਲ ਸਰਮਾਏ ਦੇ ਕੌਮਾਂਤਰੀਕਰਣ ਦੀ ਇੱਕ ਸਭ ਤੋਂ ਉੱਘੜਵੀਂ ਮਿਸਾਲ ਹੋਣ ਕਾਰਨ, ਸਰਮਾਏਦਾਰੀ ਅਧੀਨ ਕੌਮਾਂ ਵਿੱਚਕਾਰ ਅਮਨ ਦੀ ਆਸ ਪੈਦਾ ਕਰਦੇ ਹਨ। ਸਿਧਾਂਤਕ ਤੌਰ 'ਤੇ ਇਹ ਵਿਚਾਰ ਉੱਕਾ ਹੀ ਵਾਹਯਾਤ ਹੈ, ਜਦੋਂ ਕਿ ਅਮਲ ਵਿੱਚ ਇਹ ਭੁਲਾਂਦਰਾਵਾਦ ਅਤੇ ਅਤਿ ਭੈੜੀ ਮੌਕਾ-ਪ੍ਰਸਤੀ ਦੀ ਇੱਕ ਬੇਈਮਾਨ ਹਮਾਇਤ ਹੈ। ਕੌਮਾਂਤਰੀ ਕਾਰਟਲ ਉਹ ਹੱਦ ਜਿਸ ਤੱਕ ਸਰਮਾਏਦਾਰ ਅਜਾਰੇਦਾਰੀ ਵਿਕਸਿਤ ਹੋ ਚੁੱਕੀ ਹੈ ਅਤੇ ਵੱਖ ਵੱਖ ਸਰਮਾਏਦਾਰ ਸਭਾਵਾਂ ਵਿਚਕਾਰ ਘੋਲ਼ ਦਾ **ਮੰਤਵ** ਦਰਸਾਉਂਦੇ ਹਨ। ਇਹ ਪਿਛਲੀ ਪ੍ਰਸਥਿਤੀ ਸਭ ਤੋਂ ਵੱਧ ਮਹੱਤਵਪੂਰਨ ਹੈ; ਕਿਉਂਕਿ ਇਹੋ ਹੀ ਜੋ ਕੁਝ ਵਾਪਰ ਰਿਹਾ ਹੈ, ਸਾਨੂੰ ਉਹਦਾ ਇਤਿਹਾਸਕ-ਆਰਥਕ ਅਰਥ ਦੱਸਦੀ ਹੈ; ਕਿਉਂਕਿ ਘੋਲ਼ ਦੇ ਰੂਪ ਤਬਦੀਲ ਹੁੰਦੇ, ਨਿਸਬਤਨ ਵਿਸ਼ੇਸ਼ ਅਤੇ ਆਰਜ਼ੀ ਕਾਰਨਾਂ ਕਾਰਨ ਤਬਦੀਲ ਹੋ ਸਕਦੇ ਹਨ ਅਤੇ ਲਗਾਤਾਰ ਤਬਦੀਲ ਹੁੰਦੇ ਹਨ, ਪਰ ਜਦੋਂ ਤੱਕ ਸ਼੍ਰੇਣੀਆਂ ਦੀ ਹੋਂਦ ਹੈ, ਘੋਲ਼ ਦੀ ਵਸਤੂ, ਇਹਦਾ ਸ਼੍ਰੇਣੀ ਤੱਤ, ਨਿਸ਼ਚੇ ਹੀ ਤਬਦੀਲ ਨਹੀਂ ਹੋ **ਸਕਦਾ**। ਸੁਭਾਵਕ ਹੀ ਇਹ ਗੱਲ, ਮਿਸਾਲ ਦੇ ਤੌਰ 'ਤੇ, ਜਰਮਨ ਬੁਰਜੂਆਜ਼ੀ ਦੇ, ਕਾਊਟਸਕੀ ਆਪਣੀਆਂ ਸਿਧਾਂਤਕ ਦਲੀਲਾਂ ਵਿੱਚ ਅਮਲੀ ਤੌਰ 'ਤੇ ਜਿਸ ਦੇ ਹੱਕ ਵਿੱਚ ਹੋ ਗਿਆ ਹੈ (ਮੈਂ ਇਸ ਮਸਲੇ ਨਾਲ਼ ਪਿੱਛੋਂ ਨਿਬੜਾਂਗਾਂ), ਹਿੱਤ ਵਿੱਚ ਜਾਂਦੀ ਹੈ ਕਿ ਅਜੋਕੇ ਆਰਥਕ ਘੋਲ਼ ਦੀ **ਵਸਤੂ** (ਸੰਸਾਰ ਦੀ ਵੰਡ) ਉੱਤੇ ਪਰਦਾ ਪਾਇਆ ਜਾਵੇ ਅਤੇ ਇਸ ਘੋਲ਼ ਦੇ ਕਦੀ ਇੱਕ ਅਤੇ ਕਦੀ ਦੂਜੇ **ਰੂਪ** ਉੱਤੇ ਜ਼ੋਰ ਦਿੱਤਾ ਜਾਵੇ। ਕਾਊਟਸਕੀ ਵੀ ਇਹੋ ਗ਼ਲਤੀ ਕਰਦਾ ਹੈ। ਨਿਰਸੰਦੇਹ ਅਸੀਂ ਕੇਵਲ ਜਰਮਨ ਬੁਰਜੂਆਜ਼ੀ ਨੂੰ ਹੀ ਮੁੱਖ ਨਹੀਂ ਰੱਖ ਰਹੇ ਸਗੋਂ ਸੰਸਾਰ ਭਰ ਦੀ ਬੁਰਜੂਆਜ਼ੀ ਨੂੰ ਮੁੱਖ ਰੱਖ ਰਹੇ ਹਾਂ। ਸਰਮਾਏਦਾਰ ਕਿਸੇ ਖ਼ਾਸ ਖੁਣਸ ਕਰਕੇ ਸੰਸਾਰ ਦੀ ਵੰਡ ਨਹੀਂ ਕਰਦੇ ਸਗੋਂ ਇਸ ਲਈ ਕਿ ਕੇਂਦਰੀਣ ਜਿਸ ਹੱਦ ਤੱਕ ਅੱਪੜ ਚੁੱਕਾ ਹੈ, ਉਹ ਨਫ਼ੇ ਕਮਾਉਣ ਲਈ ਇਹ ਢੰਗ ਅਪਣਾਉਣ 'ਤੇ ਮਜ਼ਬੂਰ ਕਰਦਾ ਹੈ ਅਤੇ ਉਹ ਇਹਨੂੰ

---

* Liefmann, ´Kartelle und Trusts[a], 2. A., S. 161.

"ਸਰਮਾਏ ਦੀ ਨਿਸਬਤ ਅਨੁਸਾਰ", "ਸ਼ਕਤੀ ਦੀ ਨਿਸਬਤ ਅਨੁਸਾਰ" ਵੰਡਦੇ ਹਨ ਕਿਉਂਕਿ ਜਿਣਸ ਉਤਪਾਦਨ ਅਤੇ ਸਰਮਾਏਦਾਰੀ ਅਧੀਨ ਵੰਡ ਦਾ ਕੋਈ ਹੋਰ ਢੰਗ ਹੋ ਵੀ ਨਹੀਂ ਸਕਦਾ। ਪਰ ਸ਼ਕਤੀ ਆਰਥਕ ਅਤੇ ਰਾਜਸੀ ਵਿਕਾਸ ਦੀ ਪੱਧਰ ਅਨੁਸਾਰ ਤਬਦੀਲ ਹੁੰਦੀ ਰਹਿੰਦੀ ਹੈ। ਜੋ ਕੁਝ ਵਾਪਰ ਰਿਹਾ ਹੈ ਉਸਨੂੰ ਸਮਝਣ ਲਈ ਇਹ ਸਮਝਣਾ ਲਾਜ਼ਮੀ ਹੈ ਕਿ ਕਿਹੜੇ ਪ੍ਰਸ਼ਨ ਸ਼ਕਤੀ ਵਿੱਚ ਤਬਦੀਲੀ ਰਾਹੀਂ ਹੱਲ ਕੀਤੇ ਜਾਂਦੇ ਹਨ। ਇਹ ਪ੍ਰਸ਼ਨ ਕਿ ਇਹ ਤਬਦੀਲੀਆਂ "ਖ਼ਾਲਸ" ਆਰਥਕ ਹਨ ਜਾਂ **ਗੈਰ**-ਆਰਥਕ (ਮਿਸਾਲ ਵਜੋਂ, ਫ਼ੌਜੀ) ਦੂਜੈਲਾ ਹੈ, ਜਿਹੜਾ ਸਰਮਾਏਦਾਰੀ ਦੇ ਨਵੀਨਤਮ ਯੁੱਗ ਸਬੰਧੀ ਬੁਨਿਆਦੀ ਵਿਚਾਰਾਂ ਉੱਤੇ ਥੋੜ੍ਹਾ ਜਿਹਾ ਵੀ ਪ੍ਰਭਾਵ ਨਹੀਂ ਪਾ ਸਕਦਾ। ਘੋਲ਼ ਅਤੇ ਸਮਝੌਤਿਆਂ ਦੇ ਰੂਪ (ਅੱਜ ਅਮਨ ਭਰਿਆ, ਭਲ਼ਕੇ ਯੁੱਧ ਜਿਹਾ ਅਤੇ ਉਸ ਤੋਂ ਮਗਰਲੇ ਦਿਨ ਫਿਰ ਯੁੱਧ ਜਿਹਾ) ਨੂੰ ਸਰਮਾਏਦਾਰ ਸਭਾਵਾਂ ਵਿਚਕਾਰ ਘੋਲ਼ ਅਤੇ ਸਮਝੌਤਿਆਂ ਦੀ **ਵਸਤੂ** ਦੀ ਥਾਂ ਦੇਣਾ ਇੱਕ ਭੁਲਾਂਦਰਾਵਾਦੀ ਦੇ ਰੋਲ ਤੱਕ ਡਿੱਗ ਜਾਣਾ ਹੈ।

ਸਰਮਾਏਦਾਰੀ ਦੇ ਨਵੀਨਤਮ ਪੜਾਅ ਦਾ ਯੁੱਗ ਸਾਨੂੰ ਦਰਸਾਉਂਦਾ ਹੈ ਕਿ ਸਰਮਾਏਦਾਰ ਸਭਾਵਾਂ ਵਿਚਕਾਰ ਸੰਸਾਰ ਦੀ ਆਰਥਕ ਵੰਡ ਉੱਤੇ **ਅਧਾਰਿਤ** ਕੁਝ ਸਬੰਧ ਪੈਦਾ ਹੋ ਜਾਂਦੇ ਹਨ; ਜਿੱਥੇ ਇਹਦੇ ਨਾਲ਼ ਹੀ ਨਾਲ਼ ਅਤੇ ਇਹਦੇ ਨਾਲ਼ ਸਬੰਧ ਰੱਖਦੇ ਹੋਏ, ਰਾਜਸੀ ਏਕਿਆਂ ਵਿਚਕਾਰ, ਰਾਜਾਂ ਵਿੱਚਕਾਰ, ਸੰਸਾਰ ਦੀ ਇਲਾਕਾਈ ਵੰਡ ਦੇ ਬਸਤੀਆਂ ਲਈ ਘੋਲ਼ ਦੇ, "ਰਸੂਖ਼ ਦੇ ਖੇਤਰਾਂ ਲਈ ਘੋਲ਼" ਦੇ ਅਧਾਰ ਉੱਤੇ ਨਿਸ਼ਚਿਤ ਸਬੰਧ ਪੈਦਾ ਹੋ ਜਾਂਦੇ ਹਨ।

## VI. ਵੱਡੀਆਂ ਸ਼ਕਤੀਆਂ ਵਿੱਚ ਸੰਸਾਰ ਦੀ ਵੰਡ

"ਯੂਰਪ ਦੀਆਂ ਬਸਤੀਆਂ ਦੇ ਇਲਾਕਾਈ ਵਿਕਾਸ" ਬਾਰੇ ਆਪਣੀ ਪੁਸਤਕ ਵਿੱਚ ਭੂਗੋਲ-ਵਿਗਿਆਨੀ ਅ. ਸੂਪਾਨ* ਉਨ੍ਹੀਵੀਂ ਸਦੀ ਦੇ ਅੰਤ ਤੇ ਇਸ ਵਿਕਾਸ ਦਾ ਹੇਠ ਲਿਖਿਆ ਸੰਖੇਪ ਸਾਰ ਦੇਂਦਾ ਹੈ:

"**ਸੋ**, ਇਸ ਸਮੇਂ ਦਾ ਲਖਣਾਇਕ ਲੱਛਣ, "ਉਹ ਸਿੱਟਾ ਕੱਢਦਾ ਹੈ, "ਅਫ਼ਰੀਕਾ ਅਤੇ ਪਾਲੀਨੇਸ਼ੀਆ ਦੀ ਵੰਡ ਹੈ।" ਕਿਉਂਕਿ ਏਸ਼ੀਆ ਅਤੇ ਅਮਰੀਕਾ ਵਿੱਚ ਅਜਿਹੇ ਕੋਈ ਇਲਾਕੇ ਨਹੀਂ ਜਿਨ੍ਹਾਂ ਉੱਤੇ ਕਬਜ਼ਾ ਨਾ ਕੀਤਾ ਗਿਆ ਹੋਵੇ—ਅਰਥਾਤ, ਅਜਿਹੇ ਕੋਈ ਇਲਾਕੇ ਨਹੀਂ ਜਿਹੜੇ ਕਿਸੇ ਰਾਜ ਦੀ ਮਾਲਕੀ ਨਹੀਂ—ਸੂਪਾਨ ਵਲੋਂ ਕੱਢੇ ਸਿੱਟੇ ਨੂੰ ਵਿਸਥਾਰਨਾ ਅਤੇ ਇਹ ਕਹਿਣਾ ਲਾਜ਼ਮੀ ਹੈ ਕਿ ਵਿਚਾਰ ਹੇਠਲੇ ਸਮੇਂ ਦਾ ਲਖਣਾਇਕ ਲੱਛਣ ਸੰਸਾਰ ਦੀ ਅੰਤਮ ਵੰਡ ਹੈ—ਇਸ ਅਰਥ ਵਿੱਚ ਅੰਤਮ ਨਹੀਂ ਕਿ **ਮੁੜ-ਵੰਡ** ਅਸੰਭਵ ਹੈ; ਇਹਦੇ ਉਲਟ, ਮੁੜ-ਵੰਡਾਂ ਸੰਭਵ ਅਤੇ ਅਟੱਲ ਹਨ—ਸਗੋਂ ਇਸ ਅਰਥ ਵਿੱਚ ਕਿ ਸਰਮਾਏਦਾਰ ਦੇਸ਼ਾਂ ਦੀ ਬਸਤੀਵਾਦੀ ਨੀਤੀ ਨੇ ਸੰਸਾਰ ਦੇ ਗ਼ੈਰ ਕਬਜ਼ੇ ਹੇਠਲੇ ਇਲਾਕਿਆਂ ਉੱਤੇ ਕਬਜ਼ਾ **ਮੁਕੰਮਲ**

*A. Supan. ´Die territoriale Entwicklung der europ‰ischen Kolonien[a], 1906, S, 254.

**ਕਰ ਲਿਆ ਹੈ।** ਪਹਿਲੀ ਵਾਰ ਸੰਸਾਰ ਪੂਰੀ ਤਰ੍ਹਾਂ ਵੰਡਿਆ ਗਿਆ ਹੈ, ਇਸ ਲਈ ਭਵਿੱਖ ਵਿੱਚ **ਕੇਵਲ** ਮੁੜ-ਵੰਡ ਹੀ ਸੰਭਵ ਹੈ, ਅਰਥਾਤ, ਇਲਾਕੇ ਮਾਲਕ-ਹੀਣ ਇਲਾਕੇ ਵਜੋਂ ਕਿਸੇ "ਮਾਲਕ" ਦੇ ਹੱਥ ਜਾਣ ਦੀ ਥਾਂ ਇੱਕ "ਮਾਲਕ" ਤੋਂ ਦੂਜੇ ਦੇ ਹੱਥ ਹੀ ਜਾ ਸਕਦੇ ਹਨ।

**ਯੂਰਪੀ ਬਸਤੀਵਾਦੀ ਸ਼ਕਤੀਆਂ (ਸਮੇਤ ਅਮਰੀਕਾ)**
**ਦੇ ਕਬਜ਼ੇ ਹੇਠ ਇਲਾਕੇ ਦੀ ਫ਼ੀਸਦੀ**

| | 1876 | 1900 | ਵਾਧਾ ਜਾਂ ਘਾਟਾ |
|---|---|---|---|
| ਅਫ਼ਰੀਕਾ ...................... | 10.8 | 90.4 | +79.6 |
| ਪਾਲੀਨੇਸ਼ੀਆ ................. | 56.8 | 98.9 | +42.1 |
| ਏਸ਼ੀਆ ........................ | 51.5 | 56.6 | +5.1 |
| ਆਸਟ੍ਰੇਲੀਆ ............... | 100.0 | 100.0 | — |
| ਅਮਰੀਕਾ ...................... | 27.5 | 27.2 | −0.3 |

ਸੋ ਅਸੀਂ ਬਸਤੀਵਾਦੀ ਨੀਤੀ ਦੇ ਅਜੀਬ ਦੌਰ ਵਿੱਚ ਰਹਿ ਰਹੇ ਹਾਂ, ਜਿਸਦਾ ਸਬੰਧ "ਸਰਮਾਏਦਾਰੀ ਦੀ ਵਿਕਾਸ ਦੇ ਨਵੀਨਤਮ ਪੜਾਅ ਨਾਲ਼ ਹੈ," ਵਿੱਤ ਸਰਮਾਏ ਨਾਲ਼ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਸਭ ਤੋਂ ਪਹਿਲਾਂ ਤੱਥਾਂ ਨੂੰ ਵਧੇਰੇ ਵਿਸਥਾਰ ਨਾਲ਼ ਲਿਆ ਜਾਵੇ ਤਾਂ ਜੁ ਵੱਧ ਤੋਂ ਵੱਧ ਸੰਭਵ ਹੱਦ ਤੱਕ ਇਹ ਜਾਣ ਲਿਆ ਜਾਵੇ ਕਿ ਅਜੋਕੇ ਯੁੱਗ ਨੂੰ ਪਹਿਲੇਰੇ ਤੋਂ ਕਿਹੜੀ ਗੱਲ ਨਖੇੜਦੀ ਹੈ ਅਤੇ ਅਜੋਕੀ ਪ੍ਰਸਥਿਤੀ ਕੀ ਹੈ। ਸਭ ਤੋਂ ਪਹਿਲਾਂ ਤੱਥਾਂ ਸਬੰਧੀ ਦੋ ਪ੍ਰਸ਼ਨ ਉੱਠਦੇ ਹਨ: ਕੀ ਐਨ ਵਿੱਤ ਸਰਮਾਏ ਦੇ ਯੁੱਗ ਵਿੱਚ ਬਸਤੀਵਾਦੀ ਨੀਤੀ ਦਾ ਤਿੱਖਾ ਹੋਣਾ, ਬਸਤੀਆਂ ਲਈ ਘੋਲ਼ ਦਾ ਤਿੱਖਾ ਹੋਣਾ ਵੇਖਿਆ ਜਾ ਰਿਹਾ ਹੈ ? ਅਤੇ, ਇਸ ਪੱਖ ਤੋਂ, ਇਸ ਸਮੇਂ ਸੰਸਾਰ ਕਿਵੇਂ ਵੰਡਿਆ ਹੋਇਆ ਹੈ ?

ਬਸਤੀਆਂ ਦੀ ਸਥਾਪਤੀ ਦੇ ਇਤਿਹਾਸ ਸਬੰਧੀ ਆਪਣੀ ਪੁਸਤਕ ਵਿੱਚ ਅਮਰੀਕੀ ਲੇਖਕ ਮੋਰਿਸ* ਨੇ ਉਨ੍ਹੀਵੀਂ ਸਦੀ ਦੇ ਵੱਖ ਵੱਖ ਸਮਿਆਂ ਵਿੱਚ ਬਰਤਾਨੀਆ, ਫ਼ਰਾਂਸ ਅਤੇ ਜਰਮਨੀ ਦੀਆਂ ਬਸਤੀਵਾਦੀ ਮਿਲਖ਼ਾਂ ਸਬੰਧੀ ਵਾਕਫ਼ੀ ਦਾ ਸਾਰ ਪੇਸ਼ ਕਰਨ ਦਾ ਯਤਨ ਕੀਤਾ।[39] ਹੇਠਾਂ ਉਸ ਵੱਲੋਂ ਪ੍ਰਾਪਤ ਕੀਤੇ ਸਿੱਟਿਆਂ ਦਾ ਸੰਖੇਪ ਸਾਰ ਹੈ: (ਅਗਲੇ ਪੰਨੇ ਉੱਤੇ ਸਾਰਣੀ ਵੇਖੋ)

ਬਰਤਾਨੀਆ ਲਈ ਬਸਤੀਵਾਦੀ ਜਿੱਤਾਂ ਦੇ ਅਥਾਹ ਵਾਧੇ ਦਾ ਸਮਾਂ 1860 ਅਤੇ 1880 ਦਾ ਵਿਚਕਾਰਲਾ ਸਮਾਂ ਸੀ ਅਤੇ ਇਹ ਉਨ੍ਹੀਵੀਂ ਸਦੀ ਦੇ ਅਖ਼ੀਰਲੀ ਵੀਹ ਵਰ੍ਹਿਆਂ ਵਿੱਚ ਵੀ ਬਹੁਤ ਕਾਫ਼ੀ ਸੀ। ਫ਼ਰਾਂਸ ਅਤੇ ਜਰਮਨੀ ਲਈ ਇਹ ਸਮਾਂ ਐਨ ਇਹਨਾਂ ਵੀਹ

---

* Henry C. Morris. ´The History of Colonization[a] N. Y., 1900, Vol, II, p.p, 88, I, 419; II, 304,(ਹੈਨਰੀ ਕ. ਮੋਰਿਸ, "ਬਸਤੀਆਂ ਦੀ ਸਥਾਪਤੀ ਦਾ ਇਤਿਹਾਸ", ਨਿਊ ਯਾਰਕ, 1900, ਸੈਂਚੀ 2, ਪੰਨਾ 88; ਸੈਂਚੀ 1, ਪੰਨਾ 419; ਸੈਂਚੀ 2, ਪੰਨਾ 304।–**ਸੰਪਾ:**)

ਵਰ੍ਹਿਆਂ ਵਿੱਚ ਆਉਂਦਾ ਹੈ। ਅਸਾਂ ਵੇਖਿਆ ਹੈ ਕਿ ਪੂਰਵ-ਅਜਾਰੇਦਾਰੀ ਸਰਮਾਏਦਾਰੀ ਦਾ, ਉਸ ਸਰਮਾਏਦਾਰੀ ਦਾ ਜਿਸ ਵਿੱਚ ਅਜ਼ਾਦ ਮੁਕਾਬਲਾ ਪ੍ਰਬਲ ਸੀ, ਵਿਕਾਸ 1860 ਵਿਆਂ ਅਤੇ 1870 ਵਿਆਂ ਵਿੱਚ ਆਪਣੀ ਹੱਦ ਤੱਕ ਅੱਪੜ ਗਿਆ। ਹੁਣ ਅਸੀਂ ਵੇਖਦੇ ਹਾਂ ਕਿ **ਐਨ ਇਸ ਸਮੇਂ ਤੋਂ ਪਿੱਛੋਂ ਹੀ** ਬਸਤੀਵਾਦੀ ਜਿੱਤਾਂ ਵਿੱਚ ਧੜਵੈਲ "ਉਭਾਰ" ਸ਼ੁਰੂ ਹੁੰਦਾ ਹੈ, ਕਿ ਸੰਸਾਰ ਦੀ ਇਲਾਕਾਈ ਵੰਡ ਲਈ ਘੋਲ਼ ਅਸਾਧਾਰਨ ਤੌਰ 'ਤੇ ਤਿੱਖਾ ਹੋ ਜਾਂਦਾ ਹੈ। ਇਸ ਲਈ ਇਹ ਗੱਲ ਸ਼ੱਕੋਂ ਬਾਹਰੀ ਹੈ ਕਿ ਸਰਮਾਏਦਾਰੀ ਦੀ ਅਜਾਰੇਦਾਰ ਸਰਮਾਏਦਾਰੀ ਵੱਲ, ਵਿੱਤ ਸਰਮਾਏਦਾਰੀ ਵੱਲ ਤਬਦੀਲੀ ਦਾ **ਸਬੰਧ** ਸੰਸਾਰ ਦੀ ਵੰਡ ਲਈ ਘੋਲ਼ ਦੇ ਤਿੱਖਾ ਹੋਣ ਨਾਲ਼ ਹੈ।

**ਬਸਤੀਵਾਦੀ ਮਿਲਖ਼ਾਂ**

| | ਬਰਤਾਨੀਆ | | ਫ਼ਰਾਂਸ | | ਜਰਮਨੀ | |
|---|---|---|---|---|---|---|
| ਸਾਲ | ਰਕਬਾ(0,000,00 ਵਰਗ ਮੀਲ) | ਅਬਾਦੀ (0,00,000) | ਰਕਬਾ (0,00,000 ਵਰਗ ਮੀਲ) | ਅਬਾਦੀ (0,00,000 | ਰਕਬਾ (0,00,000 ਵਰਗ ਮੀਲ) | ਅਬਾਦੀ (0,00,000) |
| 1815-30 | ? | 126.4 | 0.02 | 0.5 | - | - |
| 1860 | 2.5 | 145.1 | 0.2 | 3.4 | — | - |
| 1880 | 7.7 | 267.9 | 0.7 | 7.4 | - | - |
| 1899 | 9.3 | 309.0 | 3.7 | 56.4 | 1.0 | 14.7 |

ਸਾਮਰਾਜਵਾਦ ਸਬੰਧੀ ਆਪਣੀ ਕਿਰਤ ਵਿੱਚ ਹਾਬਸਨ 1884-1900 ਦੇ ਵਰ੍ਹਿਆਂ ਨੂੰ ਮੁੱਖ ਯੂਰਪੀ ਰਾਜਾਂ ਦੇ ਤਿਖੇਰੇ "ਫ਼ੈਲਣ" ਦਾ ਯੁੱਗ ਕਹਿੰਦਾ ਹੈ। ਉਹਦੇ ਅੰਦਾਜ਼ੇ ਅਨੁਸਾਰ ਇਸ ਸਮੇਂ ਵਿੱਚ ਬਰਤਾਨੀਆ ਨੇ 37,00,000 ਵਰਗ ਮੀਲ ਇਲਾਕਾ ਪ੍ਰਾਪਤ ਕੀਤਾ ਜਿਸ ਵਿੱਚ 5,70,00,000 ਵਸੋਂ ਸੀ; ਫ਼ਰਾਂਸ ਨੇ 3,65,00,000 ਵਸੋਂ ਵਾਲ਼ਾ 36,00,000 ਵਰਗ ਮੀਲ ਇਲਾਕਾ; ਜਰਮਨੀ ਨੇ 1,47,00,000 ਵਸੋਂ ਵਾਲ਼ਾ 10,00,000 ਵਰਗ ਮੀਲ; ਬੈਲਜੀਅਮ ਨੇ 3,00,00,000 ਵਸੋਂ ਵਾਲ਼ਾ 6,00,000 ਵਰਗ ਮੀਲ; ਪੁਰਤਗਾਲ ਨੇ 90,00,000 ਵਸੋਂ ਵਾਲ਼ਾ 8,00,000 ਵਰਗ ਮੀਲ ਇਲਾਕਾ ਪ੍ਰਾਪਤ ਕੀਤਾ। ਸਭਨਾਂ ਸਰਮਾਏਦਾਰ ਦੇਸ਼ਾਂ ਵੱਲੋਂ ਉਨ੍ਹੀਵੀਂ ਸਦੀ ਦੇ ਅੰਤ ਉੱਤੇ ਅਤੇ ਵਿਸ਼ੇਸ਼ ਤੌਰ 'ਤੇ 1880 ਵਿਆਂ ਵਿੱਚ ਬਸਤੀਆਂ ਲਈ ਦੌੜ-ਭੱਜ ਡਿਪਲੋਮੇਸੀ ਅਤੇ ਵਿਦੇਸ਼ ਨੀਤੀ ਦੇ ਇਤਿਹਾਸ ਵਿੱਚ ਇਕ ਆਮ ਜਾਣਿਆ ਤੱਥ ਹੈ।

ਬਰਤਾਨੀਆ ਵਿੱਚ ਖੁੱਲ੍ਹੇ ਮੁਕਾਬਲੇ ਦੇ ਅਤਿ-ਅੰਤ ਪ੍ਰਫੁਲਤ ਸਮੇਂ ਵਿੱਚ, ਅਰਥਾਤ, 1840 ਅਤੇ 1860 ਵਿਚਕਾਰ, ਮੁਖੀ ਬਰਤਾਨਵੀ ਬੁਰਜੂਆ ਰਾਜਸੀ ਨੇਤਾ ਬਸਤੀਵਾਦੀ ਨੀਤੀ ਦੇ **ਵਿਰੁੱਧ** ਸਨ ਅਤੇ ਉਹਨਾਂ ਦਾ ਵਿਚਾਰ ਸੀ ਕਿ ਬਸਤੀਆਂ ਦੀ ਅਜ਼ਾਦੀ, ਉਹਨਾਂ ਦਾ ਬਰਤਾਨੀਆ ਤੋਂ ਪੂਰੀ ਤਰ੍ਹਾਂ ਵੱਖ ਹੋਣਾ, ਅਟੱਲ ਅਤੇ ਜ਼ਰੂਰੀ ਸੀ। 1898 ਵਿੱਚ ਛਪੇ

ਆਪਣੇ ਇੱਕ ਲੇਖ "ਨਵੀਨ ਬਰਤਾਨਵੀ ਸਾਮਰਾਜਵਾਦ"* ਵਿੱਚ ਮ. ਬੀਅਰ ਦਰਸਾਉਂਦਾ ਹੈ ਕਿ 1852 ਵਿੱਚ ਡਿਜ਼ਰਾਈਲੀ ਨੇ, ਇੱਕ ਰਾਜਨੇਤਾ ਜਿਸਦਾ ਝੁਕਾਅ ਆਮ ਤੌਰ 'ਤੇ ਸਾਮਰਾਜਵਾਦ ਵੱਲ ਸੀ, ਕਿਹਾ: "ਬਸਤੀਆਂ ਸਾਡੇ ਗਲ਼ ਦੁਆਲ਼ੇ ਬੰਨ੍ਹੇ ਚੱਕੀ ਦੇ ਪੁੜ ਹਨ।" ਪਰ ਉਨ੍ਹੀਵੀਂ ਸਦੀ ਦੇ ਅੰਤ ਦੇ ਬਰਤਾਨੀਆ ਦੇ ਹੀਰੋ ਸੈਸਲ ਰੋਡੇਜ਼ ਅਤੇ ਜੋਜ਼ਫ ਚੈਂਬਰਲੇਨ ਸਨ, ਜਿਹੜੇ ਖੁੱਲ੍ਹਮ-ਖੁੱਲ੍ਹਾ ਸਾਮਰਾਜਵਾਦ ਦੀ ਹਮਾਇਤ ਕਰਦੇ ਅਤੇ ਬਸਤੀਵਾਦੀ ਨੀਤੀ ਬੜੇ ਸਨਕੀ ਢੰਗ ਨਾਲ਼ ਲਾਗੂ ਕਰਦੇ ਸਨ!

ਇਸ ਗੱਲ ਵੱਲ ਧਿਆਨ ਦੇਣਾ ਦਿਲਚਸਪੀ ਤੋਂ ਖਾਲੀ ਨਹੀਂ ਕਿ ਉਸ ਸਮੇਂ ਵੀ ਇਹ ਮੁੱਖੀ ਬਰਤਾਨਵੀਂ ਬੁਰਜੂਆ ਰਾਜਸੀ ਨੇਤਾ ਉਹਨਾਂ ਵਿੱਚ, ਜਿਨ੍ਹਾਂ ਨੂੰ ਆਧੁਨਿਕ ਸਾਮਰਾਜਵਾਦ ਦੀਆਂ ਖ਼ਾਲਸ ਆਰਥਕ ਅਤੇ ਸਮਾਜ-ਰਾਜਸੀ ਜੜ੍ਹਾਂ ਕਿਹਾ ਜਾ ਸਕਦਾ ਹੈ, ਸਬੰਧ ਵੇਖਦੇ ਸਨ। ਚੈਂਬਰਲੇਨ ਸਾਮਰਾਜਵਾਦ ਦੀ "ਸੱਚੀ, ਸਿਆਣੀ ਅਤੇ ਬੱਚਤ ਵਾਲ਼ੀ ਨੀਤੀ" ਵਜੋਂ ਹਮਾਇਤ ਕਰਦਾ ਸੀ ਅਤੇ ਵਿਸ਼ੇਸ਼ ਤੌਰ 'ਤੇ ਜਰਮਨ, ਅਮਰੀਕੀ ਅਤੇ ਬੈਲਜਮੀ ਮੁਕਾਬਲੇ ਵੱਲ ਇਸ਼ਾਰਾ ਕਰਦਾ ਸੀ ਜਿਸਦਾ ਬਰਤਾਨੀਆ ਨੂੰ ਸੰਸਾਰ ਦੀ ਮੰਡੀ ਵਿੱਚ ਸਾਹਮਣਾ ਕਰਨਾ ਪੈ ਰਿਹਾ ਸੀ। ਜਦੋਂ ਉਹਨਾਂ ਕਾਰਟਲ, ਸਿੰਡੀਕੇਟ ਅਤੇ ਟਰੱਸਟ ਬਣਾਏ ਤਾਂ ਸਰਮਾਏਦਾਰਾਂ ਨੇ ਕਿਹਾ ਕਿ ਮੁਕਤੀ ਅਜਾਰੇਦਾਰੀ ਵਿੱਚ ਹੈ। ਮੁਕਤੀ ਅਜਾਰੇਦਾਰੀ ਵਿੱਚ ਹੈ, ਸੰਸਾਰ ਦੇ ਉਹ ਹਿੱਸੇ ਜਿਹੜੇ ਅਜੇ ਵੰਡੇ ਨਹੀਂ ਸਨ ਗਏ ਹਥਿਆਉਣ ਲਈ ਹਾਬੜੇ ਬੁਰਜੂਆਜ਼ੀ ਦੇ ਸਰਮਾਏਦਾਰ ਨੇਤਾਵਾਂ ਨੇ ਸੁਰ ਵਿੱਚ ਸੁਰ ਮਿਲਾਈ ਅਤੇ ਉਹਦਾ ਗੂੜ੍ਹਾ ਮਿੱਤਰ ਸਟੀਡ ਸਾਨੂੰ ਦੱਸਦਾ ਹੈ ਕਿ ਸੈਸਲ ਰੋਡੇਜ਼ ਨੇ ਆਪਣੇ ਸਾਮਰਾਜੀ ਵਿਚਾਰ ਉਹਨੂੰ 1895 ਵਿੱਚ ਇਹਨਾਂ ਸ਼ਬਦਾਂ ਵਿੱਚ ਦੱਸੇ—"ਕੱਲ੍ਹ ਮੈਂ ਲੰਦਨ ਦੇ ਈਸਟ ਐਂਡ [ਕਿਰਤੀਆਂ ਦੇ ਰਹਿਣ ਵਾਲ਼ਾ ਇੱਕ ਇਲਾਕਾ] ਵਿੱਚ ਸਾਂ ਅਤੇ ਬੇਕਾਰਾਂ ਦੇ ਇੱਕ ਜਲਸੇ ਵਿੱਚ ਸ਼ਾਮਲ ਹੋਇਆ। ਮੈਂ ਝਲਿਆਈਆਂ ਤਕਰੀਰਾਂ ਸੁਣੀਆਂ, ਜਿਹੜੀਆਂ 'ਰੋਟੀ! ਰੋਟੀ!' ਲਈ ਚੀਕਾਂ ਹੀ ਸਨ ਅਤੇ ਘਰ ਮੁੜਦਿਆਂ ਮੈਂ ਇਸ ਦ੍ਰਿਸ਼ ਬਾਰੇ ਵਿਚਾਰ ਕੀਤੀ ਅਤੇ ਮੈਂ ਸਾਮਰਾਜਵਾਦ ਦੀ ਮਹੱਤਤਾ ਦਾ ਪਹਿਲਾਂ ਸਦਾ ਨਾਲ਼ੋਂ ਵਧੇਰੇ ਕਾਇਲ ਹੋ ਗਿਆ। ...ਮੇਰਾ ਮਨ-ਪਸੰਦ ਵਿਚਾਰ ਸਮਾਜੀ ਮਸਲੇ ਦਾ ਹੱਲ ਲੱਭਣਾ ਹੈ, ਅਰਥਾਤ, ਬਰਤਾਨੀਆ ਦੇ 4,00,00,000 ਵਸਨੀਕਾਂ ਨੂੰ ਖ਼ੂਨੀ, ਖ਼ਾਨਾ-ਜੰਗੀ ਤੋਂ ਬਚਾਉਣ ਲਈ ਇਹ ਲਾਜ਼ਮੀ ਹੈ ਕਿ ਅਸੀਂ, ਬਸਤੀਵਾਦੀ ਰਾਜਨੇਤਾ ਵਾਧੂ ਵਸੋਂ ਨੂੰ ਵਸਾਉਣ ਲਈ, ਕਾਰਖ਼ਾਨਿਆਂ ਅਤੇ ਖਾਣਾਂ ਵਿੱਚ ਪੈਦਾ ਹੋਈਆ ਵਸਤਾਂ ਲਈ ਨਵੀਂਆਂ ਮੰਡੀਆਂ ਪ੍ਰਯਾਪਤ ਕਰਨ ਲਈ ਨਵੇਂ ਇਲਾਕੇ ਪ੍ਰਾਪਤ ਕਰੀਏ। ਜਿਹਾ ਕਿ ਮੈਂ ਹਮੇਸ਼ਾਂ ਕਿਹਾ ਹੈ ਸਲਤਨਤ ਰੋਟੀ ਅਤੇ ਮੱਖਣ ਦਾ ਮਸਲਾ ਹੈ। ਜੇ ਤੁਸੀਂ ਖ਼ਾਨਾ-ਜੰਗੀ ਤੋਂ ਬਚਣਾ ਚਾਹੁੰਦੇ ਹੋ ਤਾਂ ਇਹ ਲਾਜ਼ਮੀ ਹੈ ਕਿ ਤੁਸੀਂ ਸਾਮਰਾਜੀ ਬਣ ਜਾਓ।"**

ਇਹ ਗੱਲ 1895 ਵਿੱਚ ਸੈਸਲ ਰੋਡੇਜ਼ ਨੇ, ਕਰੋੜਪਤੀ, ਵਿੱਤ ਦੇ ਇੱਕ ਬਾਦਸ਼ਾਹ

---

* ´Die Neue Zeit[a], XVI, I, 1898, S. 302.

** ਉਪਰੋਕਤ, ਪੰਨਾ 304।

ਨੇ, ਉਸ ਮਨੁੱਖ ਨੇ ਕਹੀ ਜਿਹੜਾ ਮੁੱਖ ਤੌਰ 'ਤੇ ਅੰਗਰੇਜ਼-ਬੋਅਰ ਯੁੱਧ ਲਈ ਜ਼ਿਮੇਵਾਰ ਸੀ। ਇਹ ਸੱਚ ਹੈ ਕਿ ਉਹਦੀ ਸਾਮਰਾਜਵਾਦ ਦੀ ਹਮਾਇਤ ਭੱਦੀ ਅਤੇ ਸਨਕੀ ਹੈ, ਪਰ ਆਪਣੀ ਵਸਤੂ ਵਿੱਚ ਇਹ ਉਸ "ਸਿਧਾਂਤ" ਤੋਂ ਵੱਖ ਨਹੀਂ ਜਿਸ ਦੀ ਸਰਵਸ਼੍ਰੀ ਮਾਸਲੋਵ, ਜ਼ੂਦੇਕੁਮ, ਪੋਤਰੇਸੋਵ, ਡੇਵਿਡ, ਰੂਸੀ ਮਾਰਕਸਵਾਦ ਦੇ ਮੋਢੀ ਅਤੇ ਹੋਰ ਲੋਕਾਂ ਨੇ ਹਮਾਇਤ ਕੀਤੀ। ਸੈਸਲ ਰੋਡੇਜ਼ ਕੁਝ ਵਧੇਰੇ ਈਮਾਨਦਾਰ ਸਮਾਜੀ-ਅੰਧਰਾਸ਼ਟਰਵਾਦੀ ਸੀ।...

ਸੰਸਾਰ ਦੀ ਇਲਾਕਾਈ ਵੰਡ ਦੀ ਅਤੇ ਪਿਛਲੇ ਦਹਾਕਿਆਂ ਵਿੱਚ ਇਸ ਸਬੰਧ ਵਿੱਚ ਜਿਹੜੀਆਂ ਤਬਦੀਲੀਆਂ ਆਈਆਂ ਹਨ, ਉਹਨਾਂ ਦੀ ਠੀਕ ਠੀਕ ਤਸਵੀਰ ਪੇਸ਼ ਕਰਨ ਲਈ, ਮੈਂ ਸੰਸਾਰ ਦੀਆਂ ਸਭਨਾਂ ਸ਼ਕਤੀਆਂ ਦੀਆਂ ਬਸਤੀਵਾਦੀ ਮਿਲਖ਼ਾਂ ਸਬੰਧੀ ਸੂਪਾਨ ਦੀ ਉਸ ਕਿਰਤ ਵਿੱਚ ਦਿੱਤਾ ਵੇਰਵਾ ਵਰਤਾਂਗਾ, ਜਿਸ ਦਾ ਮੈਂ ਪਹਿਲਾਂ ਹੀ ਜ਼ਿਕਰ ਕਰ ਚੁੱਕਾ ਹਾਂ। ਸੂਪਾਨ 1876 ਅਤੇ 1900 ਦੇ ਵਰ੍ਹੇ ਲੈਂਦਾ ਹੈ; ਮੈਂ 1876 ਦਾ ਵਰ੍ਹਾ—ਇੱਕ ਬਹੁਤ ਯੋਗ ਢੰਗ ਨਾਲ਼ ਚੁਣਿਆ ਵਰ੍ਹਾ, ਕਿਉਂਕਿ ਐਨ ਇਸ ਸਮੇਂ ਹੀ ਪੱਛਮੀ-ਯੂਰਪੀ ਸਰਮਾਏਦਾਰੀ ਦਾ ਪੂਰਵ-ਅਜਾਰੇਦਾਰੀ ਪੜਾਅ ਮੁੱਖ ਤੌਰ 'ਤੇ ਮੁਕੰਮਲ ਹੋਇਆ ਕਿਹਾ ਜਾ ਸਕਦਾ ਹੈ—ਅਤੇ 1914 ਦਾ ਵਰ੍ਹਾ ਲਵਾਂਗਾ ਅਤੇ ਸੂਪਾਨ ਦੇ ਅੰਕੜਿਆਂ ਦੀ ਥਾਂ ਹੂਬਨੇਰ ਦੀਆਂ ਭੂਗੋਲਕ ਅਤੇ ਅੰਕੜਕ ਸਾਰਣੀਆਂ ਵਿੱਚ ਦਿੱਤੇ ਵਧੇਰੇ ਸੱਜਰੇ ਅੰਕੜੇ ਦਿਆਂਗਾ। ਸੂਪਾਨ ਕੇਵਲ ਬਸਤੀਆਂ ਸਬੰਧੀ ਅੰਕੜੇ ਦੇਂਦਾ ਹੈ; ਮੈਂ ਇਸ ਗੱਲ ਨੂੰ ਲਾਹੇਵੰਦਾ ਸਮਝਦਾ ਹਾਂ ਕਿ ਸੰਸਾਰ ਦੀ ਵੰਡ ਦੀ ਮੁਕੰਮਲ ਤਸਵੀਰ ਪੇਸ਼ ਕਰਨ ਲਈ ਗ਼ੈਰ-ਬਸਤੀਆਂ ਅਤੇ ਅਰਧ-ਬਸਤੀ ਦੇਸ਼ਾਂ ਸਬੰਧੀ ਵਾਕਫ਼ੀ ਵੀ ਸ਼ਾਮਲ ਕੀਤੀ ਜਾਵੇ, ਜਿਸ ਪੱਟੀ ਵਿੱਚ ਮੈਂ ਈਰਾਨ, ਚੀਨ ਅਤੇ ਤੁਰਕੀ ਨੂੰ ਰੱਖਦਾ ਹਾਂ: ਇਹਨਾਂ ਵਿੱਚੋਂ ਪਹਿਲਾ ਦੇਸ਼ ਪਹਿਲਾਂ ਹੀ ਲਗਭਗ ਮੁਕੰਮਲ ਬਸਤੀ ਹੈ ਅਤੇ ਦੂਜਾ ਅਤੇ ਤੀਜਾ ਤੇਜ਼ੀ ਨਾਲ਼ ਅਜਿਹੇ ਬਣਦੇ ਜਾ ਰਹੇ ਹਨ।[40]

ਸੋ ਸਾਨੂੰ ਹੇਠ ਲਿਖਿਆ ਸਿੱਟਾ ਪ੍ਰਾਪਤ ਹੁੰਦਾ ਹੈ:

ਇਹਨਾਂ ਅੰਕੜਿਆਂ ਤੋਂ ਅਸੀਂ ਸਾਫ਼ ਤੌਰ 'ਤੇ ਵੇਖਦੇ ਹਾਂ ਕਿ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸੰਸਾਰ ਦੀ ਵੰਡ ਕਿੰਨੀ "ਮੁਕੰਮਲ" ਸੀ। 1876 ਤੋਂ ਪਿੱਛੋਂ ਬਸਤੀਵਾਦੀ ਮਿਲਖਾਂ ਅਥਾਹ ਹੱਦਾਂ ਤੱਕ ਵਧ ਗਈਆਂ, ਪੰਜਾਹ ਫ਼ੀਸਦੀ ਤੋਂ ਵੀ ਵਧੇਰੇ ਨਾਲ਼, ਛੇ ਸਭ ਤੋਂ ਵੱਡੀਆਂ ਤਾਕਤਾਂ ਲਈ 4,00,00,000 ਵਰਗ ਕਿਲੋਮੀਟਰ ਤੋਂ 6,50,00,000 ਵਰਗ ਕਿਲੋਮੀਟਰ ਤੱਕ; ਵਾਧਾ 2,50,00,000 ਵਰਗ ਕਿਲੋਮੀਟਰ ਬਣਦਾ ਹੈ, ਹਾਕਮ ਦੇਸ਼ਾਂ ਦੇ ਇਲਾਕੇ (1,65,00,000 ਵਰਗ ਕਿਲੋਮੀਟਰ) ਤੋਂ ਪੰਜਾਹ ਫ਼ੀਸਦੀ ਵੱਧ ਇਲਾਕਾ। 1876 ਵਿੱਚ ਤਿੰਨਾਂ ਤਾਕਤਾਂ ਦੀਆਂ ਕੋਈ ਬਸਤੀਆਂ ਨਹੀਂ ਸਨ ਅਤੇ ਚੌਥੀ, ਫ਼ਰਾਂਸ ਦੀਆਂ ਨਾ ਹੋਣ ਦੇ ਬਰਾਬਰ ਸਨ। 1914 ਤੱਕ ਇਹਨਾਂ ਚਾਰ ਤਾਕਤਾਂ ਨੇ 1,41,00,000 ਵਰਗ ਕਿਲੋਮੀਟਰ ਇਲਾਕੇ ਦੀਆਂ, ਅਰਥਾਤ ਯੂਰਪ ਦੇ ਇਲਾਕੇ ਨਾਲ਼ੋਂ ਡਿਊਢੇ ਇਲਾਕੇ ਦੀਆਂ ਬਸਤੀਆਂ ਪ੍ਰਾਪਤ ਕਰ ਲਈਆਂ, ਜਿਨ੍ਹਾਂ ਦੀ ਵਸੋਂ ਲਗਭਗ 10,00,00,000 ਸੀ। ਬਸਤੀਵਾਦੀ ਮਿਲਖ਼ਾਂ ਦੇ ਵਧਣ ਦੀ ਦਰ ਵਿੱਚ ਅਸਾਵਾਂਪੁਣਾ ਬਹੁਤ ਜ਼ਿਆਦਾ ਹੈ। ਜੇ ਅਸੀਂ; ਮਿਸਾਲ ਵਜੋਂ, ਫ਼ਰਾਂਸ, ਜਰਮਨੀ ਅਤੇ ਜਪਾਨ ਦਾ ਮੁਕਾਬਲਾ ਕਰੀਏ, ਜਿਨ੍ਹਾਂ ਵਿੱਚ ਇਲਾਕੇ ਅਤੇ

**ਵੱਡੀਆਂ ਸ਼ਕਤੀਆਂ ਦੀਆਂ ਬਸਤੀਵਾਦੀ ਮਿਲਖ਼ਾਂ**

(0,00,000 **ਵਰਗ ਕਿਲੋਮੀਟਰ ਅਤੇ** 0,00,000 **ਵਸੋਂ**)

| | ਬਸਤੀਆਂ | | | | ਹਾਕਮ ਦੇਸ਼ | | ਕੁੱਲ ਜੋੜ | |
|---|---|---|---|---|---|---|---|---|
| | 1876 | | 1914 | | 1914 | | 1914 | |
| | ਇਲਾਕਾ | ਵਸੋਂ | ਇਲਾਕਾ | ਵਸੋਂ | ਇਲਾਕਾ | ਵਸੋਂ | ਇਲਾਕਾ | ਵਸੋਂ |
| ਬਰਤਾਨੀਆ | 22.5 | 251.9 | 33.5 | 393.5 | 0.3 | 46.5 | 33.8 | 440.0 |
| ਰੂਸ | 17.0 | 15.9 | 17.4 | 33.2 | 5.4 | 136.2 | 22.8 | 169.4 |
| ਫਰਾਂਸ | 0.9 | 6.0 | 10.6 | 55.5 | 0.5 | 39.6 | 11.1 | 95.1 |
| ਜਰਮਨੀ | — | — | 2.9 | 12.3 | 0.5 | 64.9 | 3.4 | 77.2 |
| ਅਮਰੀਕਾ | — | — | 0.3 | 9.7 | 9.4 | 97.0 | 9.7 | 106.2 |
| ਜਪਾਨ | — | — | 0.3 | 19.2 | 0.4 | 53.0 | 0.7 | 72.2 |
| **ਛੇ ਵੱਡੀਆਂ ਤਾਕਤਾਂ ਲਈ ਕੁੱਲ ਜੋੜ** | 40.4 | 273.8 | 65.0 | 523.4 | 16.5 | 437.2 | 81.5 | 960.5 |
| ਹੋਰਨਾਂ ਤਾਕਤਾਂ ਦੀਆਂ ਬਸਤੀਆਂ (ਬੈਲਜੀਅਮ, ਹਾਲੈਂਡ ਆਦਿ) | | | | | | | 9.9 | 45.3 |
| ਅਰਧ-ਬਸਤੀਆਂ ਦੇਸ਼ (ਈਰਾਨ, ਚੀਨ, ਤੁਰਕੀ) | | | | | | | 14.5 | 361.2 |
| ਹੋਰ ਦੇਸ਼ | | | | | | | 28.0 | 289.9 |
| **ਸੰਸਾਰ ਲਈ ਕੁੱਲ ਜੋੜ** | | | | | | | 133.9 | 1,657.0 |

ਵਸੋਂ ਦੇ ਪੱਖੋਂ ਬਹੁਤਾ ਫ਼ਰਕ ਨਹੀਂ ਤਾਂ ਅਸੀਂ ਵੇਖਦੇ ਹਾਂ ਕਿ ਪਹਿਲੇ ਨੇ ਦੂਜੇ ਦੁਹਾਂ ਦੇ ਸਾਂਝੇ ਇਲਾਕੇ ਨਾਲ਼ੋਂ ਲਗਭਗ ਤਿੰਨ ਗੁਣਾ ਬਸਤੀਆਂ ਦਾ ਇਲਾਕਾ ਪ੍ਰਾਪਤ ਕਰ ਲਿਆ ਹੈ। ਜਿੱਥੋਂ ਤੱਕ ਵਿੱਤ ਸਰਮਾਏ ਦਾ ਸਬੰਧ ਹੈ, ਅਸੀਂ ਜਿਹੜੇ ਸਮੇਂ ਨੂੰ ਵਿਚਾਰ ਰਹੇ ਹਾਂ ਉਹਦੇ ਮੁੱਢ ਉੱਤੇ ਫ਼ਰਾਂਸ, ਸ਼ਾਇਦ ਜਰਮਨੀ ਅਤੇ ਜਪਾਨ ਦੁਹਾਂ ਦੇ ਸਾਂਝੇ ਨਾਲ਼ੋਂ ਕਈ ਗੁਣਾ ਅਮੀਰ ਸੀ। ਖ਼ਾਲਸ ਆਰਥਕ ਪ੍ਰਸਥਿਤੀਆਂ ਦੇ ਅਧਾਰ ਉੱਤੇ ਅਤੇ ਉਹਨਾਂ ਤੋਂ ਬਿਨਾਂ ਭੂਗੋਲਕ ਅਤੇ ਹੋਰ ਪ੍ਰਸਥਿਤੀਆਂ ਦੀ ਬਸਤੀਵਾਦੀ ਮਿਲਖ਼ ਦੇ ਪਸਾਰ ਉੱਤੇ ਪ੍ਰਭਾਵ ਪਾਉਂਦੀਆਂ ਹਨ। ਪਿਛਲੇ ਦਹਾਕਿਆਂ ਵਿੱਚ ਵੱਡੀ ਪੱਧਰ ਦੀ ਸਨਅਤ, ਤਬਾਦਲੇ ਅਤੇ ਵਿੱਤ ਸਰਮਾਏ ਦੇ ਦਬਾਅ ਕਾਰਨ ਸੰਸਾਰ ਨੂੰ ਪਧਰਾਉਣ, ਵੱਖ ਵੱਖ ਦੇਸ਼ਾਂ ਵਿੱਚ ਆਰਥਕ ਅਤੇ ਜੀਵਨ ਪ੍ਰਸਥਿਤੀਆਂ ਨੂੰ ਪਧਰਾਉਣ ਦਾ ਅਮਲ ਕਿੰਨਾਂ ਬਲਵਾਨ ਕਿਉਂ ਨਾ ਰਿਹਾ ਹੋਵੇ, ਅਜੇ ਵੀ ਚੋਖੇ ਫ਼ਰਕ ਬਾਕੀ ਹਨ ਅਤੇ ਜਿਨ੍ਹਾਂ ਛੇ ਦੇਸ਼ਾਂ ਦਾ ਜ਼ਿਕਰ ਕੀਤਾ ਗਿਆ ਹੈ ਉਹਨਾਂ ਵਿੱਚ, ਪਹਿਲੇ, ਅਸੀਂ ਨਵੇਂ ਸਰਮਾਏਦਾਰ ਦੇਸ਼ ਵੇਖਦੇ ਹਾਂ (ਅਮਰੀਕਾ, ਜਰਮਨੀ, ਜਪਾਨ), ਜਿਨ੍ਹਾਂ ਦੀ ਉੱਨਤੀ ਅਸਾਧਾਰਨ ਤੌਰ 'ਤੇ ਤੇਜ਼ ਰਹੀ ਹੈ; ਦੂਜੇ ਪੁਰਾਣੇ ਸਰਮਾਏਦਾਰ ਵਿਕਾਸ ਵਾਲ਼ੇ ਦੇਸ਼ (ਫ਼ਰਾਂਸ ਅਤੇ ਬਰਤਾਨੀਆ), ਜਿਨ੍ਹਾਂ ਦੀ ਉੱਨਤੀ ਪਿੱਛੇ ਜਿਹੇ ਤੋਂ ਪਹਿਲਾਂ ਦੱਸੇ ਦੇਸ਼ਾਂ ਨਾਲ਼ੋਂ ਕਿਤੇ ਮੱਧਮ ਰਹੀ ਹੈ ਅਤੇ ਤੀਜੇ, ਆਰਥਕ ਪੱਖੋਂ, ਇੱਕ ਅਤਿ-ਅੰਤ ਪੱਛੜਿਆ ਦੇਸ਼ (ਰੂਸ), ਜਿੱਥੇ, ਇਹ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਸਰਮਾਏਦਾਰ ਸਾਮਰਾਜਵਾਦ ਪੂਰਵ-ਸਰਮਾਏਦਾਰ ਸਬੰਧਾਂ ਦੇ ਵਿਸ਼ੇਸ਼ ਤੌਰ 'ਤੇ ਸੰਘਣੇ ਜਾਲ਼ ਨਾਲ਼ ਜਕੜਿਆ ਹੋਇਆ ਹੈ।

ਵੱਡੀਆਂ ਤਾਕਤਾਂ ਦੀਆਂ ਬਸਤੀਵਾਦੀ ਮਿਲਖਾਂ ਦੇ ਨਾਲ਼ ਨਾਲ਼ ਅਸਾਂ ਨਿੱਕੇ ਰਾਜਾਂ ਦੀਆਂ ਨਿੱਕੀਆਂ ਬਸਤੀਆਂ ਰੱਖੀਆਂ ਹਨ, ਜਿਹੜੀਆਂ, ਇਹ ਕਿਹਾ ਜਾ ਸਕਦਾ ਹੈ ਬਸਤੀਆਂ ਦੀ ਸੰਭਵ ਅਤੇ ਸੰਭਾਵੀ "ਮੁੜ-ਵੰਡ" ਦਾ ਨਿਸ਼ਾਨਾ ਬਣ ਸਕਦੀਆਂ ਹਨ। ਇਹ ਨਿੱਕੇ ਰਾਜ ਕੇਵਲ ਇਸ ਕਰਕੇ ਆਪਣੀਆਂ ਬਸਤੀਆਂ ਰੱਖ ਸਕੇ ਹਨ ਕਿ ਵੱਡੀਆਂ ਤਾਕਤਾਂ ਵਿੱਚ ਟਕਰਾਉਂਦੇ ਹਿੱਤਾਂ, ਝਗੜਿਆਂ, ਆਦਿ ਕਾਰਨ ਫੁੱਟ ਹੈ, ਜਿਹੜੀ ਉਹਨਾਂ ਨੂੰ ਲੁੱਟ ਦੇ ਮਾਲ ਦੀ ਵੰਡ ਸਬੰਧੀ ਸਮਝੌਤੇ ਉੱਤੇ ਅਪੜਨੋਂ ਰੋਕਦੀ ਹੈ। ਜਿੱਥੋਂ ਤੱਕ ਅਰਧ-ਬਸਤੀਆਂ ਦਾ ਸਬੰਧ ਹੈ ਉਹ ਉਸ ਅੰਤਰਕਾਲੀਨ ਰੂਪਾਂ ਦੀ ਉਦਾਹਰਣ ਪੇਸ਼ ਕਰਦੀਆਂ ਹਨ ਜਿਹੜੇ ਪ੍ਰਕਿਰਤੀ ਅਤੇ ਸਮਾਜ ਦੇ ਸਭਨਾਂ ਖੇਤਰਾਂ ਵਿੱਚ ਪਾਏ ਜਾਂਦੇ ਹਨ। ਵਿੱਤ ਸਰਮਾਇਆ, ਤੁਸੀਂ ਕਹਿ ਸਕਦੇ ਹੋ, ਸਭਨਾਂ ਆਰਥਕ ਅਤੇ ਸਭਨਾਂ ਕੌਮਾਂਤਰੀ ਸਬੰਧਾਂ ਵਿੱਚ ਇੰਨੀ ਮਹਾਨ, ਇੰਨੀ ਨਿਰਣਾਇਕ ਸ਼ਕਤੀ ਹੈ, ਕਿ ਉਹ ਉਹਨਾਂ ਰਾਜਾਂ ਨੂੰ, ਜਿਹੜੇ ਅਤਿ-ਅੰਤ ਪੂਰਨ ਰਾਜਸੀ ਸੁਤੰਤਰਤਾ ਵਾਲ਼ੇ ਜਾਪਦੇ ਹਨ, ਆਪਣੇ ਅਧੀਨ ਕਰਨ ਦੇ ਯੋਗ ਹੈ ਅਤੇ ਕਰਦਾ ਹੈ; ਅਸੀਂ ਛੇਤੀ ਹੀ ਇਹਦੀਆਂ ਮਿਸਾਲਾਂ ਵੇਖਾਂਗੇ। ਨਿਰਸੰਦੇਹ ਵਿੱਤ ਸਰਮਾਏ ਨੂੰ ਅਧੀਨਗੀ ਦਾ ਉਹ **ਰੂਪ** ਅਤਿ-ਅੰਤ "ਸੁਖਾਵਾਂ" ਲੱਗਦਾ ਹੈ ਅਤੇ ਉਹ ਉਸ ਤੋਂ ਸਭ ਤੋਂ ਵੱਧ ਲਾਭ ਪ੍ਰਾਪਤ ਕਰਦਾ ਹੈ, ਜਿਸ ਵਿੱਚ ਅਧੀਨ ਬਣਾਏ ਦੇਸ਼ਾਂ ਅਤੇ ਕੌਮਾਂ ਦੀ ਰਾਜਸੀ ਅਜ਼ਾਦੀ ਖੁੱਸ ਜਾਂਦੀ ਹੈ। ਇਸ ਸਬੰਧ ਵਿੱਚ ਅਰਧ-ਬਸਤੀ ਦੇਸ਼ "ਦਰਮਿਆਨੇ ਪੜਾਅ" ਦੀ ਇੱਕ ਲਖਣਾਇਕ ਮਿਸਾਲ ਪੇਸ਼ ਕਰਦੇ ਹਨ। ਇਹ ਸੁਭਾਵਿਕ ਹੈ ਕਿ ਵਿੱਤ ਸਰਮਾਏ ਦੇ ਯੁਗ ਵਿੱਚ, ਜਦੋਂ ਬਾਕੀ

ਦਾ ਸੰਸਾਰ ਪਹਿਲਾਂ ਹੀ ਵੰਡਿਆ ਗਿਆ ਹੈ, ਇਹਨਾਂ ਅਰਧ-ਸੁਤੰਤਰ ਦੇਸ਼ਾਂ ਲਈ ਘੋਲ਼ ਖ਼ਾਸ ਕਰਕੇ ਤਿੱਖਾ ਹੋ ਗਿਆ ਹੋਵੇ।

ਬਸਤੀਵਾਦੀ ਨੀਤੀ ਅਤੇ ਸਾਮਰਾਜਵਾਦ ਦੀ ਸਰਮਾਏਦਾਰੀ ਦੇ ਵਿਕਾਸ ਦੇ ਨਵੀਨਤਮ ਪੜਾਅ ਤੋਂ ਅਤੇ ਇੱਥੋਂ ਤੱਕ ਕਿ ਸਰਮਾਏਦਾਰੀ ਤੋਂ ਵੀ ਪਹਿਲਾਂ ਹੋਂਦ ਸੀ। ਰੋਮ, ਜਿਹੜਾ ਗੁਲਾਮੀ ਉੱਤੇ ਅਧਾਰਿਤ ਸੀ, ਬਸਤੀਵਾਦੀ ਨੀਤੀ ਉੱਤੇ ਚੱਲਦਾ ਸੀ ਅਤੇ ਸਾਮਰਾਜਵਾਦ ਉੱਤੇ ਅਮਲ ਕਰਦਾ ਸੀ। ਪਰ ਸਾਮਰਾਜਵਾਦ ਸਬੰਧੀ "ਆਮ" ਵਿਵੇਚਨਾਵਾਂ, ਜਿਹੜੀਆਂ ਸਮਾਜੀ-ਆਰਥਿਕ ਬਣਤਰਾਂ ਨੂੰ ਅੱਖੋਂ ਉਹਲੇ ਕਰਦੀਆਂ ਹਨ ਜਾਂ ਉਹਨਾਂ ਨੂੰ ਪਿਛੋਕੜ ਵਿੱਚ ਸੁੱਟ ਦੇਂਦੀਆਂ ਹਨ, ਅਟੱਲ ਤੌਰ 'ਤੇ "ਮਹਾਨ-ਤਰ ਰੋਮ ਅਤੇ ਮਹਾਨ-ਤਰ ਬਰਤਾਨੀਆ"* ਜਿਹੇ ਮੁਕਾਬਲਿਆਂ ਦੀਆਂ ਅਤਿ-ਅੰਤ ਫ਼ੋਕੀਆਂ ਤੁੱਛਤਾਵਾਂ ਜਾਂ ਬੜ੍ਹਾਂ ਮਾਰਨਾ ਬਣ ਜਾਂਦੀਆਂ ਹਨ। ਇੱਥੋਂ ਤੱਕ ਕਿ ਸਰਮਾਏਦਾਰੀ ਦੇ **ਪਿਛਲੇਰੇ** ਪੜਾਵਾਂ ਦੀ ਸਰਮਾਏਦਾਰ ਬਸਤੀਵਾਦੀ ਨੀਤੀ ਵੀ ਵਿੱਤ ਸਰਮਾਏ ਦੀ ਬਸਤੀਵਾਦੀ ਨੀਤੀ ਤੋਂ ਲਾਜ਼ਮੀ ਵੱਖ ਹੁੰਦੀ ਹੈ।

ਸਰਮਾਏਦਾਰੀ ਦੇ ਵਿਕਾਸ ਦੇ ਨਵੀਨਤਮ ਪੜਾਅ ਦਾ ਮੁੱਖ ਲੱਛਣ ਵੱਡੇ ਮਾਲਕਾਂ ਦੀਆਂ ਅਜਾਰੇਦਾਰ ਸਭਾਵਾਂ ਦੀ ਪ੍ਰਬਲਤਾ ਹੈ। ਜਦੋਂ ਕੱਚੇ ਪਦਾਰਥਾਂ ਦੇ **ਸਾਰੇ** ਸੋਮੇਂ ਇਹਨਾਂ ਅਜਾਰੇਦਾਰੀਆਂ ਦੇ ਕਬਜ਼ੇ ਹੇਠ ਆ ਜਾਂਦੇ ਹਨ ਤਾਂ ਇਹ ਅਜਾਰੇਦਾਰੀਆਂ ਵੱਧ ਤੋਂ ਵੱਧ ਪੱਕੀ ਤਰ੍ਹਾਂ ਸਥਾਪਤ ਹੋ ਜਾਂਦੀਆਂ ਹਨ ਅਤੇ ਅਸਾਂ ਵੇਖਿਆ ਹੈ ਕਿ ਆਪਣੇ ਵਿਰੋਧੀਆਂ ਨੂੰ ਮੁਕਾਬਲਾ ਕਰਨ ਦੇ ਕਿਸੇ ਵੀ ਅਵਸਰ ਤੋਂ ਵਿਰਵਾ ਕਰਨ ਲਈ, ਮਿਸਾਲ ਵਜੋਂ, ਖਣਿਜ ਲੋਹੇ ਦੇ ਖੇਤਰ, ਤੇਲ ਦੇ ਮੈਦਾਨ, ਆਦਿ, ਖਰੀਦਣ ਲਈ ਕੌਮਾਂਤਰੀ ਸਰਮਾਏਦਾਰ ਸਭਾਵਾਂ ਕਿੰਨੇ ਉਤਸਾਹ ਨਾਲ਼ ਕੰਮ ਕਰਦੀਆਂ ਹਨ। ਕੇਵਲ ਬਸਤੀਵਾਦੀ ਮਿਲਖ਼ਾਂ ਹੀ ਅਜਾਰੇਦਾਰੀਆਂ ਨੂੰ ਵਿਰੋਧੀਆਂ ਵਿਰੁੱਧ ਘੋਲ਼ ਵਿੱਚ ਸਭਨਾਂ ਸੰਭਾਵਨਾਵਾਂ ਵਿਰੁੱਧ ਪੂਰੀ ਜ਼ਾਮਨੀ ਦੇਂਦੀਆਂ ਹਨ, ਜਿਨ੍ਹਾਂ ਵਿੱਚ ਉਸ ਵਿਰੋਧੀ ਵਿਰੁੱਧ ਜ਼ਾਮਨੀ ਵੀ ਸ਼ਾਮਲ ਹੈ ਜਿਹੜਾ ਰਾਜਕੀ ਅਜਾਰੇਦਾਰੀ ਸਥਾਪਤ ਕਰਨ ਵਾਲ਼ੇ ਕਾਨੂੰਨ ਰਾਹੀਂ ਰੱਖਿਆ ਦਾ ਚਾਹਵਾਨ ਹੈ। ਜਿੰਨਾਂ ਵਧੇਰੇ ਸਰਮਾਏਦਾਰੀ ਵਿਕਾਸ ਕਰੇਗੀ, ਜਿੰਨੀ ਵਧੇਰੇ ਤੀਖਣਤਾ ਨਾਲ਼ ਕੱਚੇ ਪਦਾਰਥਾਂ ਦੀ ਥੁੜ੍ਹ ਅਨੁਭਵ ਹੁੰਦੀ ਹੈ, ਸੰਸਾਰ ਭਰ ਵਿੱਚ ਕੱਚੇ ਮਾਲ ਦੇ ਸੋਮਿਆਂ ਦੀ ਭਾਲ਼ ਲਈ ਮੁਕਾਬਲਾ ਜਿੰਨਾਂ ਵਧੇਰੇ ਤਿੱਖਾ ਹੁੰਦਾ ਹੈ, ਬਸਤੀਆਂ ਦੀ ਪ੍ਰਾਪਤੀ ਲਈ ਘੋਲ਼ ਉਨ੍ਹਾਂ ਵਧੇਰੇ ਸਿਰਲੱਥ ਹੋ ਜਾਵੇਗਾ।

ਸ਼ਿਲਡਰ ਲਿਖਦਾ ਹੈ: "ਇਹ ਕਿਹਾ ਜਾ ਸਕਦਾ ਹੈ, ਭਾਵੇਂ ਇਹ ਕੁਝ ਲੋਕਾਂ ਨੂੰ ਇੱਕ ਉਲਟੀ ਗੱਲ ਜਾਪੇ, ਕਿ ਘੱਟ ਜਾਂ ਵੱਧ ਦਿੱਸਦੇ ਭਵਿੱਖ ਵਿੱਚ ਸਨਅਤੀ ਅਤੇ ਸ਼ਹਿਰੀ

---

* C. P. Lucas, ´Greater Rome and Greater Britain[a], Oxford, 1912 (ਕ. ਪ. ਲੂਕਾਸ, "ਮਹਾਨ-ਤਰ ਰੋਮ ਅਤੇ ਮਹਾਨ-ਤਰ ਬਰਤਾਨੀਆ", ਆਕਸਫ਼ੋਰਡ, 1912-**ਸੰਪਾ:**) Earl of Cromer ´Ancient and Modern Imperialism[a]. London, 1910. (ਅਰਲ ਆਫ਼ ਕਰੋਮਰ, "ਪ੍ਰਾਚੀਨ ਅਤੇ ਨਵੀਨ ਸਾਮਰਾਜਵਾਦ," ਲੰਦਨ, 1910—**ਸੰਪਾ:**)।

ਵਸੋਂ ਦੇ ਭਵਿੱਖ ਵਿੱਚ ਵਾਧੇ ਵਿੱਚ ਖ਼ੁਰਾਕ ਦੀ ਥੁੜ੍ਹ ਨਾਲ਼ੋਂ ਸਨਅਤ ਲਈ ਕੱਚੇ ਪਦਾਰਥਾਂ ਦੀ ਥੁੜ੍ਹ ਕਾਰਨ ਵਧੇਰੇ ਰੋਕ ਪਵੇਗੀ।"ਮਿਸਾਲ ਵਜੋਂ ਇਮਾਰਤੀ ਲੱਕੜੀ ਦੀ—ਜਿਸਦੀ ਕੀਮਤ ਪਹਿਲਾਂ ਹੀ ਵਧ ਰਹੀ ਹੈ—ਚਮੜੇ ਅਤੇ ਕੱਪੜੇ ਦੀ ਸਨਅਤ ਲਈ ਕੱਚੇ ਮਾਲਾਂ ਦੀ ਥੁੜ੍ਹ ਵੱਧ ਰਹੀ ਹੈ।"ਕਾਰਖਾਨੇਦਾਰਾਂ ਦੀਆਂ ਸਭਾਵਾਂ ਸੰਸਾਰ ਭਰ ਦੀ ਅਰਾਜਕਤਾ ਵਿੱਚ ਖੇਤੀ ਅਤੇ ਸਨਅਤ ਵਿਚਕਾਰ ਇੱਕ ਤੋਲ ਪੈਦਾ ਕਰਨ ਦਾ ਯਤਨ ਕਰ ਰਹੀਆਂ ਹਨ ਇਹਦੀ ਮਿਸਾਲ ਵਜੋਂ ਅਸੀਂ ਕੁਝ ਸਭ ਤੋਂ ਵੱਧ ਮਹੱਤਵਪੂਰਨ ਸਨਅਤੀ ਦੇਸ਼ਾਂ ਵਿੱਚ 1904 ਵਿੱਚ ਸਥਾਪਤ ਕੀਤੀ ਇੰਟਰਨੈਸ਼ਨਲ ਫ਼ੈਡਰੇਸ਼ਨ ਆਫ਼ ਕਾਟਨ ਸਪਿਨਰਜ਼ ਦਾ ਅਤੇ ਉਸੇ ਹੀ ਨਮੂਨੇ ਉੱਤੇ 1910 ਵਿੱਚ ਸਥਾਪਤ ਕੀਤੀ ਯੂਰਪੀਨ ਫ਼ੈਡਰੇਸ਼ਨ ਆਫ਼ ਫ਼ਲੈਕਸ ਸਪਿਨਰਜ਼ ਦਾ ਜ਼ਿਕਰ ਸਕਦੇ ਹਾਂ।"*

ਨਿਰਸੰਦੇਹ, ਬੁਰਜੂਆ ਸੁਧਾਰਵਾਦੀ ਅਤੇ ਉਹਨਾਂ ਵਿੱਚ ਕਾਊਟਸਕੀ ਦੇ ਅਜੋਕੇ ਹਾਮੀ ਵੀ ਸ਼ਾਮਲ ਹਨ, ਇਹ ਦਲੀਲ ਦੇ ਕੇ ਕਿ "ਮਹਿੰਗੀ ਅਤੇ ਖ਼ਤਰਨਾਕ" ਬਸਤੀਵਾਦੀ ਨੀਤੀ ਤੋਂ ਬਿਨਾਂ ਕੱਚੇ ਪਦਾਰਥ ਖੁੱਲ੍ਹੀ ਮੰਡੀ ਵਿੱਚ ਪ੍ਰਾਪਤ ਕੀਤੇ "ਜਾ ਸਕਦੇ" ਹਨ ਅਤੇ ਇਹ ਕਿ ਕੱਚੇ ਪਦਾਰਥਾਂ ਦੀ ਸਪਲਾਈ "ਬਸ" ਆਮ ਤੌਰ 'ਤੇ ਖੇਤੀ ਵਿੱਚ ਪ੍ਰਸਥਿਤੀਆਂ ਚੰਗੇਰੀਆਂ ਬਣਾ ਕੇ ਅਥਾਹ ਵਧਾਈ ਜਾ ਸਕਦੀ ਹੈ।ਪਰ ਅਜਿਹੀਆਂ ਦਲੀਲਾਂ ਸਾਮਰਾਜਵਾਦ ਲਈ ਸਫ਼ਾਈ ਹੀ ਬਣ ਜਾਂਦੀਆਂ ਹਨ ਉਹ ਇਹਨੂੰ ਚਮਕਦੇ ਰੰਗਾਂ ਵਿੱਚ ਪੇਸ਼ ਕਰਨ ਦਾ ਯਤਨ ਬਣ ਜਾਂਦੀਆਂ ਹਨ ਕਿਉਂਕਿ ਉਹ ਸਰਮਾਏਦਾਰੀ ਦੇ ਵਿਕਾਸ ਦੇ ਨਵੀਨਤਮ ਪੜਾਅ ਦੇ ਮੁੱਖ ਲੱਛਣ ਨੂੰ ਅੱਖੋਂ ਉਹਲੇ ਕਰਦੀਆਂ ਹਨ: ਅਜਾਰੇਦਾਰੀਆਂ ਨੂੰ।ਅਜ਼ਾਦ ਮੰਡੀ ਸਦਾ ਵਧੇਰੇ ਬੀਤੇ ਦੀ ਗੱਲ ਬਣਦੀ ਜਾ ਰਹੀ ਹੈ; ਅਜਾਰੇਦਾਰ ਸਿੰਡੀਕੇਟਾਂ ਅਤੇ ਟਰੱਸਟ ਹਰ ਲੰਘਦੇ ਦਿਨ ਇਹਨੂੰ ਸੌੜੇਰਾ ਕਰਦੇ ਜਾ ਰਹੇ ਹਨ ਅਤੇ "ਬਸ" ਖੇਤੀ ਦੀਆਂ ਪ੍ਰਸਥਿਤੀਆਂ ਬਣਾਉਣ ਦੇ ਅਰਥ ਜਨਤਾ ਦੀਆਂ ਪ੍ਰਸਥਿਤੀਆਂ ਚੰਗੇਰੀਆਂ ਬਣਾਉਣਾ, ਉਜਰਤਾਂ ਉੱਚੀਆਂ ਕਰਨਾ ਅਤੇ ਨਫ਼ੇ ਘੱਟ ਕਰਨਾ ਹੈ। ਜਜ਼ਬਾਤੀ ਸੁਧਾਰਵਾਦੀਆਂ ਦੀ ਕਲਪਨਾ ਤੋਂ ਬਾਹਰ ਅਜਿਹੇ ਟਰੱਸਟ ਕਿੱਥੇ ਹਨ ਜਿਹੜੇ ਬਸਤੀਵਾਦੀ ਜਿੱਤ ਦੀ ਥਾਂ ਆਪਣੇ ਆਪ ਨੂੰ ਜਨਤਾ ਦੀ ਪ੍ਰਸਥਿਤੀ ਚੰਗੇਰੀ ਬਣਾਉਣ ਵੱਲ ਲਾ ਸਕਦੇ ਹਨ ?

ਵਿੱਤ ਸਰਮਾਏ ਨੂੰ ਕੱਚੇ ਪਦਾਰਥਾਂ ਦੇ ਨਾ ਕੇਵਲ ਪਹਿਲਾਂ ਹੀ ਲੱਭੇ ਜਾ ਚੁੱਕੇ ਸੋਮਿਆਂ ਵਿੱਚ ਸਗੋਂ ਭਾਵੀ ਸੋਮਿਆਂ ਵਿੱਚ ਵੀ ਦਿਲਚਸਪੀ ਹੈ, ਕਿਉਂਕਿ ਅਜੋਕਾ ਟੈਕਨੀਕਲ ਵਿਕਾਸ ਅਤਿ-ਅੰਤ ਤਿੱਖਾ ਹੈ ਅਤੇ ਜੇ ਨਵੇਂ ਢੰਗ ਵਰਤੇ ਜਾਣ ਅਤੇ ਸਰਮਾਏ ਦੀਆਂ ਵੱਡੀਆਂ ਮਾਤਰਾਵਾਂ ਲਾਈਆਂ ਜਾਣ ਤਾਂ ਜਿਹੜੀ ਭੋਂ ਅੱਜ ਬੇਕਾਰ ਹੈ, ਉਹ ਕੱਲ੍ਹ ਚੰਗੇਰੀ ਬਣਾਈ ਜਾ ਸਕਦੀ ਹੈ (ਇਸ ਮੰਤਵ ਲਈ ਕੋਈ ਵੱਡਾ ਬੈਂਕ ਇੰਜੀਨੀਅਰਾਂ, ਖੇਤੀ ਮਾਹਰਾਂ, ਆਦਿ ਦੀ ਵਿਸ਼ੇਸ ਮੁਹਿੰਮ ਲੈਸ ਕਰ ਸਕਦਾ ਹੈ)। ਇਹੋ ਕੁਝ ਖਣਿਜਾਂ ਦੀ ਭਾਲ਼, ਕੱਚੇ ਪਦਾਰਥਾਂ ਤੋਂ ਮਾਲ ਤਿਆਰ ਕਰਨ ਅਤੇ ਉਹਨਾਂ ਨੂੰ ਵਰਤਣ, ਇਤਿਆਦਿ, ਉੱਤੇ ਵੀ ਲਾਗੂ

* ਸ਼ਿਲਡਰ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨੇ 38-42,

ਹੁੰਦਾ ਹੈ। ਇਸੇ ਲਈ ਵਿੱਤ ਸਰਮਾਏ ਦੇ ਆਪਣੇ ਰਸੂਖ਼ ਦੇ ਖੇਤਰ ਅਤੇ ਇੱਥੋਂ ਤੱਕ ਕਿ ਆਪਣਾ ਵਾਸਤਵਿਕ ਇਲਾਕਾ ਵਧਾਉਣ ਦੇ ਯਤਨ। ਜਿਸ ਤਰ੍ਹਾਂ ਟਰੱਸਟ "ਭਾਵੀ" (ਵਾਸਤਵਿਕ ਨਹੀਂ) ਨਫ਼ਿਆਂ ਨੂੰ ਅਤੇ ਅਜਾਰੇਦਾਰੀ ਦੇ ਹੋਰ ਸਿੱਟਿਆਂ ਨੂੰ ਮੁੱਖ ਰੱਖਦੇ ਹੋਏ ਆਪਣੀ ਜਾਇਦਾਦ ਦਾ ਉਹਦੇ ਮੁੱਲ ਤੋਂ ਦੋ ਜਾਂ ਤਿੰਨ ਗੁਣਾ ਸਰਮਾਇਆਕਰਨ ਕਰਦੇ ਹਨ, ਐਨ ਉਸੇ ਤਰ੍ਹਾਂ ਕੱਚੇ ਪਦਾਰਥਾਂ ਦੇ ਭਾਵੀ ਸੋਮਿਆਂ ਨੂੰ ਮੁੱਖ ਰੱਖਦੇ ਹੋਏ ਅਤੇ ਸੁਤੰਤਰ ਇਲਾਕੇ ਦੀ ਅਖ਼ੀਰੀ ਰਹਿੰਦ-ਖੂੰਹਦ ਲਈ ਜਾਂ ਪਹਿਲਾਂ ਹੀ ਵੰਡੇ ਜਾ ਚੁੱਕੇ ਇਲਾਕਿਆਂ ਦੀ ਮੁੜ-ਵੰਡ ਲਈ ਤੀਬਰ ਘੋਲ਼ ਵਿੱਚ ਰਹਿ ਜਾਣੋਂ ਡਰਦੇ ਹੋਏ ਵਿੱਤ ਸਰਮਾਇਆ ਆਮ ਤੌਰ 'ਤੇ ਹਰ ਤਰ੍ਹਾਂ ਦੇ ਸਾਧਨਾਂ ਰਾਹੀਂ ਸਭਨਾਂ ਥਾਈਂ ਸਭਨਾਂ ਤਰ੍ਹਾਂ ਦੇ ਇਲਾਕੇ ਉੱਤੇ ਕਬਜ਼ਾ ਕਰਨ ਦਾ ਯਤਨ ਕਰਦਾ ਹੈ।

ਬਰਤਾਨਵੀ ਸਰਮਾਏਦਾਰ **ਆਪਣੀ** ਬਸਤੀ ਮਿਸਰ ਵਿੱਚ ਕਪਾਹ ਉਗਾਉਣ ਦਾ ਵਿਕਾਸ ਕਰਨ ਲਈ ਹਰ ਸੰਭਵ ਯਤਨ ਕਰ ਰਹੇ ਹਨ (1904 ਵਿੱਚ 23,00,000 ਹੈਕਟੇਅਰ ਵਾਹੀ ਹੇਠ ਰਕਬੇ ਵਿੱਚੋਂ 6,00,000 ਜਾਂ ਇੱਕ-ਚੁਥਾਈ ਕਪਾਹ ਹੇਠ ਸੀ); ਰੂਸੀ **ਆਪਣੀ** ਬਸਤੀ ਤੁਰਕਿਸਤਾਨ ਵਿੱਚ ਇਹੋ ਕੁਝ ਕਰ ਰਹੇ ਹਨ, ਕਿਉਂਕਿ ਅਜਿਹਾ ਕਰਕੇ ਉਹ ਆਪਣੇ ਵਿਦੇਸ਼ੀ ਵਿਰੋਧੀਆਂ ਨੂੰ ਹਰਾਉਣ, ਕੱਚੇ ਪਦਾਰਥਾਂ ਦੀ ਅਜਾਰੇਦਾਰੀ ਸਥਾਪਤ ਕਰਨ ਅਤੇ ਇੱਕ ਅਜਿਹਾ ਵਧੇਰੇ ਬੱਚਤ ਵਾਲ਼ਾ ਅਤੇ ਨਫ਼ੇ ਵਾਲ਼ਾ ਕੱਪੜੇ ਦਾ ਟਰੱਸਟ ਸਥਾਪਤ ਕਰਨ ਦੀ ਸਥਿਤੀ ਵਿੱਚ ਹੋ ਜਾਣਗੇ ਜਿਸ ਵਿੱਚ ਕਪਾਹ ਪੈਦਾ ਕਰਨ ਅਤੇ ਉਸ ਤੋਂ ਮਾਲ ਤਿਆਰ ਕਰਨ ਦੇ **ਸਭੇ** ਅਮਲ ਮਾਲਕਾਂ ਦੇ ਇੱਕ ਜੁੱਟ ਦੇ ਹੱਥਾਂ ਵਿੱਚ ਕੇਂਦਰਤ ਹੋ ਜਾਣਗੇ।

ਸਰਮਾਏ ਦੀ ਬਰਾਮਦ ਦੇ ਹਿੱਤ ਵੀ ਬਸਤੀਆਂ ਦੀ ਜਿੱਤ ਨੂੰ ਉਤੇਜਤ ਕਰਦੇ ਹਨ ਕਿਉਂਕਿ ਬਸਤੀਆਂ ਦੀ ਮੰਡੀ ਵਿੱਚ ਮੁਕਾਬਲੇ ਦਾ ਅੰਤ ਕਰਨ ਲਈ, ਮਾਲ ਦੀ ਪ੍ਰਾਪਤੀ ਯਕੀਨੀ ਬਣਾਉਣ ਲਈ ਲੋੜੀਂਦੇ "ਸਬੰਧ" ਪ੍ਰਾਪਤ ਕਰਨ, ਆਦਿ ਲਈ, ਅਜਾਰੇਦਾਰ ਢੰਗ ਵਰਤਣਾ ਸੌਖੇਰਾ ਹੁੰਦਾ ਹੈ। (ਅਤੇ ਕਈ ਵਾਰ ਤਾਂ ਇਹੋ ਢੰਗ ਹੀ ਵਰਤੇ ਜਾ ਸਕਦੇ ਹਨ)।

ਵਿੱਤ ਸਰਮਾਏ ਦੇ ਅਧਾਰ ਉੱਤੇ ਜਿਹੜੀ ਗ਼ੈਰ-ਆਰਥਕ ਪਰਾ-ਬਣਤਰ ਉੱਭਰ ਆਉਂਦੀ ਹੈ ਅਤੇ ਇਹਦੀ ਰਾਜਨੀਤੀ ਅਤੇ ਵਿਚਾਰਧਾਰਾ ਉਹ ਬਸਤੀਆਂ ਦੀ ਜਿੱਤ ਨੂੰ ਉਤੇਜਤ ਕਰਦੀ ਹੈ। ਜਿਵੇਂ ਹਿਲਫ਼ਰਡਿੰਗ ਬੜੀ ਸੱਚੀ ਤਰ੍ਹਾਂ ਕਹਿੰਦਾ ਹੈ: "ਵਿੱਤ ਸਰਮਾਇਆ ਅਜ਼ਾਦੀ ਨਹੀਂ ਚਾਹੁੰਦਾ ਇਹ ਗ਼ਲਬਾ ਚਾਹੁੰਦਾ ਹੈ" ਅਤੇ ਜਿਵੇਂ ਉਹ ਸੈਸਲ ਰੋਡੇਜ* ਦੇ ਉੱਪਰ ਦੱਸੇ ਵਿਚਾਰਾਂ ਨੂੰ ਵਿਕਸਿਤ ਕਰ ਰਿਹਾ ਅਤੇ ਉਹਨਾਂ ਵਿੱਚ ਵਾਧਾ ਕਰ ਰਿਹਾ ਹੋਵੇ, ਇੱਕ ਫ਼ਰਾਂਸੀਸੀ ਲੇਖਕ ਲਿਖਦਾ ਹੈ ਕਿ ਨਵੀਨ ਬਸਤੀਵਾਦੀ ਨੀਤੀ ਦੇ ਕਾਰਨਾਂ ਵਿੱਚ ਆਰਥਕ ਕਾਰਨਾਂ ਦੇ ਨਾਲ਼ ਨਾਲ਼ ਸਮਾਜੀ ਕਾਰਨਾਂ ਦਾ ਵੀ ਵਾਧਾ ਕਰਨਾ ਚਾਹੀਦਾ ਹੈ: "ਜੀਵਨ ਦੀਆਂ ਵਧ ਰਹੀਆਂ ਗੁੰਝਲਾਂ ਅਤੇ ਔਕੜਾਂ ਕਾਰਨ, ਜਿਹੜੀਆਂ ਆਮ ਕਿਰਤੀਆਂ

* ਵੇਖੋ ਇਸ ਪੁਸਤਕ ਦਾ ਪੰਨਾ 95-**ਸੰਪਾ**:)

ਉੱਤੇ ਹੀ ਨਹੀਂ ਸਗੋਂ ਦਰਮਿਆਨੇ ਤਬਕੇ ਉੱਤੇ ਹੀ ਪ੍ਰਭਾਵ ਪਾਉਂਦੀਆਂ ਹਨ, ਪੁਰਾਣੀ ਸੱਭਿਅਤਾ ਦੇ ਸਭਨਾਂ ਦੇਸ਼ਾਂ ਵਿੱਚ 'ਬੇਸਬਰੀ, ਝਿਲਾਹੱਟ ਅਤੇ ਘ੍ਰਿਣਾ ਇੱਕਠੇ ਹੁੰਦੇ ਜਾ ਰਹੇ ਹਨ ਅਤੇ ਆਮ ਅਮਨ ਲਈ ਖ਼ਤਰਾ ਬਣਦੇ ਜਾ ਰਹੇ ਹਨ; ਜਿਹੜੀ ਸ਼ਕਤੀ ਨਿਸ਼ਚਿਤ ਸ਼੍ਰੇਣੀ ਰਾਹਾਂ ਤੋਂ ਬਾਹਰ ਸੁੱਟੀ ਜਾ ਰਹੀ ਹੈ ਇਹ ਲਾਜ਼ਮੀ ਹੈ ਕਿ ਦੇਸ਼ ਵਿੱਚ ਧਮਾਕਾ ਰੋਕਣ ਲਈ ਉਹਨੂੰ ਵਿਦੇਸ਼ਾਂ ਵਿੱਚ ਕੰਮ ਦਿੱਤਾ ਜਾਵੇ'।"*

ਕਿਉਂਕਿ ਅਸੀਂ ਸਰਮਾਏਦਾਰ ਸਾਮਰਾਜਵਾਦ ਦੇ ਯੁੱਗ ਵਿੱਚ ਬਸਤੀਵਾਦੀ ਨੀਤੀ ਦੀ ਗੱਲ ਕਰ ਰਹੇ ਹਾਂ, ਇਹ ਕਹਿਣਾ ਲਾਜ਼ਮੀ ਹੈ ਕਿ ਵਿੱਤ ਸਰਮਾਇਆ ਅਤੇ ਉਹਦੀ ਵਿਦੇਸ਼ੀ ਨੀਤੀ, ਜਿਹੜੀ ਸੰਸਾਰ ਦੀ ਆਰਥਕ ਅਤੇ ਰਾਜਸੀ ਮੁੜ-ਵੰਡ ਲਈ ਵੱਡੀਆਂ ਤਾਕਤਾਂ ਦਾ ਘੋਲ਼ ਹੈ, ਰਾਜਕੀ ਅਧੀਨਤਾ ਦੇ ਕਈ **ਅੰਤਰ-ਕਾਲੀਨ** ਰੂਪਾਂ ਨੂੰ ਜਨਮ ਦੇਂਦੇ ਹਨ। ਨਾ ਕੇਵਲ ਦੇਸ਼ਾਂ ਦੀਆਂ ਦੋ ਮੁੱਖ ਟੋਲੀਆਂ ਹੀ ਹੁੰਦੀਆਂ ਹਨ, ਉਹ ਜਿਹੜੇ ਬਸਤੀਆਂ ਦੇ ਮਾਲਕ ਹਨ ਅਤੇ ਖ਼ੁਦ ਬਸਤੀਆਂ, ਸਗੋਂ ਅਧੀਨ ਦੇਸ਼ਾਂ ਦੇ ਭਿੰਨ-ਭਿੰਨ ਰੂਪ ਵੀ, ਜਿਹੜੇ ਰਸਮੀ ਤੌਰ 'ਤੇ ਸੁਤੰਤਰ ਹਨ, ਪਰ ਅਸਲ ਵਿੱਚ ਵਿੱਤ ਅਤੇ ਡਿਪਲੋਮੈਟਕ ਅਧੀਨਤਾ ਦੇ ਜਾਲ਼ ਵਿੱਚ ਫਸੇ ਹੁੰਦੇ ਹਨ, ਇੱਕ ਯੁੱਗ ਦੇ ਲਖਣਾਇਕ ਹਨ। ਅਸਾਂ ਪਹਿਲਾਂ ਹੀ ਅਧੀਨਤਾ ਦੇ ਇੱਕ ਰੂਪ ਵਿੱਚ ਇਸ਼ਾਰਾ ਕੀਤਾ ਹੈ, ਅਰਧ-ਬਸਤੀ। ਅਰਜਨਟੀਨ ਦੇ ਇੱਕ ਹੋਰ ਦੀ ਮਿਸਾਲ ਹੈ।

"ਦੱਖਣੀ ਅਮਰੀਕਾ ਅਤੇ ਵਿਸ਼ੇਸ਼ ਤੌਰ 'ਤੇ ਅਰਜਨਟੀਨ," ਸ਼ੁਲਜ਼ੇ-ਗੀਵੇਰਨਿਤਜ਼ ਬਰਤਾਨਵੀ ਸਾਮਰਾਜਵਾਦ ਸਬੰਧੀ ਆਪਣੀ ਪੁਸਤਕ ਵਿੱਚ ਲਿਖਦਾ ਹੈ: "ਵਿੱਤ ਪੱਖੋਂ ਲੰਦਨ ਉੱਤੇ ਇੰਨਾਂ ਨਿਰਭਰ ਹੈ ਕਿ ਇਹਨੂੰ ਲਗਭਗ ਬਰਤਾਨੀਆ ਦੀ ਵਣਜ ਬਸਤੀ ਕਿਹਾ ਜਾਣਾ ਚਾਹੀਦਾ ਹੈ।"** 1909 ਵਿੱਚ ਬੋਨਸ ਏਅਰਜ਼ ਵਿੱਚ ਆਸਟਰੋ-ਹੰਗੇਰੀਅਨ ਕੌਂਸਲ ਦੀ ਰਿਪੋਰਟ ਨੂੰ ਅਧਾਰ ਬਣਾ ਕੇ, ਸ਼ਿਲਡਰ ਅਰਜਨਟੀਨ ਵਿੱਚ ਲੱਗੇ ਬਰਤਾਨਵੀ ਸਰਮਾਏ ਦੀ ਮਾਤਰਾ ਦਾ ਅੰਦਾਜ਼ਾ 875 ਕਰੋੜ ਫ਼ਰਾਂਕ ਲਾਉਂਦਾ ਹੈ। ਇਹ ਕਲਪਨਾ ਕਰਨਾ ਕੋਈ ਔਖੀ ਗੱਲ ਨਹੀਂ ਕਿ ਇਸ ਰਾਹੀਂ ਬਰਤਾਨਵੀ ਵਿੱਤ ਸਰਮਾਏ ( ਅਤੇ ਉਹਦੇ, "ਵਫ਼ਾਦਾਰ" ਮਿੱਤਰ,

---

* Wahl. ´La France aux coloniesª ਵੱਲ, ("ਫ਼ਰਾਂਸ ਆਪਣੀਆਂ ਬਸਤੀਆਂ ਵਿੱਚ"।-**ਸੰਪਾ:**) ਹੈਨਰੀ ਰੁਸੀਅਰ ਨੇ ´Le Partage de 1íOcÈanieª. P., 1905, p. 165 ("ਮੈਲੇਨੇਸ਼ੀਆ ਦੀ ਵੰਡ", ਪੈਰਿਸ, 1905, ਪੰਨਾ 165-**ਸੰਪਾ:**) ਵਿੱਚ ਟੂਕ ਦਿੱਤੀ।

**Schulze-Gaevernitz. ´Britischer Imperialismus und englischer Freihandel zu Beginn des 20-ten Jahrhundertsª. Lpz, 1906, S. 318 (ਸ਼ੁਲਜ਼ੇ-ਗੀਵੇਰਨਿਤਜ਼, "ਬਰਤਾਨਵੀ ਸਾਮਰਾਜਵਾਦ ਅਤੇ ਵੀਹਵੀਂ ਸਦੀ ਦੇ ਮੁੱਢ ਵਿੱਚ ਬਰਤਾਨਵੀ ਅਜ਼ਾਦ ਵਪਾਰ"। ਲੀਪਜ਼ਿਗ, 1906, ਪੰਨਾ 318-**ਸੰਪਾ:**) ਸਾਰਟੋਰੀਅਸ ਵਾਨ ਵਾਲਟਰਹਾਊਜ਼ਨ ਵੀ ਇਹੋ ਕੁਝ ਕਹਿੰਦਾ ਹੈ: Sartorius v. Waltershausen. ´Das volkwirtschaftliche System der Kapitalanlage im Auslandeª. Berlin, 1907, S.46 ("ਵਿਦੇਸ਼ਾਂ ਵਿੱਚ ਸਰਮਾਇਆ ਲਾਉਣ ਦੀ ਜਨਤਕ ਅਰਥ ਪ੍ਰਣਾਲੀ," ਬਰਲਿਨ, 1907 ਪੰਨਾ 46।**ਸੰਪਾ:**)

ਡਿਪਲੋਮੇਸੀ) ਨੂੰ ਅਰਜਨਟੀਨ ਦੀ ਬੁਰਜੂਆਜ਼ੀ ਵਿੱਚ, ਉਹਨਾਂ ਹਲਕਿਆਂ ਵਿੱਚ, ਜਿਹੜੇ ਦੇਸ਼ ਦੇ ਆਰਥਕ ਅਤੇ ਰਾਜਸੀ ਜੀਵਨ ਨੂੰ ਕੰਟਰੋਲ ਕਰਦੇ ਹਨ, ਕਿੰਨੇ ਤਕੜੇ ਸਬੰਧ ਪ੍ਰਾਪਤ ਹੋ ਜਾਂਦੇ ਹਨ।

ਰਾਜਸੀ ਸੁਤੰਤਰਤਾ ਦੇ ਨਾਲ਼ ਨਾਲ਼ ਆਰਥਕ ਅਤੇ ਡਿਪਲੋਮੈਟਿਕ ਅਧੀਨਤਾ ਦਾ ਇੱਕ ਕੁਝ ਕੁ ਵੱਖਰਾ ਰੂਪ ਪੁਰਤਗਾਲ ਪੇਸ਼ ਕਰਦਾ ਹੈ। ਪੁਰਤਗਾਲ ਇੱਕ ਸੁਤੰਤਰ, ਖ਼ੁਦ-ਮੁਖ਼ਤਾਰ ਰਾਜ ਹੈ, ਪਰ ਅਸਲ ਵਿੱਚ, ਸਪੇਨ ਦੇ ਵਿਰਾਸਤ ਦੇ ਯੁੱਧ (1701-14) ਤੋਂ ਪਿਛੋਂ ਉਹ ਬਰਤਾਨੀਆ ਦਾ ਸੁਰੱਖਿਅਤ ਇਲਾਕਾ ਰਿਹਾ ਹੈ। ਬਰਤਾਨੀਆ ਨੇ ਆਪਣੇ ਵਿਰੋਧੀਆਂ ਸਪੇਨ ਅਤੇ ਫ਼ਰਾਂਸ ਵਿਰੁੱਧ ਲੜਾਈ ਵਿੱਚ ਆਪਣੀ ਪ੍ਰਸਥਿਤੀ ਮਜ਼ਬੂਤ ਬਣਾਉਣ ਲਈ ਪੁਰਤਗਾਲ ਅਤੇ ਉਹਦੀਆਂ ਬਸਤੀਆਂ ਦੀ ਰੱਖਿਆ ਕੀਤੀ ਹੈ। ਇਹਦੇ ਬਦਲੇ ਵਿੱਚ ਬਰਤਾਨੀਆ ਨੂੰ ਵਣਜ ਵਿਸ਼ੇਸ਼ ਹੱਕ, ਪੁਰਤਗਾਲ ਅਤੇ ਪੁਰਤਗੇਜ਼ੀ ਬਸਤੀਆਂ ਵਿੱਚ ਮਾਲ ਅਤੇ ਖ਼ਾਸ ਤੌਰ ’ਤੇ ਸਰਮਾਇਆ ਦਰਾਮਦ ਕਰਨ, ਪੁਰਤਗਾਲ ਦੀਆਂ ਬੰਦਰਗਾਹਾਂ ਅਤੇ ਟਾਪੂ, ਉਹਦੀ ਤਾਰ ਸੇਵਾ ਦੀਆਂ ਤਾਰਾਂ ਵਰਤਣ ਵਿੱਚ ਲਿਹਾਜ਼ੀ ਸ਼ਰਤਾਂ ਮਿਲ਼ੀਆਂ ਹਨ, ਇਤਿਆਦਿ।* ਵੱਡੇ ਅਤੇ ਛੋਟੇ ਰਾਜਾਂ ਵਿਚਕਾਰ ਅਜਿਹੇ ਸਬੰਧ ਹਮੇਸ਼ਾਂ ਹੀ ਰਹੇ ਹਨ, ਪਰ ਸਰਮਾਏਦਾਰ ਸਾਮਰਾਜਵਾਦ ਦੇ ਯੁੱਗ ਵਿੱਚ, ਉਹ ਇੱਕ ਆਮ ਪ੍ਰਣਾਲੀ ਬਣ ਜਾਂਦੇ ਹਨ, ਉਹ “ਸੰਸਾਰ ਨੂੰ ਵੰਡਣ ਦੇ” ਸਬੰਧਾਂ ਦੇ ਕੁੱਲ ਜੋੜ ਦਾ ਹਿੱਸਾ ਬਣਦੇ ਹਨ ਅਤੇ ਸੰਸਾਰ ਵਿੱਤ ਸਰਮਾਏ ਦੇ ਅਮਲਾਂ ਦੀ ਜ਼ੰਜੀਰ ਦੀ ਇੱਕ ਕੜੀ ਬਣਦੇ ਹਨ।

ਸੰਸਾਰ ਦੀ ਵੰਡ ਦੇ ਪ੍ਰਸ਼ਨ ਨੂੰ ਮੁਕਾਉਣ ਲਈ ਮੈਂ ਹੇਠ ਲਿਖੀ ਹੋਰ ਗੱਲ ਦਾ ਵਾਧਾ ਕਰਦਾ ਹਾਂ। ਇਹ ਪ੍ਰਸ਼ਨ ਨਾ ਕੇਵਲ ਅਮਰੀਕੀ ਸਾਹਿਤ ਵਿੱਚ ਸਪੇਨੀ-ਅਮਰੀਕੀ ਯੁੱਧ ਦੇ ਅੰਤ ਅਤੇ ਬਰਤਾਨਵੀ ਸਾਹਿਤ ਵਿੱਚ ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ ਤੇ ਅੰਗ੍ਰੇਜ਼-ਬੋਅਰ ਯੁੱਧ ਦੇ ਅੰਤ ਉੱਤੇ ਖੁੱਲ੍ਹੇ ਅਤੇ ਸਪੱਸ਼ਟ ਤੌਰ ’ਤੇ ਉਠਾਇਆ ਗਿਆ ਸੀ; ਨਾ ਹੀ ਕੇਵਲ ਜਰਮਨ ਸਾਹਿਤ ਨੇ, ਜਿਸਨੇ “ਅਤਿ-ਅੰਤ ਸਾੜੇ” ਨਾਲ਼ “ਬਰਤਾਨਵੀ ਸਾਮਰਾਜਵਾਦ” ਵੱਲ ਵੇਖਿਆ ਹੈ, ਆਪਣਾ ਇਸ ਤੱਥ ਦਾ ਮੁਲੰਗਣ ਦਿੱਤਾ ਹੈ। ਇਹ ਪ੍ਰਸ਼ਨ ਫ਼ਰਾਂਸੀਸੀ ਬੁਰਜੂਆ ਸਾਹਿਤ ਵਿੱਚ ਵੀ ਉਸੇ ਤਰ੍ਹਾਂ ਸਪੱਸ਼ਟ ਅਤੇ ਵਿਸ਼ਾਲ ਢੰਗ ਨਾਲ਼ ਚੁੱਕਿਆ ਗਿਆ ਹੈ, ਜਿਸ ਨਾਲ਼ ਇਹ ਬੁਰਜੂਆ ਦ੍ਰਿਸ਼ਟੀਕੋਣ ਤੋਂ ਸੋਚਿਆ ਜਾ ਸਕਦਾ ਹੈ। ਮੈਂ ਇਤਿਹਾਸਕਾਰ ਡਰਿਓ ਤੋਂ ਟੂਕ ਦੇਂਦਾ ਹਾਂ, ਜਿਸਨੇ ਆਪਣੀ ਪੁਸਤਕ, “ਉਨ੍ਹੀਵੀਂ ਸਦੀ ਦੇ ਅੰਤ ’ਤੇ ਰਾਜਸੀ ਅਤੇ ਸਮਾਜੀ ਮਸਲੇ” ਵਿੱਚ “ਵੱਡੀਆਂ ਤਾਕਤਾਂ ਅਤੇ ਸੰਸਾਰ ਦੀ ਵੰਡ” ਨਾਂ ਦੇ ਕਾਂਡ ਵਿੱਚ ਇਹ ਲਿਖਿਆ: “ਪਿਛਲੇ ਕੁਝ ਵਰ੍ਹਿਆਂ ਵਿੱਚ, ਚੀਨ ਨੂੰ ਛੱਡ ਕੇ ਦੁਨੀਆ ਦੇ ਸਾਰੇ ਅਜ਼ਾਦ ਇਲਾਕੇ ਉੱਤੇ ਯੂਰਪ ਅਤੇ ਉੱਤਰੀ ਅਮਰੀਕਾ ਦੀਆਂ ਤਾਕਤਾਂ ਨੇ ਕਬਜ਼ਾ ਕਰ ਲਿਆ ਹੈ। ਇਹਦੇ ਕਾਰਨ ਕਈ ਟੱਕਰਾਂ ਅਤੇ ਰਸੂਖ਼ ਦੇ ਖੇਤਰਾਂ ਵਿੱਚ ਤਬਦੀਲੀਆਂ ਆਈਆਂ ਹਨ ਅਤੇ ਇਹ ਨੇੜੇ ਦੇ ਭਵਿੱਖ ਵਿੱਚ ਹੋਰ ਵਧੇਰੇ ਭਿਆਨਕ ਉੱਥਲ-ਪੁਥਲ ਦਾ

---

* ਸ਼ਿਲਡਰ, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਸੈਂਚੀ 1, ਪੰਨੇ 160-61।

ਸੰਕੇਤ ਦੇਂਦੀਆਂ ਹਨ। ਕਿਉਂਕਿ ਲੋੜ ਕਾਹਲ ਕਰਨ ਦੀ ਹੈ। ਜਿਨ੍ਹਾਂ ਕੌਮਾਂ ਨੇ ਅਜੇ ਆਪਣੇ ਲਈ ਪ੍ਰਬੰਧ ਨਹੀਂ ਕੀਤਾ ਉਹਨਾਂ ਲਈ ਇਹ ਖ਼ਤਰਾ ਪੈਦਾ ਹੋ ਸਕਦਾ ਹੈ ਕਿ ਉਹਨਾਂ ਨੂੰ ਕਦੀ ਆਪਣਾ ਹਿੱਸਾ ਨਾ ਮਿਲ਼ੇ ਅਤੇ ਉਹ ਸੰਸਾਰ ਦੀ ਉਸ ਅਥਾਹ ਲੁੱਟ-ਚੋਂਘ ਵਿੱਚ ਹਿੱਸਾ ਨਾ ਲੈ ਸਕਣ ਜਿਹੜੀ ਅਗਲੀ (ਅਰਥਾਤ ਵੀਹਵੀਂ) ਸਦੀ ਦੇ ਅਤਿ-ਅੰਤ ਲਾਜ਼ਮੀ ਲੱਛਣਾਂ ਵਿੱਚੋਂ ਹੋਵੇਗੀ। ਇਸੇ ਲਈ ਸਾਰੇ ਯੂਰਪ ਅਤੇ ਅਮਰੀਕਾ ਨੂੰ ਪਿੱਛੇ ਜਿਹੇ ਬਸਤੀਵਾਦੀ ਵਾਧੇ ਦਾ, 'ਸਾਮਰਾਜਵਾਦ' ਦਾ ਬੁਖ਼ਾਰ ਚੜ੍ਹਿਆ ਹੋਇਆ ਹੈ, ਜਿਹੜਾ ਉਨ੍ਹੀਵੀਂ ਸਦੀ ਦੇ ਅੰਤ ਦਾ ਅਤਿ-ਅੰਤ ਉੱਘਾ ਲੱਛਣ ਹੈ" ਅਤੇ ਲੇਖਕ ਨੇ ਵਾਧਾ ਕੀਤਾ: "ਸੰਸਾਰ ਦੀ ਇਸ ਵੰਡ ਵਿੱਚ, ਸੰਸਾਰ ਦੇ ਖਜ਼ਾਨਿਆਂ ਅਤੇ ਵੱਡੀਆਂ ਮੰਡੀਆਂ ਲਈ ਇਸ ਝਲਿਆਈ ਭਾਲ਼ ਵਿੱਚ, ਉਨ੍ਹੀਵੀਂ ਸਦੀ ਵਿੱਚ ਸਥਾਪਤ ਕੀਤੀਆਂ ਸਲਤਨਤਾਂ ਦੀ ਨਿਸਬਤੀ ਸ਼ਕਤੀ ਉਹਨਾਂ ਨੂੰ ਕਾਇਮ ਕਰਨ ਵਾਲ਼ੀਆਂ ਕੌਮਾਂ ਵੱਲੋਂ ਯੂਰਪ ਵਿੱਚ ਮੱਲੀ ਥਾਂ ਨਾਲ਼ ਉੱਕਾ ਹੀ ਬੇਨਿਸਬਤ ਹੈ। ਯੂਰਪ ਵਿੱਚ ਭਾਰੂ ਤਾਕਤਾਂ, ਉਹਦੀ ਹੋਣੀ ਦਾ ਨਿਰਣਾ ਕਰਨ ਵਾਲ਼ੀਆਂ, ਸਮੁੱਚੇ ਸੰਸਾਰ ਵਿੱਚ ਇੱਕੋ ਜਿਨੀਆਂ ਭਾਰੂ **ਨਹੀਂ** ਅਤੇ ਜਿਉਂ ਜਿਉਂ ਬਸਤੀਆਂ ਦੀ ਸ਼ਕਤੀ, ਅਜੇ ਤੱਕ ਅਣ-ਮੇਚੀ ਦੌਲਤ ਉੱਤੇ ਕੰਟਰੋਲ ਕਰਨ ਦੀ ਆਸ, ਨਿਸ਼ਚੇ ਹੀ ਯੂਰਪੀ ਤਾਕਤਾਂ ਦੀ ਨਿਸਬਤੀ ਸ਼ਕਤੀ ਉੱਤੇ ਪ੍ਰਭਾਵ ਪਾਵੇਗੀ, ਬਸਤੀਵਾਦੀ ਪ੍ਰਸ਼ਨ—ਜੇ ਤੁਸੀਂ ਪਸੰਦ ਕਰੋ ਤਾਂ 'ਸਾਮਰਾਜਵਾਦ' ਕਹਿ ਲਓ—ਜਿਸਨੇ ਪਹਿਲਾਂ ਹੀ ਯੂਰਪ ਵਿੱਚ ਪ੍ਰਸਥਿਤੀਆਂ ਨੂੰ ਤਬਦੀਲ ਕਰ ਦਿੱਤਾ ਹੈ, ਉਹਨਾਂ ਨੂੰ ਹੋਰ ਅਤੇ ਹੋਰ ਵਧੇਰੇ ਤਬਦੀਲ ਕਰੇਗਾ।"*

## VII ਸਾਮਰਾਜਵਾਦ, ਸਰਮਾਏਦਾਰੀ ਦੇ ਵਿਸ਼ੇਸ਼ ਪੜਾਅ ਵਜੋਂ

ਸਾਮਰਾਜਵਾਦ ਦੇ ਵਿਸ਼ੇ ਬਾਰੇ ਜੋ ਕੁਝ ਪਹਿਲਾਂ ਕਿਹਾ ਜਾ ਚੁੱਕਾ ਹੈ। ਹੁਣ ਸਾਨੂੰ ਉਹਦਾ ਨਚੋੜ ਕੱਢਣ ਦਾ, ਉਹਦੀਆਂ ਸਾਰੀਆਂ ਤੰਦਾਂ ਮੇਲਣ ਦਾ ਯਤਨ ਕਰਨਾ ਚਾਹੀਦਾ ਹੈ। ਸਾਮਰਾਜਵਾਦ ਆਮ ਤੌਰ 'ਤੇ ਸਰਮਾਏਦਾਰੀ ਦੇ ਬੁਨਿਆਦੀ ਲੱਛਣਾਂ ਦੇ ਵਿਕਾਸ 'ਤੇ ਉਹਨਾਂ ਦੀ ਸਿੱਧੀ ਨਿਰੰਤਰਤਾ ਵਜੋਂ ਹੋਂਦ ਵਿੱਚ ਆਇਆ। ਪਰ ਸਰਮਾਏਦਾਰੀ ਆਪਣੇ ਵਿਕਾਸ ਦੇ ਨਿਸ਼ਚਿਤ ਅਤੇ ਬੜੇ ਉੱਚੇ ਪੜਾਅ ਉੱਤੇ ਅਪੜ ਕੇ ਹੀ ਸਰਮਾਏਦਾਰਾਨਾ ਸਾਮਰਾਜਵਾਦ ਬਣੀ, ਜਦੋਂ ਇਹਦੇ ਕੁਝ ਬੁਨਿਆਦੀ ਲੱਛਣ ਆਪਣੇ ਵਿਰੋਧੀ ਰੂਪਾਂ ਵਿੱਚ ਬਦਲਣੇ ਸ਼ੁਰੂ ਹੋ ਗਏ, ਜਦੋਂ ਸਰਮਾਏਦਾਰੀ ਤੋਂ ਉਚੇਰੇ ਸਮਾਜਕ ਅਤੇ ਆਰਥਕ ਪ੍ਰਬੰਧ ਵੱਲ ਤਬਦੀਲੀ ਦੇ ਯੁੱਗ ਦੇ ਲੱਛਣ ਰੂਪ ਧਾਰ ਚੁੱਕੇ ਸਨ ਅਤੇ ਆਪਣੇ ਆਪ ਨੂੰ ਸਾਰੇ ਖੇਤਰਾਂ ਵਿੱਚ ਸਾਹਮਣੇ ਲਿਆ ਚੁੱਕੇ ਸਨ।ਆਰਥਕ ਤੌਰ 'ਤੇ, ਇਸ ਅਮਲ ਵਿੱਚ ਮੁੱਖ ਗੱਲ ਸਰਮਾਏਦਾਰਾਨਾ ਅਜ਼ਾਦ ਮੁਕਾਬਲੇ ਦੀ ਥਾਂ ਸਰਮਾਏਦਾਰਾਨਾ ਅਜਾਰੇਦਾਰੀ ਵੱਲੋਂ ਲੈਣਾ ਹੈ।ਅਜ਼ਾਦ ਮੁਕਾਬਲਾ ਸਰਮਾਏਦਾਰੀ ਦਾ ਅਤੇ ਆਮ ਤੌਰ 'ਤੇ ਜਿਣਸ ਉਤਪਾਦਨ ਦਾ ਬੁਨਿਆਦੀ ਲੱਛਣ ਹੈ

---

* J.-E Driault. ´ProblËmes politiques et sociaux[a]. (ਜ. ਇ. ਦਰਿਓ।ਰਾਜਸੀ ਅਤੇ ਸਮਾਜੀ ਮਸਲੇ।ਪੈਰਿਸ, 1900, ਪੰਨਾ 299। -**ਸੰਪਾ:**)

ਅਜਾਰੇਦਾਰੀ ਅਜ਼ਾਦ ਮੁਕਾਬਲੇ ਦਾ ਐਨ ਉਲਟ ਹੈ, ਪਰ ਅਸੀਂ ਪਿਛਲੇਰੇ ਨੂੰ ਆਪਣੀਆਂ ਅੱਖਾਂ ਸਾਹਮਣੇ ਅਜਾਰੇਦਾਰੀ ਵਿੱਚ ਤਬਦੀਲ ਹੁੰਦਿਆਂ, ਵੱਡੀ ਪੱਧਰ ਦੀ ਸਨਅਤ ਪੈਦਾ ਕਰਦਿਆਂ ਅਤੇ ਛੋਟੀ ਸਨਅਤ ਦੀ ਥਾਂ ਲੈਂਦਿਆਂ, ਵੱਡੇ ਪੈਮਾਨੇ ਦੀ ਸਨਅਤ ਦੀ ਥਾਂ ਹੋਰ ਵੀ ਵੱਡੀ ਪੱਧਰ ਦੀ ਸਨਅਤ ਨੂੰ ਦੇਂਦਿਆਂ ਅਤੇ ਉਤਪਾਦਨ ਅਤੇ ਸਰਮਾਏ ਦੇ ਕੇਂਦਰੀਣ ਨੂੰ ਅਜਿਹੇ ਨੁਕਤੇ ਤੱਕ ਲਿਜਾਂਦਿਆਂ ਵੇਖਿਆ ਹੈ ਜਿੱਥੇ ਇਹਦੇ ਵਿੱਚੋਂ ਹੀ ਅਜਾਰੇਦਾਰੀ ਪੈਦਾ ਹੋ ਗਈ ਹੈ ਅਤੇ ਪੈਦਾ ਹੋ ਰਹੀ ਹੈ: ਕਾਰਟਲ, ਸਿੰਡੀਕੇਟ ਅਤੇ ਟਰੱਸਟ ਅਤੇ ਇਹਨਾਂ ਨਾਲ਼ ਮਿਲ਼ ਜਾਂਦਾ ਹੈ ਦਰਜਨ ਕੁ ਬੈਂਕਾਂ ਦਾ ਸਰਮਾਇਆ, ਜਿਹੜੇ ਕਰੋੜਾਂ ਦੀਆਂ ਰਕਮਾਂ ਨੂੰ ਵਰਤਦੇ ਹਨ। ਇਹਦੇ ਨਾਲ਼ ਹੀ, ਅਜਾਰੇਦਾਰੀਆਂ, ਜਿਹੜੀਆਂ ਅਜ਼ਾਦ ਮੁਕਾਬਲੇ ਵਿੱਚੋਂ ਪੈਦਾ ਹੋਈਆਂ ਹਨ, ਇਹਨੂੰ ਖ਼ਤਮ ਨਹੀਂ ਕਰਦੀਆਂ ਸਗੋਂ ਇਸ ਤੋਂ ਉੱਚੀਆਂ ਅਤੇ ਇਹਦੇ ਨਾਲ਼ ਨਾਲ਼ ਰਹਿੰਦੀਆਂ ਹਨ ਅਤੇ ਇਉਂ ਬਹੁਤ ਸਾਰੇ ਬੜੇ ਤੀਖਣ, ਸਖਤ ਵਿਰੋਧਾਂ, ਝਗੜਿਆਂ ਅਤੇ ਟਕਰਾਵਾਂ ਨੂੰ ਜਨਮ ਦੇਂਦੀਆਂ ਹਨ। ਅਜਾਰੇਦਾਰੀ ਸਰਮਾਏਦਾਰੀ ਤੋਂ ਇੱਕ ਉਚੇਰੇ ਪੜਾਅ ਵੱਲ ਤਬਦੀਲੀ ਹੈ।

ਜੇ ਸਾਮਰਾਜਵਾਦ ਦੀ ਸੰਖੇਪ ਤੋਂ ਸੰਖੇਪ ਸੰਭਵ ਪਰਿਭਾਸ਼ਾ ਦੇਣਾ ਜ਼ਰੂਰੀ ਹੈ ਤਾਂ ਸਾਨੂੰ ਇਹ ਕਹਿਣਾ ਪਵੇਗਾ ਕਿ ਸਾਮਰਾਜਵਾਦ ਸਰਮਾਏਦਾਰੀ ਦਾ ਅਜਾਰੇਦਾਰਾਨਾ ਪੜਾਅ ਹੈ। ਇਹੋ ਜਿਹੀ ਪਰਿਭਾਸ਼ਾ ਵਿੱਚ ਉਹ ਕੁਝ ਆ ਜਾਵੇਗਾ, ਜੋ ਕੁਝ ਸਭ ਤੋਂ ਵੱਧ ਮਹੱਤਵਪੂਰਨ ਹੈ, ਕਿਉਂਕਿ ਇੱਕ ਹੱਥ ਵਿੱਤ ਸਰਮਾਇਆ ਕੁਝ ਇੱਕ ਬਹੁਤ ਵੱਡੇ ਅਜ਼ਾਰੇਦਾਰ ਬੈਂਕਾਂ ਦਾ ਬੈਂਕ ਸਰਮਾਇਆ ਹੈ ਜਿਹੜਾ ਸਨਅਤਕਾਰਾਂ ਦੀਆਂ ਅਜਾਰੇਦਾਰ ਸਭਾਵਾਂ ਦੇ ਸਰਮਾਏ ਨਾਲ਼ ਮਿਲ਼ਿਆ ਹੋਇਆ ਹੈ ਅਤੇ ਦੂਜੇ ਹੱਥ, ਦੁਨੀਆ ਦੀ ਵੰਡ ਅਜਿਹੀ ਬਸਤੀਵਾਦੀ ਨੀਤੀ ਵੱਲੋਂ, ਜਿਹੜੀ ਕਿਸੇ ਵੀ ਸਰਮਾਏਦਾਰ ਤਾਕਤ ਵਲੋਂ ਅਣਹਥਿਆਏ ਇਲਾਕਿਆਂ ਤੱਕ ਬਿਨਾਂ ਕਿਸੇ ਰੁਕਾਵਟ ਦੇ ਫੈਲਦੀ ਰਹੀ ਹੈ, ਦੁਨੀਆ ਦੇ ਇਲਾਕੇ ਉੱਤੇ ਜਿਹੜਾ ਕਿ ਪੂਰੀ ਤਰ੍ਹਾਂ ਵੰਡਿਆ ਜਾ ਚੁੱਕਾ ਹੈ, ਅਜਾਰੇਦਾਰਾਨਾ ਕਬਜ਼ੇ ਦੀ ਬਸਤੀਵਾਦੀ ਨੀਤੀ ਵੱਲ ਤਬਦੀਲੀ ਹੈ।

ਪਰ ਬਹੁਤ ਸੰਖੇਪ ਪਰਿਭਾਸ਼ਾਵਾਂ, ਭਾਵੇਂ ਸਹਿਲ ਹੁੰਦੀਆਂ ਹਨ, ਕਿਉਂਕਿ ਉਹ ਮੁੱਖ ਨੁਕਤਿਆਂ ਦਾ ਨਚੋੜ ਦੇਂਦੀਆਂ ਹਨ, ਤਾਂ ਵੀ ਨਾਕਾਫ਼ੀ ਹੁੰਦੀਆਂ ਹਨ ਕਿਉਂਕਿ ਸਾਨੂੰ ਅਜਿਹੇ ਵਰਤਾਰੇ ਦੇ, ਜਿਸਦੀ ਪਰਿਭਾਸ਼ਾ ਦਿੱਤੀ ਜਾਣੀ ਜ਼ਰੂਰੀ ਹੈ, ਕੁਝ ਖ਼ਾਸ ਤੌਰ ’ਤੇ ਮਹੱਤਵਪੂਰਨ ਲੱਛਣ ਉਹਨਾਂ ਤੋਂ ਅਨੁਮਾਨਣੇ ਪੈਂਦੇ ਹਨ ਅਤੇ ਇਉਂ ਆਮ ਤੌਰ ’ਤੇ ਸਾਰੀਆਂ ਪਰਿਭਾਸ਼ਾਵਾਂ ਦੀ ਸ਼ਰਤੀ ’ਤੇ ਸਬੰਧਕੀ ਕਦਰ ਨੂੰ ਭੁਲਾਏ ਬਿਨਾਂ, ਜਿਹੜੀਆਂ ਪਰਿਭਾਸ਼ਾਵਾਂ ਕਿ ਕਿਸੇ ਵਰਤਾਰੇ ਦੇ ਪੂਰੇ ਵਿਕਾਸ ਵਿੱਚ ਇਹਦੇ ਸਾਰੇ ਸਬੰਧਾਂ ਨੂੰ ਆਪਣੀ ਲਪੇਟ ਵਿੱਚ ਕਦੀ ਨਹੀਂ ਲੈ ਸਕਦੀਆਂ, ਸਾਨੂੰ ਸਾਮਰਾਜਵਾਦ ਦੀ ਅਜਿਹੀ ਪਰਿਭਾਸ਼ਾ ਦੇਣੀ ਚਾਹੀਦੀ ਹੈ, ਜਿਸ ਵਿੱਚ ਇਹਦੇ ਬੁਨਿਆਦੀ ਲੱਛਣਾਂ ਵਿੱਚੋਂ ਹੇਠਲੇ ਪੰਜ ਲੱਛਣ ਸ਼ਾਮਲ ਹੋਣ: (1) ਉਤਪਾਦਨ ਤੇ ਸਰਮਾਏ ਦਾ ਕੇਂਦਰੀਣ ਇਸ ਹੱਦ ਤੱਕ ਵੱਧ ਗਿਆ ਹੈ ਕਿ ਇਹਨੇ ਅਜਾਰੇਦਾਰੀਆਂ ਪੈਦਾ ਕਰ ਦਿੱਤੀਆਂ ਹਨ ਜਿਹੜੀਆਂ ਆਰਥਿਕ ਜੀਵਨ ਵਿੱਚ ਨਿਰਣਾਇਕ ਰੋਲ ਅਦਾ ਕਰਦੀਆਂ ਹਨ; (2) ਬੈਂਕ ਸਰਮਾਏ ਦਾ ਸਨਅਤੀ ਸਰਮਾਏ ਨਾਲ਼ ਮਿਲ਼ਣਾ ਅਤੇ ਇਸ “ਵਿੱਤ ਸਰਮਾਏ”

ਦੇ ਅਧਾਰ ਉੱਤੇ, ਵਿੱਤ ਜੁੰਡੀ-ਰਾਜ ਦਾ ਪੈਦਾ ਹੋਣਾ; (3) ਜਿਣਸਾਂ ਦੀ ਬਰਾਮਦ ਤੋਂ ਨਿਖੜਵੀਂ ਸਰਮਾਏ ਦੀ ਬਰਾਮਦ ਅਸਾਧਾਰਨ ਮਹੱਤਤਾ ਧਾਰਨ ਕਰ ਲੈਂਦੀ ਹੈ। (4) ਕੌਮਾਂਤਰੀ ਅਜਾਰੇਦਾਰਾਨਾ ਸਰਮਾਏਦਾਰਾਨਾ ਸਭਾਵਾਂ ਦਾ ਬਣਨਾ ਜਿਹੜੀਆਂ ਦੁਨੀਆਂ ਨੂੰ ਆਪਸ ਵਿੱਚ ਵੰਡ ਲੈਂਦੀਆਂ ਹਨ ਅਤੇ (5) ਸਭ ਤੋਂ ਵੱਡੀਆਂ ਸਰਮਾਏਦਾਰ ਤਾਕਤਾਂ ਵਿੱਚ ਸਾਰੀ ਦੁਨੀਆਂ ਦੀ ਇਲਾਕਾਈ ਵੰਡ ਪੂਰੀ ਹੋ ਜਾਂਦੀ ਹੈ। ਸਾਮਰਾਜਵਾਦ ਵਿਕਾਸ ਦੇ ਉਸ ਪੜਾਅ ਉੱਤੇ ਸਰਮਾਏਦਾਰੀ ਹੈ, ਜਿਸ ਪੜਾਅ ਉੱਤੇ ਅਜਾਰੇਦਾਰੀਆਂ ਅਤੇ ਵਿੱਤ ਸਰਮਾਏ ਦਾ ਗ਼ਲਬਾ ਸਥਾਪਤ ਹੋ ਜਾਂਦਾ ਹੈ; ਜਿਸ ਵਿੱਚ ਸਰਮਾਏ ਦੀ ਬਰਾਮਦ ਨੇ ਉੱਘੀ ਮਹੱਤਤਾ ਧਾਰਨ ਕਰ ਲਈ ਹੈ; ਜਿਸ ਵਿੱਚ ਕੌਮਾਂਤਰੀ ਟਰੱਸਟਾਂ ਵਿੱਚ ਦੁਨੀਆ ਦੀ ਵੰਡ ਸ਼ੁਰੂ ਹੋ ਚੁੱਕੀ ਹੁੰਦੀ ਹੈ, ਜਿਸ ਵਿੱਚ ਸਭ ਤੋਂ ਵੱਡੀਆਂ ਸਰਮਾਏਦਾਰ ਸ਼ਕਤੀਆਂ ਵਿੱਚ ਦੁਨੀਆ ਦੇ ਸਾਰੇ ਇਲਾਕਿਆਂ ਦੀ ਵੰਡ ਪੂਰੀ ਹੋ ਚੁੱਕੀ ਹੈ।

ਅਸੀਂ ਅੱਗੇ ਵੇਖਾਂਗੇ ਕਿ ਸਾਮਰਾਜਵਾਦ ਦੀ ਵੱਖਰੀ ਤਰ੍ਹਾਂ ਪਰਿਭਾਸ਼ਾ ਦਿੱਤੀ ਜਾ ਸਕਦੀ ਹੈ ਅਤੇ ਦਿੱਤੀ ਜਾਣੀ ਚਾਹੀਦੀ ਹੈ, ਜੇ ਅਸੀਂ ਕੇਵਲ ਬੁਨਿਆਦੀ, ਨਿਰੋਲ ਆਰਥਕ ਸੰਕਲਪਾਂ ਨੂੰ ਹੀ ਧਿਆਨ ਵਿੱਚ ਨਾ ਰੱਖੀਏ—ਜਿਨ੍ਹਾਂ ਤੱਕ ਉਪਰੋਕਤ ਪਰਿਭਾਸ਼ਾ ਸੀਮਤ ਹੈ—ਸਗੋਂ ਆਮ ਤੌਰ 'ਤੇ ਸਰਮਾਏਦਾਰੀ ਦੇ ਸਬੰਧ ਵਿੱਚ ਸਰਮਾਏਦਾਰੀ ਦੇ ਇਸ ਪੜਾਅ ਦੀ ਇਤਿਹਾਸਕ ਥਾਂ ਨੂੰ ਵੀ ਜਾਂ ਸਾਮਰਾਜਵਾਦ ਅਤੇ ਕਿਰਤੀ ਸ਼੍ਰੇਣੀ ਲਹਿਰ ਵਿੱਚ ਦੋ ਮੁੱਖ ਮੁਹਾਣਾਂ ਵਿਚਕਾਰ ਸਬੰਧਾਂ ਨੂੰ ਵੀ ਧਿਆਨ ਵਿੱਚ ਰੱਖੀਏ। ਇਸ ਨੁਕਤੇ 'ਤੇ ਧਿਆਨ ਦੇਣ ਵਾਲ਼ੀ ਗੱਲ ਇਹ ਹੈ ਕਿ ਸਾਮਰਾਜਵਾਦ, ਜਿਵੇਂ ਕਿ ਇਹਦੇ ਉੱਪਰ ਅਰਥ ਲਏ ਗਏ ਹਨ, ਨਿਰਸੰਦੇਹ ਸਰਮਾਏਦਾਰੀ ਦੇ ਵਿਕਾਸ ਵਿੱਚ ਖ਼ਾਸ ਪੜਾਅ ਨੂੰ ਪੇਸ਼ ਕਰਦਾ ਹੈ। ਤਾਂ ਜੁ ਪਾਠਕ ਸਾਮਰਾਜਵਾਦ ਬਾਰੇ ਵੱਧ ਤੋਂ ਵੱਧ ਚੰਗੀ ਤਰ੍ਹਾਂ ਤਰਕ-ਅਧਾਰਤ ਵਿਚਾਰ ਗ੍ਰਹਿਣ ਕਰਨ ਦੇ ਯੋਗ ਹੋ ਸਕੇ, ਮੈਂ ਜਾਣ-ਬੁਝ ਕੇ, ਜਿੱਥੋਂ ਤੱਕ ਸੰਭਵ ਸੀ, ਵਿਸ਼ਾਲ ਤੌਰ ਉੱਤੇ **ਬੁਰਜੂਆ** ਅਰਥ-ਸ਼ਾਸਤਰੀਆਂ ਦੀਆਂ ਟੂਕਾਂ ਦੇਣ ਦਾ ਯਤਨ ਕੀਤਾ ਹੈ, ਜਿਨ੍ਹਾਂ ਨੂੰ ਸਰਮਾਏਦਾਰਾਨਾ ਆਰਥਕਤਾ ਦੇ ਨਵੇਂ ਪੜਾਅ ਸਬੰਧੀ ਵਿਸ਼ੇਸ਼ ਤੌਰ 'ਤੇ ਨਾ ਰੱਦ ਕੀਤੇ ਜਾ ਸਕਣ ਵਾਲ਼ੇ ਤੱਥ ਮੰਨਣੇ ਪੈਂਦੇ ਹਨ। ਇਸੇ ਹੀ ਨਿਸ਼ਾਨੇ ਨੂੰ ਮੁੱਖ ਰੱਖਦਿਆਂ, ਮੈਂ ਵਿਸਥਾਰ ਵਿੱਚ ਅੰਕੜੇ ਦਿੱਤੇ ਹਨ, ਜਿਹੜੇ ਮਨੁੱਖ ਨੂੰ ਇਹ ਵੇਖਣ ਦੇ ਯੋਗ ਬਣਾਉਂਦੇ ਹਨ ਕਿ ਕਿਸ ਹੱਦ ਤੱਕ ਬੈਂਕ ਸਰਮਾਇਆ, ਆਦਿ, ਵਧਿਆ ਹੈ, ਜਿਸ ਵਿੱਚ ਕਿ ਮਾਤਰਾ ਦੀ ਗੁਣ ਵਿੱਚ, ਵਿਕਸਿਤ ਸਰਮਾਏਦਾਰੀ ਦੀ ਸਾਮਰਾਜਵਾਦ ਵਿੱਚ ਤਬਦੀਲੀ ਠੀਕ ਠੀਕ ਤੌਰ ਉੱਤੇ ਪ੍ਰਗਟ ਹੁੰਦੀ ਸੀ। ਨਿਰਸੰਦੇਹ, ਇਹ ਕਹਿਣ ਦੀ ਲੋੜ ਨਹੀਂ ਕਿ ਕੁਦਰਤ ਦੇ ਸਮਾਜ ਵਿੱਚ ਸਾਰੀਆਂ ਹੱਦਾਂ ਰਸਮੀ ਅਤੇ ਬਦਲਣ ਵਾਲ਼ੀਆਂ ਹਨ ਅਤੇ ਇਸ ਗੱਲ ਬਾਰੇ ਦਲੀਲਬਾਜ਼ੀ ਕਰਨਾ ਵਾਹਯਾਤ ਹੋਵੇਗਾ ਕਿ, ਉਦਾਹਰਣ ਵਜੋਂ, ਉਹ ਖ਼ਾਸ ਵਰ੍ਹਾ ਜਾਂ ਦਹਾਕਾ ਕਿਹੜਾ ਸੀ ਜਿਸ ਵਿੱਚ ਸਾਮਰਾਜਵਾਦ "ਨਿਸ਼ਚਿਤ ਤੌਰ 'ਤੇ" ਸਥਾਪਤ ਹੋ ਗਿਆ।

ਪਰ ਸਾਮਰਾਜਵਾਦ ਦੀ ਪਰਿਭਾਸ਼ਾ ਦੇਣ ਦੇ ਮਸਲੇ ਵਿੱਚ ਸਾਡੇ ਲਈ, ਪਹਿਲੀ ਥਾਂ, ਕਾਰਲ ਕਾਊਟਸਕੀ ਨਾਲ਼ ਵਿਵਾਦ ਛੇੜਨਾ ਜ਼ਰੂਰੀ ਹੈ, ਜਿਹੜਾ ਕਿ ਅਖੌਤੀ ਦੂਜੀ

ਇੰਟਰਨੈਸ਼ਨਲ ਦੇ ਦੌਰ ਦਾ, ਭਾਵ, 1889 ਅਤੇ 1914 ਵਿਚਕਾਰਲੇ ਪੰਝੀ ਵਰ੍ਹਿਆਂ ਦਾ ਮੁੱਖ ਮਾਰਕਸਵਾਦੀ ਸਿਧਾਂਤਕਾਰ ਸੀ। ਸਾਮਰਾਜਵਾਦ ਦੀ ਸਾਡੀ ਪਰਿਭਾਸ਼ਾ ਵਿੱਚ ਪ੍ਰਗਟ ਕੀਤੇ ਗਏ ਬੁਨਿਆਦੀ ਵਿਚਾਰਾਂ ਦੀ 1915 ਵਿੱਚ, ਸਗੋਂ ਨਵੰਬਰ 1914 ਵਿੱਚ ਹੀ, ਕਾਊਟਸਕੀ ਵੱਲੋਂ ਬੜੀ ਦ੍ਰਿੜ ਅਲੋਚਨਾ ਕੀਤੀ ਗਈ ਸੀ, ਜਦੋਂ ਉਹਨੇ ਕਿਹਾ ਸੀ ਕਿ ਸਾਮਰਾਜਵਾਦ ਨੂੰ ਆਰਥਕਤਾ ਦਾ "ਦੌਰ" ਜਾਂ ਪੜਾਅ ਨਹੀਂ, ਸਗੋਂ ਇੱਕ ਨੀਤੀ, ਇੱਕ ਨਿਸ਼ਚਿਤ ਨੀਤੀ ਸਮਝਿਆ ਜਾਣਾ ਚਾਹੀਦਾ ਹੈ, ਜਿਸਨੂੰ ਵਿੱਤ ਸਰਮਾਏ ਵੱਲੋਂ "ਪਹਿਲ" ਦਿੱਤੀ ਜਾ ਰਹੀ ਹੈ; ਕਿ ਸਾਮਰਾਜਵਾਦ ਨੂੰ "ਅੱਜ ਦੀ ਸਰਮਾਏਦਾਰੀ" ਦੇ ਨਾਲ਼ "ਸਗਵਾਂ" ਨਹੀਂ ਕਰ ਦੇਣਾ ਚਾਹੀਦਾ ਹੈ; ਕਿ ਜੇ ਸਾਮਰਾਜਵਾਦ ਨੂੰ ਇੰਝ ਸਮਝਿਆ ਜਾਣਾ ਹੈ ਕਿ ਇਹਦਾ ਮਤਲਬ "ਅੱਜ ਦੀ ਸਰਮਾਏਦਾਰੀ ਦੇ ਸਾਰੇ ਵਰਤਾਰਿਆਂ"—ਕਾਰਟਲ, ਰੱਖਿਆਵਾਦ, ਪੋਤਦਾਰਾਂ ਦਾ ਗ਼ਲਬਾ ਅਤੇ ਬਸਤੀਵਾਦੀ ਨੀਤੀ—ਤੋਂ ਹੈ, ਤਾਂ ਇਹ ਸਵਾਲ, ਕਿ ਸਾਮਰਾਜਵਾਦ ਸਰਮਾਏਦਾਰੀ ਲਈ ਜ਼ਰੂਰੀ ਹੈ ਜਾਂ ਨਹੀਂ, "ਬਿਲਕੁਲ ਸਾਫ਼ ਸਾਫ਼ ਪੁਨਰੁਕਤੀ" ਬਣ ਕੇ ਰਹਿ ਜਾਂਦਾ ਹੈ, ਕਿਉਂਕਿ ਉਸ ਸੂਰਤ ਵਿੱਚ, "ਸਾਮਰਾਜਵਾਦ ਕੁਦਰਤੀ ਤੌਰ 'ਤੇ ਸਰਮਾਏਦਾਰੀ ਲਈ ਬੁਨਿਆਦੀ ਲੋੜ ਹੈ," ਆਦਿ। ਕਾਊਟਸਕੀ ਦੇ ਵਿਚਾਰ ਨੂੰ ਪੇਸ਼ ਕਰਨ ਦਾ ਸਭ ਤੋਂ ਚੰਗਾ ਤਰੀਕਾ ਸਾਮਰਾਜਵਾਦ ਬਾਰੇ ਉਹਦੀ ਆਪਣੀ ਪਰਿਭਾਸ਼ਾ ਦਾ ਹਵਾਲਾ ਦੇਣਾ ਹੈ, ਜਿਹੜੀ ਉਹਨਾਂ ਵਿਚਾਰਾਂ ਦੇ ਵਸਤੂ ਤੋਂ ਬਿਲਕੁਲ ਉਲਟ ਹੈ, ਜਿਹੜੇ ਮੈਂ ਪੇਸ਼ ਕੀਤੇ ਹਨ (ਕਿਉਂਕਿ ਜਰਮਨ ਮਾਰਕਸਵਾਦੀਆਂ ਦੇ ਧੜੇ ਵੱਲੋਂ, ਜਿਹੜੇ ਪਹਿਲਾਂ ਹੀ ਕਈ ਵਰ੍ਹਿਆਂ ਤੋਂ ਇਹੋ ਜਿਹੇ ਹੀ ਵਿਚਾਰਾਂ ਦਾ ਸਮਰਥਨ ਕਰਦੇ ਰਹੇ ਹਨ, ਆ ਰਹੇ ਇਤਰਾਜ਼ਾਂ ਤੋਂ ਕਾਊਟਸਕੀ ਮਾਰਕਸਵਾਦ ਵਿੱਚ ਇੱਕ ਨਿਸ਼ਚਿਤ ਮੁਹਾਣ ਦੇ ਇਤਰਾਜ਼ਾਂ ਵਜੋਂ ਕਾਫ਼ੀ ਦੇਰ ਦਾ ਵਾਕਫ਼ ਹੈ)।

ਕਾਊਟਸਕੀ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ:

"ਸਾਮਰਾਜਵਾਦ ਬੇਹੱਦ ਵਿਕਸਤ ਸਨਅਤੀ ਸਰਮਾਏਦਾਰੀ ਦੀ ਉਪਜ ਹੈ। ਇਹ ਹਰ ਸਨਅਤੀ ਸਰਮਾਏਦਾਰ ਕੌਮ ਵੱਲੋਂ **ਜ਼ਰਾਇਤੀ** (ਜ਼ੋਰ ਕਾਊਟਸਕੀ ਵੱਲੋਂ) ਇਲਾਕੇ ਦੇ ਸਾਰੇ ਵੱਡੇ ਵੱਡੇ ਰਕਬਿਆਂ ਨੂੰ ਆਪਣੇ ਕਾਬੂ ਕਰਨ ਜਾਂ ਕਬਜ਼ਾ ਕਰਨ ਦੇ ਯਤਨ ਕਰਨਾ ਹੈ, ਭਾਵੇਂ ਉਸ ਇਲਾਕੇ ਉੱਤੇ ਕੋਈ ਵੀ ਕੌਮ ਵਸ ਰਹੀ ਹੋਵੇ"।*

ਇਸ ਪਰਿਭਾਸ਼ਾ ਦਾ ਬਿਲਕੁਲ ਕੋਈ ਲਾਭ ਨਹੀਂ, ਕਿਉਂਕਿ ਇਹ ਇੱਕਪਾਸੜ ਤੌਰ ਉੱਤੇ ਭਾਵ, ਆਪਹੁਦਰੀ ਤਰ੍ਹਾਂ, ਸਿਰਫ਼ ਕੌਮੀ ਮਸਲੇ ਨੂੰ ਵੱਖ ਕਰਦੀ ਹੈ (ਭਾਵੇਂ ਇਹ ਮਸਲਾ ਆਪਣੇ ਆਪ ਵਿੱਚ ਵੀ ਅਤੇ ਸਾਮਰਾਜਵਾਦ ਦੇ ਸਬੰਧ ਵਿੱਚ ਵੀ ਅਤਿ-ਅੰਤ ਮਹੱਤਵਪੂਰਨ ਹੈ), ਇਹ ਆਪਹੁਦਰੀ ਤਰ੍ਹਾਂ ਤੇ **ਗਲਤ ਤੌਰ ਉੱਤੇ** ਇਸ ਸਵਾਲ ਨੂੰ ਉਹਨਾਂ ਦੇਸ਼ਾਂ ਵਿੱਚ ਕੇਵਲ ਸਨਅਤੀ ਸਰਮਾਏ ਨਾਲ਼ ਮਿਲਾਉਂਦੀ ਹੈ, ਜਿਹੜੇ ਦੂਜੀਆਂ ਕੌਮਾਂ ਉੱਤੇ ਕਬਜ਼ਾ ਕਰ ਲੈਂਦੇ ਹਨ ਤੇ ਇੰਨੇ ਹੀ ਆਪਹੁਦਰੇ ਅਤੇ ਗ਼ਲਤ ਢੰਗ ਨਾਲ਼ ਜ਼ਰਾਇਤੀ ਖੰਡਾਂ

* ´Die Neue Zeit", 1914, 2, (ਸੈਂਚੀ 32), ਪੰਨਾ 909, 11 ਸਤੰਬਰ, 1914; ਤੁਲਨਾ ਲਈ ਵੇਖੋ 1915, 2, ਪੰਨਾ 107, ਆਦਿ।

ਉੱਤੇ ਕਬਜ਼ੇ ਨੂੰ ਮੂਹਰੇ ਲੈ ਆਉਂਦੀ ਹੈ।

ਸਾਮਰਾਜਵਾਦ ਕਬਜ਼ਿਆਂ ਲਈ ਯਤਨ ਹੈ—ਕਾਊਟਸਕੀ ਦੀ ਪਰਿਭਾਸ਼ਾ ਦੇ **ਰਾਜਸੀ** ਹਿੱਸੇ ਦਾ ਬੱਸ ਇਹ ਮਤਲਬ ਨਿਕਲਦਾ ਹੈ। ਇਹ ਠੀਕ ਹੈ, ਪਰ ਇਹ ਬਹੁਤ ਅਧੂਰਾ ਹੈ, ਕਿਉਂਕਿ ਰਾਜਸੀ ਤੌਰ 'ਤੇ, ਸਾਮਰਾਜਵਾਦ, ਆਮ ਤੌਰ 'ਤੇ , ਹਿੰਸਾ ਅਤੇ ਪਿਛਾਖੜ ਵੱਲ ਜਾਣ ਦਾ ਯਤਨ ਹੈ। ਪਰ ਘੜੀ ਪਲ ਲਈ, ਅਸੀਂ ਸਵਾਲ ਦੇ **ਆਰਥਕ** ਪੱਖ ਵਿੱਚ ਦਿਲਚਸਪੀ ਰੱਖਦੇ ਹਾਂ, ਜਿਹੜਾ **ਖ਼ੁਦ** ਕਾਊਟਸਕੀ ਨੇ **ਆਪਣੀ** ਪਰਿਭਾਸ਼ਾ ਵਿੱਚ ਲੈ ਆਂਦਾ ਹੈ। ਕਾਊਟਸਕੀ ਦੀ ਪਰਿਭਾਸ਼ਾ ਵਿੱਚ ਗ਼ਲਤੀਆਂ ਉਘੜਵੀਆਂ ਹਨ। ਸਾਮਰਾਜਵਾਦ ਦਾ ਲਖਣਾਇਕ ਲੱਛਣ ਸਨਅਤੀ **ਨਹੀਂ**, **ਸਗੋਂ** ਵਿੱਤ ਸਰਮਾਇਆ ਹੈ। ਇਹ ਕੋਈ ਸਬੱਬੀ ਗੱਲ ਨਹੀਂ ਕਿ ਫ਼ਰਾਂਸ ਵਿੱਚ **ਵਿੱਤ** ਸਰਮਾਏ ਦਾ ਅਸਾਧਾਰਨ ਤੌਰ ਉੱਤੇ ਤੇਜ਼ ਵਿਕਾਸ ਤੇ ਸਨਅਤੀ ਸਰਮਾਏ ਦਾ ਕਮਜ਼ੋਰ ਹੋਣਾ ਹੀ ਸੀ, ਜਿਸਨੇ ਅੱਸੀਵਿਆਂ ਤੋਂ ਲੈ ਕੇ ਕਬਜ਼ਾਕਰੂ (ਬਸਤੀਵਾਦੀ) ਨੀਤੀ ਨੂੰ ਬੇਹੱਦ ਤੀਖਣ ਬਣਾ ਦਿੱਤਾ। ਸਾਮਰਾਜਵਾਦ ਦਾ ਲਖਣਾਇਕ ਲੱਛਣ ਬਿਲਕੁਲ ਇਹੋ ਹੈ ਕਿ ਇਹ **ਕੇਵਲ** ਜ਼ਰਾਇਤੀ ਇਲਾਕਿਆਂ ਉੱਤੇ ਹੀ **ਨਹੀਂ**, ਸਗੋਂ ਬੇਹੱਦ ਸਨਅਤੀ ਕੀਤੇ ਪ੍ਰਦੇਸ਼ਾਂ ਉੱਤੇ ਕਬਜ਼ਾ ਕਰਨ ਦਾ ਯਤਨ ਕਰਦਾ ਹੈ (ਬੈਲਜੀਅਮ ਲਈ ਜਰਮਨੀ ਦੀ ਭੁੱਖ; ਲੋਰੇਨ ਲਈ ਫ਼ਰਾਂਸ ਦੀ ਭੁੱਖ), ਕਿਉਂਕਿ (1) ਇਹ ਤੱਥ ਕਿ ਦੁਨੀਆ ਪਹਿਲਾਂ ਹੀ ਵੰਡੀ ਗਈ ਹੈ; **ਮੁੜ-ਵੰਡ** ਬਾਰੇ ਸੋਚ ਰਹੇ ਲੋਕਾਂ ਨੂੰ **ਹਰ ਤਰ੍ਹਾਂ ਦੇ** ਇਲਾਕੇ ਉੱਤੇ ਕਬਜ਼ਾ ਜਮਾਉਣ ਦਾ ਯਤਨ ਕਰਨ ਲਈ ਮਜ਼ਬੂਰ ਕਰਦਾ ਹੈ ਅਤੇ (2) ਸਾਮਰਾਜਵਾਦ ਦਾ ਲਾਜ਼ਮੀ ਲੱਛਣ ਸਰਦਾਰੀ ਲਈ, ਭਾਵ, ਇਲਾਕੇ ਨੂੰ ਜਿੱਤਣ ਲਈ ਕਈ ਵੱਡੀਆਂ ਤਾਕਤਾਂ ਵਿਚਕਾਰ ਮੁਕਾਬਲਾ ਹੈ, ਇੰਨੀ ਸਿੱਧੀ ਤਰ੍ਹਾਂ ਆਪਣੇ ਲਈ ਨਹੀਂ, ਜਿੰਨਾਂ ਕਿ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਅਤੇ **ਉਸਾਰੀ** ਸਰਦਾਰੀ ਨੂੰ ਢਾਹ ਲਾਉਣ ਲਈ। (ਬੈਲਜੀਅਮ ਜਰਮਨੀ ਲਈ ਬਰਤਾਨੀਆ ਵਿਰੁੱਧ ਕਾਰਵਾਈਆਂ ਲਈ ਆਧਾਰ ਵਜੋਂ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ; ਬਰਤਾਨੀਆ ਨੂੰ ਜਰਮਨੀ ਦੇ ਖ਼ਿਲਾਫ਼ ਕਾਰਵਾਈਆਂ ਲਈ ਅੱਡੇ ਵਜੋਂ ਬਗ਼ਦਾਦ ਦੀ ਲੋੜ ਹੈ, ਆਦਿ)।

ਕਾਊਟਸਕੀ ਖ਼ਾਸ ਤੌਰ 'ਤੇ—ਅਤੇ ਘੜੀ ਮੁੜੀ—ਅੰਗ੍ਰੇਜ਼ ਲੇਖਕਾਂ ਦਾ ਹਵਾਲਾ ਦੇਂਦਾ ਹੈ ਜਿਨ੍ਹਾਂ ਦੇ, ਉਹ ਦਾਅਵਾ ਕਰਦਾ, ਸ਼ਬਦ ਸਾਮਰਾਜਵਾਦ ਨੂੰ ਉਹਨਾਂ ਅਰਥਾਂ ਵਿੱਚ ਨਿਰੋਲ ਰਾਜਸੀ ਭਾਵ ਦਿੰਦੇ ਹਨ ਜਿਨ੍ਹਾਂ ਵਿੱਚ ਉਹ, ਕਾਊਟਸਕੀ, ਇਹਨੂੰ ਸਮਝਦਾ ਹੈ। ਅਸੀਂ ਅੰਗ੍ਰੇਜ਼ ਲੇਖਕ ਹਾਬਸਨ ਦੀ ਕਿਰਤ "ਸਾਮਰਾਜਵਾਦ" ਲੈਂਦੇ ਹਾਂ, ਜਿਹੜੀ 1902 ਵਿੱਚ ਪ੍ਰਕਾਸ਼ਤ ਹੋਈ ਅਤੇ ਉੱਥੇ ਅਸੀਂ ਪੜ੍ਹਦੇ ਹਾਂ:

"ਨਵਾਂ ਸਾਮਰਾਜਵਾਦ ਪੁਰਾਣੇ ਤੋਂ ਵੱਖਰਾ ਹੈ, ਪਹਿਲੇ, ਇਸ ਗੱਲ ਵਿੱਚ ਕਿ ਇਹਨੇ ਇੱਕੋ ਇੱਕ ਵਧਦੇ ਸਾਮਰਾਜਵਾਦ ਦੀ ਲਾਲਸਾ ਦੀ ਥਾਂ ਮੁਕਾਬਲਾ ਕਰ ਰਹੇ ਸਾਮਰਾਜਾਂ ਦੇ ਸਿਧਾਂਤ ਅਤੇ ਅਮਲ ਨੂੰ ਦੇ ਦਿੱਤੀ ਹੈ, ਜਿਨ੍ਹਾਂ ਵਿੱਚੋਂ ਹਰ ਇੱਕ ਰਾਜਸੀ ਵਡਿਆਈ ਅਤੇ ਵਪਾਰਕ ਲਾਭ ਦੀਆਂ ਇੱਕੋ ਜਿਹੀਆਂ ਲਾਲਸਾਵਾਂ ਨੂੰ ਮੁੱਖ ਰੱਖ ਕੇ ਚੱਲਦਾ ਹੈ; ਦੂਜੇ, ਇਸ ਗੱਲ ਵਿੱਚ ਕਿ ਵਪਾਰਕ ਹਿੱਤਾਂ ਨਾਲ਼ੋਂ ਵਿੱਤ ਜਾਂ ਸਰਮਾਇਆ ਲਾਉਣ ਦੇ ਹਿੱਤ ਭਾਰੂ ਹੁੰਦੇ

ਹਨ।"*

ਅਸੀਂ ਵੇਖਦੇ ਹਾਂ ਕਿ ਕਾਊਟਸਕੀ ਆਮ ਤੌਰ 'ਤੇ ਅੰਗ੍ਰੇਜ਼ ਲੇਖਕਾਂ ਦਾ ਹਵਾਲਾ ਦੇਣ ਵਿੱਚ ਬਿਲਕੁਲ ਗ਼ਲਤ ਹੈ (ਜੇ ਉਹਦਾ ਮਤਬਲ ਗੰਵਾਰੂ ਅੰਗ੍ਰੇਜ਼ ਸਾਮਰਾਜੀਆਂ ਤੋਂ, ਜਾਂ ਸਾਮਰਾਜਵਾਦ ਦੇ ਕੱਟੜ ਸਮੱਰਥਕਾਂ ਤੋਂ ਨਹੀਂ ਸੀ।) ਅਸੀਂ ਵੇਖਦੇ ਹਾਂ ਕਿ ਕਾਊਟਸਕੀ, ਮਾਰਕਸਵਾਦ ਦੀ ਵਕਾਲਤ ਜਾਰੀ ਰੱਖ ਰਹੇ ਹੋਣ ਦੇ ਦਾਅਵੇ ਕਰਦਾ ਹੋਇਆ, ਅਮਲ ਵਿੱਚ **ਸਮਾਜੀ-ਉਦਾਰਪੰਥੀ** ਹਾਬਸਨ ਨਾਲ਼ੋਂ ਇੱਕ ਕਦਮ ਪਿੱਛੇ ਵੱਲ ਪੁੱਟਦਾ ਹੈ ਜਿਹੜਾ ਕਿ ਨਵੀਨ, ਸਾਮਰਾਜਵਾਦ ਦੇ ਦੋ "ਇਤਿਹਾਸਕ ਤੌਰ 'ਤੇ ਠੋਸ" (ਕਾਊਟਸਕੀ ਦੀ ਪਰਿਭਾਸ਼ਾ ਇਤਿਹਾਸਕ ਠੋਸਪੁਣੇ ਦਾ ਮਜ਼ਾਕ ਹੈ!) ਲੱਛਣਾਂ ਨੂੰ **ਵਧੇਰੇ ਠੀਕ ਤਰ੍ਹਾਂ** ਧਿਆਨ ਵਿੱਚ ਰੱਖਦਾ ਹੈ: (1) **ਕਈ** ਸਾਮਰਾਜਾਂ ਵਿਚਕਾਰ ਮੁਕਾਬਲਾ, ਅਤੇ (2) ਵਪਾਰੀ ਉੱਤੇ ਵਿੱਤ ਸਰਮਾਏਦਾਰ ਦੀ ਪ੍ਰਮੁੱਖਤਾ। ਜੇ ਸਵਾਲ ਮੁੱਖ ਤੌਰ 'ਤੇ ਸਨਅਤੀ ਦੇਸ਼ਾਂ ਵੱਲੋਂ ਜ਼ਰਾਇਤੀ ਦੇਸ਼ਾਂ ਦੇ ਕਬਜ਼ੇ ਦਾ ਹੀ ਹੈ ਤਾਂ ਵਪਾਰੀ ਦਾ ਰੋਲ ਮੂਹਰੇ ਰੱਖ ਦਿੱਤਾ ਜਾਂਦਾ ਹੈ।

ਕਾਊਟਸਕੀ ਦੀ ਪਰਿਭਾਸ਼ਾ ਕੇਵਲ ਗ਼ਲਤ ਅਤੇ ਗ਼ੈਰ-ਮਾਰਕਸਵਾਦੀ ਹੀ ਨਹੀਂ, ਇਹ ਵਿਚਾਰਾਂ ਦੀ ਸਾਰੀ ਪ੍ਰਣਾਲੀ ਲਈ ਅਧਾਰ ਦਾ ਕੰਮ ਦੇਂਦੀ ਹੈ, ਜਿਹੜੇ ਸ਼ੁਰੂ ਤੋਂ ਅਖ਼ੀਰ ਤੱਕ ਮਾਰਕਸਵਾਦੀ ਸਿਧਾਂਤ ਅਤੇ ਮਾਰਕਸਵਾਦੀ ਅਮਲ ਨਾਲ਼ੋਂ ਟੁੱਟਣ ਨੂੰ ਪ੍ਰਗਟ ਕਰਦੇ ਹਨ। ਇਹਦਾ ਮੈਂ ਅੱਗੇ ਚੱਲ ਕੇ ਹਵਾਲਾ ਦਿਆਂਗਾ। ਸ਼ਬਦਾਂ ਬਾਰੇ ਵਿਵਾਦ, ਜਿਹੜਾ ਕਾਊਟਸਕੀ ਇਸ ਗੱਲ ਬਾਰੇ ਖੜ੍ਹਾ ਕਰਦਾ ਹੈ ਕਿ ਸਰਮਾਏਦਾਰੀ ਦੇ ਨਵੇਂ ਪੜਾਅ ਨੂੰ ਸਾਮਰਾਜਵਾਦ ਕਿਹਾ ਜਾਵੇ ਜਾਂ ਵਿੱਤ ਸਰਮਾਏ ਦਾ ਪੜਾਅ, ਗੰਭੀਰ ਧਿਆਨ ਦੇਣ ਯੋਗ ਨਹੀਂ। ਇਹਨੂੰ ਜੋ ਮਰਜ਼ੀ ਹੈ ਕਹਿ ਲਵੋ, ਕੋਈ ਫ਼ਰਕ ਨਹੀਂ ਪੈਂਦਾ। ਮਾਮਲੇ ਦਾ ਤੱਤ ਇਹ ਹੈ ਕਿ ਕਾਊਟਸਕੀ ਸਾਮਰਾਜਵਾਦ ਦੀ ਰਾਜਨੀਤੀ ਨੂੰ ਇਹਦੀ ਆਰਥਿਕਤਾ ਤੋਂ ਵੱਖ ਕਰਦਾ ਹੈ, ਕਬਜ਼ਿਆਂ ਦੀ ਅਜਿਹੀ ਨੀਤੀ ਵਜੋਂ ਗੱਲ ਕਰਦਾ ਹੈ, ਜਿਸਨੂੰ ਵਿੱਤ ਸਰਮਾਏ ਵੱਲੋਂ "ਪਹਿਲ ਦਿੱਤੀ ਜਾਂਦੀ ਹੈ," ਅਤੇ ਇਹਦੇ ਮੁਕਾਬਲੇ ਉੱਤੇ ਇੱਕ ਹੋਰ ਬੁਰਜੂਆ ਨੀਤੀ ਨੂੰ ਰੱਖਦਾ ਹੈ ਜਿਹੜੀ, ਉਹ ਦਾਅਵਾ ਕਰਦਾ ਹੈ, ਵਿੱਤ ਸਰਮਾਏ ਦੇ ਬਿਲਕੁਲ ਇਸੇ ਹੀ ਅਧਾਰ ਉੱਤੇ ਸੰਭਵ ਹੈ। ਤਾਂ ਨਤੀਜਾ ਇਹ ਨਿਕਲਦਾ ਹੈ ਕਿ ਆਰਥਕਤਾ ਵਿੱਚ ਅਜਾਰੇਦਾਰੀਆਂ ਰਾਜਨੀਤੀ ਵਿੱਚ ਗ਼ੈਰ-ਅਜ਼ਾਰੇਦਾਰਾਨਾ, ਗ਼ੈਰ-ਹਿੰਸਕ, ਗ਼ੈਰ-ਕਬਜ਼ਾਵਾਦੀ ਢੰਗਾਂ ਨਾਲ਼ ਮੇਲ ਖਾਂਦੀਆਂ ਹਨ। ਤਾਂ ਨਤੀਜਾ ਇਹ ਨਿਕਲ਼ਦਾ ਹੈ ਕਿ ਦੁਨੀਆਂ ਦੀ ਇਲਾਕਾਈ ਵੰਡ, ਜਿਹੜੀ ਵਿੱਤ ਸਰਮਾਏ ਦੇ ਇਸੇ ਹੀ ਦੌਰ ਦੇ ਸਮੇਂ ਵਿੱਚ ਪੂਰੀ ਕੀਤੀ ਗਈ ਸੀ ਅਤੇ ਜਿਹੜੀ ਸਭ ਤੋਂ ਵੱਡੇ ਸਰਮਾਏਦਾਰ ਰਾਜਾਂ ਵਿਚਕਾਰ ਮੁਕਾਬਲੇ ਦੇ ਮੌਜੂਦਾ ਵਿਸ਼ੇਸ਼ ਰੂਪਾਂ ਦਾ ਅਧਾਰ ਬਣੀ ਹੋਈ ਹੈ, ਗ਼ੈਰ-ਸਾਮਰਾਜੀ ਨੀਤੀ ਨਾਲ਼ ਮੇਲ ਖਾਂਦੀ ਹੈ। ਨਤੀਜਾ ਸਰਮਾਏਦਾਰੀ ਦੇ ਨਵੇਂ ਪੜਾਅ ਦੇ ਅਤਿ ਡੂੰਘੇ ਵਿਰੋਧਾਂ ਦੀ ਡੂੰਘਾਈ ਉੱਤੋਂ ਪਰਦਾ ਲਾਹੁਣ ਦੀ ਥਾਂ ਉਹਨਾਂ ਨੂੰ ਅੱਖੋਂ ਉਹਲੇ ਕਰਨਾ ਅਤੇ ਖੁੰਢਿਆਂ ਕਰਨਾ ਹੈ; ਨਤੀਜਾ ਮਾਰਕਸਵਾਦ ਦੀ ਥਾਂ ਬੁਰਜੂਆ

* Hobson. 'Imperialism', L, 1902, p. 324.

ਸੁਧਾਰਵਾਦ ਹੈ।

ਕਾਊਟਸਕੀ ਸਾਮਰਾਜਵਾਦ 'ਤੇ ਕਬਜ਼ਿਆਂ ਦੇ ਜਰਮਨ ਸਮਰਥਕ, ਕੂਨੋਵ, ਨਾਲ਼ ਵਿਵਾਦ ਛੇੜ ਲੈਂਦਾ ਹੈ, ਜਿਹੜਾ ਕੁਢੱਬੇ ਅਤੇ ਸਨਕੀ ਢੰਗ ਨਾਲ਼ ਦਲੀਲ ਦੇਂਦਾ ਹੈ ਕਿ ਸਾਮਰਾਜਵਾਦ ਅਜੋਕੀ ਸਰਮਾਏਦਾਰੀ ਹੈ; ਸਰਮਾਏਦਾਰੀ ਦਾ ਵਿਕਾਸ ਅਟੱਲ ਅਤੇ ਅੱਗੇ-ਵਧੂ ਹੈ; ਇਸ ਲਈ, ਸਾਮਰਾਜਵਾਦ ਅੱਗੇ-ਵਧੂ ਹੈ; ਇਸ ਲਈ, ਸਾਨੂੰ ਇਸ ਅੱਗੇ ਵਿਛ ਜਾਣਾ ਚਾਹੀਦਾ ਹੈ ਅਤੇ ਇਹਨੂੰ ਵਡਿਆਉਣਾ ਚਾਹੀਦਾ ਹੈ! ਇਹ ਇੱਕ ਤਰ੍ਹਾਂ ਰੂਸੀ ਮਾਰਕਸਵਾਦੀਆਂ ਦੇ ਭੰਡ-ਚਿੱਤਰ ਵਰਗੀ ਕੋਈ ਸ਼ੈ ਹੈ, ਜਿਹੜਾ ਨਰੋਦਨਿਕਾਂ[41] ਨੇ 1894-95 ਵਿੱਚ ਬਣਾਇਆ ਸੀ। ਉਹਨਾਂ ਦੀ ਦਲੀਲ ਸੀ: ਜੇ ਮਾਰਕਸਵਾਦੀਆਂ ਦਾ ਵਿਸ਼ਵਾਸ ਹੈ ਕਿ ਰੂਸ ਵਿੱਚ ਸਰਮਾਏਦਾਰੀ ਅਟੱਲ ਹੈ, ਕਿ ਇਹ ਅੱਗੇ-ਵਧੂ ਹੈ, ਤਾਂ ਉਹਨਾਂ ਨੂੰ ਇੱਕ ਸ਼ਰਾਬਖ਼ਾਨਾ ਖੋਹਲ ਲੈਣਾ ਚਾਹੀਦਾ ਹੈ ਅਤੇ ਸਰਮਾਏਦਾਰੀ ਦਾ ਬੂਟਾ ਲਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ! ਕੂਨੋਵ ਨੂੰ ਕਾਊਟਸਕੀ ਦਾ ਉੱਤਰ ਇਸ ਤਰ੍ਹਾਂ ਹੈ: ਸਾਮਰਾਜਵਾਦ ਅਜੋਕੀ ਸਰਮਾਏਦਾਰੀ ਨਹੀਂ; ਇਹ ਸਿਰਫ਼ ਅਜੋਕੀ ਸਰਮਾਏਦਾਰੀ ਦੀ ਨੀਤੀ ਦੇ ਰੂਪਾਂ ਵਿੱਚੋਂ ਇੱਕ ਹੈ। ਇਸ ਨੀਤੀ ਵਿਰੁੱਧ ਅਸੀਂ ਲੜ ਸਕਦੇ ਹਾਂ ਅਤੇ ਸਾਨੂੰ ਲੜਨਾ ਚਾਹੀਦਾ ਹੈ, ਸਾਮਰਾਜਵਾਦ ਦੇ, ਕਬਜ਼ਿਆਂ, ਆਦਿ ਦੇ ਵਿਰੁੱਧ ਲੜਾਈ।

ਉੱਤਰ ਬਿਲਕੁਲ ਉਚਿੱਤ ਲੱਗਦਾ ਹੈ, ਪਰ ਅਸਲ ਵਿੱਚ ਇਹ ਸਾਮਰਾਜਵਾਦ ਨਾਲ਼ ਸੁਲਹ-ਸਫ਼ਾਈ ਦੀ ਵਧੇਰੇ ਸੂਖ਼ਮ ਅਤੇ ਵਧੇਰੇ ਲੁਕੀ ਹੋਈ (ਅਤੇ ਇਸੇ ਲਈ ਵਧੇਰੇ ਖਤਰਨਾਕ) ਵਕਾਲਤ ਹੈ, ਕਿਉਂਕਿ ਟਰੱਸਟਾਂ ਅਤੇ ਬੈਂਕਾਂ ਦੀ ਨੀਤੀ ਵਿਰੁੱਧ "ਲੜਾਈ" ਜਿਹੜੀ ਟਰੱਸਟਾਂ ਤੇ ਬੈਂਕਾਂ ਦੇ ਆਰਥਕ ਅਧਾਰ ਉੱਤੇ ਕੋਈ ਅਸਰ ਨਹੀਂ ਪਾਉਂਦੀ, ਸਿਰਫ ਬੁਰਜੂਆ ਸੁਧਾਰਵਾਦ ਅਤੇ ਸ਼ਾਂਤੀਵਾਦ ਹੈ, ਪਵਿੱਤਰ, ਇੱਛਾਵਾਂ ਦਾ ਸੁਖੀ ਅਤੇ ਮਾਸੂਮ ਪ੍ਰਗਟਾਅ ਹੈ। ਵਿਦਮਾਨ ਵਿਰੋਧਾਂ ਵਿੱਚੋਂ ਸਭ ਤੋਂ ਵੱਧ ਮਹੱਤਵਪੂਰਨ ਨੂੰ ਉਹਨਾਂ ਦੀ ਪੂਰੀ ਡੂੰਘਾਈ ਨਾਲ਼ ਪ੍ਰਗਟ ਕਰਨ ਤੋਂ ਕੰਨੀ ਕਤਰਾਉਣਾ, ਉਹਨਾਂ ਵਿਰੋਧਾਂ ਨੂੰ ਭੁੱਲ ਜਾਣਾ, ਇਹੋ ਜਿਹਾ ਹੈ ਕਾਊਟਸਕੀ ਦਾ ਸਿਧਾਂਤ, ਜਿਸਦੀ ਮਾਰਕਸਵਾਦ ਨਾਲ਼ ਕੋਈ ਸਾਂਝ ਨਹੀਂ। ਸੁਭਾਵਕ ਹੀ, ਇਹੋ ਜਿਹਾ "ਸਿਧਾਂਤ" ਸਿਰਫ਼ ਕੂਨੋਵਾਂ ਨਾਲ਼ ਏਕਤਾ ਦੀ ਵਕਾਲਤ ਦੇ ਮੰਤਵ ਦੀ ਹੀ ਸੇਵਾ ਕਰਦਾ ਹੈ!

"ਨਿਰੋਲ ਆਰਥਕ ਵਿਸ਼ਲੇਸ਼ਣ ਤੋਂ," ਕਾਊਟਸਕੀ ਲਿਖਦਾ ਹੈ, "ਇਹ ਅਸੰਭਵ ਨਹੀਂ ਕਿ ਸਰਮਾਏਦਾਰੀ ਅਜੇ ਇੱਕ ਨਵੇਂ ਪੜਾਅ ਵਿੱਚੋਂ ਲੰਘੇਗੀ, ਕਾਰਟਲਾਂ ਦੀ ਨੀਤੀ ਦੇ ਵਿਦੇਸ਼ ਨੀਤੀ ਵਿੱਚ ਪਸਾਰ ਦੇ ਪੜਾਅ ਵਿੱਚੋਂ, ਪੜ-ਸਾਮਰਾਜਵਾਦ ਦੇ ਪੜਾਅ ਵਿੱਚੋਂ,"* ਅਰਥਾਤ, ਪਰਾ-ਸਾਮਰਾਜਵਾਦ ਦੇ, ਸਾਰੀ ਦੁਨੀਆ ਦੇ ਸਾਮਰਾਜਾਂ ਦੀ ਏਕਤਾ ਦੇ, ਨਾ ਕਿ ਉਹਨਾਂ ਵਿਚਕਾਰ ਘੋਲ਼ਾਂ ਦੇ ਪੜਾਅ ਵਿੱਚੋਂ, ਇੱਕ ਅਜਿਹਾ ਪੜਾਅ ਜਦੋਂ ਸਰਮਾਏਦਾਰੀ ਹੇਠ ਯੁੱਧ ਖ਼ਤਮ ਹੋ ਜਾਣਗੇ, "ਕੌਮਾਂਤਰੀ ਤੌਰ 'ਤੇ ਇਕਮੁੱਠ ਹੋਏ ਹੋਏ ਵਿੱਤ ਸਰਮਾਏ ਵੱਲੋਂ

* ´Die Neue Zeit[a] , 1914, 2, (ਸੈਂਚੀ 32), ਪੰਨਾ 921, 11 ਸਤੰਬਰ, 1914, 2. ਨਾਲ਼ੇ ਵੇਖੋ 1915, 2. ਪੰਨਾ 107, ਆਦਿ।

ਦੁਨੀਆ ਦੀ ਸਾਂਝੀ ਲੁੱਟ–ਚੋਂਘ"* ਦਾ ਪੜਾਅ।

ਵਿਸਥਾਰ ਨਾਲ਼ ਇਹ ਦਰਸਾਉਣ ਲਈ ਇੱਕ "ਪੜ–ਸਾਮਰਾਜਵਾਦ ਦਾ ਇਹ ਸਿਧਾਂਤ" ਮਾਰਕਸਵਾਦ ਨਾਲ਼ੋਂ ਕਿੰਨਾਂ ਨਿਰਣਾਇਕ ਢੰਗ ਨਾਲ਼ ਅਤੇ ਪੂਰੀ ਤਰ੍ਹਾਂ ਟੁੱਟਦਾ ਹੈ, ਸਾਨੂੰ ਇਹ ਅੱਗੇ ਚੱਲ ਕੇ ਲੈਣਾ ਪਵੇਗਾ। ਇਸ ਸਮੇਂ, ਮੌਜੂਦਾ ਕਿਰਤ ਦੀ ਆਮ ਵਿਉਂਤ ਅਨੁਸਾਰ, ਸਾਨੂੰ ਇਸ ਪ੍ਰਸ਼ਨ ਬਾਰੇ ਠੀਕ ਠੀਕ ਆਰਥਕ ਅੰਕੜਿਆਂ ਦੀ ਪੜਤਾਲ ਕਰਨੀ ਚਾਹੀਦੀ ਹੈ। "ਨਿਰੋਲ ਆਰਥਕ ਦ੍ਰਿਸ਼ਟੀਕੋਣ ਤੋਂ", ਕੀ "ਪੜ–ਸਾਮਰਾਜਵਾਦ" ਸੰਭਵ ਹੈ, ਜਾਂ ਕਿ ਇਹ ਪੜ–ਵਾਹਯਾਤੀ ਹੈ ?

ਜੇ ਨਿਰੋਲ ਆਰਥਕ ਦ੍ਰਿਸ਼ਟੀਕੋਣ ਤੋਂ ਮਤਲਬ "ਨਿਰੋਲ" ਭਾਵਵਾਚਕਤਾ ਲਿਆ ਜਾਂਦਾ ਹੈ ਤਾਂ ਜੋ ਕੁਝ ਕਿਹਾ ਜਾ ਸਕਦਾ ਹੈ, ਉਹ ਸਾਰਾ ਕੁਝ ਇਹ ਪ੍ਰਸਤਾਵ ਬਣ ਕੇ ਰਹਿ ਜਾਂਦਾ ਹੈਃ ਵਿਕਾਸ ਅਜਾਰੇਦਾਰੀਆਂ ਵੱਲ, ਇਸ ਲਈ, ਇੱਕੋ ਇੱਕ ਸੰਸਾਰ ਅਜਾਰੇਦਾਰੀ ਵੱਲ, ਇੱਕੋ ਇੱਕ ਸੰਸਾਰ ਟਰੱਸਟ ਵੱਲ ਵੱਧ ਰਿਹਾ ਹੈ। ਇਹ ਗੱਲ ਨਿਰਵਿਵਾਦ ਹੈ, ਪਰ ਇਹ ਗੱਲ ਵੀ ਉਨੀ ਹੀ ਪੂਰੀ ਤਰ੍ਹਾਂ ਬੇਅਰਥ ਹੈ ਜਿਨਾਂ ਇਹ ਬਿਆਨ ਕਿ "ਵਿਕਾਸ" ਪ੍ਰਯੋਗਸ਼ਾਲਾਵਾਂ ਵਿਚ ਖਾਣ–ਪੀਣ ਦੀਆਂ ਵਸਤਾਂ ਤਿਆਰ ਕਰਨ ਵੱਲ "ਵਧ ਰਿਹਾ ਹੈ"। ਇਹਨਾਂ ਅਰਥਾਂ ਵਿੱਚ ਪੜ–ਸਾਮਰਾਜਵਾਦ ਦਾ "ਸਿਧਾਂਤ" "ਪੜ–ਖੇਤੀ ਦੇ ਸਿਧਾਂਤ" ਨਾਲ਼ੋਂ ਘੱਟ ਵਾਹਯਾਤ ਨਹੀਂ ਹੈ।

ਪਰ, ਜੇ ਅਸੀਂ ਇਤਿਹਾਸਕ ਤੌਰ 'ਤੇ ਠੋਸ ਯੁੱਗ ਵਜੋਂ ਵਿੱਤ ਸਰਮਾਏ ਦੇ ਦੌਰ ਦੀਆਂ "ਨਿਰੋਲ ਆਰਥਕ" ਹਾਲਤਾਂ ਉੱਤੇ ਵਿਚਾਰ ਕਰ ਰਹੇ ਹਾਂ, ਜਿਹੜਾ ਯੁੱਗ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਆਰੰਭ ਹੋਇਆ, ਤਾਂ ਸਭ ਤੋਂ ਚੰਗਾ ਉੱਤਰ ਜਿਹੜਾ "ਪੜ–ਸਾਮਰਾਜਵਾਦ" ਦੇ ਬੇਜਾਨ ਭਾਵਵਾਚਕ ਸੰਕਲਪਾਂ ਦਾ ਦਿੱਤਾ ਜਾ ਸਕਦਾ ਹੈ (ਜਿਹੜੇ ਨਿਰੋਲ ਰੂਪ ਵਿੱਚ ਸਭ ਤੋਂ ਪਿੱਛੇ–ਖਿੱਚੂ ਨਿਸ਼ਾਨੇ ਦੀ ਸੇਵਾ ਕਰਦੇ ਹਨਃ **ਮੌਜੂਦਾ** ਵਿਰੋਧਾਂ ਦੀ ਡੂੰਘਾਈ ਤੋਂ ਧਿਆਨ ਲਾਂਭੇ ਲਿਜਾਣ ਦੇ ਨਿਸ਼ਾਨੇ ਦੀ) ਉਹ ਇਹ ਹੈ ਕਿ ਅਜੋਕੀ ਸੰਸਾਰ ਆਰਥਕਤਾ ਦੀਆਂ ਠੋਸ ਆਰਥਕ ਹਕੀਕਤਾਂ ਨਾਲ਼ ਇਹਦਾ ਮੁਕਾਬਲਾ ਕੀਤਾ ਜਾਵੇ। ਪੜ–ਸਾਮਰਾਜਵਾਦ ਬਾਰੇ ਕਾਊਟਸਕੀ ਦਾ ਬਿਲਕੁਲ ਬੇਅਰਥ ਕਥਨ, ਹੋਰ ਗੱਲਾਂ ਦੇ ਨਾਲ਼ ਨਾਲ਼, ਉਸ ਡੂੰਘੀ ਤਰ੍ਹਾਂ ਗ਼ਲਤ ਵਿਚਾਰ ਨੂੰ ਉਤਸ਼ਾਹ ਦਿੰਦਾ ਹੈ, ਜਿਹੜਾ ਸਿਰਫ਼ ਸਾਮਰਾਜਵਾਦ ਦੇ ਵਕੀਲਾਂ ਲਈ ਹੀ ਲਾਭਦਾਇਕ ਹੈ, ਅਰਥਾਤ, ਇਹ ਕਿ ਵਿੱਤ ਸਰਮਾਏ ਦਾ ਗ਼ਲਬਾ ਸੰਸਾਰ ਆਰਥਕਤਾ ਵਿੱਚ ਲੁਪਤ ਨਾਬਰਾਬਰੀਆਂ ਦੇ ਵਿਰੋਧਾਂ ਨੂੰ **ਘਟਾਉਂਦਾ ਹੈ**, ਜਦੋਂ ਕਿ ਅਸਲ ਵਿੱਚ ਇਹ ਉਹਨਾਂ ਨੂੰ **ਵਧਾਉਂਦਾ ਹੈ**।[42]

ਰ. ਕਾਲਵਰ ਨੇ ਆਪਣੀ ਛੋਟੀ ਜਿਹੀ ਪੁਸਤਕ, **ਸੰਸਾਰ ਆਰਥਕਤਾ ਦੀ ਜਾਣ-ਪਛਾਣ**** ਵਿੱਚ ਮੁੱਖ, ਨਿਰੋਲ ਆਰਥਕ, ਅੰਕੜਿਆਂ ਦਾ ਨਿਚੋੜ ਕੱਢਣ ਦਾ ਯਤਨ ਕੀਤਾ

---

* ´Die Neue Zeitª, 1915, 1, ਪੰਨਾ 144, 30 ਅਪ੍ਰੈਲ, 1915।

** R. Calwer. ´Einf¸hrung in die weltwirtschaftª. Brl. 1906.

ਹੈ, ਜਿਸ ਤੋਂ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸੰਸਾਰ ਆਰਥਕਤਾ ਦੇ ਅੰਦਰਲੇ ਸਬੰਧਾਂ ਦੀ ਠੋਸ ਤਸਵੀਰ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲ਼ਦੀ ਹੈ। ਉਹ ਦੁਨੀਆ ਨੂੰ ਇਹਨਾਂ ਪੰਜ "ਮੁੱਖ ਆਰਥਿਕ ਹਲਕਿਆਂ" ਵਿੱਚ ਵੰਡਦਾ ਹੈ, (1) ਕੇਂਦਰੀ ਯੂਰਪ (ਰੂਸ ਅਤੇ ਬਰਤਾਨੀਆ ਤੋਂ ਬਿਨਾਂ ਸਾਰਾ ਯੂਰਪ) (2) ਬਰਤਾਨੀਆ (3) ਰੂਸ (4) ਪੂਰਬੀ ਏਸ਼ੀਆ (5) ਅਮਰੀਕਾ; ਉਹ ਬਸਤੀਆਂ ਨੂੰ ਉਹਨਾਂ ਰਾਜਾਂ ਦੇ "ਰਕਬਿਆਂ" ਵਿੱਚ ਸ਼ਾਮਲ ਕਰਦਾ ਹੈ, ਜਿਨ੍ਹਾਂ ਦੇ ਕਬਜ਼ੇ ਹੇਠ ਉਹ ਹਨ ਅਤੇ ਕੁਝ ਦੇਸ਼ਾਂ ਨੂੰ "ਲਾਂਭੇ ਰਹਿਣ ਦੇਂਦਾ ਹੈ," ਜਿਹੜੇ ਰਕਬਿਆਂ ਅਨੁਸਾਰ ਨਹੀਂ ਵੰਡੇ ਹੋਏ ਜਿਵੇਂ ਕਿ ਏਸ਼ੀਆ ਵਿੱਚ ਈਰਾਨ, ਅਫ਼ਗਾਨਿਸਤਾਨ ਅਤੇ ਅਰਬ, ਅਫ਼ਰੀਕਾ ਵਿੱਚ ਮਰਾਕੋ ਅਤੇ ਐਬੇਸੀਨੀਆ, ਆਦਿ।

ਇਹਨਾਂ ਖੰਡਾਂ ਬਾਰੇ ਉਸ ਵੱਲੋਂ ਦਿੱਤੇ ਗਏ ਅੰਕੜਿਆਂ ਦਾ ਸਾਰ ਇਸ ਪ੍ਰਕਾਰ ਹੈ: (ਅਗਲੇ ਪੰਨੇ ਉੱਤੇ ਸਾਰਣੀ ਵੇਖੋ)

ਅਸੀਂ ਅਤਿ ਵਿਕਸਿਤ ਸਰਮਾਏਦਾਰੀ (ਆਵਾਜਾਈ ਦੇ ਸਾਧਨਾਂ ਤੇ ਵਪਾਰ ਤੇ ਸਨਅਤ ਦੇ ਬਹੁਤ ਜ਼ਿਆਦਾ ਵਿਕਾਸ) ਦੇ ਤਿੰਨ ਹਲਕੇ ਵੇਖਦੇ ਹਾਂ: ਕੇਂਦਰੀ ਯੂਰਪੀ, ਬਰਤਾਨਵੀਂ ਅਤੇ ਅਮਰੀਕੀ ਹਲਕੇ। ਇਹਨਾਂ ਵਿੱਚ ਤਿੰਨ ਰਾਜ ਹਨ ਜਿਨ੍ਹਾਂ ਦਾ ਦੁਨੀਆ ਉੱਤੇ ਗ਼ਲਬਾ ਹੈ: ਜਰਮਨੀ, ਬਰਤਾਨੀਆ ਅਤੇ ਅਮਰੀਕਾ। ਸਾਮਰਾਜੀ ਮੁਕਾਬਲਾ ਅਤੇ ਇਹਨਾਂ ਦੇਸ਼ਾਂ ਵਿਚਕਾਰ ਘੋਲ਼ ਬੇਹੱਦ ਤੀਖਣ ਹੋ ਗਿਆ ਹੈ ਕਿਉਂਕਿ ਜਰਮਨੀ ਕੋਲ਼ ਸਿਰਫ਼ ਨਾਂ-ਮਾਤਰ ਇਲਾਕਾ ਅਤੇ ਥੋੜ੍ਹੀਆਂ ਜਿਹੀਆਂ ਬਸਤੀਆਂ ਹਨ: "ਕੇਂਦਰੀ ਯੂਰਪ" ਦੀ ਸਥਾਪਨਾ ਅਜੇ ਵੀ ਭਵਿੱਖ ਦਾ ਮਸਲਾ ਹੈ, ਇਹ ਸਿਰਲੱਥ ਘੋਲ਼ ਦੇ ਵਿੱਚ ਜਨਮ ਲੈ ਰਿਹਾ ਹੈ। ਅਜੇ ਸਾਰੇ ਯੂਰਪ ਦਾ ਵਿਲੱਖਣ ਲੱਛਣ ਰਾਜਸੀ ਫੁੱਟ ਹੈ। ਦੂਜੇ ਹੱਥ, ਅਮਰੀਕੀ ਅਤੇ ਬਰਤਾਨਵੀ ਹਲਕਿਆਂ ਵਿੱਚ ਰਾਜਸੀ ਕੇਂਦਰੀਣ ਬਹੁਤ ਜ਼ਿਆਦਾ ਵਿਕਸਿਤ ਹੈ, ਪਰ ਇੱਕ ਦੀਆਂ ਅਥਾਹ ਬਸਤੀਆਂ ਅਤੇ ਦੂਜੇ ਦੀਆਂ ਨਾਂ-ਮਾਤਰ ਬਸਤੀਆਂ ਵਿਚਕਾਰ ਬਹੁਤ ਜ਼ਿਆਦਾ ਫ਼ਰਕ ਹੈ। ਪਰ ਬਸਤੀਆਂ ਵਿੱਚ ਸਰਮਾਏਦਾਰੀ ਅਜੇ ਵਿਕਾਸ ਕਰਨਾ ਸ਼ੁਰੂ ਹੀ ਕਰ ਰਹੀ ਹੈ। ਦੱਖਣੀ ਅਮਰੀਕਾ ਦਾ ਘੋਲ਼ ਦਿਨੋਂ ਦਿਨ ਵਧੇਰੇ ਤੀਖਣ ਬਣਦਾ ਜਾ ਰਿਹਾ ਹੈ।

ਦੋ ਹਲਕੇ ਹਨ ਜਿੱਥੇ ਸਰਮਾਏਦਾਰੀ ਘੱਟ ਵਿਕਸਿਤ ਹੈ: ਰੂਸ ਅਤੇ ਪੂਰਬੀ ਏਸ਼ੀਆ। ਰੂਸ ਵਿੱਚ ਵੱਸੋਂ ਬਹੁਤ ਹੀ ਵਿਰਲੀ ਹੈ, ਪੂਰਬੀ ਏਸ਼ੀਆ ਵਿੱਚ ਬੇਹੱਦ ਸੰਘਣੀ; ਰੂਸ ਵਿੱਚ ਰਾਜਸੀ ਕੇਂਦਰੀਣ ਬਹੁਤ ਜ਼ਿਆਦਾ ਹੈ, ਪੂਰਬੀ ਏਸ਼ੀਆ ਵਿੱਚ ਇਹ ਹੈ ਹੀ ਨਹੀਂ। ਚੀਨ ਦੀ ਵੰਡ ਅਜੇ ਸ਼ੁਰੂ ਹੀ ਹੋ ਰਹੀ ਹੈ ਅਤੇ ਜਪਾਨ, ਅਮਰੀਕਾ ਆਦਿ ਵਿਚਕਾਰ ਇਸ ਲਈ ਘੋਲ਼ ਲਗਾਤਾਰ ਤੀਖਣ ਹੁੰਦਾ ਜਾ ਰਿਹਾ ਹੈ।

ਇਸ ਹਕੀਕਤ—ਆਰਥਕ ਅਤੇ ਰਾਜਸੀ ਹਾਲਤਾਂ ਦੀ ਵਿਸ਼ਾਲ ਵੰਨ-ਸਵੰਨਤਾ, ਵੱਖੋ-ਵੱਖ ਦੇਸ਼ਾਂ ਦੇ ਵਿਕਾਸ ਦੀ ਦਰ ਵਿੱਚ ਬੇਹੱਦ ਫ਼ਰਕ ਆਦਿ ਅਤੇ ਸਾਮਰਾਜੀ ਰਾਜਾਂ ਵਿਚਕਾਰ ਤੀਖਣ ਘੋਲ਼— ਦਾ "ਅਮਨ-ਭਰੇ" ਪੜ-ਸਾਮਰਾਜਵਾਦ ਬਾਰੇ ਕਾਊਟਸਕੀ ਦੀ ਮੂਰਖਾਂ ਵਾਲ਼ੀ ਨਿੱਕੀ ਜਿਹੀ ਮਨਘੜ੍ਹਤ ਕਹਾਣੀ ਨਾਲ਼ ਮੁਕਾਬਲਾ ਕਰੋ। ਕੀ ਇਹ ਡਰੇ ਹੋਏ ਖੂਹ ਦੇ ਡੱਡੂ ਦਾ ਕਰੜੀ ਹਕੀਕਤ ਤੋਂ ਲੁਕਣ ਦਾ ਪਿੱਛੇ-ਖਿੱਚੂ ਯਤਨ ਨਹੀਂ? ਕੀ ਕੌਮਾਂਤਰੀ

| | ਰਕਬਾ | ਵਸੋਂ | ਆਵਾਜਾਈ | | ਵਪਾਰ | ਸਨਅਤ | | |
|---|---|---|---|---|---|---|---|---|
| ਸੰਸਾਰ ਦੇ ਮੁੱਖ ਆਰਥਕ ਹਲਕੇ | 0,00,000 ਵਰਗ ਕਿ. ਮੀ. | (0,00, 000) | ਰੇਲਾਂ (0,00,000) ਕਿ. ਮੀ.) | ਵਪਾਰਕ ਬੇੜਾ (0,00,000 ਟਨ) | ਦਰਾਮਦ ਤੇ ਬਰਾਮਦ (0,00, 000,00 ਕਰੋੜ) | ਉਪਜ (0,00,000 ਟਨ) | | ਸੂਤ ਦੇ ਤੱਕਲਿਆਂ ਦੀ ਗਿਣਤੀ (0,00,000) |
| | | | | | | ਕੋਲਾ | ਲੋਹਾ | |
| 1) ਕੇਂਦਰੀ ਯੂਰਪ | 27.6<br>(23.5)* | 388<br>(146) | 204 | 8 | 41 | 251 | 15 | 26 |
| 2) ਬਰਤਾਨੀਆ | 28.9<br>(28.6)* | 398<br>(355) | 140 | 11 | 25 | 249 | 9 | 51 |
| 3) ਰੂਸ | 22 | 131 | 63 | 1 | 3 | 16 | 3 | 7 |
| 4) ਪੂਰਬੀ ਏਸ਼ੀਆ | 12 | 389 | 8 | 1 | 2 | 8 | 0.02 | 2 |
| 5) ਅਮਰੀਕਾ | 30 | 148 | 379 | 6 | 14 | 245 | 14 | 19 |

* ਬਰੈਕਟਾਂ ਵਿਚਲੇ ਅੰਕੜੇ ਬਸਤੀਆਂ ਦੇ ਰਕਬੇ ਤੇ ਵੱਸੋਂ ਨੂੰ ਦਰਸਾਉਂਦੇ ਹਨ।

ਕਾਰਟਲ, ਜਿਨ੍ਹਾਂ ਬਾਰੇ ਕਾਊਟਸਕੀ ਕਲਪਨਾ ਕਰਨਾ ਹੈ ਕਿ ਉਹ "ਪੜ-ਸਾਮਰਾਜਵਾਦ" ਦੇ ਮੁੱਢਲੇ ਰੂਪ ਹਨ (ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਪ੍ਰਯੋਗਸ਼ਾਲਾ ਵਿੱਚ ਗੋਲੀਆਂ ਤਿਆਰ ਕਰਨ ਨੂੰ ਕੋਈ ਪੜ-ਖੇਤੀ ਦਾ ਭਰੂਣ ਰੂਪ ਕਹਿ "ਸਕਦਾ ਹੈ") ਦੁਨੀਆਂ ਦੀ ਵੰਡ ਅਤੇ **ਮੁੜ-ਵੰਡ** ਦੀ, ਅਮਨ-ਭਰੀ ਵੰਡ ਤੋਂ ਗ਼ੈਰ-ਅਮਨ ਭਰੀ ਅਤੇ ਗ਼ੈਰ ਅਮਨ ਭਰੀ ਤੋਂ ਅਮਨ ਭਰੀ ਵੰਡ ਵੱਲ ਤਬਦੀਲੀ ਦੀ ਉਦਾਹਰਣ ਨਹੀਂ ? ਕੀ ਅਮਰੀਕੀ ਅਤੇ ਹੋਰ ਵਿੱਤ ਸਰਮਾਇਆ ਜਿਸਨੇ, ਉਦਾਹਰਣ ਵਜੋਂ, ਕੌਮਾਂਤਰੀ ਰੇਲ ਸਿੰਡੀਕੇਟ ਜਾਂ ਕੌਮਾਂਤਰੀ ਵਪਾਰਕ ਜਹਾਜ਼ਰਾਨੀ ਦੇ ਟਰੱਸਟ ਵਿੱਚ ਜਰਮਨੀ ਦੀ ਸ਼ਮੂਲੀਅਤ ਨਾਲ਼ ਸਾਰੀ ਦੁਨੀਆ ਨੂੰ ਅਮਨ ਭਰੇ ਤਰੀਕੇ ਨਾਲ਼ ਵੰਡਿਆ ਸੀ, ਹੁਣ ਸ਼ਕਤੀਆਂ ਦੇ ਨਵੇਂ ਸਬੰਧ ਦੇ ਅਧਾਰ ਉੱਤੇ ਦੁਨੀਆਂ ਨੂੰ **ਮੁੜ-ਵੰਡਣ** ਵਿੱਚ ਨਹੀਂ ਜੁੱਟਿਆ ਹੋਇਆ, ਜਿਹੜਾ ਸਬੰਧ ਕਿ ਅਜਿਹੇ ਢੰਗਾਂ ਨਾਲ਼ ਬਦਲਿਆ ਜਾ ਰਿਹਾ ਹੈ, ਜਿਹੜੇ ਕਿਸੇ ਤਰ੍ਹਾਂ ਵੀ ਅਮਨ ਭਰੇ **ਨਹੀਂ** ?

ਵਿੱਤ ਸਰਮਾਇਆ ਅਤੇ ਟਰੱਸਟ ਸੰਸਾਰ ਆਰਥਕਤਾ ਦੇ ਵੱਖੋ ਵੱਖ ਪੱਖਾਂ ਦੇ ਵਾਧੇ ਦੀ ਦਰ ਵਿੱਚ ਫ਼ਰਕਾਂ ਨੂੰ ਘਟਾਉਂਦੇ ਨਹੀਂ, ਸਗੋਂ ਵਧਾਉਂਦੇ ਹਨ। ਇੱਕ ਵਾਰ ਜਦੋਂ ਤਾਕਤਾਂ ਦਾ ਸਬੰਧ ਬਦਲ ਜਾਂਦਾ ਹੈ, ਤਾਂ **ਸਰਮਾਏਦਾਰੀ ਅਧੀਨ** ਵਿਰੋਧਾਂ ਦਾ ਹੋਰ ਕਿਹੜਾ ਹੱਲ ਲੱਭਿਆ ਜਾ ਸਕਦਾ ਹੈ ਸਿਵਾਏ **ਤਾਕਤ** ਦੇ ? ਰੇਲਾਂ ਬਾਰੇ ਅੰਕੜੇ* ਸੰਸਾਰ ਆਰਥਕਤਾ ਵਿੱਚ ਸਰਮਾਏਦਾਰੀ ਅਤੇ ਵਿੱਤ ਸਰਮਾਏ ਦੇ ਵਾਧੇ ਦੀਆਂ ਵੱਖ ਵੱਖ ਦਰਾਂ ਬਾਰੇ ਅਸਾਧਾਰਨ ਤੌਰ 'ਤੇ ਠੀਕ ਠੀਕ ਜਾਣਕਾਰੀ ਮੁਹੱਈਆ ਕਰਦੇ ਹਨ। ਸਾਮਰਾਜੀ ਵਿਕਾਸ ਦੇ ਪਿਛਲੇ ਦਹਾਕਿਆਂ ਵਿੱਚ ਰੇਲਾਂ ਦੀ ਕੁੱਲ ਲੰਬਾਈ ਵਿੱਚ ਹੇਠ ਲਿਖੇ ਢੰਗ ਨਾਲ਼ ਤਬਦੀਲੀ ਆਈ ਹੈ:

ਰੇਲਾਂ

(1,000 ਕਿਲੋਮੀਟਰ)

| | 1890 | 1913 | + |
|---|---|---|---|
| ਯੂਰਪ | 228 | 346 | +122 |
| ਅਮਰੀਕਾ | 268 | 411 | +143 |
| ਸਾਰੀਆਂ ਬਸਤੀਆਂ | 82 | 120 | +128 |
| ਅਮਰੀਕੀ ਅਤੇ ਏਸ਼ੀਆਈ ਮਹਾਂਦੀਪ ਦੇ ਸਵਾਧੀਨ ਅਤੇ ਅਰਧ ਸਵਾਧੀਨ ਦੇਸ਼ | 43 | 137 | 94 |
| | 125 | 347 | +222 |
| **ਕੁੱਲ** | 617 | 1,104 | |

*Stat. Jahrbuch f¸r das Deutsche Reich, 1915; Archiv f¸r Eisenbahnwesen, 1892.(ਜਰਮਨ ਰਾਜ ਦਾ ਸਾਲਨਾਮਾ, 1915, ਰੇਲਾਂ ਦਾ ਮੁਹਾਫ਼ਜ਼ਖ਼ਾਨਾ, 1892–**ਸੰਪਾ:**) ਵੱਖੋ ਵੱਖ ਦੇਸ਼ਾਂ ਦੀਆਂ ਬਸਤੀਆਂ ਵਿੱਚ ਰੇਲਾਂ ਦੀ ਵੰਡ ਲਈ ਨਿੱਕੇ ਨਿੱਕੇ ਵਿਸਥਾਰਾਂ ਦਾ ਲਗਭਗ ਅੰਦਾਜ਼ਾ ਲਾਉਣਾ ਪਿਆ ਹੈ।[43]

ਸੋ, ਰੇਲਾਂ ਦਾ ਵਿਕਾਸ ਬਸਤੀਆਂ ਵਿੱਚ ਅਤੇ ਏਸ਼ੀਆ ਅਤੇ ਅਮਰੀਕਾ ਦੇ ਸਵਾਧੀਨ (ਅਤੇ ਅਰਧ-ਸਵਾਧੀਨ) ਰਾਜਾਂ ਵਿੱਚ ਸਭ ਤੋਂ ਜ਼ਿਆਦਾ ਤੇਜ਼ ਰਿਹਾ ਹੈ। ਇੱਥੇ, ਜਿਵੇਂ ਕਿ ਅਸੀਂ ਜਾਣਦੇ ਹਾਂ, ਚਾਰ ਜਾਂ ਪੰਜ ਸਭ ਤੋਂ ਵੱਡੇ ਸਰਮਾਏਦਾਰ ਰਾਜਾਂ ਦੇ ਵਿੱਤ ਸਰਮਾਏ ਦੀ ਨਿਰਵਿਵਾਦ ਸਰਦਾਰੀ ਹੈ। ਬਸਤੀਆਂ ਵਿੱਚ ਅਤੇ ਏਸ਼ੀਆ ਅਤੇ ਅਮਰੀਕਾ ਦੇ ਦੂਜੇ ਦੇਸ਼ਾਂ ਵਿੱਚ ਦੋ ਲੱਖ ਕਿਲੋਮੀਟਰ ਨਵੀਆਂ ਰੇਲਾਂ ਖ਼ਾਸ ਤੌਰ 'ਤੇ ਲਾਹੇਵੰਦੀਆਂ ਸ਼ਰਤਾਂ ਉੱਤੇ ਲਾਏ ਗਏ 40 ਅਰਬ ਮਾਰਕ ਤੋਂ ਵੱਧ ਸਰਮਾਏ ਦੀ ਪ੍ਰਤਿਨਿਧਤਾ ਕਰਦੀਆਂ ਹਨ, ਜਿਸਨੂੰ ਕਿ ਚੰਗੇ ਨਫ਼ੇ ਦੀਆਂ ਅਤੇ ਅਸਪਾਤ ਦੇ ਕਾਰਖਾਨਿਆਂ ਲਈ ਲਾਹੇਵੰਦੇ ਆਰਡਰਾਂ ਦੀਆਂ ਖ਼ਾਸ ਜ਼ਾਮਨੀਆਂ ਮਿਲ਼ੀਆਂ ਹੋਈਆਂ ਹਨ, ਇਤਿ ਆਦਿ।

ਬਸਤੀਆਂ ਵਿੱਚ ਅਤੇ ਸਾਗਰ-ਪਾਰ ਦੇਸ਼ਾਂ ਵਿੱਚ ਸਰਮਾਏਦਾਰੀ ਸਭ ਤੋਂ ਵੱਧ ਤੇਜ਼ੀ ਨਾਲ਼ ਵੱਧ ਰਹੀ ਹੈ। ਪਿਛਲੇਰਿਆਂ ਵਿੱਚੋਂ, **ਨਵੀਂਆਂ** ਸਾਮਰਾਜੀ ਤਾਕਤਾਂ ਪੈਦਾ ਹੋ ਰਹੀਆਂ ਹਨ (ਜਿਵੇਂ ਕਿ ਜਪਾਨ)। ਸੰਸਾਰ ਸਾਮਰਾਜਾਂ ਵਿਚਕਾਰ ਘੋਲ਼ ਵਧੇਰੇ ਤੀਖਣ ਹੁੰਦਾ ਜਾ ਰਿਹਾ ਹੈ। ਵਿੱਤ ਸਰਮਾਏ ਵੱਲੋਂ ਬਸਤੀਆਂ ਵਿੱਚ ਅਤੇ ਸਾਗਰ-ਪਾਰ ਸਭ ਤੋਂ ਵੱਧ ਲਾਹੇਵੰਦੀਆਂ ਸੰਸਥਾਵਾਂ ਤੋਂ ਲਿਆ ਜਾਂਦਾ ਖ਼ਿਰਾਜ ਵੱਧ ਰਿਹਾ ਹੈ। ਇਸ "ਲੁੱਟ ਦੇ ਮਾਲ" ਦੀ ਵੰਡ ਵਿੱਚੋਂ ਅਸਾਧਾਰਨ ਤੌਰ 'ਤੇ ਵੱਡਾ ਹਿੱਸਾ ਉਹਨਾਂ ਦੇਸ਼ਾਂ ਨੂੰ ਜਾਂਦਾ ਹੈ, ਜਿਹੜੇ ਆਪਣੀਆਂ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੀ ਤੇਜ਼ ਗਤੀ ਦੀ ਸੂਚੀ ਵਿੱਚ ਹਮੇਸ਼ਾਂ ਹੀ ਸਭ ਤੋਂ ਉੱਪਰ ਨਹੀਂ ਰਹਿੰਦੇ। ਸਭ ਤੋਂ ਵੱਡੇ ਦੇਸ਼ਾਂ ਦੀ ਹਾਲਤ ਵਿੱਚ, ਸਮੇਤ ਉਹਨਾਂ ਦੀਆਂ ਬਸਤੀਆਂ ਦੇ, ਰੇਲਾਂ ਦੀ ਕੁੱਲ ਲੰਬਾਈ ਇਸ ਪ੍ਰਕਾਰ ਸੀ:

(000 ਕਿਲੋਮੀਟਰ)

| | 1890 | 1913 | + |
|---|---|---|---|
| ਅਮਰੀਕਾ | 268 | 413 | +145 |
| ਬਰਤਾਨਵੀ ਸਲਤਨਤ | 107 | 208 | +101 |
| ਰੂਸ | 32 | 78 | +46 |
| ਜਰਮਨੀ | 43 | 68 | +25 |
| ਫ਼ਰਾਂਸ | 41 | 63 | +22 |
| **ਪੰਜ ਸ਼ਕਤੀਆਂ ਲਈ ਕੁੱਲ** | 491 | 830 | +339 |

ਸੋ, ਕੁੱਲ ਵਿਦਮਾਨ ਰੇਲਾਂ ਦਾ ਲਗਭਗ 80 ਫ਼ੀਸਦੀ ਪੰਜ ਸਭ ਤੋਂ ਵੱਡੀਆਂ ਸ਼ਕਤੀਆਂ ਦੇ ਹੱਥਾਂ ਵਿੱਚ ਕੇਂਦਰਿਤ ਹੈ। ਪਰ ਇਹਨਾਂ ਰੇਲਾਂ ਦੀ **ਮਾਲਕੀ** ਦਾ ਕੇਂਦਰੀਣ, ਵਿੱਤ ਸਰਮਾਏ ਦਾ ਕੇਂਦਰੀਣ, ਅਥਾਹ ਤੌਰ 'ਤੇ ਜ਼ਿਆਦਾ ਹੈ, ਕਿਉਂਕਿ ਉਦਾਹਰਣ ਵਜੋਂ, ਫ਼ਰਾਂਸੀਸੀ ਅਤੇ ਬਰਤਾਨਵੀਂ ਕਰੋੜਪਤੀ ਅਮਰੀਕੀ, ਰੂਸੀ ਅਤੇ ਦੂਜੀਆਂ ਰੇਲਾਂ ਵਿੱਚ ਵੀ ਹਿੱਸਿਆਂ ਅਤੇ ਬਾਂਡਾਂ ਦੀ ਧੜਵੈਲ ਮਾਤਰਾ ਦੇ ਮਾਲਕ ਹਨ।

ਆਪਣੀਆਂ ਬਸਤੀਆਂ ਸਦਕਾ, ਬਰਤਾਨੀਆਂ ਨੇ "ਆਪਣੀਆਂ ਰੇਲਾਂ ਦੀ ਲੰਬਾਈ ਵਿੱਚ 1,00,000 ਕਿਲੋਮੀਟਰ ਦਾ, ਜਰਮਨੀ ਨਾਲ਼ੋਂ ਚਾਰ ਗੁਣਾ ਜ਼ਿਆਦਾ ਵਾਧਾ

ਕੀਤਾ ਹੈ। ਪਰ ਇਹਦੇ ਬਾਵਜੂਦ, ਸਭ ਜਾਣਦੇ ਹਨ ਕਿ ਜਰਮਨੀ ਵਿੱਚ ਉਤਪਾਦਕ ਸ਼ਕਤੀਆਂ ਦਾ ਵਿਕਾਸ ਅਤੇ ਖ਼ਾਸ ਤੌਰ ’ਤੇ ਕੋਲ਼ੇ ਅਤੇ ਲੋਹੇ ਦੀਆਂ ਸਨਅਤਾਂ ਦਾ ਵਿਕਾਸ, ਇਸ ਸਮੇਂ ਦੌਰਾਨ—ਫ਼ਰਾਂਸ ਅਤੇ ਰੂਸ ਦੀ ਗੱਲ ਹੀ ਛੱਡੋ—ਬਰਤਾਨੀਆ ਨਾਲ਼ੋਂ ਹੀ ਬੇਮਿਸਾਲ ਤੌਰ ’ਤੇ ਵਧੇਰੇ ਤੇਜ਼ ਰਿਹਾ ਹੈ। 1892 ਵਿੱਚ ਜਰਮਨੀ ਨੇ 48,00,000 ਟਨ ਦੇਗੀ ਲੋਹਾ ਅਤੇ ਬਰਤਾਨੀਆ ਨੇ 68,00,000 ਟਨ ਦੇਗੀ ਲੋਹਾ ਪੈਦਾ ਕੀਤਾ ਸੀ, 1912 ਵਿੱਚ, ਜਰਮਨੀ ਨੇ 1,76,00,000 ਟਨ ਪੈਦਾ ਕੀਤਾ ਅਤੇ ਬਰਤਾਨੀਆ ਨੇ 90,00,000 ਟਨ। ਇਸ ਲਈ, ਇਸ ਪੱਖੋਂ ਜਰਮਨੀ ਦੀ ਬਰਤਾਨੀਆ ਉੱਤੇ ਅਥਾਹ ਪ੍ਰਮੁੱਖਤਾ ਸੀ।* ਸਵਾਲ ਇਹ ਹੈ: ਇੱਕ ਪਾਸੇ ਉਤਪਾਦਕ ਸ਼ਕਤੀਆਂ ਦੇ ਵਿਕਾਸ ਅਤੇ ਸਰਮਾਏ ਦੇ ਇੱਕਤ੍ਰੀਣ ਅਤੇ ਦੂਜੇ ਪਾਸੇ ਵਿੱਤ ਸਰਮਾਏ ਲਈ ਪ੍ਰਭਾਵ ਦੇ ਖੇਤਰਾਂ ਅਤੇ ਬਸਤੀਆਂ ਦੀ ਵੰਡ ਵਿਚਕਾਰ ਫ਼ਰਕ ਨੂੰ ਦੂਰ ਕਰਨ ਲਈ **ਸਰਮਾਏਦਾਰੀ ਅਧੀਨ** ਜੰਗ ਤੋਂ ਛੁੱਟ ਹੋਰ ਕਿਹੜੇ ਸਾਧਨ ਰਹਿ ਜਾਂਦੇ ਹਨ ?

## VIII ਪਰਜੀਵੀਪੁਣਾ ਅਤੇ ਸਰਮਾਏਦਾਰੀ ਦਾ ਪਤਨ

ਸਾਡੇ ਲਈ ਹੁਣ ਸਾਮਰਾਜਵਾਦ ਦੇ ਇੱਕ ਹੋਰ ਮਹੱਤਵਪੂਰਨ ਪੱਖ ਦੀ ਪੜਤਾਲ ਕਰਨੀ ਜ਼ਰੂਰੀ ਹੈ, ਜਿਹਨੂੰ ਇਸ ਵਿਸ਼ੇ ਬਾਰੇ ਬਹੁਤ ਸਾਰੀਆਂ ਬਹਿਸਾਂ ਆਮ ਤੌਰ ’ਤੇ ਨਾਕਾਫ਼ੀ ਮਹੱਤਤਾ ਦੇਂਦੀਆਂ ਹਨ। ਮਾਰਕਸਵਾਦੀ ਹਿਲਫ਼ਰਡਿੰਗ ਦੀ ਇੱਕ ਕਮੀ ਇਹ ਹੈ ਕਿ ਇਸ ਨੁਕਤੇ ਉੱਤੇ ਉਹਨੇ ਗ਼ੈਰ-ਮਾਰਕਸਵਾਦੀ ਹਾਬਸਨ ਦੇ ਮੁਕਾਬਲੇ ਉੱਤੇ ਇੱਕ ਕਦਮ ਪਿੱਛੇ ਵੱਲ ਪੁੱਟਿਆ ਹੈ। ਮੇਰਾ ਮਤਲਬ ਪਰਜੀਵੀਪੁਣੇ ਤੋਂ ਹੈ, ਜੋ ਕਿ ਸਾਮਰਾਜਵਾਦ ਦਾ ਇੱਕ ਲੱਛਣ ਹੈ।

ਜਿਵੇਂ ਕਿ ਅਸੀਂ ਵੇਖਿਆ ਹੈ, ਸਾਮਰਾਜਵਾਦ ਦੀ ਸਭ ਤੋਂ ਡੂੰਘੀ ਆਰਥਕ ਬੁਨਿਆਦ ਅਜਾਰੇਦਾਰੀ ਹੈ। ਇਹ ਸਰਮਾਏਦਾਰਾਨਾ ਅਜਾਰੇਦਾਰੀ ਹੈ, ਭਾਵ, ਅਜਿਹੀ ਅਜਾਰੇਦਾਰੀ ਜਿਹੜੀ ਸਰਮਾਏਦਾਰੀ ਵਿੱਚੋਂ ਪੈਦਾ ਹੋਈ ਹੈ ਅਤੇ ਜਿਹੜੀ ਸਰਮਾਏਦਾਰੀ, ਜਿਣਸ ਉਤਪਾਦਨ ਅਤੇ ਮੁਕਾਬਲੇ ਦੇ ਆਮ ਵਾਯੂ-ਮੰਡਲ ਵਿੱਚ ਅਤੇ ਇਸ ਆਮ ਵਾਯੂ-ਮੰਡਲ ਨਾਲ਼ ਸਥਾਈ ਅਤੇ ਨਾ ਹੱਲ ਹੋਣ ਵਾਲ਼ੇ ਵਿਰੋਧ ਵਿੱਚ ਜਿਉਂਦੀ ਹੈ। ਪਰ ਇਹਦੇ ਬਾਵਜੂਦ, ਹਰ ਅਜਾਰੇਦਾਰੀ ਵਾਂਗ,ਇਹ ਅਟੱਲ ਤੌਰ ’ਤੇ ਖੜ੍ਹੋਤ ਅਤੇ ਪਤਨ ਵੱਲ ਮੁਹਾਣ ਪੈਦਾ ਕਰਦੀ ਹੈ। ਕਿਉਂਕਿ ਅਜਾਰੇਦਾਰੀ ਦੀਆਂ ਕੀਮਤਾਂ ਮਿੱਥੀਆਂ ਹੋਈਆਂ ਹੁੰਦੀਆਂ ਹਨ, ਭਾਵੇਂ ਅਸਥਾਈ ਤੌਰ ’ਤੇ ਹੀ ਇਸ ਲਈ ਤਕਨੀਕੀ ਅਤੇ ਅਖੀਰ, ਹੋਰ ਹਰ ਉੱਨਤੀ ਦਾ ਚਾਲਕ ਉਦੇਸ਼ ਇੱਕ ਖ਼ਾਸ ਹੱਦ ਤੱਕ ਖ਼ਤਮ ਹੋ ਜਾਂਦਾ ਹੈ ਅਤੇ, ਇਸਤੋਂ ਵੀ ਵੱਧ, ਤਕਨੀਕੀ ਉੱਨਤੀ ਵਿੱਚ ਨਕਲੀ ਤੌਰ ’ਤੇ ਰੋਕਾਂ ਪਾਉਣ ਦੀ **ਆਰਥਕ** ਸੰਭਾਵਨਾ ਪੈਦਾ ਹੋ ਜਾਂਦੀ ਹੈ।

---

*ਮੁਕਾਬਲੇ ਲਈ ਵੇਖੋ Edgar Grammond. ´The Economic Relations of the British and German Empires[a] (ਐਡਗਰ ਗਰੈਮੰਡ, “ਬਰਤਾਨਵੀ ਅਤੇ ਜਰਮਨ ਸਲਤਨਤਾਂ ਦੇ ਆਰਥਕ ਸਬੰਧ, ” ਜਿਹੜਾ ਰਸਾਲੇ ´Journal of the Royal Statistical Society[a] ਵਿੱਚ ਪ੍ਰਕਾਸ਼ਿਤ ਹੋਇਆ, ਸੰਨ 1914, ਜੁਲਾਈ, ਪੰਨਾ 777।-**ਸੰਪਾ:**)

ਉਦਾਹਰਣ ਵਜੋਂ, ਅਮਰੀਕਾ ਵਿੱਚ ਕਿਸੇ ਓਵਨਜ਼ ਨੇ ਇੱਕ ਮਸ਼ੀਨ ਤਿਆਰ ਕੀਤੀ ਜਿਸਨੇ ਬੋਤਲਾਂ ਬਣਾਉਣ ਦੇ ਕੰਮ ਵਿੱਚ ਇਨਕਲਾਬ ਲੈ ਆਂਦਾ। ਜਰਮਨੀ ਦੇ ਬੋਤਲਾਂ ਬਣਾਉਣ ਵਾਲ਼ੇ ਕਾਰਟਲ ਨੇ ਓਵਨਜ਼ ਦੇ ਪੇਟੈਂਟ ਨੂੰ ਖਰੀਦ ਲਿਆ ਪਰ ਇਸਨੂੰ ਖੱਟੇ ਵਿੱਚ ਪਾ ਦਿੱਤਾ, ਇਸ ਦੀ ਵਰਤੋਂ ਨੂੰ ਟਾਲ ਛੱਡਿਆ। ਨਿਸ਼ਚੇ ਹੀ, ਸਰਮਾਏਦਾਰੀ ਅਧੀਨ ਅਜਾਰੇਦਾਰੀ ਕਦੀ ਵੀ ਪੂਰੀ ਤਰ੍ਹਾਂ ਅਤੇ ਬਹੁਤ ਲੰਮੇ ਸਮੇਂ ਤੱਕ, ਸੰਸਾਰ ਮੰਡੀ ਵਿੱਚੋਂ ਮੁਕਾਬਲੇ ਨੂੰ ਖ਼ਤਮ ਨਹੀਂ ਕਰ ਸਕਦੀ (ਅਤੇ ਲੱਗਦੇ ਹੱਥ, ਇਹ ਇੱਕ ਕਾਰਨ ਹੈ ਕਿ ਪੜ-ਸਾਮਰਾਜਵਾਦ ਦਾ ਸਿਧਾਂਤ ਕਿਉਂ ਵਾਹਯਾਤ ਹੈ)। ਨਿਸ਼ਚੇ ਹੀ, ਤਕਨੀਕੀ ਸੁਧਾਰ ਲਾਗੂ ਕਰਨ ਨਾਲ਼ ਉਤਪਾਦਨ ਦੀ ਲਾਗਤ ਘਟਾਉਣ ਅਤੇ ਨਫ਼ੇ ਵਧਾਉਣ ਦੀ ਸੰਭਾਵਨਾ ਤਬਦੀਲੀ ਦੇ ਪਾਸੇ ਵੱਲ ਕੰਮ ਆਉਂਦੀ ਹੈ। ਪਰ ਖੜੋਤ ਅਤੇ ਪਤਨ ਵੱਲ **ਝੁਕਾਅ** ਜਿਹੜਾ ਕਿ ਅਜਾਰੇਦਾਰੀ ਦਾ ਖ਼ਾਸਾ ਹੈ, ਕੰਮ ਕਰਨਾ ਜਾਰੀ ਰੱਖਦਾ ਹੈ ਅਤੇ ਸਨਅਤ ਦੀਆਂ ਕੁਝ ਸ਼ਾਖਾਂ ਵਿੱਚ, ਕੁਝ ਦੇਸ਼ਾਂ ਵਿੱਚ, ਕੁਝ ਸਮੇਂ ਲਈ, ਇਹਦਾ ਹੱਥ ਉੱਪਰ ਹੋ ਜਾਂਦਾ ਹੈ।

ਬੜੀਆਂ ਵਿਸ਼ਾਲ, ਅਮੀਰ ਜਾਂ ਚੰਗੀ ਥਾਂ ਉੱਤੇ ਸਥਿਤ ਬਸਤੀਆਂ ਦੀ ਅਜ਼ਾਰੇਦਾਰਾਨਾ ਮਾਲਕੀ ਉਸੇ ਹੀ ਪਾਸੇ ਵੱਲ ਕੰਮ ਕਰਦੀ ਹੈ।

ਇਸ ਤੋਂ ਬਿਨਾਂ, ਸਾਮਰਾਜਵਾਦ ਕੁਝ ਦੇਸ਼ਾਂ ਵਿੱਚ ਮੁਦਰਾ ਸਰਮਾਏ ਦਾ ਅਥਾਹ ਇੱਕਤ੍ਰੀਕਰਣ ਹੈ, ਜਿਹੜਾ, ਜਿਵੇਂ ਕਿ ਅਸੀਂ ਵੇਖਿਆ ਹੈ, 100-150 ਅਰਬ ਫ਼ਰਾਂਕ ਹਿੱਸਿਆਂ ਦੀ ਸ਼ਕਲ ਵਿੱਚ ਬਣਦਾ ਹੈ। ਇਸ ਲਈ, ਇੱਕ ਸ਼੍ਰੇਣੀ ਦਾ ਜਾਂ ਸਗੋਂ, ਲਾਭੰਸ਼ਾਂ ਉੱਤੇ ਜਿਉਂਦੇ ਵਰਗ, ਭਾਵ, "ਪਰਚੀਆਂ ਪਾੜ ਕੇ" ਜਿਊਂਦੇ ਲੋਕਾਂ ਦੀ ਗਿਣਤੀ ਵਿੱਚ ਅਸਾਧਾਰਨ ਤੌਰ 'ਤੇ ਵਾਧਾ ਹੋ ਜਾਂਦਾ ਹੈ, ਜਿਹੜੇ ਕਿਸੇ ਵੀ ਕਾਰੋਬਾਰ ਵਿੱਚ ਕੋਈ ਹਿੱਸਾ ਨਹੀਂ ਲੈਂਦੇ, ਜਿਨ੍ਹਾਂ ਦਾ ਕਿੱਤਾ ਵਿਹਲੜਪੁਣਾ ਹੈ। ਸਰਮਾਏ ਦੀ ਬਰਾਮਦ, ਜੋ ਕਿ ਸਾਮਰਾਜਵਾਦ ਦੇ ਸਭ ਤੋਂ ਵੱਧ ਜ਼ਰੂਰੀ ਅਧਾਰਾਂ ਵਿੱਚੋਂ ਇੱਕ ਹੈ, ਲਾਭੰਸ਼ਾਂ ਉੱਤੇ ਜਿਉਂਦੇ ਲੋਕਾਂ ਨੂੰ ਉਤਪਾਦਨ ਤੋਂ ਹੋਰ ਵੀ ਪੂਰੀ ਤਰ੍ਹਾਂ ਵੱਖ ਕਰ ਦੇਂਦੀ ਹੈ ਅਤੇ ਉਸ ਸਮੁੱਚੇ ਦੇਸ਼ ਉੱਤੇ ਪਰਜੀਵੀਪੁਣੇ ਦੀ ਛਾਪ ਲਾ ਦੇਂਦੀ ਹੈ, ਜਿਹੜਾ ਦੇਸ਼ ਕਈ ਸਾਗਰ-ਪਾਰ ਦੇਸ਼ਾਂ ਉੱਤੇ ਬਸਤੀਆਂ ਦੀ ਕਿਰਤ ਦੀ ਲੁੱਟ-ਚੋਂਘ ਉੱਤੇ ਜਿਊਂਦਾ ਹੈ।

"1893 ਵਿੱਚ," ਹਾਬਸਨ ਲਿਖਦਾ ਹੈ, "ਵਿਦੇਸ਼ਾਂ ਵਿੱਚ ਲੱਗਾ ਬਰਤਾਨਵੀ ਸਰਮਾਇਆ ਬਰਤਾਨੀਆ ਦੀ ਕੁੱਲ ਨਿਧੀ ਦਾ ਲਗਭਗ 15 ਫ਼ੀਸਦੀ ਬਣਦਾ ਸੀ।"* ਇੱਥੇ ਹੀ ਪਾਠਕ ਨੂੰ ਇਹ ਯਾਦ ਕਰਾ ਦਿਆਂ ਕਿ 1915 ਤੱਕ ਇਹ ਸਰਮਾਇਆ ਲਗਭਗ ਢਾਈ ਗੁਣਾ ਵੱਧ ਚੁੱਕਾ ਸੀ। ਹਾਬਸਨ ਅੱਗੇ ਚੱਲ ਕੇ ਲਿਖਦਾ ਹੈ, "ਹਮਲਾਵਰ ਸਾਮਰਾਜਵਾਦ, ਜਿਸਦਾ ਟੈਕਸ ਦੇਣ ਵਾਲ਼ੇ ਨੂੰ ਇੰਨਾਂ ਮਹਿੰਗਾ ਮੁੱਲ ਤਾਰਨਾ ਪੈਂਦਾ ਹੈ, ਜਿਹੜਾ ਕਾਰਖਾਨੇਦਾਰ ਅਤੇ ਵਪਾਰੀ ਲਈ ਇੰਨਾਂ ਘੱਟ ਲਾਹੇਵੰਦਾ ਹੈ..., ਪੈਸਾ ਲਾਉਣ ਵਾਲ਼ੇ ਲਈ ਭਾਰੀ ਲਾਭ ਦਾ ਸੋਮਾ ਹੈ। ...ਸਲਾਨਾ ਆਮਦਨ, ਜਿਹੜੀ ਬਰਤਾਨੀਆ ਆਪਣੇ ਸਾਰੇ ਵਿਦੇਸ਼ੀ ਅਤੇ ਬਸਤੀਆਂ

* Hobson, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨੇ 59, 62।

ਦੇ ਵਪਾਰ ਤੋਂ, ਦਰਾਮਦ ਅਤੇ ਬਰਾਮਦ ਤੋਂ ਪ੍ਰਾਪਤ ਕਰਦਾ ਹੈ, ਸਰ ਰ. ਗਿਫ਼ਨ ਦੇ ਅੰਦਾਜ਼ੇ ਅਨੁਸਾਰ 80,00,00,000 ਪੌਂਡ ਦੇ ਲੈਣ-ਦੇਣ ਉੱਤੇ 21/2 ਫ਼ੀਸਦੀ ਦੇ ਹਿਸਾਬ ਨਾਲ਼ 1899 ਲਈ 1,80,00,000 ਪੌਂਡ (ਲਗਭਗ 17 ਕਰੋੜ ਰੂਬਲ) ਬਣਦੀ ਹੈ।" ਭਾਵੇਂ ਇਹ ਰਕਮ ਚੋਖੀ ਵੱਡੀ ਹੈ, ਤਾਂ ਵੀ ਇਹ ਬਰਤਾਨੀਆ ਦੇ ਹਮਲਾਵਰ ਸਾਮਰਾਜਵਾਦ ਦੀ ਵਿਆਖਿਆ ਨਹੀਂ ਕਰ ਸਕਦੀ, ਜਿਸਦੀ ਵਿਆਖਿਆ ਕਿ "ਲੱਗੇ ਹੋਏ" ਸਰਮਾਏ ਤੋਂ ਹੁੰਦੀ 9 ਤੋਂ 10 ਕਰੋੜ ਪੌਂਡ ਦੀ ਆਮਦਨ, ਲਾਭੰਸ਼ਾਂ ਉੱਤੇ ਜਿਊਣ ਵਾਲ਼ਿਆਂ ਦੀ ਆਮਦਨ ਕਰਦੀ ਹੈ।

ਲਾਭੰਸ਼ਾਂ ਉੱਤੇ ਜਿਊਣ ਵਾਲ਼ਿਆਂ ਦੀ ਆਮਦਨ ਦੁਨੀਆ ਦੇ ਸਭ ਤੋ ਵੱਡੇ "ਵਪਾਰੀ" ਦੇਸ਼ ਦੇ ਵਿਦੇਸ਼ੀ ਵਪਾਰ ਤੋਂ ਹੁੰਦੀ ਆਮਦਨ ਨਾਲ਼ੋਂ **ਪੰਜ ਗੁਣਾ ਵੱਧ** ਹੈ। ਇਹ ਹੈ ਸਾਮਰਾਜਵਾਦ ਅਤੇ ਸਾਮਰਾਜੀ ਪਰਜੀਵੀਪੁਣੇ ਦਾ ਤੱਤ।

ਇਸ ਲਈ "ਲਾਭੰਸ਼ਾਂ ਉੱਤੇ ਜਿਊਣ ਵਾਲ਼ਿਆਂ ਦਾ ਰਾਜ" (Rentnerstaat) ਜਾਂ ਸੂਦਖੋਰ ਰਾਜ ਸ਼ਬਦ-ਸੰਕੇਤ ਅਜਿਹੇ ਅਰਥ-ਸ਼ਾਸਤਰੀ ਸਾਹਿਤ ਵਿੱਚ ਆਮ ਵਰਤੋਂ ਵਿੱਚ ਆ ਰਿਹਾ ਹੈ, ਜਿਹੜਾ ਸਾਹਿਤ ਸਾਮਰਾਜਵਾਦ ਬਾਰੇ ਹੁੰਦਾ ਹੈ। ਦੁਨੀਆ ਮੁੱਠੀ ਕੁ ਭਰ ਸੂਦਖ਼ੋਰ ਰਾਜਾਂ ਅਤੇ ਕਰਜ਼ਦਾਰ ਰਾਜਾਂ ਦੀ ਭਾਰੀ ਬਹੁ-ਗਿਣਤੀ ਵਿੱਚ ਵੰਡੀ ਗਈ ਹੈ। "ਵਿਦੇਸ਼ਾਂ ਵਿੱਚ ਲੱਗੀਆਂ ਰਕਮਾਂ ਦੀ ਸੂਚੀ ਵਿੱਚ ਸਭ ਤੋਂ ਉੱਤੇ ਉਹ ਦੇਸ਼ ਆਉਂਦੇ ਹਨ ਜਿਨ੍ਹਾਂ ਨੂੰ ਰਾਜਸੀ ਤੌਰ 'ਤੇ ਪ੍ਰਾਧੀਨ ਜਾਂ ਇਤਿਹਾਦੀ ਦੇਸ਼ਾਂ ਵਿੱਚ ਰੱਖਿਆ ਜਾਂਦਾ ਹੈ: ਮਿਸਰ: ਜਪਾਨ, ਚੀਨ ਅਤੇ ਦੱਖਣੀ ਅਮਰੀਕਾ ਨੂੰ ਬਰਤਾਨੀਆ ਕਰਜ਼ੇ ਦੇਂਦਾ ਹੈ, "ਸ਼ੁਲਜ਼ੇ-ਗੀਵਰੇਨਿਤਜ਼ ਲਿਖਦਾ ਹੈ। "ਉਹਦਾ ਸਮੁੰਦਰੀ ਬੇੜਾ ਲੋੜ ਪੈਣ ਉੱਤੇ ਇੱਥੇ ਬੈਲਫ਼ ਦਾ ਕੰਮ ਕਰਦਾ ਹੈ। ਬਰਤਾਨੀਆ ਦੀ ਰਾਜਸੀ ਸੱਤ੍ਹਾ ਉਹਨੂੰ ਆਪਣੇ ਕਰਜ਼ਦਾਰਾਂ ਦੇ ਰੋਹ ਤੋਂ ਬਚਾ ਕੇ ਰੱਖਦੀ ਹੈ।* ਸਾਰਟੋਰੀਅਸ ਫ਼ਾਨ ਵਾਲਟਰਸਹਾਊਸਨ ਆਪਣੀ ਕਿਤਾਬ "ਵਿਦੇਸ਼ਾਂ ਵਿੱਚ ਪੂੰਜੀਗਤ ਲਾਗਤਾਂ ਦੀ ਕੌਮੀ ਆਰਥਕ ਪ੍ਰਣਾਲੀ" ਵਿੱਚ "ਲਾਭੰਸ਼ਾਂ ਉੱਤੇ ਜਿਊਣ ਵਾਲ਼ੇ ਰਾਜ" ਦੇ ਨਮੂਨੇ ਵਜੋਂ ਹਾਲੈਂਡ ਦਾ ਹਵਾਲਾ ਦੇਂਦਾ ਹੈ ਅਤੇ ਲਿਖਦਾ ਹੈ ਕਿ ਬਰਤਾਨੀਆ ਅਤੇ ਫ਼ਰਾਂਸ ਹੁਣ ਅਜਿਹੇ ਬਣਦੇ ਜਾਂਦੇ ਹਨ।** ਸ਼ਿਲਡਰ ਦੀ ਰਾਏ ਇਹ ਹੈ ਕਿ ਪੰਜ ਸਨਅਤੀ ਰਾਜ "ਨਿਸ਼ਚਿਤ ਤਰ੍ਹਾਂ ਉੱਘੜਵੇਂ ਲਹਿਣਦਾਰ ਦੇਸ਼" ਬਣ ਗਏ ਹਨ: ਬਰਤਾਨੀਆ, ਫ਼ਰਾਂਸ, ਜਰਮਨੀ, ਬੈਲਜੀਅਮ ਅਤੇ ਸਵਿਟਜ਼ਰਲੈਂਡ। ਉਹ ਇਸ ਸੂਚੀ ਵਿੱਚ ਹਾਲੈਂਡ ਨੂੰ ਸਿਰਫ਼ ਇਸ ਲਈ ਸ਼ਾਮਲ ਨਹੀਂ ਕਰਦਾ ਕਿ ਉਹ "ਸਨਅਤੀ ਤੌਰ 'ਤੇ ਘੱਟ ਵਿਕਸਿਤ" ਹੈ।*** ਅਮਰੀਕਾ, ਸਿਰਫ਼ ਅਮਰੀਕੀ ਦੇਸ਼ਾਂ ਦਾ ਹੀ ਲਹਿਣਦਾਰ ਹੈ।

ਸ਼ੂਲਜ਼ੇ-ਗੀਵਰੇਨਿਤਜ਼ ਲਿਖਦਾ , "ਬਰਤਾਨੀਆ ਹੌਲ਼ੀ ਹੌਲ਼ੀ ਸਨਅਤੀ ਦੇਸ਼ ਤੋਂ

---

* Schulze-Gaevernitz, ´Britisches Imperialismª, S.320 etc.

** Sartorius von Waltershausen, ´D. Volkswirt, Syst. etc.ª. B., 1907, Buch IV.

*** Schilder, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾ 393।

ਲਹਿਣਦਾਰ ਦੇਸ਼ ਬਣਦਾ ਜਾ ਰਿਹਾ ਹੈ। ਸਨਅਤੀ ਉਤਪਾਦਨ ਵਿੱਚ ਅਤੇ ਤਿਆਰ ਮਾਲ ਦੀ ਬਰਾਮਦ ਵਿੱਚ ਉੱਕਾ ਪੁੱਕਾ ਵਾਧੇ ਦੇ ਬਾਵਜੂਦ, ਸਾਰੀ ਕੌਮੀ ਆਰਥਕਤਾ ਵਿੱਚ ਸੂਦ ਅਤੇ ਲਾਭੰਸ਼ਾਂ, ਹੁੰਡੀਆਂ ਜਾਰੀ ਕਰਨ, ਆੜ੍ਹਤ ਅਤੇ ਸੱਟੇਬਾਜ਼ੀ ਦੀ ਨਿਸਬਤਨ ਮਹੱਤਤਾ ਵਿੱਚ ਵਾਧਾ ਹੋਇਆ ਹੈ। ਮੇਰੀ ਰਾਏ ਵਿੱਚ, ਬਿਲਕੁਲ ਇਹੋ ਗੱਲ ਹੈ ਜਿਹੜੀ ਸਾਮਰਾਜੀ ਚੜ੍ਹਤ ਦਾ ਆਰਥਕ ਅਧਾਰ ਬਣਦੀ ਹੈ। ਲਵਾਲ ਨਾਲ਼ ਵਿਕਵਾਲ ਦੇ ਸਬੰਧ ਨਾਲ਼ੋਂ ਲਹਿਣਦਾਰ ਦਾ ਦੇਣਦਾਰ ਨਾਲ਼ ਸਬੰਧ ਵਧੇਰੇ ਪੱਕਾ ਹੁੰਦਾ ਹੈ।* ਜਰਮਨੀ ਦੇ ਸਬੰਧ ਵਿੱਚ ਏ. ਲਾਂਸਬਰਗ ਨੇ ਜਿਹੜਾ ਬਰਲਿਨ ਦੇ ´Die Bankª ਦਾ ਪ੍ਰਕਾਸ਼ਕ ਹੈ, 1911 ਵਿੱਚ, "ਜਰਮਨੀ—ਇੱਕ ਲਾਭੰਸ਼ੀ ਪਰਜੀਵੀ ਰਾਜ" ਨਾਂ ਦੇ ਲੇਖ ਵਿੱਚ ਇਹ ਲਿਖਿਆ ਸੀ: "ਜਰਮਨੀ ਵਿੱਚ ਲੋਕ ਲਾਭੰਸ਼ਾਂ ਉੱਤੇ ਜਿਊਣ ਵਾਲ਼ੇ ਬੰਦੇ ਬਣਨ ਦੀ ਸਿੱਕ ਦਾ, ਜਿਹੜੀ ਫ਼ਰਾਂਸ ਵਿੱਚ ਵੇਖਣ ਵਿੱਚ ਆਉਂਦੀ ਹੈ, ਠੱਠਾ ਉਡਾਉਣ ਨੂੰ ਤਿਆਰ ਹੁੰਦੇ ਹਨ। ਪਰ ਉਹ ਭੁੱਲ ਜਾਂਦੇ ਹਨ ਕਿ ਜਿੱਥੋਂ ਤੱਕ ਬੁਰਜੂਆਜ਼ੀ ਦਾ ਸਬੰਧ ਹੈ, ਜਰਮਨੀ ਵਿੱਚ ਹਾਲਤ ਵੀ ਦਿਨੋਂ ਦਿਨ ਵਧੇਰੇ ਫ਼ਰਾਂਸ ਜਿਹੀ ਹੁੰਦੀ ਜਾ ਰਹੀ ਹੈ।**

ਲਾਭੰਸ਼ਾਂ ਉੱਤੇ ਜਿਊਣ ਵਾਲ਼ਾ ਰਾਜ ਪਰਜੀਵੀਪੁਣੇ ਵਾਲ਼ੀ ਨਿੱਘਰ ਰਹੀ ਸਰਮਾਏਦਾਰੀ ਦਾ ਰਾਜ ਹੈ ਅਤੇ ਇਹ ਗੱਲ ਆਮ ਤੌਰ 'ਤੇ ਸਬੰਧਤ ਦੇਸ਼ਾਂ ਦੀਆਂ ਸਾਰੀਆਂ ਸਮਾਜੀ-ਰਾਜਸੀ ਹਾਲਤਾਂ ਉੱਤੇ ਅਤੇ ਖ਼ਾਸ ਤੌਰ 'ਤੇ ਕਿਰਤੀ ਸ਼੍ਰੇਣੀ ਲਹਿਰ ਵਿੱਚ ਦੋ ਬੁਨਿਆਦੀ ਮੁਹਾਣਾਂ ਉੱਤੇ ਪ੍ਰਭਾਵ ਪਾਏ ਬਿਨਾਂ ਨਹੀਂ ਰਹਿ ਸਕਦੀ। ਇਸ ਗੱਲ ਨੂੰ ਵੱਧ ਤੋਂ ਵੱਧ ਸੰਭਵ ਸਪੱਸ਼ਟ ਢੰਗ ਨਾਲ਼ ਦਰਸਾਉਣ ਲਈ, ਮੈਂ ਹਾਬਸਨ ਦਾ ਹਵਾਲਾ ਦੇਂਦਾ ਹਾਂ, ਜਿਹੜਾ ਕਿ ਸਭ ਤੋਂ ਵੱਧ ਭਰੋਸੇਯੋਗ ਗਵਾਹ ਹੈ, ਕਿਉਂਕਿ ਉਸ ਉੱਤੇ ਮਾਰਕਸਵਾਦੀ ਕੱਟੜਤਾ ਵੱਲ ਝੁਕਣ ਦਾ ਸ਼ੱਕ ਨਹੀਂ ਕੀਤਾ ਜਾ ਸਕਦਾ; ਦੂਜੇ ਹੱਥ, ਉਹ ਅਜਿਹਾ ਅੰਗ੍ਰੇਜ਼ ਹੈ, ਜਿਹੜਾ ਅਜਿਹੇ ਦੇਸ਼ ਵਿੱਚ ਹਾਲਤ ਤੋਂ ਬੜੀ ਚੰਗੀ ਤਰ੍ਹਾਂ ਜਾਣੂ ਹੈ, ਜਿਹੜਾ ਬਸਤੀਆਂ ਵਿੱਚ, ਵਿੱਤ ਸਰਮਾਏ ਵਿੱਚ ਅਤੇ ਸਾਮਰਾਜੀ ਤਜ਼ਰਬੇ ਵਿੱਚ ਸਭ ਤੋਂ ਵੱਧ ਭਰਪੂਰ ਹੈ।

ਅੰਗ੍ਰੇਜ਼-ਬੋਅਰ ਯੁੱਧ ਅਜੇ ਉਹਦੇ ਮਨ ਵਿੱਚ ਸੱਜਰਾ ਹੀ ਸੀ, ਜਦੋਂ ਹਾਬਸਨ "ਪੋਤਦਾਰਾਂ" ਦੇ ਹਿੱਤਾਂ, ਠੇਕਿਆਂ, ਸਪਲਾਈ ਆਦਿ ਤੋਂ ਉਹਨਾਂ ਦੇ ਵਧਦੇ ਨਫ਼ਿਆਂ ਅਤੇ ਸਾਮਰਾਜਵਾਦ ਵਿਚਕਾਰ ਸਬੰਧ ਦਾ ਵਰਨਣ ਕਰਦਾ ਹੈ ਅਤੇ ਲਿਖਦਾ ਹੈ: "ਜਿੱਥੇ ਕਿ ਇਸ ਨਿਸ਼ਚਿਤ ਤੌਰ 'ਤੇ ਪਰਜੀਵੀਪੁਣੇ ਵਾਲ਼ੀ ਨੀਤੀ ਨੂੰ ਸੇਧ ਦੇਣ ਵਾਲ਼ੇ ਸਰਮਾਏਦਾਰ ਹਨ, ਉਹੋ ਨਿਸ਼ਾਨੇ ਮਜ਼ਦੂਰਾਂ ਦੇ ਖ਼ਾਸ ਵਰਗਾਂ ਉੱਤੇ ਵੀ ਅਸਰ ਪਾਉਂਦੇ ਹਨ। ਕਈ ਸ਼ਹਿਰਾਂ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਕਿੱਤੇ ਹਕੂਮਤੀ ਮੁਲਾਜ਼ਮਤ ਜਾਂ ਠੇਕਿਆਂ ਉੱਤੇ ਨਿਰਭਰ ਹਨ, ਧਾਤਸਾਜ਼ੀ ਅਤੇ ਜਹਾਜਸਾਜ਼ੀ ਦੇ ਕੇਂਦਰਾਂ ਦੇ ਸਾਮਰਾਜਵਾਦ ਦਾ ਇਹ ਤੱਥ ਕੁਝ ਘੱਟ ਕਾਰਨ ਨਹੀਂ ਬਣਦਾ।" ਇਸ ਲੇਖਕ ਦੀ ਰਾਏ ਵਿੱਚ, ਦੋ ਤਰ੍ਹਾਂ ਦੀਆਂ ਪ੍ਰਸਥਿਤੀਆਂ ਨੇ ਪੁਰਾਣੇ ਸਾਮਰਾਜਵਾਦ ਦੀ ਤਾਕਤ ਨੂੰ ਕਮਜ਼ੋਰ ਕੀਤਾ ਸੀ: (1) "ਆਰਥਕ ਪਰਜੀਵੀਪੁਣਾ," ਅਤੇ (2) ਅਧੀਨ

---

* Schulze-Gaevernitz, ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨਾ 122।

** ´Die Bankª 1911,1,S. 10-11.

ਲੋਕਾਂ ਵਿੱਚੋਂ ਭਰਤੀ ਨਾਲ਼ ਫ਼ੌਜਾਂ ਖੜ੍ਹੀਆਂ ਕਰਨੀਆਂ।"ਪਹਿਲੀ ਗੱਲ ਆਰਥਕ ਪਰਜੀਵੀਪੁਣੇ ਦੀ ਆਦਤ ਹੈ, ਜਿਸ ਰਾਹੀਂ ਹਾਕਮ ਰਾਜ ਆਪਣੇ ਸੂਬਿਆਂ, ਬਸਤੀਆਂ ਅਤੇ ਅਧੀਨ ਇਲਾਕਿਆਂ ਨੂੰ ਆਪਣੀ ਹਾਕਮ ਸ਼੍ਰੇਣੀ ਨੂੰ ਅਮੀਰ ਬਣਾਉਣ ਅਤੇ ਹੇਠਲੇ ਵਰਗਾਂ ਨੂੰ ਰਿਸ਼ਵਤ ਦੇਣ ਲਈ ਵਰਤਦਾ ਹੈ" ਅਤੇ ਮੈਂ ਨਾਲ਼ ਇਹ ਵਾਧਾ ਕਰਾਂਗਾ ਕਿ ਇਹੋ ਜਿਹੀ ਰਿਸ਼ਵਤ ਦੇਣ ਦੀ ਆਰਥਕ ਸੰਭਾਵਨਾ, ਇਹਦੇ ਰੂਪ ਭਾਵੇਂ ਕੋਈ ਵੀ ਹੋਣ, ਉੱਚੇ ਅਜਾਰੇਦਾਰਾਨਾ ਨਫ਼ਿਆਂ ਦੀ ਮੰਗ ਕਰਦੀ ਹੈ।

ਦੂਜੀ ਪ੍ਰਸਥਿਤੀ ਬਾਰੇ, ਹਾਬਸਨ ਲਿਖਦਾ ਹੈ: "ਸਾਮਰਾਜਵਾਦ ਦੇ ਅੰਨ੍ਹੇਪੁਣੇ ਦੀ ਇੱਕ ਸਭ ਤੋਂ ਅਜੀਬ ਨਿਸ਼ਾਨੀ ਉਹ ਬੇਕਿਰਕ ਲਾਪ੍ਰਵਾਹੀ ਹੈ ਜਿਸ ਨਾਲ਼ ਬਰਤਾਨੀਆ, ਫ਼ਰਾਂਸ ਅਤੇ ਦੂਜੀਆਂ ਸਾਮਰਾਜੀ ਕੌਮਾਂ ਖ਼ਤਰਨਾਕ ਨਿਰਭਰਤਾ ਦੇ ਰਾਹ ਉੱਤੇ ਜਾ ਰਹੀਆਂ ਹਨ। ਬਰਤਾਨੀਆਂ ਸਭ ਤੋਂ ਅੱਗੇ ਲੰਘ ਗਿਆ ਹੈ। ਜਿਸ ਯੁੱਧ ਰਾਹੀਂ ਅਸਾਂ ਆਪਣੀ ਭਾਰਤੀ ਸਲਤਨਤ ਜਿੱਤੀ ਹੈ, ਉਹਦਾ ਵਧੇਰੇ ਹਿੱਸਾ ਸਥਾਨਕ ਵਸੋਂ ਨੇ ਲੜਿਆ; ਹਿੰਦੁਸਤਾਨ ਵਿੱਚ, ਜਿਵੇਂ ਕਿ ਵਧੇਰੇ ਨੇੜੇ ਦੇ ਸਮੇਂ ਵਿੱਚ ਮਿਸਰ ਵਿੱਚ, ਭਾਰੀ ਸਥਾਈ ਫ਼ੌਜਾਂ ਬਰਤਾਨਵੀਂ ਕਮਾਂਡਰਾਂ ਅਧੀਨ ਰੱਖੀਆਂ ਜਾਂਦੀਆਂ ਹਨ; ਅਫ਼ਰੀਕਾ ਵਿੱਚ ਸਾਡੇ ਗ਼ਲਬੇ ਨਾਲ਼ ਸਬੰਧਤ ਲਗਭਗ ਸਾਰਾ ਯੁੱਧ, ਸਿਵਾਏ ਦੱਖਣੀ ਹਿੱਸੇ ਦੇ, ਸਾਡੇ ਲਈ ਸਥਾਨਕ ਵਸੋਂ ਨੇ ਲੜਿਆ ਹੈ।"

ਚੀਨ ਨੂੰ ਵੰਡਣ ਦੀ ਸੰਭਾਵਨਾ ਦਾ ਹਾਬਸਨ ਹੇਠ ਲਿਖਿਆ ਆਰਥਕ ਮੁਲੰਗਣ ਕਰਦਾ ਹੈ: "ਤਾਂ ਫਿਰ ਹੋ ਸਕਦਾ ਹੈ ਕਿ ਪੱਛਮੀ ਯੂਰਪ ਦਾ ਬਹੁਤਾ ਹਿੱਸਾ, ਉਹ ਦਿੱਖ ਅਤੇ ਖ਼ਾਸਾ ਧਾਰਨ ਕਰ ਲਵੇ, ਜਿਹੜਾ ਪਹਿਲਾਂ ਹੀ ਇੰਗਲੈਂਡ ਦੇ ਦੱਖਣ ਵਿੱਚ ਦੇਸ਼ ਦੇ ਕੁਝ ਹਿੱਸਿਆਂ, ਰਿਵੀਰਾਂ ਵਿੱਚ ਅਤੇ ਇਟਲੀ ਅਤੇ ਸਵਿਟਜ਼ਰਲੈਂਡ ਦੇ ਸੈਰ-ਸਪਾਟਾ ਕਰਨ ਵਾਲ਼ਿਆਂ ਨਾਲ਼ ਭਰੇ ਹੋਏ ਜਾਂ ਰਿਹਾਇਸ਼ੀ ਹਿੱਸੇ ਵਿਖਾ ਰਹੇ ਹਨ, ਧਨੀ ਅਮੀਰਸ਼ਾਹਾਂ ਦੀਆਂ ਨਿੱਕੀਆਂ ਨਿੱਕੀਆਂ ਟੋਲੀਆਂ, ਦੂਰ ਪੂਰਬ ਤੋਂ ਲਾਭੰਸ਼ ਅਤੇ ਪੈਨਸ਼ਨਾਂ ਪ੍ਰਾਪਤ ਕਰ ਰਹੀਆਂ, ਉਹਨਾਂ ਨਾਲ਼ੋਂ ਕੁਝ ਵੱਡੇ ਟੋਲੇ ਕਸਬੀ ਸੇਵਾਦਾਰਾਂ ਅਤੇ ਵਪਾਰੀਆਂ ਦੇ ਅਤੇ ਹੋਰ ਵਧੇਰੇ ਗਿਣਤੀ ਵਿੱਚ ਨਿੱਜੀ ਨੌਕਰ ਅਤੇ ਆਵਾਜਾਈ ਦੇ ਕੰਮ ਵਿੱਚ ਲੱਗੇ ਅਤੇ ਵਧੇਰੇ ਖ਼ਰਾਬ ਹੋ ਜਾਣ ਵਾਲ਼ੇ ਮਾਲ ਨੂੰ ਪੈਦਾ ਕਰਨ ਦੇ ਅਖ਼ੀਰੀ ਪੜਾਵਾਂ ਵਿੱਚ ਲੱਗੇ ਕਿਰਤੀ: ਸਾਰੀਆਂ ਮੁੱਖ ਮਹੱਤਵਪੂਰਨ ਸਨਅਤਾਂ ਅਲੋਪ ਹੋ ਗਈਆਂ ਹੋਣਗੀਆਂ, ਰੋਜ਼ ਦੀ ਖ਼ੁਰਾਕ ਦੀਆਂ ਚੀਜ਼ਾਂ ਅਤੇ ਅਰਧ-ਤਿਆਰ ਮਾਲ ਏਸ਼ੀਆ ਅਤੇ ਅਫ਼ਰੀਕਾ ਤੋਂ ਖ਼ਿਰਾਜ਼ਾਂ ਵਜੋਂ ਆਉਣ ਲੱਗੇਗਾ"... "ਅਸੀਂ ਪੱਛਮੀ ਰਾਜਾਂ ਦੇ ਹੋਰ ਵੀ ਵਡੇਰੇ ਏਕੇ ਦੀ, ਮਹਾਨ ਤਾਕਤਾਂ ਦੇ ਯੂਰਪੀ ਸੰਘ ਦੀ ਸੰਭਾਵਨਾ ਨੂੰ ਅਗਾਊਂ ਪੇਸ਼ ਕਰ ਦਿੱਤਾ ਹੈ ਜਿਹੜਾ, ਸੰਸਾਰ ਸੱਭਿਅਤਾ ਦੇ ਉਦੇਸ਼ ਨੂੰ ਅੱਗੇ ਖੜ੍ਹਣਾ ਤਾਂ ਇੱਕ ਪਾਸੇ ਰਿਹਾ, ਸਗੋਂ ਹੋ ਸਕਦਾ ਹੈ ਪੱਛਮੀ ਪਰਜੀਵੀਪੁਣੇ ਦਾ ਧੜਵੈਲ ਖ਼ਤਰਾ ਪੈਦਾ ਕਰ ਦੇਵੇ, ਉੱਨਤ ਸਨਅਤੀ ਕੌਮਾਂ ਦਾ ਇੱਕ ਟੋਲਾ, ਜਿਨ੍ਹਾਂ ਦੀਆਂ ਉੱਪਰਲੀਆਂ ਸ਼੍ਰੇਣੀਆਂ ਏਸ਼ੀਆ ਅਤੇ ਅਫ਼ਰੀਕਾ ਤੋਂ ਵਿਸ਼ਾਲ ਖ਼ਿਰਾਜ ਪ੍ਰਾਪਤ ਕਰਦੀਆਂ ਹਨ, ਜਿਸ ਨਾਲ਼

ਉਹ ਸੇਵਕਾਂ ਦੀਆਂ ਵੱਡੀਆਂ ਵੱਡੀਆਂ ਕਾਬੂ-ਕੀਤੀਆਂ ਟੋਲੀਆਂ ਨੂੰ ਪਾਲ਼ਦੀਆਂ ਹਨ, ਜਿਹੜੇ ਜ਼ਰਾਇਤ ਅਤੇ ਕਾਰਖ਼ਾਨੇਦਾਰੀ ਦੀਆਂ ਪ੍ਰਚਲੱਤ ਸਨਅਤਾਂ ਵਿੱਚ ਨਹੀਂ ਜੁਟੇ ਹੋਏ, ਸਗੋਂ ਨਵੀਂ ਵਿੱਤ ਅਮੀਰਸ਼ਾਹੀ ਦੇ ਕੰਟਰੋਲ ਹੇਠ ਨਿੱਜੀ ਜਾਂ ਨਿੱਕੀਆਂ ਨਿੱਕੀਆਂ ਸਨਅਤੀ ਸੇਵਾਵਾਂ ਕਰਨ ਲਈ ਰੱਖੇ ਗਏ ਹਨ। ਉਹਨਾਂ ਲੋਕਾਂ ਨੂੰ, ਜਿਹੜੇ ਇਹੋ ਜਿਹੇ ਸਿਧਾਂਤ (ਸੰਭਾਵਨਾ ਕਹਿਣਾ ਚੰਗੇਰਾ ਹੋਵੇਗਾ) ਨੂੰ ਧਿਆਨ ਦੇਣ ਯੋਗ ਨਹੀਂ ਸਮਝਦੇ, ਅੱਜ ਦੇ ਦੱਖਣੀ ਇੰਗਲੈਂਡ ਦੇ ਜ਼ਿਲ੍ਹਿਆਂ ਦੀ ਆਰਥਕ ਅਤੇ ਸਮਾਜੀ ਹਾਲਤ ਦੀ ਪੜਤਾਲ਼ ਕਰਨੀ ਚਾਹੀਦੀ ਹੈ, ਜਿਹੜੇ ਪਹਿਲਾਂ ਹੀ ਇਸ ਹਾਲਤ ਤੱਕ ਪੁੱਜ ਚੁੱਕੇ ਹਨ ਅਤੇ ਇਹੋ ਜਿਹੇ ਪ੍ਰਬੰਧ ਦੇ ਵਿਸ਼ਾਲ ਪਸਾਰ ਬਾਰੇ ਸੋਚਣਾ ਚਾਹੀਦਾ ਹੈ, ਜਿਹੜਾ ਚੀਨ ਨੂੰ ਪੋਤਦਾਰਾਂ, ਪੈਸਾ ਲਾਉਣ ਵਾਲ਼ਿਆਂ (ਲਾਭਅੰਸ਼ ਪ੍ਰਾਪਤ ਕਰਨ ਵਾਲ਼ਿਆਂ) ਅਤੇ ਰਾਜਸੀ ਅਤੇ ਕਾਰੋਬਾਰੀ ਅਧਿਕਾਰੀਆਂ ਦੇ ਇਸੇ ਤਰ੍ਹਾਂ ਦੇ ਟੋਲਿਆਂ ਦੇ ਆਰਥਕ ਕੰਟਰੋਲ ਹੇਠ ਲਿਆਉਣਾ ਸੰਭਵ ਬਣਾ ਦੇਵੇਗਾ, ਜਿਹੜੇ ਯੂਰਪ ਵਿੱਚ ਖਪਾਉਣ ਲਈ, ਦੁਨੀਆ ਵਿੱਚ ਨਫ਼ੇ ਦੇ ਸਭ ਤੋਂ ਵੱਡੇ ਸੰਭਵ ਭੰਡਾਰ ਤੋਂ ਪ੍ਰਾਪਤ ਕਰਨਗੇ। ਹਾਲਤ ਅਤਿ-ਅੰਤ ਜਟਿਲ ਹੈ, ਸੰਸਾਰ ਸ਼ਕਤੀਆਂ ਦਾ ਕਰਮ-ਪ੍ਰਤੀਕਰਮ ਇੰਨਾਂ ਅਤਿ-ਅੰਤ ਹਿਸਾਬੋਂ-ਬਾਹਰਾ ਹੈ, ਕਿ ਭਵਿੱਖ ਦੀ ਇਹ, ਜਾਂ ਹੋਰ ਕੋਈ ਵੀ ਇੱਕ ਵਿਆਖਿਆ ਬੜੀ ਸੰਭਵ ਨਹੀਂ ਹੋ ਸਕਦੀ; ਪਰ ਅੱਜ ਪੱਛਮੀ ਯੂਰਪ ਦੇ ਸਾਮਰਾਜਵਾਦ ਉੱਤੇ ਜਿਹੜੇ ਪ੍ਰਭਾਵ ਕੰਮ ਕਰ ਰਹੇ ਹਨ, ਉਹ ਇਸ ਪਾਸੇ ਵੱਲ ਵੱਧ ਰਹੇ ਹਨ ਅਤੇ, ਜਦੋਂ ਤੱਕ ਉਹਨਾਂ ਦਾ ਮੁਕਾਬਲਾ ਨਹੀਂ ਹੁੰਦਾ ਜਾਂ ਰੁਖ ਨਹੀਂ ਮੁੜਦਾ ਉਹ ਇਸੇ ਸਿਖਰ ਵੱਲ ਜਾ ਰਹੇ ਹਨ।"*

ਲੇਖਕ ਬਿਲਕੁਲ ਠੀਕ ਹੈ: **ਜੇ** ਸਾਮਰਾਜਵਾਦ ਦੀਆਂ ਸ਼ਕਤੀਆਂ ਦਾ ਮੁਕਾਬਲਾ ਨਾ ਕੀਤਾ ਗਿਆ ਹੁੰਦਾ, ਤਾਂ ਉਹ ਬਿਲਕੁਲ ਉਸ ਹਾਲਤ ਤੱਕ ਲੈ ਜਾਂਦੀਆਂ ਜਿਸਦਾ ਉਹਨੇ ਵਰਨਣ ਕੀਤਾ ਹੈ। ਮੌਜੂਦਾ ਸਾਮਰਾਜੀ ਅਵਸਥਾ ਵਿੱਚ "ਯੂਰਪ ਦੇ ਸੰਯੁਕਤ ਰਾਜਾਂ" ਦੀ ਮਹੱਤਤਾ ਦਾ ਠੀਕ ਤਰ੍ਹਾਂ ਮੁਲੰਗਣ ਕੀਤਾ ਗਿਆ ਹੈ। ਪਰ ਉਹਨੂੰ ਨਾਲ਼ ਇਹ ਵਾਧਾ ਕਰਨਾ ਚਾਹੀਦਾ ਸੀ ਕਿ, ਕਿਰਤੀ ਸ਼੍ਰੇਣੀ ਲਹਿਰ ਦੇ **ਅੰਦਰ ਵੀ**, ਮੌਕਾਪ੍ਰਸਤ, ਜਿਹੜੇ ਅਜੇ ਵਧੇਰੇ ਦੇਸ਼ਾਂ ਵਿੱਚ ਜੇਤੂ ਹਨ, ਇਸ ਪਾਸੇ ਵੱਲ ਬਕਾਇਦਾ ਢੰਗ ਨਾਲ਼ ਅਤੇ ਅਮੋੜ ਤੌਰ 'ਤੇ "ਕੰਮ ਕਰ ਰਹੇ" ਹਨ। ਸਾਮਰਾਜਵਾਦ, ਜਿਸਦਾ ਅਰਥ ਹੈ ਦੁਨੀਆਂ ਦੀ ਵੰਡ ਕਰਨਾ ਅਤੇ ਚੀਨ ਤੋਂ ਬਿਨਾਂ ਹੋਰਨਾਂ ਦੇਸ਼ਾਂ ਦੀ ਲੁੱਟ-ਚੋਂਘ, ਜਿਸਦਾ ਅਰਥ ਹੈ ਮੁੱਠੀ ਭਰ ਬੜੇ ਅਮੀਰ ਦੇਸ਼ਾਂ ਵਿੱਚ ਉੱਚ ਅਜਾਰੇਦਾਰਾਨਾ ਨਫ਼ੇ, ਪ੍ਰੋਲੇਤਾਰੀ ਦੀ ਉੱਪਰਲੀ ਸ਼੍ਰੇਣੀ ਨੂੰ ਰਿਸ਼ਵਤ ਦੇਣਾ ਆਰਥਕ ਤੌਰ 'ਤੇ ਸੰਭਵ ਬਣਾਉਂਦੀ ਹੈ ਅਤੇ ਇਉਂ ਮੌਕਾਪ੍ਰਸਤੀ ਨੂੰ ਪਾਲ਼ਦੀ, ਸ਼ਕਲ ਦੇਂਦੀ ਅਤੇ ਮਜ਼ਬੂਤ ਕਰਦੀ ਹੈ। ਪਰ ਸਾਨੂੰ ਉਹ ਸ਼ਕਤੀਆਂ ਅੱਖੋਂ ਉਹਲੇ ਨਹੀਂ ਕਰਨੀਆਂ ਚਾਹੀਦੀਆਂ, ਜਿਹੜੀਆਂ ਆਮ ਤੌਰ 'ਤੇ ਸਾਮਰਾਜਵਾਦ ਦੇ, ਤੇ ਖ਼ਾਸ ਤੌਰ 'ਤੇ ਮੌਕਾਪ੍ਰਸਤੀ ਦੇ ਉਲਟ ਜਾਂਦੀਆਂ ਹਨ ਅਤੇ ਜਿਨ੍ਹਾਂ ਨੂੰ ਸਮਾਜੀ-ਉਦਾਰਪੰਥੀ ਹਾਬਸਨ, ਸੁਭਾਵਕ ਹੀ ਅਨੁਭਵ ਕਰਨੋਂ ਅਸਮਰੱਥ ਹੈ।

---

* Hobson ਜਿਸ ਵਿੱਚੋਂ ਪਹਿਲਾਂ ਟੂਕ ਦਿੱਤੀ ਗਈ, ਪੰਨੇ, 103,205, 144, 335, 386।

ਜਰਮਨ ਮੌਕਾਪ੍ਰਸਤ, ਗਿਰਹਾਰਡ ਹਿਲਡੇਬਰਾਂਡ, ਜਿਸਨੂੰ ਕਦੀ ਸਾਮਰਾਜਵਾਦ ਦਾ ਸਮਰਥਨ ਕਰਨ ਲਈ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਸੀ ਅਤੇ ਜਿਹੜਾ ਅੱਜ ਜਰਮਨੀ ਦੀ ਅਖੌਤੀ "ਸੋਸ਼ਲ-ਡੈਮੋਕਰੈਟਿਕ" ਪਾਰਟੀ ਦਾ ਇੱਕ ਆਗੂ ਹੋ ਸਕਦਾ ਹੈ, ਅਫ਼ਰੀਕੀ ਨੀਗਰੋਆਂ ਵਿਰੁੱਧ, "ਮਹਾਨ ਇਸਲਾਮਿਕ ਲਹਿਰ" ਵਿਰੁੱਧ, "ਸ਼ਕਤੀਸ਼ਾਲੀ ਫ਼ੌਜ ਅਤੇ ਸਮੁੰਦਰੀ ਬੇੜਾ" ਕਾਇਮ ਰੱਖਣ ਦੇ ਹੱਕ ਵਿੱਚ, "ਚੀਨੀ-ਜਪਾਨੀ ਕੁਲੀਸ਼ਨ" ਆਦਿ ਵਿਰੁੱਧ "ਸਾਂਝੀ" ਕਾਰਵਾਈ ਦੇ ਮੰਤਵ ਨਾਲ਼ (ਰੂਸ ਤੋਂ ਬਿਨਾਂ) "ਪੱਛਮੀ ਯੂਰਪ ਦੇ ਸੰਯੁਕਤ ਰਾਜਾਂ" ਦੀ ਆਪਣੀ ਵਕਾਲਤ ਨਾਲ਼ ਹਾਬਸਨ ਦੀ ਗੱਲ ਨੂੰ ਚੰਗੀ ਤਰ੍ਹਾਂ ਪੂਰਦਾ ਹੈ।*

ਸ਼ੂਲਜ਼ੇ-ਗੀਵੇਰਨਿਤਜ਼ ਦੀ ਕਿਤਾਬ ਵਿੱਚ "ਬਰਤਾਨਵੀ ਸਾਮਰਾਜਵਾਦ" ਦਾ ਵਰਨਣ ਉਹੋ ਪਰਜੀਵੀਪੁਣੇ ਵਾਲ਼ੇ ਲੱਛਣ ਪ੍ਰਗਟ ਕਰਦਾ ਹੈ। ਬਰਤਾਨੀਆ ਦੀ ਕੌਮੀ ਆਮਦਨ 1865 ਤੋਂ 1898 ਤੱਕ ਲਗਭਗ ਦੁੱਗਣੀ ਹੋ ਗਈ, ਜਦੋਂ ਕਿ ਉਸੇ ਹੀ ਸਮੇਂ ਵਿੱਚ "ਵਿਦੇਸ਼ਾਂ ਤੋਂ" ਆਮਦਨ **ਨੌਂ ਗੁਣਾ** ਵਧੀ। ਜਿੱਥੇ ਕਿ ਸਾਮਰਾਜਵਾਦ ਦਾ "ਗੁਣ" ਇਹ ਹੈ ਕਿ ਇਹ "ਨੀਗਰੋਆਂ ਨੂੰ ਸਨਅਤ ਦੀਆਂ ਆਦਤਾਂ ਅਨੁਸਾਰ ਸਿਖਾਉਂਦਾ ਹੈ" (ਜ਼ਬਰਦਸਤੀ ਤੋਂ ਬਿਨਾਂ ਤੁਹਾਡਾ ਗੁਜ਼ਾਰਾ ਨਹੀਂ ਚੱਲ ਸਕਦਾ), ਸਾਮਰਾਜਵਾਦ ਦਾ "ਖਤਰਾ" ਇਸ ਗੱਲ ਵਿੱਚ ਹੈ ਕਿ "ਯੂਰਪ ਸਰੀਰਕ ਮੁਸ਼ੱਕਤ ਦਾ—ਪਹਿਲਾਂ ਜ਼ਰਾਇਤੀ ਅਤੇ ਖਾਣਾਂ ਦੇ ਕੰਮ ਵਿੱਚ, ਫਿਰ ਸਨਅਤ ਵਿੱਚ ਵਧੇਰੇ ਖਰ੍ਹਵੇ ਕੰਮ ਦਾ—ਬੋਝ ਕਾਲ਼ੀਆਂ ਨਸਲਾਂ ਦੇ ਮੋਢਿਆਂ ਉੱਤੇ ਸੁੱਟ ਦੇਵੇਗਾ ਅਤੇ ਆਪ ਲਾਭੰਸ਼ਾਂ ਉੱਤੇ ਜਿਊਣ ਵਾਲ਼ੇ ਦੇ ਰੋਲ ਨਾਲ਼ ਸੰਤੁਸ਼ਟ ਹੋ ਜਾਵੇਗਾ ਅਤੇ ਇਉਂ, ਸ਼ਾਇਦ, ਕਾਲ਼ੀਆਂ ਨਸਲਾਂ ਦੀ ਆਰਥਕ ਅਤੇ ਪਿੱਛੋਂ ਰਾਜਸੀ ਮੁਕਤੀ ਲਈ ਰਾਹ ਬਣਾਏਗਾ।"

ਇੰਗਲੈਂਡ ਵਿੱਚ ਵੱਧਦੀ ਮਾਤਰਾ ਵਿੱਚ ਜ਼ਮੀਨ ਨੂੰ ਵਾਹੀ ਹੇਠੋਂ ਕੱਢਿਆ ਅਤੇ ਮੌਜ-ਮੇਲੇ ਲਈ, ਅਮੀਰਾਂ ਦੇ ਮਨ-ਪ੍ਰਚਾਵੇ ਲਈ ਵਰਤਿਆ ਜਾ ਰਿਹਾ ਹੈ। ਜਿੱਥੋਂ ਤੱਕ ਸਕਾਟਲੈਂਡ ਦਾ ਸਬੰਧ ਹੈ—ਜਿਹੜਾ ਕਿ ਸ਼ਿਕਾਰ ਅਤੇ ਹੋਰ ਮੌਜ-ਮੇਲੇ ਲਈ ਸਭ ਤੋਂ ਵੱਧ ਸ਼ਾਹਾਨਾ ਥਾਂ ਹੈ—ਇਹ ਕਿਹਾ ਜਾਂਦਾ ਹੈ ਕਿ "ਉਹ ਆਪਣੇ ਬੀਤੇ ਅਤੇ ਮਿਸਟਰ ਕਾਰਨੇਗੀ (ਅਮਰੀਕੀ ਕਰੋੜਪਤੀ) ਦੇ ਸਹਾਰੇ ਜਿਊਂਦਾ ਹੈ।" ਸਿਰਫ਼ ਘੁੜ-ਦੌੜ ਤੇ ਲੂੰਮੜ ਦੇ ਸ਼ਿਕਾਰ ਉੱਤੇ ਹੀ ਇੰਗਲੈਂਡ ਹਰ ਸਾਲ 1,40,00,000 ਪੌਂਡ (ਲਗਭਗ 13 ਕਰੋੜ ਰੂਬਲ) ਖ਼ਰਚ ਕਰਦਾ ਹੈ। ਇੰਗਲੈਂਡ ਵਿੱਚ ਲਾਭੰਸ਼ਾਂ ਉੱਤੇ ਜਿਊਣ ਵਾਲ਼ਿਆਂ ਦੀ ਗਿਣਤੀ ਲਗਭਗ ਦਸ ਲੱਖ ਹੈ। ਉਪਜਾਊ ਢੰਗ ਨਾਲ਼ ਕੰਮ ਵਿੱਚ ਲੱਗੀ ਵਸੋਂ ਕੁੱਲ ਵਸੋਂ ਦੀ ਫ਼ੀਸਦੀ ਵਜੋਂ ਘੱਟਦੀ ਜਾ ਰਹੀ ਹੈ:

---

* Gerhard Hildebrand. ´Die Ersch¸tterung der Industrieherrschaft und des Industriesozialismus[a].1910. S.229 (ਗਿਰਹਾਰਡ ਹਿਲਡੇਬਰਾਂਡ, "ਸਨਅਤ ਦੇ ਗ਼ਲਬੇ ਦਾ ਅਤੇ ਸਨਅਤੀ ਸੋਸ਼ਲਿਜ਼ਮ ਦਾ ਹਿੱਲ ਜਾਣਾ"–**ਸੰਪਾ:**)

| | ਇੰਗਲੈਂਡ ਤੇ ਵੇਲਜ਼ ਦੀ ਵਸੋਂ (0,00,000) | ਬੁਨਿਆਦੀ ਸਨਅਤਾਂ ਵਿੱਚ ਲੱਗੇ ਕਿਰਤੀ (0,00,000) | ਕੁੱਲ ਵਸੋਂ ਦਾ ਫ਼ੀਸਦੀ |
|---|---|---|---|
| 1851 | 17.9 | 4.1 | 23 |
| 1901 | 32.5 | 4.9 | 15 |

ਅਤੇ ਬਰਤਾਨਵੀਂ ਕਿਰਤੀ ਸ਼੍ਰੇਣੀ ਦੀ ਗੱਲ ਕਰਦਿਆਂ, "ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬਰਤਾਨਵੀਂ ਸਾਮਰਾਜਵਾਦ" ਦਾ ਬੁਰਜੂਆ ਵਿਦਿਆਰਥੀ ਮਜ਼ਦੂਰਾਂ ਦੇ **"ਉਪਰਲੇ ਵਰਗ"** ਅਤੇ **"ਖ਼ਾਸ ਪ੍ਰੋਲੇਤਾਰੀ ਦੇ ਹੇਠਲੇ ਵਰਗ"** ਵਿਚਕਾਰ ਬਾਕਾਇਦਾ ਢੰਗ ਨਾਲ਼ ਨਖੇੜ ਕਰਨ ਲਈ ਮਜ਼ਬੂਰ ਹੁੰਦਾ ਹੈ। ਉੱਪਰਲੇ: ਵਰਗ ਵਿੱਚੋਂ ਸਹਿਕਾਰ ਸਭਾਵਾਂ ਦੀ, ਟਰੇਡ .ਯੂਨੀਅਨਾਂ ਦੀ, ਖੇਡ ਕਲੱਬਾਂ ਅਤੇ ਅਣਗਿਣਤ ਧਾਰਮਕ ਫ਼ਿਰਕਿਆਂ ਦੀ ਮੈਂਬਰਸ਼ਿਪ ਦਾ ਭਾਰੀ ਹਿੱਸਾ ਆਉਂਦਾ ਹੈ। ਚੋਣ ਦੀ ਪ੍ਰਣਾਲੀ ਨੂੰ ਇਸ ਪੱਧਰ ਦਾ ਅਨੁਸਾਰੀ ਬਣਾਇਆ ਗਿਆ ਹੈ, ਜਿਹੜੀ ਬਰਤਾਨੀਆ ਵਿੱਚ ਅਜੇ ਵੀ, **"ਖ਼ਾਸ ਪ੍ਰੋਲੇਤਾਰੀ ਦੇ ਹੇਠਲੇ ਵਰਗ ਨੂੰ ਬਾਹਰ ਰੱਖਣ ਲਈ ਚੋਖੀ ਸੀਮਤ ਹੈ"** ! ਬਰਤਾਨਵੀਂ ਕਿਰਤੀ ਸ਼੍ਰੇਣੀ ਦੀ ਹਾਲਤ ਨੂੰ ਸੁਹਣੇ ਢੰਗ ਨਾਲ਼ ਪੇਸ਼ ਕਰਨ ਲਈ, ਸਿਰਫ਼ ਇਸ ਉੱਪਰਲੇ ਵਰਗ ਦੀ ਹੀ—ਜਿਸ ਵਿੱਚ ਪ੍ਰੋਲਤਾਰੀ ਦੀ **ਘੱਟ-ਗਿਣਤੀ** ਆਉਂਦੀ ਹੈ—ਆਮ ਤੌਰ 'ਤੇ ਗੱਲ ਕੀਤੀ ਜਾਣੀ ਜਾਂਦੀ ਹੈ। ਉਦਾਹਰਣ ਵਜੋਂ, "ਬੇਰੁਜ਼ਗਾਰੀ ਦੀ ਸਮੱਸਿਆ ਮੁੱਖ ਤੌਰ 'ਤੇ ਲੰਦਨ ਦੀ ਸਮੱਸਿਆ ਹੈ ਤੇ ਹੇਠਲੇ ਪ੍ਰੋਲੇਤਾਰੀ ਵਰਗ ਦੀ ਸਮੱਸਿਆ ਹੈ, **ਜਿਸਨੂੰ ਰਾਜਸੀ ਨੇਤਾ ਬਹੁਤੀ ਮਹੱਤਤਾ ਨਹੀਂ ਦੇਂਦੇ**...* ਉਹਨੂੰ ਕਹਿਣਾ ਇਹ ਚਾਹੀਦਾ ਸੀਃ ਜਿਸਨੂੰ ਬੁਰਜੂਆ ਰਾਜਸੀ ਨੇਤਾ ਅਤੇ "ਸੋਸ਼ਲਿਸਟ" ਮੌਕਾਪ੍ਰਸਤ ਬਹੁਤੀ ਮਹੱਤਤਾ ਨਹੀਂ ਦੇਂਦੇ।

ਜਿਨ੍ਹਾਂ ਤੱਥਾਂ ਦਾ ਵਰਨਣ ਮੈਂ ਕਰ ਰਿਹਾ ਹਾਂ, ਉਹਨਾਂ ਨਾਲ਼ ਸਬੰਧਤ ਸਾਮਰਾਜਵਾਦ ਦਾ ਇੱਕ ਵਿਸ਼ੇਸ਼ ਲੱਛਣ ਸਾਮਰਾਜੀ ਦੇਸ਼ਾਂ ਤੋਂ ਪਰਵਾਸ ਘੱਟ ਹੋਣਾ ਅਤੇ ਵਧੇਰੇ ਪੱਛੜੇ ਦੇਸ਼ਾਂ ਤੋਂ, ਜਿੱਥੇ ਘੱਟ ਉਜਰਤਾਂ ਅਦਾ, ਕੀਤੀਆਂ ਜਾਂਦੀਆਂ ਹਨ ਇਹਨਾਂ ਦੇਸ਼ਾਂ ਵਿੱਚ ਆਵਾਸ ਦਾ ਵਾਧਾ ਹੋਣਾ ਹੈ। ਜਿਹਾ ਕਿ ਹਾਬਸਨ ਕਹਿੰਦਾ ਹੈ, ਬਰਤਾਨੀਆ ਤੋਂ ਪਰਵਾਸ ਵਿੱਚ 1884 ਤੋਂ ਘਾਟਾ ਹੁੰਦਾ ਰਿਹਾ ਹੈ। ਉਸ ਸਾਲ ਪਰਵਾਸੀਆਂ ਦੀ ਗਿਣਤੀ 2,42,000 ਸੀ। ਜਦੋਂ ਕਿ 1900 ਵਿੱਚ, ਇਹ ਗਿਣਤੀ 1,69,000 ਸੀ। ਜਰਮਨੀ ਤੋਂ ਪਰਵਾਸ 1881 ਤੋਂ 1890 ਵਿਚਕਾਰ ਵੱਧ ਤੋਂ ਵੱਧ ਹੱਦ ਤੱਕ ਪੁੱਜ ਗਿਆ ਅਤੇ ਪਰਵਾਸੀਆਂ ਦੀ ਕੁੱਲ ਗਿਣਤੀ 14,53,000 ਸੀ। ਇਸ ਤੋਂ ਪਿੱਛੋਂ ਦੇ ਦੋ ਦਹਾਕਿਆਂ ਵਿੱਚ ਇਹ ਘੱਟ ਕੇ 5,44,000 ਅਤੇ 3,41,000 ਰਹਿ ਗਿਆ। ਦੂਜੇ ਹੱਥ ਆਸਟਰੀਆ, ਇਟਲੀ, ਰੂਸ ਅਤੇ ਹੋਰਨਾਂ ਦੇਸ਼ਾਂ ਤੋਂ ਜਰਮਨੀ ਵਿੱਚ ਦਾਖ਼ਲ ਹੋਣ ਵਾਲ਼ੇ ਮਜ਼ਦੂਰਾਂ ਦੀ ਗਿਣਤੀ ਵਿੱਚ ਵਾਧਾ ਹੋਇਆ। 1907 ਦੀ ਆਦਮ-ਗਿਣਤੀ ਅਨੁਸਾਰ, ਜਰਮਨੀ ਵਿੱਚ 13,43,294 ਵਿਦੇਸ਼ੀ ਸਨ, ਜਿਨ੍ਹਾਂ

* Schulze-Gaevernitz. ´Br. Imp.[a], 301.

ਵਿੱਚੋਂ 4,40,800 ਸਨਅਤੀ ਕਾਮੇ ਸਨ ਅਤੇ 2,57,329 ਖੇਤੀ ਕਾਮੇ ਸਨ।* ਫ਼ਰਾਂਸ ਵਿੱਚ ਖਾਣਾਂ ਵਿੱਚ ਲੱਗੇ ਕਿਰਤੀਆਂ ਦਾ "ਬਹੁਤਾ ਹਿੱਸਾ" ਵਿਦੇਸ਼ੀ ਹਨ: ਪੋਲੈਂਡ, ਇਟਲੀ ਅਤੇ ਸਪੇਨ ਤੋਂ ਆਏ ਲੋਕ।** ਅਮਰੀਕਾ ਵਿੱਚ ਪੂਰਬੀ ਅਤੇ ਦੱਖਣੀ ਯੂਰਪ ਤੋਂ ਆ ਕੇ ਵੱਸਣ ਵਾਲ਼ੇ ਸਭ ਤੋਂ ਘੱਟ ਤਨਖ਼ਾਹਾਂ ਵਾਲ਼ੀਆਂ ਨੌਕਰੀਆਂ ਉੱਤੇ ਲੱਗੇ ਹੋਏ ਹਨ, ਜਦੋਂ ਕਿ ਓਵਰਸੀਅਰਾਂ ਜਾਂ ਚੰਗੇਰੀ ਤਨਖ਼ਾਹ ਵਾਲ਼ੇ ਕਾਮਿਆਂ ਦੀ ਸਭ ਤੋਂ ਵੱਧ ਫ਼ੀਸਦੀ ਅਮਰੀਕੀ ਕਾਮਿਆਂ ਵਿੱਚੋਂ ਆਉਂਦੀ ਹੈ।*** ਸਾਮਰਾਜਵਾਦ ਕਿਰਤੀਆਂ ਵਿਚਕਾਰ ਵੀ ਵਿਸ਼ੇਸ਼ਧਿਕਾਰਾਂ ਵਾਲ਼ੇ ਵਰਗ ਪੈਦਾ ਕਰਨ ਦਾ ਅਤੇ ਉਹਨਾਂ ਨੂੰ ਪ੍ਰੋਲੇਤਾਰੀ ਦੇ ਵਿਸ਼ਾਲ ਸਮੂਹਾਂ ਤੋਂ ਵੱਖ ਕਰਨ ਦਾ ਝੁਕਾਅ ਰੱਖਦਾ ਹੈ।

ਇਹ ਕਹਿਣਾ ਜ਼ਰੂਰੀ ਹੈ ਕਿ ਬਰਤਾਨੀਆ ਵਿੱਚ ਕਿਰਤੀਆਂ ਨੂੰ ਪਾੜਨ, ਉਹਨਾਂ ਵਿੱਚ ਮੌਕਾਪ੍ਰਸਤੀ ਨੂੰ ਮਜ਼ਬੂਤ ਕਰਨ ਅਤੇ ਕਿਰਤੀ ਸ਼੍ਰੇਣੀ ਲਹਿਰ ਵਿੱਚ ਵਕਤੀ ਪਤਨ ਲਿਆਉਣ ਦਾ ਸਾਮਰਾਜਵਾਦ ਦਾ ਝੁਕਾਅ ਆਪਣੇ ਆਪ ਨੂੰ ਉਨ੍ਹੀਵੀਂ ਸਦੀ ਦੇ ਅਖ਼ੀਰ ਅਤੇ ਵੀਹਵੀਂ ਸਦੀ ਦੇ ਸ਼ੁਰੂ ਤੋਂ ਬਹੁਤ ਪਹਿਲਾਂ ਸਾਹਮਣੇ ਲਿਆ ਚੁੱਕਾ ਸੀ; ਕਿਉਂਕਿ ਸਾਮਰਾਜਵਾਦ ਦੇ ਦੋ ਮਹੱਤਵਪੂਰਨ ਉੱਘੜਵੇਂ ਲੱਛਣ ਬਰਤਾਨੀਆ ਵਿੱਚ ਪਹਿਲਾਂ ਹੀ ਉਨ੍ਹੀਵੀਂ ਸਦੀ ਦੇ ਅੱਧ ਵਿੱਚ ਵੇਖਣ ਵਿੱਚ ਆ ਚੁੱਕੇ ਸਨ—ਵਿਸ਼ਾਲ ਬਸਤੀਵਾਦੀ ਮਿਲਖਾਂ ਅਤੇ ਸੰਸਾਰ ਮੰਡੀ ਵਿੱਚ ਅਜਾਰੇਦਾਰਾਨਾ ਪ੍ਰਸਥਿਤੀ। ਮਾਰਕਸ ਅਤੇ ਏਂਗਲਜ਼ ਨੇ ਕਈ ਦਹਾਕਿਆਂ ਦੇ ਦੌਰਾਨ, ਕਿਰਤੀ ਸ਼੍ਰੇਣੀ ਲਹਿਰ ਵਿੱਚ ਮੌਕਾਪ੍ਰਸਤੀ ਅਤੇ ਬਰਤਾਨਵੀ ਸਰਮਾਏਦਾਰੀ ਦੇ ਸਾਮਰਾਜੀ ਲੱਛਣਾਂ ਵਿਚਕਾਰ ਇਸ ਸਬੰਧ ਦਾ ਬਕਾਇਦਾ ਢੰਗ ਨਾਲ਼ ਪਤਾ ਲਾਇਆ ਸੀ। ਉਦਾਹਰਣ ਵਜੋਂ, 7 ਅਕਤੂਬਰ, 1858 ਨੂੰ ਏਂਗਲਜ਼ ਨੇ ਮਾਰਕਸ ਨੂੰ ਲਿਖਿਆ: "...ਅੰਗ੍ਰੇਜ਼ ਪ੍ਰੋਲੇਤਾਰੀ ਅਸਲ ਵਿੱਚ ਦਿਨੋਂ ਦਿਨ ਵਧੇਰੇ ਬੁਰਜੂਆ ਬਣਦੇ ਜਾ ਰਹੇ ਹਨ, ਇੱਥੋਂ ਤੱਕ ਕਿ ਸਾਰੀਆਂ ਕੌਮਾਂ ਵਿੱਚੋਂ ਇਸ ਸਭ ਤੋਂ ਬੁਰਜੂਆ ਕੌਮ ਦਾ ਪ੍ਰਤੱਖ ਤੌਰ ਉੱਤੇ ਅੰਤਮ ਨਿਸ਼ਾਨਾ ਬੁਰਜੂਆਜ਼ੀ **ਦੇ ਨਾਲ਼ ਨਾਲ਼** ਬੁਰਜੂਆ ਅਮੀਰਸ਼ਾਹੀ ਤੇ ਬੁਰਜੂਆ ਪ੍ਰੋਲੇਤਾਰੀ ਨੂੰ ਰੱਖਣ ਦਾ ਹੈ। ਅਜਿਹੀ ਕੌਮ ਲਈ, ਜਿਹੜੀ ਸਾਰੀ ਦੁਨੀਆ ਦੀ ਲੁੱਟ-ਚੋਂਘ ਕਰਦੀ ਹੈ, ਇਹ, ਬੇਸ਼ੱਕ ਕਿਸੇ ਹੱਦ ਤੱਕ ਯੋਗ ਸਿੱਧ ਕੀਤਾ ਜਾ ਸਕਦਾ ਹੈ।" ਲਗਭਗ ਇੱਕ ਚੁਥਾਈ ਸਦੀ ਪਿੱਛੋਂ, 11 ਅਗਸਤ 1881 ਨੂੰ ਲਿਖੀ ਚਿੱਠੀ ਵਿੱਚ, ਏਂਗਲਜ਼ "ਉਹਨਾਂ ਬਹੁਤ ਹੀ ਭੈੜੀਆਂ ਅੰਗਰੇਜ਼ੀ ਟਰੇਡ ਯੂਨੀਅਨਾਂ" ਦੀ ਗੱਲ ਕਰਦੇ ਹਨ, "ਜਿਹੜੀਆਂ ਅਜਿਹੇ ਲੋਕਾਂ ਨੂੰ ਆਪਣੀ ਅਗਵਾਈ ਕਰਨ ਦੀ ਆਗਿਆ ਦੇਂਦੀਆਂ ਹਨ ਜਿਹੜੇ ਬੁਰਜੂਆਜ਼ੀ ਕੋਲ਼

---

* Statistik des Deutschen Reichs, Bd. 211 (ਜਰਮਨ ਰਾਜ ਬਾਰੇ ਅੰਕੜੇ, ਸੈਂਚੀ 221-**ਸੰਪਾ:**)

** Henger. ´Die Kapitalsanlage der Franzosen[a], St. 1913. ("ਫ਼ਰਾਂਸੀਸੀ ਸਰਮਾਏ ਦੀ ਲਾਗਤ", ਸਟੁਟਗਾਰਟ, 1913—**ਸੰਪਾ**.)

*** Hourwich. ´Immigration and Labour[a]. New York, 1913, ("ਅਵਾਸ ਅਤੇ ਕਿਰਤ", "ਨਿਊ ਯਾਰਕ, 1913-**ਸੰਪਾ:**)

ਵਿੱਕ ਚੁੱਕੇ ਹਨ ਜਾਂ ਘੱਟੋ-ਘੱਟ ਜਿਨ੍ਹਾਂ ਨੂੰ ਬੁਰਜੂਆਜ਼ੀ ਤਨਖ਼ਾਹ ਦੇਂਦੀ ਹੈ।" ਕਾਊਟਸਕੀ ਨੂੰ 12 ਸੰਤਬਰ, 1882 ਨੂੰ ਲਿਖੀ ਚਿੱਠੀ ਵਿੱਚ ਏਂਗਲਜ਼ ਨੇ ਲਿਖਿਆ: "ਤੁਸੀਂ ਮੈਨੂੰ ਪੁੱਛਦੇ ਹੋ ਕਿ ਬਸਤੀਵਾਦੀ ਨੀਤੀ ਬਾਰੇ ਅੰਗ੍ਰੇਜ਼ ਕਿਰਤੀ ਕੀ ਸੋਚਦੇ ਹਨ। ਖ਼ੈਰ, ਉਹ ਬਿਲਕੁਲ ਉਹੋ ਗੱਲ ਸੋਚਦੇ ਹਨ, ਜੋ ਆਮ ਤੌਰ 'ਤੇ ਰਾਜਨੀਤੀ ਬਾਰੇ ਸੋਚਦੇ ਹਨ। ਇੱਥੇ ਕੋਈ ਕਿਰਤੀ ਪਾਰਟੀ ਨਹੀਂ, ਸਿਰਫ਼ ਰੂੜ੍ਹੀਵਾਦੀ ਅਤੇ ਉਦਾਰ-ਗ਼ਰਮ-ਖ਼ਿਆਲ ਹਨ ਅਤੇ ਕਿਰਤੀ ਸੰਸਾਰ ਮੰਡੀ ਅਤੇ ਬਸਤੀਆਂ ਵਿੱਚ ਇੰਗਲੈਂਡ ਦੀ ਅਜਾਰੇਦਾਰੀ ਦੀ ਦਾਅਵਤ ਵਿੱਚ ਖ਼ੁਸ਼ੀ ਖ਼ੁਸ਼ੀ ਸ਼ਾਮਲ ਹੁੰਦੇ ਹਨ।"* (ਇਹੋ ਜਿਹੇ ਹੀ ਵਿਚਾਰ ਏਂਗਲਜ਼ ਨੇ ਅਖ਼ਬਾਰਾਂ ਲਈ, "ਇੰਗਲੈਂਡ ਵਿੱਚ ਕਿਰਤੀ ਸ਼੍ਰੇਣੀ ਦੀ ਹਾਲਤ" ਦੀ ਦੂਜੀ ਛਾਪ ਦੀ ਭੂਮਿਕਾ ਵਿੱਚ ਵੀ ਪ੍ਰਗਟ ਕੀਤੇ, ਜਿਹੜੀ 1892 ਵਿੱਚ ਛਪੀ ਸੀ)।

ਇਸ ਤੋਂ ਕਾਰਨਾਂ ਤੇ ਪ੍ਰਭਾਵਾਂ ਦਾ ਸਾਫ਼ ਸਾਫ਼ ਪਤਾ ਲੱਗ ਜਾਂਦਾ ਸੀ। ਕਾਰਨ ਇਹ ਹਨ: (1) ਇਸ ਦੇਸ਼ ਵੱਲੋਂ ਸਾਰੀ ਦੁਨੀਆਂ ਦੀ ਲੁੱਟ-ਚੋਂਘ (2) ਸੰਸਾਰ ਮੰਡੀ ਵਿੱਚ ਇਹਦੀ ਅਜਾਰੇਦਾਰਾਨਾ ਪੁਜ਼ੀਸ਼ਨ (3) ਇਹਦੀ ਬਸਤੀਵਾਦੀ ਅਜਾਰੇਦਾਰੀ। ਪ੍ਰਭਾਵ ਹਨ (1) ਬਰਤਾਨਵੀਂ ਪ੍ਰੋਲੇਤਾਰੀ ਦਾ ਇੱਕ ਹਿੱਸਾ ਬੁਰਜੂਆ ਬਣ ਜਾਂਦਾ ਹੈ (2) ਪ੍ਰੋਲੇਤਾਰੀ ਦਾ ਇੱਕ ਹਿੱਸਾ ਅਜਿਹੇ ਲੋਕਾਂ ਨੂੰ ਆਪਣੀ ਅਗਵਾਈ ਕਰਨ ਦੀ ਆਗਿਆ ਦੇਂਦਾ ਹੈ, ਜਿਨ੍ਹਾਂ ਨੂੰ ਬੁਰਜੂਆਜ਼ੀ ਨੇ ਖ਼ਰੀਦਿਆ ਹੁੰਦਾ ਹੈ ਜਾਂ ਜਿਨ੍ਹਾਂ ਨੂੰ ਘੱਟੋ ਘੱਟ ਉਸ ਤੋਂ ਤਨਖਾਹ ਮਿਲ਼ਦੀ ਹੈ। ਵੀਹਵੀਂ ਸਦੀ ਦੇ ਸ਼ੁਰੂ ਦੇ ਸਾਮਰਾਜਵਾਦ ਨੇ ਮੁੱਠੀ ਭਰ ਰਾਜਾਂ ਵਿਚਕਾਰ ਸੰਸਾਰ ਦੀ ਵੰਡ ਨੂੰ ਪੂਰਿਆਂ ਕਰ ਦਿੱਤਾ, ਜਿਨ੍ਹਾਂ ਵਿੱਚੋਂ ਹਰ ਰਾਜ ਅੱਜ "ਸਾਰੇ ਸੰਸਾਰ" ਦੇ ਇੱਕ ਅਜਿਹੇ ਹਿੱਸੇ ਦੀ (ਉਸ ਤੋਂ ਪਰਾ-ਨਫ਼ੇ ਕੱਢਣ ਦੇ ਅਰਥਾਂ ਵਿੱਚ) ਲੁੱਟ ਚੋਂਘ ਕਰਦਾ ਹੈ, ਜਿਹੜਾ ਹਿੱਸਾ ਉਸ ਨਾਲ਼ੋਂ ਸਿਰਫ਼ ਥੋੜ੍ਹਾ ਹੀ ਘੱਟ ਹੈ; ਜਿਸਦੀ ਇੰਗਲੈਂਡ 1858 ਵਿੱਚ ਲੁੱਟ-ਚੋਂਘ ਕਰਦਾ ਸੀ; ਟਰੱਸਟਾਂ, ਕਾਰਟਲਾਂ, ਵਿੱਤ ਸਰਮਾਏ ਦੇ ਲਹਿਣਦਾਰਾਂ ਅਤੇ ਦੇਣਦਾਰਾਂ ਦੇ ਸਬੰਧਾਂ ਸਦਕਾ ਉਹਨਾਂ ਵਿੱਚੋਂ ਹਰ ਇੱਕ ਸੰਸਾਰ ਮੰਡੀ ਵਿੱਚ ਅਜਾਰੇਦਾਰ ਪੁਜ਼ੀਸ਼ਨ ਰੱਖਦਾ ਹੈ; ਉਹਨਾਂ ਵਿੱਚੋਂ ਹਰ ਇੱਕ ਕਿਸੇ ਨਾ ਕਿਸੇ ਹੱਦ ਤੱਕ ਬਸਤੀਵਾਦੀ ਅਜਾਰੇਦਾਰੀ ਮਾਣਦਾ ਹੈ (ਅਸੀਂ ਵੇਖਿਆ ਕਿ **ਕੁੱਲ** 7,50,000 ਵਰਗ ਕਿਲੋਮੀਟਰ ਵਿੱਚੋਂ, ਜਿੰਨਾਂ ਕਿ ਸਾਰਾ ਬਸਤੀਵਾਦੀ ਸੰਸਾਰ ਹੈ ਬਣਦਾ ਹੈ, 6,50,00,000 ਵਰਗ ਕਿਲੋਮੀਟਰ ਜਾਂ 86 ਫ਼ੀਸਦੀ ਛੇ ਤਾਕਤਾਂ ਕੋਲ਼ ਹੈ; 6,10,00,000 ਵਰਗ ਕਿਲੋਮੀਟਰ ਜਾਂ 81 ਫ਼ੀਸਦੀ ਤਿੰਨ ਤਾਕਤਾਂ ਕੋਲ਼ ਹੈ)।

ਮੌਜੂਦਾ ਅਵਸਥਾ ਦਾ ਵਿਸ਼ੇਸ਼ ਲੱਛਣ ਅਜਿਹੀਆਂ ਆਰਥਕ ਅਤੇ ਰਾਜਸੀ ਹਾਲਤਾਂ ਦਾ ਬੋਲ-ਬਾਲਾ ਹੋਣਾ ਹੈ, ਜਿਹੜੀਆਂ ਲਾਜ਼ਮੀ ਤੌਰ 'ਤੇ ਮੌਕਾਪ੍ਰਸਤੀ ਅਤੇ ਕਿਰਤੀ ਸ਼੍ਰੇਣੀ

* Briefwechsel von Marx und Engels. Bd. II, S. 290; IV, 433, K. Kautsky. ´Sozialismus und Kolonialpolitik[a], Brl. 1907, S 79. (ਮਾਰਕਸ ਅਤੇ ਏਂਗਲਜ਼, "ਪੱਤਰ", ਕਾਊਟਸਕੀ, "ਸਮਾਜਵਾਦ ਅਤੇ ਬਸਤੀਵਾਦੀ ਨੀਤੀ"- **ਸੰਪਾ:**)। ਇਹ ਪੈਂਫ਼ਲਟ ਕਾ. ਕਾਊਟਸਕੀ ਨੇ, ਉਹਨਾਂ ਬੇਹੱਦ ਦੁਰੇਡੇ ਸਮਿਆਂ ਵਿੱਚ ਲਿਖਿਆ ਸੀ, ਜਦੋਂ ਉਹ ਅਜੇ ਮਾਰਕਸਵਾਦੀ ਸੀ।

ਲਹਿਰ ਦੇ ਆਮ ਅਤੇ ਬੁਨਿਆਦੀ ਹਿੱਤਾਂ ਵਿਚਕਾਰ ਬੇਜੋੜਤਾ ਨੂੰ ਵਧਾਉਣਗੀਆਂ: ਸਾਮਰਾਜਵਾਦ ਭਰੂਣ ਤੋਂ ਵੱਧ ਕੇ ਪ੍ਰਬਲ ਪ੍ਰਬੰਧ ਵਿੱਚ ਬਦਲ ਗਿਆ ਹੈ; ਸਰਮਾਏਦਾਰ ਅਜਾਰੇਦਾਰੀਆਂ ਆਰਥਕਤਾ ਅਤੇ ਰਾਜਨੀਤੀ ਵਿੱਚ ਪਹਿਲੀ ਥਾਂ ਮੱਲੀ ਬੈਠੀਆਂ ਹਨ; ਦੁਨੀਆ ਦੀ ਵੰਡ ਪੂਰੀ ਹੋ ਚੁੱਕੀ ਹੈ; ਦੂਜੇ ਹੱਥ, ਬਰਤਾਨੀਆ ਦੀ ਅਣਵੰਡੀ ਅਜਾਰੇਦਾਰੀ ਦੀ ਥਾਂ, ਅਸੀਂ ਕੁਝ ਸਾਮਰਾਜੀ ਸ਼ਕਤੀਆਂ ਨੂੰ ਇਸ ਅਜਾਰੇਦਾਰੀ ਵਿੱਚ ਹਿੱਸਾ ਵੰਡਾਉਣ ਦੇ ਹੱਕ ਵਿੱਚ ਦਾਹਵਾ ਜਮਾਉਂਦੇ ਵੇਖਦੇ ਹਾਂ ਅਤੇ ਇਹ ਘੋਲ਼ ਵੀਹਵੀਂ ਸਦੀ ਦੇ ਸ਼ੁਰੂ ਦੇ ਸਾਰੇ ਦੌਰ ਦਾ ਖ਼ਾਸਾ ਹੈ। ਮੌਕਾਪ੍ਰਸਤੀ ਹੁਣ ਇੱਕ ਦੇਸ਼ ਦੀ ਕਿਰਤੀ ਸ਼੍ਰੇਣੀ ਲਹਿਰ ਵਿੱਚ ਦਹਾਕਿਆਂ ਤੱਕ ਜੇਤੂ ਨਹੀਂ ਬਣੀ ਰਹਿ ਸਕਦੀ ਜਿਵੇਂ ਕਿ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਇਹ ਬਰਤਾਨੀਆ ਵਿੱਚ ਸੀ; ਪਰ ਬਹੁਤ ਸਾਰੇ ਦੇਸ਼ਾਂ ਵਿੱਚ ਇਹ ਪੱਕ ਚੁੱਕੀ ਹੈ, ਹੱਦੋਂ ਵੱਧ ਪੱਕ ਚੁੱਕੀ ਹੈ ਅਤੇ ਗਲ਼ ਸੜ ਰਹੀ ਹੈ ਅਤੇ "ਸਮਾਜੀ-ਅੰਧਰਾਸ਼ਟਰਵਾਦ"* ਦੇ ਰੂਪ ਵਿੱਚ ਬੁਰਜੂਆ ਨੀਤੀ ਨਾਲ਼ ਪੂਰੀ ਤਰ੍ਹਾਂ ਇਕਮਿਕ ਹੋ ਚੁੱਕੀ ਹੈ।

## IX ਸਾਮਰਾਜਵਾਦ ਦੀ ਪੜਚੋਲ

ਸਾਮਰਾਜਵਾਦ ਦੀ ਪੜਚੋਲ ਤੋਂ, ਸ਼ਬਦ ਦੇ ਵਿਸ਼ਾਲ ਅਰਥਾਂ ਵਿੱਚ, ਸਾਡਾ ਅਰਥ ਆਪਣੀ ਆਮ ਵਿਚਾਰਧਾਰਾ ਦੇ ਸਬੰਧ ਵਿੱਚ ਸਮਾਜ ਦੀਆਂ ਵੱਖੋ ਵੱਖ ਸ਼੍ਰੇਣੀਆਂ ਦੇ ਸਾਮਰਾਜੀ ਨੀਤੀ ਵੱਲ ਵਤੀਰੇ ਤੋਂ ਹੈ।

ਇੱਕ ਪਾਸੇ ਵਿੱਤ ਸਰਮਾਏ ਦਾ ਅਥਾਹ ਪਸਾਰ ਜਿਹੜਾ ਕੁਝ ਕੁ ਹੱਥਾਂ ਵਿੱਚ ਕੇਂਦਰਿਤ ਹੈ ਅਤੇ ਰਿਸ਼ਤਿਆਂ ਅਤੇ ਸਬੰਧਾਂ ਦਾ ਇੱਕ ਅਸਾਧਾਰਨ ਤੌਰ 'ਤੇ ਸੰਘਣਾ ਅਤੇ ਵਿਸ਼ਾਲ ਤਾਣਾ ਪੇਟਾ ਸਿਰਜ ਰਿਹਾ ਹੈ, ਜਿਹੜਾ ਨਾ ਸਿਰਫ਼ ਛੋਟੇ ਅਤੇ ਵਿਚਲੇ ਹੀ, ਸਗੋਂ ਬਹੁਤ ਛੋਟੇ ਸਰਮਾਏਦਾਰਾਂ ਅਤੇ ਛੋਟੇ ਮਾਲਕਾਂ ਨੂੰ ਵੀ ਅਧੀਨ ਕਰਦਾ ਹੈ ਅਤੇ ਦੂਜੇ ਪਾਸੇ ਦੁਨੀਆ ਦੀ ਵੰਡ ਅਤੇ ਹੋਰਨਾਂ ਦੇਸ਼ਾਂ ਉੱਤੇ ਗ਼ਲਬੇ ਲਈ ਵਿੱਤ ਸਰਮਾਏਦਾਰਾਂ ਦੇ ਦੂਜੇ ਕੌਮੀ ਰਾਜਕੀ ਗਰੁੱਪਾਂ ਦੇ ਵਿਰੁੱਧ ਚਲਾਇਆ ਜਾਂਦਾ ਦਿਨੋ ਦਿਨ ਵਧੇਰੇ ਤੀਖਣ ਘੋਲ਼, ਜਾਇਦਾਦ-ਮਾਲਕ ਸ਼੍ਰੇਣੀਆਂ ਦੇ ਪੂਰੀ ਤਰ੍ਹਾਂ ਸਾਮਰਾਜਵਾਦ ਦੇ ਪਾਸੇ ਚਲੇ ਜਾਣ ਦਾ ਕਾਰਨ ਬਣਦੇ ਹਨ। ਸਾਮਰਾਜਵਾਦ ਦੇ ਭਵਿੱਖ ਬਾਰੇ "ਆਮ" ਉਤਸ਼ਾਹ, ਇਹਦਾ ਪੁਰਜੋਸ਼ ਸਮਰਥਨ ਅਤੇ ਇਹਨੂੰ ਵੱਧ ਤੋਂ ਵੱਧ ਸ਼ੋਖ ਰੰਗਾਂ ਵਿੱਚ ਚਿਤਰਨਾ—ਇਹੋ ਜਿਹੇ ਹਨ ਸਮੇਂ ਦੇ ਚਿੰਨ੍ਹ। ਸਾਮਰਾਜੀ ਵਿਚਾਰਧਾਰਾ ਕਿਰਤੀ ਸ਼੍ਰੇਣੀ ਵਿੱਚ ਵੀ ਘੁਸ ਜਾਂਦੀ ਹੈ। ਦੂਜੀਆਂ ਸ਼੍ਰੇਣੀਆਂ ਤੋਂ ਇਹਨੂੰ ਵੱਖ ਰੱਖਣ ਵਾਲ਼ੀ ਕੋਈ ਚੀਨ ਦੀ ਕੰਧ ਨਹੀਂ। ਜੇ ਜਰਮਨੀ ਦੀ ਅੱਜ ਦੀ ਅਖੌਤੀ "ਸੋਸ਼ਲ-ਡੈਮੋਕਰੈਟਿਕ" ਪਾਰਟੀ ਦੇ ਆਗੂਆਂ ਨੂੰ ਠੀਕ ਹੀ "ਸਮਾਜੀ-ਸਾਮਰਾਜੀ" ਕਿਹਾ ਜਾਂਦਾ ਹੈ,

---

* ਰੂਸੀ ਸਮਾਜੀ-ਅੰਧਰਾਸ਼ਟਰਵਾਦ ਆਪਣੇ ਪ੍ਰਤੱਖ ਰੂਪ ਵਿੱਚ, ਜਿਸਦੀ ਪ੍ਰਤਿਨਿੱਧਤਾ ਪੋਤਰੇਸੋਵ, ਚਖੇਨਕੇਲੀ, ਮਾਸਲੋਵ ਆਦਿ ਕਰਦੇ ਹਨ, ਅਤੇ ਪਰੋਖ ਰੂਪ ਵਿੱਚ (ਛੇਈਦਜ਼ੇ, ਸਕੋਬੇਲੇਵ, ਅਕਸੇਲਰੋਦ, ਮਾਰਤੋਵ, ਆਦਿ), ਵੀ ਮੌਕਾਪ੍ਰਸਤੀ ਦੀ ਰੂਸੀ ਵੰਨਗੀ, ਭਾਵ ਖ਼ਾਤਮੇਵਾਦ[44] ਤੋਂ ਹੀ ਨਿਕਲਿਆ ਹੈ।

ਅਰਥਾਤ, ਕਥਨੀ ਵਿੱਚ ਸ਼ੋਸਲਿਸਟ, ਕਰਨੀ ਵਿੱਚ ਸਾਮਰਾਜੀ; ਤਾਂ 1902 ਵਿੱਚ ਹੀ, ਹਾਬਸਨ ਨੇ ਬਰਤਾਨੀਆ ਵਿੱਚ "ਫ਼ੇਬੀਅਨ ਸਾਮਰਾਜੀਆਂ" ਦੀ ਹੋਂਦ ਵੱਲ ਧਿਆਨ ਦਿਵਾਇਆ ਸੀ ਜਿਹੜੇ ਮੌਕਾਪ੍ਰਸਤ "ਫ਼ੇਬੀਅਨ ਸੋਸਾਇਟੀ"[45] ਨਾਲ਼ ਸਬੰਧ ਰੱਖਦੇ ਹਨ।

ਬੁਰਜੂਆ ਵਿਦਵਾਨ ਅਤੇ ਪੱਤਰਕਾਰ ਆਮ ਤੌਰ 'ਤੇ ਕੁੱਝ ਲੁੱਕਵੇਂ ਰੂਪ ਵਿੱਚ ਸਾਮਰਾਜਵਾਦ ਦੇ ਸਮਰਥਨ ਲਈ ਨਿੱਤਰਦੇ ਹਨ; ਉਹ ਇਹਦੇ ਪੂਰਨ ਗ਼ਲਬੇ ਅਤੇ ਇਹਦੀਆਂ ਡੂੰਘੀਆਂ ਜਾਂਦੀਆਂ ਜੜ੍ਹਾਂ ਨੂੰ ਧੁੰਦਲਾ ਕਰਦੇ ਹਨ; ਵਿਸ਼ੇਸ਼ ਅਤੇ ਦੂਜੈਲੀ ਮਹੱਤਤਾ ਰੱਖਦੇ ਵਿਸਥਾਰਾਂ ਨੂੰ ਮੂਹਰੇ ਲਿਆਉਣ ਦਾ ਯਤਨ ਕਰਦੇ ਹਨ ਅਤੇ ਟਰੱਸਟਾਂ ਜਾਂ ਬੈਂਕਾਂ ਦੀ ਪੁਲਿਸ ਵੱਲੋਂ ਨਿਗਰਾਨੀ ਆਦਿ ਵਰਗੇ "ਸੁਧਾਰ" ਜਿਹੀਆਂ ਨਿਰੋਲ ਹਾਸੋਹੀਣੀਆਂ ਸਕੀਮਾਂ ਰਾਹੀਂ ਬੁਨਿਆਦੀ ਗੱਲਾਂ ਤੋਂ ਧਿਆਨ ਲਾਂਭੇ ਲਿਜਾਣ ਲਈ ਆਪਣੀ ਪੂਰੀ ਵਾਹ ਲਾਉਂਦੇ ਹਨ। ਸਨਕੀ ਅਤੇ ਖਰੇ ਸਾਮਰਾਜੀ, ਜਿਹੜੇ ਸਾਮਰਾਜਵਾਦ ਦੇ ਬੁਨਿਆਦੀ ਖ਼ਾਸਿਆਂ ਨੂੰ ਸੁਧਾਰਨ ਦੇ ਵਿਚਾਰ ਦੀ ਬੇਹੂਦਗੀ ਨੂੰ ਮੰਨਣ ਜੋਗੀ ਦਲੇਰੀ ਰੱਖਦੇ ਹੋਣ, ਬੜਾ ਦੁਰਲੱਭ ਵਰਤਾਰਾ ਹਨ।

ਇੱਕ ਉਦਾਹਰਣ ਇਹ ਹੈ। ਜਰਮਨ ਸਾਮਰਾਜੀ, **ਸੰਸਾਰ ਆਰਥਕਤਾ ਦਾ ਮੁਹਾਫ਼ਜ਼ਖ਼ਾਨਾ** ਨਾਂ ਦੇ ਰਸਾਲੇ ਵਿੱਚ ਬਸਤੀਆਂ ਵਿੱਚ ਕੌਮੀ ਅਜ਼ਾਦੀ ਦੀਆਂ ਲਹਿਰਾਂ ਵੱਲ ਧਿਆਨ ਦੇਣ ਦਾ ਯਤਨ ਕਰਦੇ ਹਨ, ਨਿਸ਼ਚੇ ਹੀ, ਖ਼ਾਸ ਤੌਰ 'ਤੇ ਉਹਨਾਂ ਬਸਤੀਆਂ ਵਿਚਲੀਆਂ ਲਹਿਰਾਂ ਵੱਲ, ਜਿਹੜੀਆਂ ਜਰਮਨੀ ਨਹੀਂ। ਉਹ ਹਿੰਦੁਸਤਾਨ ਵਿੱਚ ਬੇਚੈਨੀ ਅਤੇ ਰੋਸ ਲਹਿਰਾਂ ਵੱਲ, ਨਟਾਲ (ਦੱਖਣੀ ਅਫ਼ਰੀਕਾ) ਵਿੱਚ, ਵਲੰਦੇਜ਼ੀ ਹਿੰਦ-ਏਸ਼ੀਆ ਆਦਿ ਵਿੱਚ ਲਹਿਰਾਂ ਵੱਲ ਧਿਆਨ ਦੇਂਦੇ ਹਨ। ਉਹਨਾਂ ਵਿੱਚੋਂ ਇੱਕ, ਵੱਖੋ ਵੱਖ ਅਧੀਨ ਕੌਮਾਂ ਅਤੇ ਨਸਲਾਂ ਦੇ, ਵਿਦੇਸ਼ੀ ਹਕੂਮਤ ਹੇਠਲੀਆਂ ਏਸ਼ੀਆ, ਅਫ਼ਰੀਕਾ ਅਤੇ ਯੂਰਪ ਦੀਆਂ ਕੌਮਾਂ ਦੇ ਪ੍ਰਤੀਨਿਧਾਂ ਦੀ 28-30 ਜੂਨ, 1910 ਨੂੰ ਹੋਈ ਕਾਨਫਰੰਸ ਦੀ ਅੰਗ੍ਰੇਜ਼ੀ ਰਿਪੋਰਟ ਉੱਤੇ ਟਿੱਪਣੀ ਕਰਦਿਆਂ, ਇਸ ਕਾਨਫਰੰਸ ਵਿੱਚ ਕੀਤੀਆਂ ਗਈਆਂ ਤਕਰੀਰਾਂ ਦਾ ਮੁਲੰਗਣ ਕਰਦਿਆਂ ਇਉਂ ਲਿਖਦਾ ਹੈ: "ਸਾਨੂੰ ਦੱਸਿਆ ਜਾਂਦਾ ਹੈ ਕਿ ਸਾਨੂੰ ਸਾਮਰਾਜਵਾਦ ਵਿਰੁੱਧ ਲੜਨਾ ਚਾਹੀਦਾ ਹੈ; ਕਿ ਹਾਕਮ ਰਾਜਾਂ ਨੂੰ ਅਧੀਨ ਕੌਮਾਂ ਦੇ ਸਵਾਧੀਨਤਾਂ ਦੇ ਹੱਕ ਨੂੰ ਮਾਨਤਾ ਦੇਣੀ ਚਾਹੀਦੀ ਹੈ; ਕਿ ਇੱਕ ਕੌਮਾਂਤਰੀ ਟ੍ਰਿਬਿਊਨਲ ਨੂੰ ਵੱਡੀਆਂ ਤਾਕਤਾਂ ਅਤੇ ਕਮਜ਼ੋਰ ਕੌਮਾਂ ਵਿਚਕਾਰ ਹੋਈਆਂ ਸੰਧੀਆਂ ਦੀ ਪਾਲਣਾ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਇਹਨਾਂ ਪਵਿੱਤਰ ਇੱਛਾਵਾਂ ਤੋਂ ਪਰ੍ਹੇ ਉਹ ਨਹੀਂ ਜਾਂਦੇ। ਅਸੀਂ ਇਸ ਤੱਥ ਦੀ ਸੂਝ ਦੀ ਕੋਈ ਝਲਕ ਤੱਕ ਨਹੀਂ ਵੇਖਦੇ ਕਿ ਸਾਮਰਾਜਵਾਦ ਅਨਿੱਖੜਵੇਂ ਤੌਰ ਉੱਤੇ ਸਰਮਾਏਦਾਰੀ ਨਾਲ਼, ਇਹਦੇ ਮੌਜੂਦਾ ਰੂਪ ਵਿੱਚ ਜੁੜਿਆ ਹੋਇਆ ਹੈ ਅਤੇ ਇਸ ਲਈ (!!) ਸਾਮਰਾਜਵਾਦ ਵਿਰੁੱਧ ਖੁੱਲ੍ਹਮ-ਖੁੱਲ੍ਹਾ ਘੋਲ਼ ਨਿਰਾਸ਼ਾਜਨਕ ਹੋਵੇਗਾ, ਜਦੋਂ ਤੱਕ, ਸ਼ਾਇਦ, ਲੜਾਈ ਇਸਦੀਆਂ ਖ਼ਾਸ ਤੌਰ 'ਤੇ ਘਿਣਾਉਣੀਆਂ ਜ਼ਿਆਦਤੀਆਂ ਵਿਰੁੱਧ ਰੋਸਾਂ ਤੱਕ ਸੀਮਤ ਨਹੀਂ ਕੀਤੀ ਜਾਂਦੀ।"* ਕਿਉਂਕਿ ਸਾਮਰਾਜਵਾਦ ਦੀ ਬੁਨਿਆਦ ਦਾ ਸੁਧਾਰ ਇੱਕ ਧੋਖਾ ਹੈ, "ਪਵਿੱਤਰ

* Weltwirtschaftliches Archiv, Bd. 11, S. 193. (ਸੰਸਾਰ ਆਰਥਕਤਾ ਦਾ ਮੁਹਾਫ਼ਜਖ਼ਾਨਾ, ਸੈਂਚੀ 2,-**ਸੰਪਾ:**)

ਇੱਛਾ" ਹੈ, ਕਿਉਂਕਿ ਦਬਾਈਆਂ ਕੌਮਾਂ ਦੇ ਬੁਰਜੂਆ ਪ੍ਰਤੀਨਿਧ "ਹੋਰ" ਅੱਗੇ ਨਹੀਂ ਜਾਂਦੇ, ਇਸ ਲਈ ਦਬਾਉਣ ਵਾਲ਼ੀ ਕੌਮ ਦੇ ਬੁਰਜੂਆ ਪ੍ਰਤੀਨਿਧ "ਹੋਰ" ਪਿੱਛੇ ਨਹੀਂ ਚਲੇ ਜਾਂਦੇ ਹਨ, "ਵਿਗਿਆਨਕ" ਹੋਣ ਦੇ ਦਾਅਵੇ ਦੇ ਪਰਦੇ ਹੇਠ ਸਾਮਰਾਜਵਾਦ ਦੀ ਦਾਸਤਾ ਵੱਲ। ਇਹ ਵੀ "ਤਰਕ" ਹੈ।

ਇਹ ਪ੍ਰਸ਼ਨ ਕਿ ਸਾਮਰਾਜਵਾਦ ਦੀਆਂ ਬੁਨਿਆਦਾਂ ਨੂੰ ਸੁਧਾਰਨਾ ਸੰਭਵ ਹੈ ਜਾਂ ਨਹੀਂ, ਇਸ ਵੱਲੋਂ ਪੈਦਾ ਕੀਤੇ ਵਿਰੋਧਾਂ ਨੂੰ ਹੋਰ ਤੀਖਣ ਕਰਨ ਅਤੇ ਡੂੰਘਿਆਂ ਬਣਾਉਣ ਵੱਲ ਅੱਗੇ ਜਾਣਾ ਚਾਹੀਦਾ ਹੈ ਜਾਂ ਇਹਨਾਂ ਵਿਰੋਧਾਂ ਨੂੰ ਘਟਾਉਣ ਵੱਲ ਪਿੱਛੇ ਜਾਣਾ ਚਾਹੀਦਾ ਹੈ, ਸਾਮਰਾਜਵਾਦ ਦੀ ਪੜਚੋਲ ਵਿੱਚ ਬੁਨਿਆਦੀ ਪ੍ਰਸ਼ਨ ਹਨ। ਕਿਉਂਕਿ ਸਾਮਰਾਜਵਾਦ ਦੇ ਵਿਸ਼ੇਸ਼ ਰਾਜਸੀ ਲੱਛਣ ਹਨ—ਹਰ ਥਾਂ ਪਿਛਾਖੜ ਅਤੇ ਵਿੱਤ ਜੁੰਡੀ-ਰਾਜ ਦੇ ਜ਼ਬਰ ਕਾਰਨ ਵਧਿਆ ਕੌਮੀ ਜ਼ਬਰ ਤੇ ਆਜ਼ਾਦ ਮੁਕਾਬਲੇ ਦਾ ਅੰਤ, ਇਸ ਲਈ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਲਗਭਗ ਸਾਰੇ ਸਾਮਰਾਜੀ ਦੇਸ਼ਾਂ ਵਿੱਚ ਸਾਮਰਾਜਵਾਦ ਦਾ ਨਿੱਕ-ਬੁਰਜੂਆ-ਜਮਹੂਰੀ ਵਿਰੋਧੀ ਦਲ ਪੈਦਾ ਹੋ ਗਿਆ। ਕਾਊਟਸਕੀ ਨੇ ਨਾ ਕੇਵਲ ਇਹ ਕਿ ਨਿੱਕ-ਬੁਰਜੂਆ-ਸੁਧਾਰਵਾਦੀ ਵਿਰੋਧੀ ਦਲ, ਦਾ ਜਿਹੜਾ ਕਿ ਆਪਣੇ ਆਰਥਕ ਅਧਾਰ ਵਿੱਚ ਸੱਚਮੁੱਚ ਪਿੱਛੇ-ਖਿੱਚੂ ਹੈ, ਵਿਰੋਧ ਕਰਨ ਦਾ ਕਸ਼ਟ ਨਾ ਕੀਤਾ, ਨਾ ਕੇਵਲ ਉਹ ਇਹਦਾ ਵਿਰੋਧ ਕਰਨੋਂ ਅਸਮਰੱਥ ਰਿਹਾ, ਸਗੋਂ ਅਮਲ ਵਿੱਚ ਇਸ ਨਾਲ਼ ਇਕਮਿਕ ਹੋ ਗਿਆ ਅਤੇ ਬਿਲਕੁਲ ਇਹੋ ਥਾਂ ਹੈ, ਜਿੱਥੇ ਕਾਊਟਸਕੀ ਅਤੇ ਵਿਸ਼ਾਲ ਕੌਮਾਂਤਰੀ ਕਾਊਟਸਕੀਵਾਦੀ ਮੁਹਾਣ ਮਾਰਕਸਵਾਦ ਨੂੰ ਛੱਡ ਗਏ।

ਅਮਰੀਕਾ ਵਿੱਚ, 1898 ਵਿੱਚ ਸਪੇਨ ਵਿਰੁੱਧ ਚਲਾਏ ਗਏ ਸਾਮਰਾਜੀ ਯੁੱਧ ਨੇ "ਸਾਮਰਾਜਵਾਦ-ਵਿਰੋਧੀਆਂ" ਦੀ, ਬੁਰਜੂਆ ਜਮਹੂਰੀਅਤ ਦੇ ਆਖ਼ਰੀ ਮੋਹੀਕਾਨਾਂ* ਦੀ ਵਿਰੋਧਤਾ ਨੂੰ ਜਨਮ ਦਿੱਤਾ, ਜਿਨ੍ਹਾਂ ਨੇ ਇਸ ਯੁੱਧ ਦੇ "ਮੁਜ਼ਰਮਾਨਾ" ਹੋਣ ਦਾ ਐਲਾਨ ਕੀਤਾ, ਵਿਦੇਸ਼ੀ ਇਲਾਕਿਆਂ ਉੱਤੇ ਕਬਜ਼ੇ ਨੂੰ ਵਿਧਾਨ ਦੀ ਉਲੰਘਣਾ ਸਮਝਿਆ, ਐਲਾਨ ਕੀਤਾ ਕਿ ਫ਼ਿਲਪੀਨੀ ਨੇਤਾ ਅਗਵੀਨਾਲਦੋ ਨਾਲ਼ ਕੀਤਾ ਗਿਆ ਸਲੂਕ "ਜੰਗਬਾਜ਼ ਵਿਸਾਹਘਾਤ" ਸੀ (ਅਮਰੀਕਨਾਂ ਨੇ ਉਹਨੂੰ ਉਹਦੇ ਦੇਸ਼ ਦੀ ਸਵਾਧੀਨਤਾ ਦਾ ਵਚਨ ਦਿੱਤਾ ਸੀ, ਪਰ ਪਿੱਛੋਂ ਉੱਥੇ ਫ਼ੌਜਾਂ ਉਤਾਰ ਦਿੱਤੀਆਂ ਸਨ ਅਤੇ ਉਸ ਉੱਤੇ ਕਬਜ਼ਾ ਕਰ ਲਿਆ) ਅਤੇ ਲਿੰਕਲਨ ਦੇ ਸ਼ਬਦਾਂ ਦਾ ਹਵਾਲਾ ਦਿੱਤਾ: ਜਦੋਂ ਗੋਰਾ ਮਨੁੱਖ ਆਪਣੇ ਆਪ ਉੱਤੇ ਹਕੂਮਤ ਕਰਦਾ ਹੈ ਤਾਂ ਇਹ ਸਵੈ-ਸ਼ਾਸਨ ਹੈ; ਪਰ ਜਦੋਂ ਉਹ ਆਪਣੇ ਆਪ ਉੱਤੇ ਵੀ ਅਤੇ ਹੋਰਨਾਂ ਉੱਤੇ ਵੀ ਹਕੂਮਤ ਕਰਦਾ ਹੈ, ਤਾਂ ਇਹ ਸਵੈ-ਸ਼ਾਸਨ ਨਹੀਂ ਰਹਿੰਦਾ, ਇਹ ਤਾਨਾਸ਼ਾਹੀ ਬਣ ਜਾਂਦੀ ਹੈ।"** ਪਰ ਜਦੋਂ ਤੱਕ ਇਹ ਪੜਚੋਲ ਸਾਮਰਾਜਵਾਦ ਅਤੇ ਟਰੱਸਟਾਂ ਵਿਚਕਾਰ

* ਮੋਹੀਕਾਨ- ਇੱਕ ਅਮਰੀਕੀ ਇੰਡੀਅਨ ਕਬੀਲਾ ਜਿਹੜਾ ਗੋਰਿਆਂ ਦਾ ਮੁਕਾਬਲਾ ਕਰਦਾ ਕਰਦਾ ਉੱਕਾ ਹੀ ਖ਼ਤਮ ਹੋ ਗਿਆ। ਹੁਣ ਇਹ ਨਾਂ ਨਿਰਾਸ਼ਾ-ਭਰਿਆ ਵਿਰੋਧ ਕਰਨ ਵਾਲ਼ਿਆਂ ਲਈ ਇੱਕ ਅਖਾਣ ਬਣ ਗਿਆ ਹੈ। **-ਅਨੁ:**

** Patouillet. ´LíimpÈrialisme amÈricainª. Dijon, 1904, p. 272. ⇨

ਅਤੇ ਇਸ ਲਈ, ਸਾਮਰਾਜਵਾਦ ਅਤੇ ਸਰਮਾਏਦਾਰੀ ਦੀਆਂ ਨੀਹਾਂ ਵਿਚਕਾਰ ਅਟੁੱਟ ਰਿਸ਼ਤੇ ਨੂੰ ਮੰਨਣ ਤੋਂ ਕੰਨੀ ਕਤਰਾਉਂਦੀ ਸੀ, ਜਦੋਂ ਤੱਕ ਇਹ ਵੱਡੇ ਪੈਮਾਨ ਦੀ ਸਰਮਾਏਦਾਰੀ ਅਤੇ ਇਹਦੇ ਵਿਕਾਸ ਵੱਲੋਂ ਪੈਦਾ ਕੀਤੀਆਂ ਗਈਆਂ ਸ਼ਕਤੀਆਂ ਵਿੱਚ ਸ਼ਾਮਲ ਹੋਣ ਤੋਂ ਕੰਨੀ ਕਤਰਾਉਂਦੀ ਸੀ—ਇਹ "ਪਵਿੱਤਰ ਇੱਛਾ" ਬਣੀ ਰਹੀ।

ਹਾਬਸਨ ਵੱਲੋਂ ਆਪਣੀ ਸਾਮਰਾਜਵਾਦ ਦੀ ਪੜਚੋਲ ਵਿੱਚ ਅਪਣਾਇਆ ਗਿਆ ਮੁੱਖ ਵਤੀਰਾ ਵੀ ਇਹੋ ਹੈ। ਹਾਬਸਨ ਨੇ "ਸਾਮਰਾਜਵਾਦ ਦੀ ਅਟੱਲਤਾ" ਦੀ ਦਲੀਲ ਵਿਰੁੱਧ ਰੋਸ ਕਰਨ ਵਿੱਚ ਅਤੇ ਲੋਕਾਂ ਦੀ "ਖਪਤ ਦੀ ਸਮਰੱਥਾ ਵਧਾਉਣ" (ਸਰਮਾਏਦਾਰੀ ਅਧੀਨ!) ਦੀ ਲੋੜ ਉੱਤੇ ਜ਼ੋਰ ਦੇਣ ਵਿੱਚ ਕਾਊਟਸਕੀ ਨੂੰ ਅਗਾਊ ਵੇਖ ਲਿਆ ਸੀ। ਸਾਮਰਾਜਵਾਦ ਦੀ, ਬੈਂਕਾਂ ਦੀ ਸਰਬਸ਼ਕਤੀਮਾਨਤਾ ਦੀ, ਵਿੱਤ ਜੁੰਡੀ-ਰਾਜ, ਆਦਿ, ਦੀ ਪੜਚੋਲ ਵਿੱਚ ਨਿੱਕ -ਬੁਰਜੂਆ ਦ੍ਰਿਸ਼ਟੀਕੋਣ ਉਹਨਾਂ ਲੇਖਕਾਂ ਵੱਲੋਂ ਅਪਣਾਇਆ ਗਿਆ ਹੈ ਜਿਨ੍ਹਾਂ ਦਾ ਮੈਂ ਅਕਸਰ ਹਵਾਲਾ ਦੇਂਦਾ ਹਾਂ ਜਿਵੇਂ ਕਿ ਅਗਾਹਦ, ਏ. ਲਾਂਸਬਰਗ, ਲਾ. ਏਸ਼ਵੇਗੇ, ਤੇ ਫ਼ਰਾਂਸੀਸੀ ਲੇਖਕਾਂ ਵਿੱਚੋਂ ਵਿਕਟਰ ਬੇਰਾਰ, ਸਤਹੀ ਜਿਹੀ ਪੁਸਤਕ **ਇੰਗਲੈਂਡ ਅਤੇ ਸਾਮਰਾਜਵਾਦ** ਦਾ ਲੇਖਕ, ਜਿਹੜੀ 1900 ਵਿੱਚ ਛਪੀ। ਇਹ ਸਾਰੇ ਲੇਖਕ, ਜਿਹੜੇ ਮਾਰਕਸਵਾਦੀ ਹੋਣ ਦਾ ਕੋਈ ਦਾਅਵਾ ਨਹੀਂ ਕਰਦੇ, ਸਾਮਰਾਜਵਾਦ ਦੇ ਟਾਕਰੇ ਉੱਤੇ ਅਜ਼ਾਦ ਮੁਕਾਬਲੇ ਅਤੇ ਜਮਹੂਰੀਅਤ ਨੂੰ ਟਾਲ਼ ਰੱਖਦੇ ਹਨ; ਬਗ਼ਦਾਦ ਰੇਲਵੇ ਸਕੀਮ ਦੀ ਨਿਖੇਧੀ ਕਰਦੇ ਹਨ, ਜਿਹੜੀ ਟੱਕਰਾਂ ਅਤੇ ਯੁੱਧ ਵੱਲ ਲਿਜਾ ਰਹੀ ਹੈ, ਅਮਨ ਲਈ "ਪਵਿੱਤਰ ਇੱਛਾਵਾਂ" ਉਚਾਰਦੇ ਹਨ, ਆਦਿ। ਇਹ ਗੱਲ ਕੌਮਾਂਤਰੀ ਰਾਸ ਅਤੇ ਹਿੱਸਿਆਂ ਬਾਰੇ ਅੰਕ-ਸੰਕਲਕ ਏ. ਨੇਮਾਰਕ ਉੱਤੇ ਵੀ ਲਾਗੂ ਹੁੰਦੀ ਹੈ, ਜਿਹੜਾ "ਕੌਮਾਂਤਰੀ" ਹੁੰਡੀਆਂ ਨੂੰ ਪੇਸ਼ ਕਰਦੇ ਅਰਬਾਂ ਫ਼ਰਾਂਕਾਂ ਦਾ ਹਿਸਾਬ ਲਾਉਣ ਪਿੱਛੋਂ, 1912 ਵਿੱਚ ਕਹਿ ਉੱਠਿਆ ਸੀ: "ਕੀ ਇਹ ਵਿਸ਼ਵਾਸ ਕਰਨਾ ਸੰਭਵ ਹੈ ਕਿ ਅਮਨ ਭੰਗ ਹੋ ਸਕਦਾ ਹੈ... ਕਿ, ਇਹਨਾਂ ਅਥਾਹ ਅੰਕੜਿਆਂ ਸਨਮੁੱਖ, ਕੋਈ ਵੀ ਯੁੱਧ ਸ਼ੁਰੂ ਕਰਨ ਦਾ ਖ਼ਤਰਾ ਸਹੇੜ ਸਕਦਾ ਹੈ?"*

ਬੁਰਜੂਆ ਅਰਥ-ਸ਼ਾਸਤਰੀਆਂ ਵੱਲੋਂ ਇਹੋ ਜਿਹੀ ਭੋਲ਼ੀ-ਸੋਚ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ; ਨਾਲ਼ੇ, ਇੰਨੇ ਸਿੱਧੜ ਜਿਹੇ ਹੋਣ ਦਾ ਬਹਾਨਾ ਕਰਨਾ ਅਤੇ ਸਾਮਰਾਜਵਾਦ ਹੇਠ ਅਮਨ ਬਾਰੇ "ਗੰਭੀਰਤਾ" ਨਾਲ਼ ਗੱਲ ਕਰਨਾ **ਉਹਨਾਂ ਦੇ ਹਿੱਤਾਂ ਵਿੱਚ ਹੈ।** ਪਰ ਕਾਊਟਸਕੀ ਦੇ ਮਾਰਕਸਵਾਦ ਦਾ ਕੀ ਰਹਿ ਜਾਂਦਾ ਹੈ ਜਦੋਂ, 1914, 1915 ਅਤੇ 1916 ਵਿੱਚ ਉਹ ਉਸੇ ਹੀ ਬੁਰਜੂਆ-ਸੁਧਾਰਵਾਦੀ ਦ੍ਰਿਸ਼ਟੀਕੋਣ ਨੂੰ ਅਪਣਾ ਲੈਂਦਾ ਹੈ ਅਤੇ ਪੁਸ਼ਟੀ ਕਰਦਾ ਹੈ ਕਿ ਅਮਨ ਦੇ ਸਵਾਲ ਉੱਤੇ (ਸਾਮਰਾਜੀ, ਨਕਲੀ ਸੋਸ਼ਲਿਸਟ ਅਤੇ ਸਮਾਜੀ-ਸ਼ਾਂਤੀਵਾਦੀ) "ਸਾਰੇ ਹੀ ਸਹਿਮਤ ਹਨ"? ਸਾਮਰਾਜਵਾਦ ਦਾ ਵਿਸ਼ਲੇਸ਼ਣ ਕਰਨ ਅਤੇ ਇਹਦੇ ਵਿਰੋਧਾਂ ਦੀ ਡੂੰਘਾਈ ਨੂੰ ਨੰਗਿਆਂ ਕਰਨ ਦੀ ਥਾਂ, ਸਾਡੇ ਸਾਹਮਣੇ ਕੁਝ ਨਹੀਂ ਆਉਂਦਾ, ਬਿਨਾਂ ਉਹਨਾਂ ਨੂੰ ਹੱਥ ਹਿਲਾ ਕੇ ਲਾਂਭੇ ਧੱਕ ਦੇਣ ਦੀ, ਉਹਨਾਂ ਤੋਂ ਕਤਰਾਉਣ ਦੀ ਸੁਧਾਰਵਾਦੀ

⇒ (ਪਾਟੂਇਯੇ, "ਅਮਰੀਕੀ ਸਾਮਰਾਜਵਾਦ," ਦਿਜੋਨ-**ਸੰਪਾ:**)

* Bulletin de Iíinstitut international de statistique. T.XIX, livr. II, p.225.

"ਪਵਿੱਤਰ ਇੱਛਾ" ਦੇ।

ਕਾਊਟਸਕੀ ਵਲੋਂ ਸਾਮਰਾਜਵਾਦ ਦੀ ਆਰਥਕ ਪੜਚੋਲ ਦਾ ਇੱਕ ਨਮੂਨਾ ਇਹ ਹੈ। ਉਹ 1872 ਤੋਂ 1912 ਲਈ ਬਰਤਾਨੀਆ ਦੇ ਮਿਸਰ ਨਾਲ਼ ਦਰਾਮਦ ਅਤੇ ਬਰਾਮਦ ਦੇ ਵਪਾਰ ਦੇ ਅੰਕੜੇ ਲੈਂਦਾ ਹੈ; ਇੰਝ ਲੱਗਦਾ ਹੈ ਕਿ ਇਹ ਦਰਾਮਦ ਅਤੇ ਬਰਾਮਦ ਦਾ ਵਪਾਰ ਸਮੁੱਚੇ ਤੌਰ 'ਤੇ ਬਰਤਾਨੀਆਂ ਦੇ ਵਿਦੇਸ਼ੀ ਵਪਾਰ ਨਾਲ਼ੋਂ ਵਧੇਰੇ ਹੌਲ਼ੀ ਵਧਿਆ ਹੈ। ਇਸ ਗੱਲ ਤੋਂ ਕਾਊਟਸਕੀ ਇਹ ਸਿੱਟਾ ਕੱਢਦਾ ਹੈ ਕਿ "ਇਹ ਫ਼ਰਜ਼ ਕਰਨ ਲਈ ਸਾਡੇ ਕੋਲ਼ ਕੋਈ ਕਾਰਨ ਨਹੀਂ ਕਿ ਫ਼ੌਜੀ ਕਬਜ਼ੇ ਤੋਂ ਬਿਨਾਂ ਮਿਸਰ ਨਾਲ਼ ਬਰਤਾਨੀਆ ਦੇ ਵਪਾਰ ਦਾ ਵਾਧਾ, ਕੇਵਲ ਆਰਥਕ ਅੰਸ਼ਾਂ ਦੀ ਕਾਰਵਾਈ ਦੇ ਸਿੱਟੇ ਵਜੋਂ ਹੀ, ਘੱਟ ਹੁੰਦਾ।" "ਸਰਮਾਏ ਦੀ ਪਸਾਰ ਕਰਨ ਦੀ ਇੱਛਾ ਸਭ ਤੋਂ ਚੰਗੀ ਤਰ੍ਹਾਂ ਪੂਰੀ ਹੋ ਸਕਦੀ ਹੈ, ਸਾਮਰਾਜਵਾਦ ਦੇ ਹਿੰਸਕ ਢੰਗਾਂ ਰਾਹੀਂ ਨਹੀਂ, ਸਗੋਂ ਅਮਨ-ਭਰੀ ਜਮਹੂਰੀਅਤ ਰਾਹੀਂ।"*

ਕਾਊਟਸਕੀ ਦੀ ਇਹ ਦਲੀਲ, ਜਿਸਨੂੰ ਉਹਦਾ ਰੂਸੀ ਪਿੱਛ-ਲੱਗ (ਅਤੇ ਸਮਾਜੀ-ਅੰਧਰਾਸ਼ਟਰਵਾਦ ਦਾ ਰੂਸੀ ਰੱਖਿਅਕ), ਮਿਸਟਰ ਸਪੈਕਟੇਟਰ ਹਰ ਸੁਰ ਵਿੱਚ ਦੁਹਰਾਉਂਦਾ ਹੈ, ਸਾਮਰਾਜਵਾਦ ਦੀ ਕਾਊਟਸਕੀਵਾਦੀ ਅਲੋਚਨਾ ਦਾ ਅਧਾਰ ਹੈ ਅਤੇ ਇਹੋ ਕਾਰਨ ਹੈ ਕਿ ਸਾਡੇ ਲਈ ਇਹਨੂੰ ਵਧੇਰੇ ਵਿਸਥਾਰ ਵਿੱਚ ਲੈਣਾ ਜ਼ਰੂਰੀ ਹੈ। ਅਸੀਂ ਹਿਲਫ਼ਰਡਿੰਗ ਦੀ ਇੱਕ ਟੂਕ ਨਾਲ਼ ਸ਼ੁਰੂ ਕਰਾਂਗੇ, ਜਿਸਦੇ ਸਿੱਟਿਆਂ ਬਾਰੇ ਕਾਊਟਸਕੀ ਨੇ ਕਈ ਮੌਕਿਆਂ ਉੱਤੇ, ਅਤੇ ਖ਼ਾਸ ਤੌਰ 'ਤੇ ਅਪ੍ਰੈਲ 1915 ਵਿੱਚ, ਐਲਾਨ ਕੀਤਾ ਹੈ ਕਿ ਉਹ "ਸਾਰੇ ਸੋਸ਼ਲਿਸਟ ਸਿਧਾਂਤਕਾਰਾਂ ਵੱਲੋਂ ਸਰਬਸੰਮਤੀ ਨਾਲ਼ ਪ੍ਰਵਾਨ ਕੀਤੇ" ਜਾ ਚੁੱਕੇ ਹਨ।

ਹਿਲਫ਼ਰਡਿੰਗ ਲਿਖਦਾ ਹੈ, "ਵਧੇਰੇ ਅੱਗੇ-ਵਧੂ ਸਰਮਾਏਦਾਰ ਨੀਤੀ ਦਾ ਅਜ਼ਾਦ ਵਪਾਰ ਅਤੇ ਰਾਜ ਵੱਲ ਦੁਸ਼ਮਣੀ ਦੇ ਹੁਣ ਲੰਘ ਚੁੱਕੇ ਦੌਰ ਦੀ ਨੀਤੀ ਨਾਲ਼ ਮੁਕਾਬਲਾ ਕਰਨਾ ਪ੍ਰੋਲੇਤਾਰੀ ਦਾ ਕੰਮ ਨਹੀਂ। ਵਿੱਤ ਸਰਮਾਏ ਦੀ ਆਰਥਕ ਨੀਤੀ ਦਾ, ਸਾਮਰਾਜਵਾਦ ਦਾ, ਪ੍ਰੋਲੇਤਾਰੀ ਵੱਲੋਂ ਜਵਾਬ ਅਜ਼ਾਦ ਵਪਾਰ ਨਹੀਂ ਹੋ ਸਕਦਾ, ਸਗੋਂ ਸੋਸ਼ਲਿਜ਼ਮ ਹੋ ਸਕਦਾ ਹੈ। ਅੱਜ ਪ੍ਰੋਲੇਤਾਰੀ ਨੀਤੀ ਦਾ ਨਿਸ਼ਾਨਾ ਅਜ਼ਾਦ ਮੁਕਾਬਲੇ ਨੂੰ ਬਹਾਲ ਕਰਨ ਦਾ ਆਦਰਸ਼ ਨਹੀਂ ਹੋ ਸਕਦਾ—ਜਿਹੜਾ ਕਿ ਹੁਣ ਪਿੱਛੇ-ਖਿੱਚੂ ਆਦਰਸ਼ ਬਣ ਚੁੱਕਾ ਹੈ—ਸਗੋਂ ਸਰਮਾਏਦਾਰੀ ਦੇ ਖ਼ਾਤਮੇ ਰਾਹੀਂ ਮੁਕਾਬਲੇ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਹੈ।"**

ਵਿੱਤ ਸਰਮਾਏ ਦੇ ਦੌਰ ਵਿੱਚ ਇੱਕ "ਪਿੱਛੇ-ਖਿੱਚੂ ਆਦਰਸ਼," "ਅਮਨ-ਭਰੀ ਜਮਹੂਰੀਅਤ," "ਆਰਥਕ ਅੰਸ਼ਾਂ ਦੇ ਸਿਰਫ਼ ਅਮਲ" ਦੀ ਵਕਾਲਤ ਕਰਕੇ ਕਾਊਟਸਕੀ ਮਾਰਕਸਵਾਦ ਨਾਲ਼ੋਂ ਟੁੱਟ ਗਿਆ, ਕਿਉਂਕਿ **ਬਾਹਰਮੁੱਖੀ ਤੌਰ ਉੱਤੇ** ਇਹ ਆਦਰਸ਼ ਸਾਨੂੰ ਅਜਾਰੇਦਾਰ ਤੋਂ ਗ਼ੈਰ-ਅਜਾਰੇਦਾਰ ਸਰਮਾਏਦਾਰੀ ਵੱਲ ਪਿੱਛੇ ਨੂੰ ਖਿੱਚਦਾ ਹੈ ਅਤੇ ਇੱਕ

---

* Kautsky. ´Nationalstaat, imperialistischer Staat und Staatenbund[a] N¸rnberg. 1915, S. 72, 70.(ਕਾਊਟਸਕੀ, "ਕੌਮੀ ਰਾਜ, ਸਾਮਰਾਜਵਾਦੀ ਰਾਜ ਅਤੇ ਰਾਜਾਂ ਦਾ ਸੰਘ, " ਨਿਯੁਰਨਬਰਗ, 1915, ਪੰਨਾ 72, 70।-**ਸੰਪਾ:**)

** "ਵਿੱਤ ਸਰਮਾਇਆ" ਪੰਨਾ567।

ਸੁਧਾਰਵਾਦੀ ਧੋਖਾ ਹੈ।

ਮਿਸਰ ਨਾਲ਼ (ਜਾਂ ਕਿਸੇ ਵੀ ਹੋਰ ਬਸਤੀ ਜਾਂ ਅਰਧ-ਬਸਤੀ ਨਾਲ਼) ਵਪਾਰ **ਬਿਨਾਂ** ਫ਼ੌਜੀ ਕਬਜ਼ੇ ਦੇ, ਬਿਨਾਂ ਸਾਮਰਾਜਵਾਦ ਅਤੇ ਬਿਨਾਂ ਵਿੱਤ ਸਰਮਾਏ ਦੇ "ਵਧੇਰੇ ਵਧਿਆ ਹੁੰਦਾ"। ਇਹਦਾ ਅਰਥ ਕੀ ਹੈ ? ਕਿ ਸਰਮਾਏਦਾਰੀ ਨੇ ਹੋਰ ਤੇਜ਼ੀ ਨਾਲ਼ ਵਿਕਾਸ ਕੀਤਾ ਹੁੰਦਾ ਜੇ ਆਮ ਤੌਰ 'ਤੇ ਅਜਾਰੇਦਾਰੀਆਂ ਵੱਲੋਂ, ਜਾਂ "ਸਬੰਧਾਂ" ਵੱਲੋਂ, ਵਿੱਤ ਸਰਮਾਏ ਦੇ ਜੂਲੇ (ਭਾਵ, ਇੱਥੇ ਵੀ ਅਜਾਰੇਦਾਰੀ ਤੋਂ ਹੈ) ਵੱਲੋਂ ਜਾਂ ਕੁਝ ਦੇਸ਼ਾਂ ਵੱਲੋਂ ਬਸਤੀਆਂ ਦੀ ਅਜ਼ਾਰੇਦਾਰ ਮਾਲਕੀ ਵੱਲੋਂ ਅਜ਼ਾਦ ਮੁਕਾਬਲੇ ਨੂੰ ਸੀਮਤ ਨਾ ਕਰ ਦਿੱਤਾ ਗਿਆ ਹੁੰਦਾ।

ਕਾਊਟਸਕੀ ਦੀ ਦਲੀਲ ਦਾ ਹੋਰ ਕੋਈ ਅਰਥ ਨਹੀਂ ਹੋ ਸਕਦਾ ਅਤੇ **ਇਹ** "ਅਰਥ" ਬੇਅਰਥ ਹੈ। ਆਓ ਫ਼ਰਜ਼ ਕਰੀਏ ਕਿ ਅਜ਼ਾਦ ਮੁਕਾਬਲੇ ਨੇ, ਕਿਸੇ ਤਰ੍ਹਾਂ ਦੀ ਅਜਾਰੇਦਾਰੀ ਤੋਂ ਬਿਨਾਂ, ਸਰਮਾਏਦਾਰੀ ਅਤੇ ਵਪਾਰ ਨੂੰ ਵਧੇਰੇ ਤੇਜ਼ੀ ਨਾਲ਼ ਵਿਕਸਿਤ ਕੀਤਾ **ਹੁੰਦਾ** । ਪਰ ਵਪਾਰ ਅਤੇ ਸਰਮਾਏਦਾਰੀ ਜਿੰਨੀ ਜ਼ਿਆਦਾ ਤੇਜ਼ੀ ਨਾਲ਼ ਵਿਕਾਸ ਕਰਦੇ ਹਨ, ਉਤਪਾਦਨ ਅਤੇ ਸਰਮਾਏ ਦਾ ਕੇਂਦਰੀਣ ਉੱਨਾ ਹੀ ਵੱਧ ਹੁੰਦਾ ਹੈ, ਜੋ ਕਿ ਅਜਾਰੇਦਾਰੀ ਨੂੰ **ਜਨਮ ਦੇਂਦਾ ਹੈ** ਅਤੇ ਅਜਾਰੇਦਾਰੀਆਂ **ਪਹਿਲਾਂ ਹੀ** ਹੋਂਦ ਵਿੱਚ ਆ ਚੁੱਕੀਆਂ ਹਨ—ਬਿਲਕੁਲ ਅਜ਼ਾਦ ਮੁਕਾਬਲੇ **ਵਿੱਚੋ ਹੀ** ! ਜੇ ਹੁਣ ਅਜਾਰੇਦਾਰੀਆਂ ਨੇ ਉੱਨਤੀ ਦੀ ਚਾਲ ਮੱਠੀ ਪਾਉਣੀ ਵੀ ਸ਼ੁਰੂ ਕਰ ਦਿੱਤੀ ਹੈ ਤਾਂ ਵੀ ਇਹ ਅਜ਼ਾਦ ਮੁਕਾਬਲੇ ਦੇ ਹੱਕ ਵਿੱਚ ਦਲੀਲ ਨਹੀਂ ਬਣਦੀ, ਜਿਹੜਾ ਕਿ ਅਜਾਰੇਦਾਰੀ ਨੂੰ ਜਨਮ ਦੇਣ ਤੋਂ ਪਿੱਛੋਂ ਅਸੰਭਵ ਹੋ ਗਿਆ ਹੈ।

ਕਾਊਟਸਕੀ ਦੀ ਦਲੀਲ ਨੂੰ ਬੰਦਾ ਕਿਸੇ ਪਾਸੇ ਵੀ ਮੋੜ ਕੇ ਵੇਖ ਲਵੇ, ਇਸ ਵਿੱਚ ਪਿਛਾਖੜ ਅਤੇ ਬੁਰਜੂਆ ਸੁਧਾਰਵਾਦ ਤੋਂ ਬਿਨਾਂ ਕੁਝ ਵੀ ਨਹੀਂ ਲੱਭੇਗਾ।

ਜੇ ਅਸੀਂ ਇਸ ਦਲੀਲ ਨੂੰ ਠੀਕ ਵੀ ਕਹੀਏ ਅਤੇ ਕਹੀਏ, ਜਿਵੇਂ ਸਪੈਕਟੇਟਰ ਕਹਿੰਦਾ ਹੈ, ਕਿ ਬਰਤਾਨੀਆ ਨਾਲ਼ ਬਸਤੀਆਂ ਦਾ ਵਪਾਰ ਦੂਜੇ ਦੇਸ਼ਾਂ ਨਾਲ਼ ਉਹਨਾਂ ਦੇ ਵਪਾਰ ਨਾਲ਼ੋਂ ਹੁਣ ਵਧੇਰੇ ਹੌਲ਼ੀ ਵਿਕਾਸ ਕਰ ਰਿਹਾ ਹੈ ਤਾਂ ਵੀ ਕਾਊਟਸਕੀ ਦਾ ਬਚਾਅ ਨਹੀਂ ਹੁੰਦਾ; ਕਿਉਂਕਿ **ਇਹ ਵੀ** ਅਜਾਰੇਦਾਰੀ, **ਇਹ ਵੀ** ਸਾਮਰਾਜਵਾਦ ਹੀ ਹੈ ਜਿਹੜਾ ਬਰਤਾਨੀਆ ਨੂੰ ਪਛਾੜ ਰਿਹਾ ਹੈ, ਸਿਰਫ਼ ਇਹ ਕਿਸੇ ਦੂਜੇ ਦੇਸ਼ (ਅਮਰੀਕਾ, ਜਰਮਨੀ) ਦੀ ਅਜਾਰੇਦਾਰੀ ਅਤੇ ਸਾਮਰਾਜਵਾਦ ਹੈ। ਇਹ ਸਭ ਨੂੰ ਪਤਾ ਹੈ ਕਿ ਕਾਰਟਲਾਂ ਨੇ ਰੱਖਿਆਤਮਕ ਟੈਕਸਾਂ ਦੇ ਇੱਕ ਨਵੇਂ ਅਤੇ ਖ਼ਾਸ ਰੂਪ ਨੂੰ ਜਨਮ ਦਿੱਤਾ ਹੈ, ਭਾਵ, ਬਰਾਮਦ ਲਈ ਯੋਗ ਮਾਲ ਦੀ ਰੱਖਿਆ ਕੀਤੀ ਜਾਂਦੀ ਹੈ (ਏਂਗਲਜ਼ ਨੇ "**ਸਰਮਾਇਆ**" ਦੀ ਤੀਜੀ ਸੈਂਚੀ ਵਿੱਚ ਇਸ ਗੱਲ ਵੱਲ ਧਿਆਨ ਦਿਵਾਇਆ ਸੀ)। ਇਹ ਵੀ ਸਾਰੇ ਜਾਣਦੇ ਹਨ ਕਿ ਕਾਰਟਲਾਂ ਅਤੇ ਵਿੱਤ ਸਰਮਾਏ ਦੀ ਇੱਕ ਅਜਿਹੀ ਪ੍ਰਣਾਲੀ ਹੈ, ਜਿਹੜੀ ਉਹਨਾਂ ਲਈ ਵਿਸ਼ੇਸ਼ ਹੈ, ਭਾਵ, "ਘੱਟ ਕੀਮਤਾਂ ਉੱਤੇ ਮਾਲ ਬਰਾਮਦ ਕਰਨਾ" ਜਾਂ "ਡੰਪਿੰਗ", ਜਿਵੇਂ ਕਿ ਅੰਗਰੇਜ਼ੀ ਵਿੱਚ ਇਸਨੂੰ ਕਹਿੰਦੇ ਹਨ: ਕਿਸੇ ਖ਼ਾਸ ਦੇਸ਼ ਵਿੱਚ ਕਾਰਟਲਾਂ ਆਪਣਾ ਮਾਲ ਉਚੇਰੀਆਂ ਅਜਾਰੇਦਾਰਾ ਕੀਮਤਾਂ ਉੱਤੇ ਵੇਚਦਾ ਹੈ, ਪਰ ਵਿਦੇਸ਼ਾਂ ਵਿੱਚ ਉਹ ਮੁਕਾਬਲਾ ਕਰਨ ਵਾਲ਼ੇ ਕਾਰਟਲ ਨੂੰ ਪੈਰੋਂ ਕੱਢਣ ਲਈ, ਖ਼ੁਦ ਆਪਣੇ ਉਤਪਾਦਨ ਨੂੰ ਵੱਧ ਤੋਂ ਵੱਧ ਹੱਦ ਤੱਕ ਵਧਾਉਣ ਆਦਿ ਲਈ

ਮਾਲ ਬਹੁਤ ਘੱਟ ਕੀਮਤਾਂ ਉੱਤੇ ਵੇਚਦਾ ਹੈ। ਜੇ ਬਰਤਾਨਵੀਂ ਬਸਤੀਆਂ ਨਾਲ਼ ਜਰਮਨੀ ਦਾ ਵਪਾਰ ਬਰਤਾਨੀਆ ਨਾਲ਼ੋਂ ਤੇਜ਼ੀ ਨਾਲ਼ ਵਧ ਰਿਹਾ ਹੈ, ਤਾਂ ਇਸ ਤੋਂ ਸਿਰਫ਼ ਇਹ ਸਿੱਧ ਹੁੰਦਾ ਹੈ ਕਿ ਜਰਮਨ ਸਾਮਰਾਜਵਾਦ ਬਰਤਾਨਵੀ ਸਾਮਰਾਜਵਾਦ ਨਾਲ਼ੋਂ ਵਧੇਰੇ ਜਵਾਨ, ਵਧੇਰੇ ਮਜ਼ਬੂਤ ਅਤੇ ਵਧੇਰੇ ਚੰਗੀ ਤਰ੍ਹਾਂ ਸੰਗਠਤ ਹੈ, ਉਸ ਨਾਲ਼ੋਂ ਉਚੇਰਾ ਹੈ; ਪਰ ਇਸ ਤੋਂ ਅਜ਼ਾਦ ਵਪਾਰ ਦੀ "ਉੱਚਤਾ" ਬਿਲਕੁਲ ਸਿੱਧ ਨਹੀਂ ਹੁੰਦੀ, ਕਿਉਂਕਿ ਇਹ ਅਜ਼ਾਦ ਵਪਾਰ ਅਤੇ ਰੱਖਿਆਵਾਦ ਅਤੇ ਬਸਤੀਆਂ ਦੀ ਅਧੀਨਤਾ ਵਿਚਕਾਰ ਲੜਾਈ ਨਹੀਂ, ਸਗੋਂ ਦੋ ਮੁਕਾਬਲੇ ਦੇ ਸਾਮਰਾਜਾਂ ਵਿਚਕਾਰ, ਦੋ ਅਜਾਰੇਦਾਰੀਆਂ ਵਿਚਕਾਰ, ਵਿੱਤ ਸਰਮਾਏ ਦੀਆਂ ਦੋ ਟੋਲੀਆਂ ਵਿਚਕਾਰ ਲੜਾਈ ਹੈ। ਬਰਤਾਨਵੀਂ ਸਾਮਰਾਜਵਾਦ ਉੱਤੇ ਜਰਮਨ ਸਾਮਰਾਜਵਾਦ ਦੀ ਉੱਤਮਤਾ ਬਸਤੀਆਂ ਦੀਆਂ ਸਰਹੱਦਾਂ ਜਾਂ ਰੱਖਿਆਤਮਕ ਟੈਕਸਾਂ ਦੀ ਕੰਧ ਨਾਲ਼ੋਂ ਵਧੇਰੇ ਤਕੜੀ ਹੈ: ਇਸ ਨੂੰ ਅਜ਼ਾਦ ਵਪਾਰ ਅਤੇ "ਅਮਨ-ਭਰੀ ਜਮਹੂਰੀਅਤ" ਦੇ ਹੱਕ ਵਿੱਚ ਦਲੀਲ ਵਜੋਂ ਵਰਤਣਾ ਤੁੱਛ ਗੱਲ ਹੈ, ਇਹਦਾ ਮਤਲਬ ਹੈ: ਸਾਮਰਾਜਵਾਦ ਦੇ ਲਾਜ਼ਮੀ ਲੱਛਣਾਂ ਦੇ ਖ਼ਾਸਿਆਂ ਨੂੰ ਭੁੱਲ ਜਾਣਾ, ਨਿੱਕ-ਬੁਰਜੂਆ ਸੁਧਾਰਵਾਦ ਨੂੰ ਮਾਰਕਸਵਾਦ ਦੀ ਥਾਂ ਦੇ ਦੇਣਾ।

ਇਹ ਵੇਖਣਾ ਦਿਲਚਸਪੀ ਵਾਲ਼ੀ ਗੱਲ ਹੈ ਕਿ ਬੁਰਜੂਆ ਅਰਥ-ਸ਼ਾਸਤਰੀ, ਏ.ਲਾਂਸਬਰਗ ਵੀ, ਜਿਸਦੀ ਸਾਮਰਾਜਵਾਦ ਦੀ ਅਲੋਚਨਾ ਕਾਊਟਸਕੀ ਜਿਹੀ ਹੀ ਨਿੱਕ-ਬੁਰਜੂਆ ਹੈ, ਇਹਦੇ ਬਾਵਜੂਦ ਉਹ ਵਪਾਰਕ ਅੰਕੜਿਆਂ ਦੇ ਵਧੇਰੇ ਵਿਗਿਆਨਕ ਅਧਿਐਨ ਦੇ ਨੇੜੇ ਪਹੁੰਚ ਗਿਆ ਸੀ। ਉਹਨੇ ਸਬੱਬੀ ਚੁਣੇ ਇੱਕੋ ਇੱਕ ਦੇਸ਼ ਦਾ ਅਤੇ ਇੱਕੋ ਇੱਕ ਬਸਤੀ ਦਾ ਦੂਜੇ ਦੇਸ਼ਾਂ ਨਾਲ਼ ਮੁਕਾਬਲਾ ਨਹੀਂ ਕੀਤਾ; ਉਹਨੇ ਇੱਕ ਸਾਮਰਾਜੀ ਦੇਸ਼ ਦੇ ਬਰਾਮਦੀ ਵਪਾਰ ਦੀ ਨਿਰਖ਼-ਪਰਖ਼ ਕੀਤੀ (1) ਉਹਨਾਂ ਦੇਸ਼ਾਂ ਨਾਲ਼ ਜਿਹੜੇ ਵਿੱਤ ਪੱਖੋਂ ਇਹਦੇ ਅਧੀਨ ਹਨ ਅਤੇ ਇਸ ਤੋਂ ਪੈਸੇ ਉਧਾਰ ਲੈਂਦੇ ਹਨ: ਅਤੇ (2) ਉਹਨਾਂ ਦੇਸ਼ਾਂ ਨਾਲ਼ ਜਿਹੜੇ ਵਿੱਤ ਤੌਰ ਉੱਤੇ ਸਵਾਧੀਨ ਹਨ। ਉਹਨੂੰ ਹੇਠ ਲਿਖੇ ਸਿੱਟੇ ਪ੍ਰਾਪਤ ਹੋਏ:

**ਜਰਮਨੀ ਦਾ ਬਰਾਮਦੀ ਵਪਾਰ** (0,00,000 **ਮਾਰਕ**)

| | | 1889 | 1908 | ਫ਼ੀਸਦੀ ਵਾਧਾ |
|---|---|---|---|---|
| ਉਹਨਾਂ ਦੇਸ਼ਾਂ ਨੂੰ ਜਿਹੜੇ ਵਿੱਤ ਤੌਰ ਉੱਤੇ ਜਰਮਨੀ ਦੇ ਅਧੀਨ ਹਨ। | ਰੁਮਾਨੀਆਂ | 48.2 | 70.8 | 47 |
| | ਪੁਰਤਗਾਲ | 19.0 | 32.8 | 73 |
| | ਅਰਜਨਟੀਨ | 60.7 | 147.0 | 143 |
| | ਬ੍ਰਾਜ਼ੀਲ | 48.7 | 84.5 | 73 |
| | ਚਿੱਲੀ | 28.3 | 52.4 | 85 |
| | ਤੁਰਕੀ | 29.9 | 64.0 | 114 |
| | **ਕੁੱਲ ਜੋੜ** | 234.8 | 451.5 | 92 |
| ਉਹਨਾਂ ਦੇਸ਼ਾਂ ਨੂੰ ਜਿਹੜੇ | ਬਰਤਾਨੀਆਂ | 651.8 | 997.4 | 53 |

| | | | | |
|---|---|---|---|---|
| ਵਿੱਤ ਪੱਖੋਂ ਜਰਮਨੀ ਤੋਂ | ਫ਼ਰਾਂਸ | 210.2 | 437.9 | 108 |
| ਸਵਾਧੀਨ ਹਨ। | ਬੈਲਜੀਅਮ | 137.2 | 322.8 | 135 |
| | ਸਵਿਟਜ਼ਰਲੈਂਡ | 177.4 | 401.1 | 127 |
| | ਆਸਟਰੇਲੀਆ | 21.2 | 64.5 | 205 |
| | ਵਲੰਦੇਜ਼ੀ ਹਿੰਦ-ਏਸ਼ੀਆ | 8.8 | 40.7 | 363 |
| | **ਕੁੱਲ ਜੋੜ** | 1,206.6 | 2,264.4 | 87 |

ਲਾਂਸਬਰਗ ਨੇ **ਸਿੱਟੇ** ਨਹੀਂ ਕੱਢੇ ਅਤੇ ਇਸ ਲਈ ਬੜਾ ਅਜੀਬ ਹੈ ਕਿ ਉਹ ਇਹ ਵੇਖਣੋਂ ਅਸਮਰੱਥ ਰਿਹਾ ਕਿ **ਜੇ** ਅੰਕੜੇ ਕੁਝ ਵੀ ਸਾਬਤ ਕਰਦੇ ਹਨ, ਤਾਂ ਇਹ ਸਾਬਤ ਕਰਦੇ ਹਨ ਕਿ ਉਹ **ਗ਼ਲਤ** ਹੈ, ਕਿਉਂਕਿ ਵਿੱਤ ਤੌਰ 'ਤੇ ਅਧੀਨ ਦੇਸ਼ਾਂ ਨੂੰ ਬਰਾਮਦ ਉਹਨਾਂ ਦੇਸ਼ਾਂ ਨੂੰ ਬਰਾਮਦ ਨਾਲ਼ੋਂ **ਵਧੇਰੇ ਤੇਜ਼ੀ ਨਾਲ਼**, ਭਾਵੇਂ ਥੋੜ੍ਹੀ ਜਿੰਨੀ ਹੀ ਸਹੀ, ਵਧੀ ਹੈ, ਜਿਹੜੇ ਵਿੱਤ ਪੱਖੋਂ ਸਵਾਧੀਨ ਹਨ। (ਮੈਂ "ਜੇ" ਉੱਤੇ ਜ਼ੋਰ ਦੇਂਦਾ ਹਾਂ ਕਿਉਂਕਿ ਲਾਂਸਬਰਗ ਦੇ ਅੰਕੜੇ ਬਹੁਤ ਅਧੂਰੇ ਹਨ।)

ਬਰਾਮਦ ਅਤੇ ਕਰਜ਼ਿਆਂ ਵਿਚਕਾਰ ਸਬੰਧ ਉਲੀਕਦਾ ਹੋਇਆ ਲਾਂਸਬਰਗ ਲਿਖਦਾ ਹੈ:

"1890-91 ਵਿੱਚ ਜਰਮਨ ਬੈਂਕਾਂ ਰਾਹੀਂ ਰੂਮਾਨੀਆ ਦਾ ਇੱਕ ਕਰਜ਼ਾ ਜਾਰੀ ਕੀਤਾ ਗਿਆ ਸੀ; ਇਹ ਬੈਂਕ ਪਹਿਲਾਂ ਹੀ ਪਿਛਲੇ ਵਰ੍ਹਿਆਂ ਵਿੱਚ ਇਸ ਕਰਜ਼ੇ ਉੱਤੇ ਪੇਸ਼ਗੀ ਰਕਮਾਂ ਦੇ ਚੁੱਕੇ ਸਨ। ਇਹਨੂੰ ਮੁੱਖ ਤੌਰ ਉੱਤੇ ਜਰਮਨੀ ਵਿਚੋਂ ਰੇਲਾਂ ਦਾ ਸਾਜ਼-ਸਮਾਨ ਖ਼ਰੀਦਣ ਲਈ ਵਰਤਿਆ ਗਿਆ ਸੀ। 1891 ਵਿੱਚ, ਰੂਮਾਨੀਆ ਨੂੰ ਜਰਮਨ ਬਰਾਮਦ 5.5 ਕਰੋੜ ਮਾਰਕ ਬਣਦੀ ਸੀ।ਅਗਲੇ ਵਰ੍ਹੇ ਇਹ ਘੱਟ ਕੇ 3.94 ਕਰੋੜ ਮਾਰਕ ਰਹਿ ਗਈ ਅਤੇ, ਘੱਟਦੀ ਵੱਧਦੀ 1900 ਵਿੱਚ 2.54 ਕਰੋੜ ਰਹਿ ਗਈ। ਸਿਰਫ਼ ਬਿਲਕੁਲ ਪਿਛਲੇ ਕੁਝ ਵਰ੍ਹਿਆਂ ਵਿੱਚ ਉਹ ਦੋ ਨਵੇਂ ਕਰਜ਼ਿਆਂ ਸਦਕਾ ਮੁੜ 1891 ਦੀ ਪੱਧਰ ਉੱਤੇ ਪੁੱਜੀ ਹੈ।

"1888-89 ਦੇ ਕਰਜ਼ਿਆਂ ਤੋਂ ਪਿੱਛੋਂ, ਪੁਰਤਗਾਲ ਨੂੰ ਜਰਮਨ ਬਰਾਮਦ ਵਧ ਕੇ 2,11,00,000 ਤੱਕ ਪੁੱਜ ਗਈ (1890); ਫਿਰ, ਇਸ ਤੋਂ ਅਗਲੇ ਦੋ ਵਰ੍ਹਿਆਂ ਵਿੱਚ ਇਹ ਘੱਟ ਕੇ 1,62,00,000 ਅਤੇ 74,00,000 ਤੱਕ ਚਲੀ ਗਈ ਅਤੇ ਸਿਰਫ਼ 1903 ਵਿੱਚ ਹੀ ਆਪਣੀ ਪਹਿਲੀ ਪੱਧਰ ਤੱਕ ਪੁੱਜ ਸਕੀ।

"ਅਰਜਨਟੀਨ ਨਾਲ਼ ਜਰਮਨ ਵਪਾਰ ਦੇ ਅੰਕੜੇ ਹੋਰ ਵੀ ਉੱਘੜਵੇਂ ਹਨ।1888 ਅਤੇ 1890 ਵਿੱਚ ਕਰਜ਼ੇ ਜਾਰੀ ਕੀਤੇ ਗਏ; ਅਰਜਨਟੀਨ ਨੂੰ ਜਰਮਨ ਬਰਾਮਦ 6,07,00,000 ਮਾਰਕ ਤੱਕ ਪੁੱਜ ਗਈ (1889)। ਦੋ ਵਰ੍ਹੇ ਪਿੱਛੋਂ ਇਹ ਸਿਰਫ਼ 1,86,00,00 ਮਾਰਕ ਰਹਿ ਗਈ, ਪਹਿਲੇਰੀ ਰਕਮ ਦੇ ਇੱਕ ਤਿਹਾਈ ਤੋਂ ਘੱਟ।1901 ਤੋਂ ਪਹਿਲਾਂ ਉਹ 1889 ਦੀ ਪੱਧਰ ਤੱਕ ਦੁਬਾਰਾ ਨਾ ਪੁੱਜ ਸਕੀ ਅਤੇ ਇਸ ਤੋਂ ਨਾ ਵੱਧ ਸਕੀ

ਅਤੇ ਉਦੋਂ ਵੀ ਸਿਰਫ਼ ਰਾਜ ਅਤੇ ਮਿਊਂਸਪਲ ਕਮੇਟੀਆਂ ਵੱਲੋਂ ਜਾਰੀ ਕੀਤੇ ਗਏ ਨਵੇਂ ਕਰਜ਼ਿਆਂ ਅਤੇ ਬਿਜਲੀਘਰ ਉਸਾਰਨ ਲਈ ਦਿੱਤੇ ਗਏ ਉਧਾਰਾਂ ਅਤੇ ਦੂਜੀਆਂ ਕਰਜ਼ਾ ਦੇਣ ਦੀਆਂ ਕਾਰਵਾਈਆਂ ਦੇ ਸਿੱਟੇ ਵਜੋਂ।

"ਚਿੱਲੀ ਨੂੰ ਬਰਾਮਦ, 1889 ਦੇ ਕਰਜ਼ੇ ਦੇ ਸਿੱਟੇ ਵਜੋਂ, ਵੱਧ ਕੇ 4,52,00,000 ਮਾਰਕ ਤੱਕ ਪੁੱਜ ਗਈ (1892 ਵਿੱਚ) ਅਤੇ ਇੱਕ ਵਰ੍ਹਾ ਪਿੱਛੋਂ ਘੱਟ ਕੇ 2,25,00,000 ਮਾਰਕ ਤੱਕ ਰਹਿ ਗਈ। ਜਰਮਨ ਬੈਂਕਾਂ ਵੱਲੋਂ 1906 ਵਿੱਚ ਚਿੱਲੀ ਲਈ ਜਾਰੀ ਕੀਤੇ ਗਏ ਨਵੇਂ ਕਰਜ਼ੇ ਤੋਂ ਪਿੱਛੋਂ 1907 ਵਿੱਚ ਬਰਾਮਦ ਵੱਧ ਕੇ 8,47,00,000 ਮਾਰਕ ਤੱਕ ਪੁੱਜ ਗਈ, ਪਰ 1908 ਵਿੱਚ ਫਿਰ ਘੱਟ ਕੇ 5,24,00,000 ਮਾਰਕ ਰਹਿ ਗਈ।"*

ਇਹਨਾਂ ਤੱਥਾਂ ਤੋਂ ਲਾਂਸਬਰਗ ਹਾਸੋਹੀਣੇ ਨਿੱਕ-ਬੁਰਜੂਆ ਸਬਕ ਕੱਢਦਾ ਹੈ ਕਿ ਬਰਾਮਦੀ ਵਪਾਰ ਕਿੰਨਾਂ ਅਸਥਿਰ ਅਤੇ ਬੇਕਾਇਦਾ ਹੁੰਦਾ ਹੈ, ਜਦੋਂ ਇਹ ਕਰਜ਼ਿਆਂ ਨਾਲ਼ ਬੱਝਾ ਹੁੰਦਾ ਹੈ, ਘਰੇਲੂ ਸਨਅਤ ਦੇ "ਕੁਦਰਤੀ ਤੌਰ 'ਤੇ" ਅਤੇ "ਇੱਕਸੁਰ ਢੰਗ ਨਾਲ਼" ਵਿਕਾਸ ਕਰਨ ਦੀ ਥਾਂ ਵਿਦੇਸ਼ਾਂ ਵਿੱਚ ਸਰਮਾਇਆ ਲਾਉਣਾ ਕਿੰਨੀਂ ਮਾੜੀ ਗੱਲ ਹੈ, ਕਰੋੜਾਂ ਦੀ ਉਹ ਬਖ਼ਸ਼ੀਸ਼ ਕਿੰਨੀ "ਮਹਿੰਗੀ" ਹੈ, ਜਿਹੜੀ ਕਰੁਪ ਨੂੰ ਵਿਦੇਸ਼ੀ ਕਰਜ਼ੇ ਜਾਰੀ ਕਰਨ ਦੇ ਰੂਪ ਵਿੱਚ ਦੇਣੀ ਪੈਂਦੀ ਹੈ, ਆਦਿ। ਪਰ ਤੱਥ ਸਾਨੂੰ ਸਪੱਸ਼ਟ ਤੌਰ ਉੱਤੇ ਦਰਸਾਉਂਦੇ ਹਨ: ਬਰਾਮਦ ਵਿੱਚ ਵਾਧਾ ਵਿੱਤ ਸਰਮਾਏ ਦੀਆਂ **ਐਨ ਇਹਨਾਂ** ਕਪਟੀ ਚਲਾਕੀਆਂ ਨਾਲ਼ ਹੀ ਸਬੰਧਤ ਹੈ, ਜਿਹੜਾ ਸਰਮਾਇਆ ਕਿ ਬੁਰਜੂਆ ਸਦਾਚਾਰ ਬਾਰੇ ਫ਼ਿਕਰਮੰਦ ਨਹੀਂ ਸਗੋਂ ਬਲਦ ਦੀ ਖੱਲ ਦੋ ਵਾਰੀ ਲਾਹੁਣ ਬਾਰੇ ਫ਼ਿਕਰਮੰਦ ਹੈ—ਪਹਿਲਾਂ, ਇਹ ਕਰਜ਼ੇ ਤੋਂ ਨਫ਼ੇ ਲੈ ਕੇ ਜੇਬ ਵਿੱਚ ਪਾਉਂਦਾ ਹੈ, ਫਿਰ ਇਹ ਉਸੇ ਹੀ ਕਰਜ਼ੇ ਤੋਂ ਦੂਜੇ ਨਫ਼ੇ ਜੇਬ ਵਿੱਚ ਪਾਉਂਦਾ ਹੈ, ਜਿਸਨੂੰ ਕਰਜ਼ਾ ਲੈਣ ਵਾਲ਼ਾ ਕਰੁਪ ਤੋਂ ਮਾਲ ਖ਼ਰੀਦਣ ਉੱਤੇ ਜਾਂ ਸਟੀਲ ਸਿੰਡੀਕੇਟ ਤੋਂ ਰੇਲਾਂ ਦਾ ਸਾਜ਼-ਸਮਾਨ ਖ਼ਰੀਦਣ, ਆਦਿ ਉੱਤੇ ਖ਼ਰਚ ਕਰਦਾ ਹੈ।

ਮੈਂ ਦੁਹਰਾਉਂਦਾ ਹਾਂ ਕਿ ਮੈਂ ਲਾਂਸਬਰਗ ਦੇ ਅੰਕੜਿਆਂ ਨੂੰ ਕਿਸੇ ਤਰ੍ਹਾਂ ਵੀ ਪੂਰੇ ਨਹੀਂ ਸਮਝਦਾ; ਪਰ ਮੈਨੂੰ ਉਹ ਦੇਣੇ ਪਏ ਕਿਉਂਕਿ ਉਹ ਕਾਊਟਸਕੀ ਅਤੇ ਸਪੈਕਟੇਟਰ ਦੇ ਅੰਕੜਿਆਂ ਨਾਲ਼ੋਂ ਵਧੇਰੇ ਵਿਗਿਆਨਕ ਹਨ ਅਤੇ ਕਿਉਂਕਿ ਲਾਂਸਬਰਗ ਨੇ ਸਵਾਲ ਵੱਲ ਪਹੁੰਚ ਦਾ ਠੀਕ ਰਸਤਾ ਵਿਖਾਇਆ ਹੈ। ਬਰਾਮਦ, ਆਦਿ, ਦੇ ਸਬੰਧ ਵਿੱਚ ਵਿੱਤ ਸਰਮਾਏ ਦੀ ਮਹੱਤਤਾ ਉੱਤੇ ਵਿਚਾਰ ਕਰਦਿਆਂ, ਖ਼ਾਸ ਤੌਰ 'ਤੇ ਅਤੇ ਸਿਰਫ਼ ਪੋਤਦਾਰਾਂ ਦੀਆਂ ਚਲਾਕੀਆਂ ਨਾਲ਼, ਖ਼ਾਸ ਤੌਰ 'ਤੇ ਅਤੇ ਸਿਰਫ਼ ਕਾਰਟਲਾਂ ਵੱਲੋਂ ਮਾਲ ਦੀ ਵਿਕਰੀ ਨਾਲ਼ ਬਰਾਮਦ ਦੇ ਸਬੰਧ ਨੂੰ ਨਖੇੜਨ ਦੇ ਯੋਗ ਹੋਣਾ ਚਾਹੀਦਾ ਹੈ। ਬਸਤੀਆਂ ਦਾ ਗ਼ੈਰ-ਬਸਤੀਆਂ ਨਾਲ਼, ਇੱਕ ਸਾਮਰਾਜਵਾਦ ਦਾ ਦੂਜੇ ਸਾਮਰਾਜਵਾਦ ਨਾਲ਼, ਇੱਕ ਅਰਧ-ਬਸਤੀ ਜਾਂ ਬਸਤੀ (ਮਿਸਰ) ਦਾ ਦੂਜੇ ਸਾਰੇ ਦੇਸ਼ਾਂ ਨਾਲ਼ ਮੁਕਾਬਲਾ ਕਰਨਾ ਸਵਾਲ ਦੇ ਬਿਲਕੁਲ ਤੱਤ ਤੋਂ ਹੀ ਕੰਨੀ ਕਤਰਾਉਣਾ ਅਤੇ ਇਸਨੂੰ ਧੁੰਦਲਾ ਬਣਾਉਂਦਾ ਹੈ।

---

* ´Die Bank[a] 1909, 2, S. 819 et. seq.

ਕਾਊਟਸਕੀ ਵੱਲੋਂ ਸਾਮਰਾਜਵਾਦ ਦੀ  ਸਿਧਾਂਤਕ ਪੜਚੋਲ ਦੀ ਮਾਰਕਸਵਾਦ ਨਾਲ਼ ਕੋਈ ਸਾਂਝ ਨਹੀਂ ਅਤੇ ਇਹ ਸਿਰਫ਼ ਮੌਕਾਪ੍ਰਸਤਾਂ ਅਤੇ ਸਮਾਜੀ-ਅੰਧਰਾਸ਼ਟਰ-ਵਾਦੀਆਂ ਨਾਲ਼ ਅਮਨ ਅਤੇ  ਏਕਤਾ ਲਈ ਪ੍ਰਚਾਰ ਦੀ ਉਥਾਨਕਾ ਦਾ ਹੀ ਕੰਮ ਕਰਦੀ ਹੈ, ਐਨ ਇਸ ਕਾਰਨ ਹੀ ਕਿ ਇਹ ਸਾਮਰਾਜਵਾਦ ਦੇ ਬਹੁਤ ਡੂੰਘੇ ਅਤੇ ਬੁਨਿਆਦੀ ਵਿਰੋਧਾਂ ਤੋਂ ਕੰਨੀ ਕਤਰਾਉਂਦੀ ਅਤੇ ਇਹਨਾਂ ਨੂੰ ਧੁੰਦਲਾ ਬਣਾਉਂਦੀ ਹੈ: ਅਜਾਰੇਦਾਰੀ ਅਤੇ ਅਜ਼ਾਦ ਮੁਕਾਬਲੇ ਵਿਚਕਾਰ, ਜਿਹੜਾ ਇਸਦੇ ਨਾਲ਼ ਨਾਲ਼ ਚਲਦਾ ਹੈ, ਵਿੱਤ ਸਰਮਾਏ ਦੀਆਂ ਧੜਵੈਲ "ਕਾਰਵਾਈਆਂ" (ਅਤੇ ਧੜਵੈਲ ਮੁਨਾਫ਼ਿਆਂ) ਅਤੇ ਆਜ਼ਾਦ ਮੰਡੀ ਵਿੱਚ "ਇਮਾਨਦਾਰ" ਵਪਾਰ ਵਿਚਕਾਰ ਵਿਰੋਧਾਂ ਨੂੰ, ਇੱਕ ਹੱਥ ਕਾਰਟਲਾਂ ਅਤੇ ਟਰੱਸਟਾਂ ਅਤੇ ਦੂਜੇ ਹੱਥ ਗ਼ੈਰ-ਕਾਰਟਲ ਕੀਤੀ ਸਨਅਤ ਵਿਚਕਾਰ ਵਿਰੋਧਾਂ ਨੂੰ ਧੁੰਦਲਾ ਬਣਾਉਂਦੀ ਹੈ।

"ਪੜ-ਸਾਮਰਾਜਵਾਦ" ਦਾ ਬਦੂ ਸਿਧਾਂਤ, ਜਿਸਦੀ ਕਾਊਟਸਕੀ ਵੱਲੋਂ ਕਾਢ ਕੱਢੀ ਗਈ ਹੈ, ਇੰਨਾਂ ਹੀ ਪਿੱਛੇ-ਖਿੱਚੂ ਹੈ। 1915 ਵਿੱਚ ਇਸ ਵਿਸ਼ੇ ਉੱਤੇ ਉਸ ਵੱਲੋਂ ਦਿੱਤੀਆਂ ਗਈਆਂ ਦਲੀਲਾਂ ਦਾ ਮੁਕਾਬਲਾ 1902 ਵਿੱਚ ਹਾਬਸਨ ਵੱਲੋਂ ਦਿੱਤੀਆਂ ਗਈਆਂ ਦਲੀਲਾਂ ਨਾਲ਼ ਕਰੋ।

ਕਾਊਟਸਕੀ: "ਮੌਜੂਦਾ ਸਾਮਰਾਜੀ ਨੀਤੀ ਦੀ ਥਾਂ ਕਿਸੇ ਨਵੀਂ, ਪੜ-ਸਾਮਰਾਜੀ ਨੀਤੀ ਵੱਲੋਂ ਨਹੀਂ ਲਈ ਜਾ ਸਕਦੀ, ਜਿਹੜੀ ਕੌਮੀ ਵਿੱਤ ਸਰਮਾਇਆ ਦੀਆਂ ਪਰਸਪਰ ਸ਼ਰੀਕੇਬਾਜ਼ੀਆਂ ਦੀ ਥਾਂ ਕੌਮਾਂਤਰੀ ਤੌਰ ਉੱਤੇ ਇਕਮੁੱਠ ਵਿੱਤ ਸਰਮਾਏ ਵੱਲੋਂ ਦੁਨੀਆ ਦੀ ਮਿਲਵੀਂ ਲੁੱਟ-ਚੋਂਘ ਲਾਗੂ ਕਰ ਦੇਵੇਗੀ ? ਸਰਮਾਏਦਾਰੀ ਦੇ ਇਹੋ ਜਿਹੇ ਨਵੇਂ ਪੜਾਅ ਦੀ ਕਿਸੇ ਤਰ੍ਹਾਂ ਵੀ ਕਲਪਨਾ ਕੀਤੀ ਜਾ ਸਕਦੀ ਹੈ। ਕੀ ਇਸਨੂੰ ਪ੍ਰਾਪਤ ਕੀਤਾ ਜਾ ਸਕਦਾ ? ਸਾਨੂੰ ਇਸ ਸਵਾਲ ਦਾ ਜਵਾਬ ਦੇਣ ਦੇ ਸਮਰੱਥ ਬਣਾਉਣ ਲਈ ਕਾਫ਼ੀ ਪੂਰਬ-ਆਧਾਰਾਂ ਦੀ ਅਜੇ ਘਾਟ ਹੈ।"*

ਹਾਬਸਨ: "ਈਸਾਈਅਤ, ਇਸ ਤਰ੍ਹਾਂ ਕੁਝ ਮਹਾਨ ਫੈਡਰਲ ਸਲਤਨਤਾਂ ਵਿੱਚ ਫ਼ੈਲੀ ਹੋਈ, ਜਿਨ੍ਹਾਂ ਵਿੱਚੋਂ ਹਰ ਇੱਕ ਦੀ ਅਸੱਭਿਆ ਬਸਤੀਆਂ ਦੀ ਲਾਮਡੋਰੀ ਹੋਵੇ, ਕਈਆਂ ਨੂੰ ਮੌਜੂਦਾ ਝੁਕਾਵਾਂ ਦਾ ਸਭ ਤੋਂ ਵੱਧ ਨਿਯਮਤ ਵਿਕਾਸ ਜਾਪਦਾ ਹੈ ਅਤੇ ਅਜਿਹਾ ਵਿਕਾਸ ਜਿਹੜਾ ਅੰਤਰ-ਸਾਮਰਾਜਵਾਦ ਦੇ ਯਕੀਨੀ ਬਣਾਏ ਗਏ ਆਧਾਰ ਉੱਤੇ ਸਥਾਈ ਅਮਨ ਦੀ ਸਭ ਤੋਂ ਚੰਗੀ ਆਸ ਦਿਵਾਉਂਦਾ ਹੈ।"

ਕਾਊਟਸਕੀ ਨੇ ਉਹਨੂੰ ਪੜ-ਸਾਮਰਾਜਵਾਦ ਜਾਂ ਪਰਾ-ਸਾਮਰਾਜਵਾਦ ਦਾ ਨਾਂ ਦਿੱਤਾ ਹੈ, ਜਿਸਨੂੰ ਹਾਬਸਨ ਤੇਰ੍ਹਾਂ ਸਾਲ ਪਹਿਲਾਂ ਅੰਤਰ-ਸਾਮਰਾਜਵਾਦ ਕਹਿ ਚੁੱਕਾ ਸੀ। ਨਵਾਂ ਅਤੇ ਚੁਸਤ ਰਸਮੀ-ਬੋਲਾ ਘੜ੍ਹਨ ਤੋ ਬਿਨਾਂ, ਇੱਕ ਲਾਤਿਨੀ ਅਗੇਤਰ ਦੀ ਥਾਂ ਇੱਕ ਹੋਰ ਨੂੰ ਦੇਣ ਤੋਂ ਬਿਨਾਂ, "ਵਿਗਿਆਨਕ" ਚਿੰਤਨ ਦੇ ਖੇਤਰ ਵਿੱਚ ਕਾਊਟਸਕੀ ਵੱਲੋਂ ਕੀਤੀ ਗਈ ਇੱਕੋ ਇੱਕ ਉੱਨਤੀ ਇਹ ਹੈ ਕਿ ਉਹਨੇ ਉਹ ਕੁਝ ਮਾਰਕਸਵਾਦ ਵਜੋਂ ਪੇਸ਼ ਕੀਤਾ, ਜੋ

* ´Neue Zeit[a], 30 ਅਪ੍ਰੈਲ, 1915, ਪੰਨਾ 144।

ਕੁਝ ਹਾਬਸਨ, ਅਸਲ ਵਿੱਚ, ਅੰਗ੍ਰੇਜ਼ ਪਾਦਰੀਆਂ ਦੀ ਦੰਭੀ ਭਾਸ਼ਾ ਵਜੋਂ ਪੇਸ਼ ਕਰ ਚੁੱਕਾ ਸੀ। ਅੰਗ੍ਰੇਜ਼ –ਬੋਅਰ ਯੁੱਧ ਤੋਂ ਪਿੱਛੋਂ ਇਸ ਬੇਹੱਦ ਸਤਿਕਾਰਯੋਗ ਜਾਤ ਲਈ ਬਿਲਕੁਲ ਕੁਦਰਤੀ ਸੀ ਕਿ ਆਪਣੇ ਮੁੱਖ ਯਤਨ ਬਰਤਾਨਵੀ ਮੱਧ ਸ਼੍ਰੇਣੀ ਅਤੇ ਕਿਰਤੀਆਂ ਨੂੰ **ਦਿਲਾਸਾ ਦੇਣ** ਉੱਤੇ ਲਾਵੇ ਜਿਨ੍ਹਾਂ ਦੇ ਕਈ ਰਿਸ਼ਤੇਦਾਰ ਦੱਖਣੀ ਅਫ਼ਰੀਕਾ ਦੀਆਂ ਰਣਭੂਮੀਆਂ ਵਿੱਚ ਮਾਰੇ ਗਏ ਸਨ ਅਤੇ ਜਿਹੜੇ ਬਰਤਾਨਵੀ ਪੋਤਦਾਰਾਂ ਲਈ ਹੋਰ ਵੀ ਵਧੇਰੇ ਨਫ਼ੇ ਯਕੀਨੀ ਬਣਾਉਣ ਲਈ ਵਧੇਰੇ ਟੈਕਸ ਅਦਾ ਕਰਨ ਲਈ ਮਜ਼ਬੂਰ ਹੋ ਗਏ ਸਨ ਅਤੇ ਇਸ ਸਿਧਾਂਤ ਨਾਲ਼ੋਂ ਚੰਗੇਰਾ ਦਿਲਾਸਾ ਹੋਰ ਕੀ ਹੋ ਸਕਦਾ ਸੀ ਕਿ ਸਾਮਰਾਜਵਾਦ ਇੰਨਾਂ ਭੈੜਾ ਨਹੀਂ; ਕਿ ਇਹ ਅੰਤਰ – (ਜਾਂ ਪੜ–) ਸਾਮਰਾਜਵਾਦ ਦੇ ਨੇੜੇ ਹੀ ਖੜ੍ਹਾ ਹੈ ਜਿਹੜਾ ਸਥਾਈ ਅਮਨ ਯਕੀਨੀ ਬਣਾ ਸਕਦਾ ਹੈ ? ਭਾਵੇਂ ਅੰਗ੍ਰੇਜ਼ ਪਾਦਰੀਆਂ ਦੀਆਂ ਜਾਂ ਉਪਭਾਵਕ ਕਾਊਟਸਕੀ ਦੀਆਂ ਕੋਈ ਵੀ ਚੰਗੀਆਂ ਇੱਛਾਵਾਂ ਕਿਉਂ ਨਾ ਰਹੀਆਂ ਹੋਣ, ਕਾਊਟਸਕੀ ਦੇ "ਸਿਧਾਂਤ" ਦਾ ਇੱਕੋ–ਇੱਕ ਨਿਸ਼ਾਨਾ, ਭਾਵ, ਬਾਹਰਮੁੱਖੀ, ਅਸਲੀ ਸਮਾਜਿਕ ਮਹੱਤਤਾ ਇਹ ਹੈ: ਇਹ ਸਰਮਾਏਦਾਰੀ ਹੇਠ ਸਥਾਈ ਅਮਨ ਸੰਭਵ ਹੋਣ ਦੀਆਂ ਉਮੀਦਾਂ ਨਾਲ਼, ਅਜੋਕੇ ਸਮਿਆਂ ਦੇ ਤੀਖਣ ਵਿਰੋਧਾਂ ਅਤੇ ਤੀਖਣ ਮਸਲਿਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਲਿਜਾਣ ਨਾਲ਼, ਤੇ ਇਹਨੂੰ ਭਵਿੱਖ ਦੇ ਕਾਲਪਨਿਕ "ਪੜ–ਸਾਮਰਾਜਵਾਦ" ਦੀਆਂ ਭੁਲਾਂਵੀਆਂ ਸੰਭਾਵਨਾਵਾਂ ਨਾਲ਼ ਜਨਤਾ ਨੂੰ ਦਿਲਾਸਾ ਦੇਣ ਦਾ ਸਭ ਤੋਂ ਵੱਧ ਪਿੱਛੇ–ਖਿੱਚੂ ਜੰਗ ਹੈ। ਜਨਤਾ ਨੂੰ ਧੋਖਾ ਦੇਣਾ—ਬੱਸ ਇਹ ਕੁਝ ਹੈ ਕਾਊਟਸਕੀ ਦੇ "ਮਾਰਕਸਵਾਦੀ" ਸਿਧਾਂਤ ਵਿੱਚ।

ਸੱਚ, ਮੁੱਚ, ਉਹਨਾਂ ਸੰਭਾਵਨਾਵਾਂ ਦੇ, ਜਿਹੜੀਆਂ ਕਾਊਟਸਕੀ ਜਰਮਨ ਕਿਰਤੀਆਂ (ਅਤੇ ਸਾਰੇ ਦੇਸ਼ਾਂ ਦੇ ਕਿਰਤੀਆਂ) ਸਾਹਮਣੇ ਖੜ੍ਹੀਆਂ ਕਰਨ ਦਾ ਯਤਨ ਕਰਦਾ ਹੈ, ਬਿਲਕੁਲ ਝੂਠੇ ਹੋਣ ਬਾਰੇ ਕਾਇਲ ਹੋਣ ਲਈ ਸਭ ਨੂੰ ਗਿਆਤ ਤੇ ਨਿਰਵਿਵਾਦ ਤੱਥਾਂ ਦਾ ਮੁਕਾਬਲਾ ਕਰਨਾ ਹੀ ਕਾਫ਼ੀ ਹੈ। ਆਓ ਹਿੰਦੁਸਤਾਨ, ਹਿੰਦ–ਚੀਨੀ ਅਤੇ ਚੀਨ ਨੂੰ ਲਈਏ। ਇਹ ਸਾਰੇ ਜਾਣਦੇ ਹਨ ਕਿ ਇਹ ਤਿੰਨ ਬਸਤੀਆਂ ਅਤੇ ਅਰਧ–ਬਸਤੀਆਂ, ਜਿਨ੍ਹਾਂ ਦੀ ਵਸੋਂ, ਸੱਠ ਤੋਂ ਸੱਤਰ ਕਰੋੜ ਦੀ ਹੈ, ਕਈ ਸਾਮਰਾਜੀ ਤਾਕਤਾਂ—ਬਰਤਾਨੀਆਂ, ਫ਼ਰਾਂਸ, ਜਾਪਾਨ, ਅਮਰੀਕਾ, ਆਦਿ—ਦੇ ਵਿੱਤ ਸਰਮਾਏ ਦੀ ਲੁੱਟ ਚੋਂਘ ਦਾ ਸ਼ਿਕਾਰ ਹਨ। ਆਓ ਫ਼ਰਜ਼ ਕਰੀਏ ਕਿ ਇਹ ਸਾਮਰਾਜੀ ਦੇਸ਼ ਇਹਨਾਂ ਏਸ਼ੀਆਈ ਰਾਜਾਂ ਵਿੱਚ ਆਪਣੀਆਂ ਮਿਲਖਾਂ, ਆਪਣੇ ਹਿੱਤਾਂ ਅਤੇ ਆਪਣੇ "ਰਸੂਖ ਦੇ ਖੇਤਰਾਂ" ਦੀ ਰੱਖਿਆ ਕਰਨ ਲਈ ਜਾਂ ਉਹਨਾਂ ਨੂੰ ਪਸਾਰਨ ਲਈ ਇੱਕ ਦੂਜੇ ਵਿਰੁੱਧ ਸਮਝੌਤੇ ਕਰ ਲੈਂਦੇ ਹਨ; ਇਹ ਸਮਝੌਤੇ "ਅੰਤਰ–ਸਾਮਰਾਜੀ" ਜਾਂ "ਪੜ–ਸਾਮਰਾਜੀ" ਸਮਝੌਤੇ ਹੋਣਗੇ। ਆਓ ਫ਼ਰਜ਼ ਕਰੀਏ ਕਿ ਸਭੇ ਸਾਮਰਾਜੀ ਦੇਸ਼ ਏਸ਼ੀਆ ਦੇ ਇਹਨਾਂ ਹਿੱਸਿਆਂ ਦੀ "ਅਮਨ–ਭਰੀ" ਵੰਡ ਲਈ ਸਮਝੌਤਾ ਕਰ ਲੈਂਦੇ ਹਨ ਇਹ ਸਮਝੌਤਾ "ਕੌਮਾਂਤਰੀ ਤੌਰ ਉੱਤੇ ਇੱਕਮੁੱਠ ਵਿੱਤ ਸਰਮਾਏ" ਦਾ ਸਮਝੌਤਾ ਹੋਵੇਗਾ। ਵੀਹਵੀਂ ਸਦੀ ਦੇ ਇਤਿਹਾਸ ਵਿੱਚ ਇਸ ਤਰ੍ਹਾਂ ਦੇ ਸਮਝੌਤਿਆਂ ਦੀਆਂ ਯਥਾਰਥਕ ਉਦਾਹਰਣਾਂ ਮਿਲ਼ਦੀਆਂ ਹਨ—ਉਦਾਹਰਣ ਵਜੋਂ, ਚੀਨ[46] ਵੱਲ ਇਹਨਾਂ ਰਾਜਾਂ ਦਾ ਵਤੀਰਾ। ਅਸੀਂ ਪੁੱਛਦੇ ਹਾਂ ਕਿ ਇਹ ਫ਼ਰਜ਼ ਕਰਦਿਆਂ ਕਿ ਸਰਮਾਏਦਾਰ ਪ੍ਰਣਾਲੀ ਜਿਉਂ ਦੀ ਤਿਉਂ ਕਾਇਮ

ਰਹਿੰਦੀ ਹੈ—ਅਤੇ ਬਿਲਕੁਲ ਇਹੋ ਗੱਲ ਹੈ ਜਿਹੜੀ ਕਾਊਟਸਕੀ ਫ਼ਰਜ਼ ਕਰਦਾ ਹੈ—ਕੀ ਇਸ ਗੱਲ ਦੀ "ਕਲਪਨਾ ਕੀਤੀ ਜਾ ਸਕਦੀ ਹੈ" ਕਿ ਇਹੋ ਜਿਹੇ ਸਮਝੌਤੇ ਥੁੜ-ਚਿਰੇ ਨਾਲ਼ੋਂ ਕੁਝ ਜ਼ਿਆਦਾ ਹੋਣਗੇ, ਕਿ ਉਹ ਹਰ ਸੰਭਵ ਰੂਪ ਵਿੱਚ ਝਗੜਿਆਂ, ਟਕਰਾਵਾਂ ਅਤੇ ਘੋਲ਼ਾਂ ਨੂੰ ਖ਼ਤਮ ਕਰ ਦੇਣਗੇ ?

ਸਵਾਲ ਸਿਰਫ਼ ਇੰਝ ਸਪੱਸ਼ਟ ਤਰ੍ਹਾਂ ਨਾਲ਼ ਪੇਸ਼ ਕੀਤੇ ਜਾਣ ਦੀ ਹੀ ਲੋੜ ਹੈ ਕਿ ਨਫ਼ੀ ਤੋਂ ਬਿਨਾਂ ਹੋਰ ਕੋਈ ਵੀ ਜਵਾਬ ਅਸੰਭਵ ਹੋ ਜਾਂਦਾ ਹੈ। ਇਹਦਾ ਕਾਰਨ ਇਹ ਹੈ ਕਿ ਸਰਮਾਏਦਾਰੀ ਅਧੀਨ ਰਸੂਖ਼ ਦੇ ਖੇਤਰਾਂ, ਹਿੱਤਾਂ, ਬਸਤੀਆਂ ਆਦਿ ਦੀ ਵੰਡ ਲਈ ਇੱਕੋ ਇੱਕ ਅਧਾਰ, ਜਿਸਦੀ ਕਲਪਨਾ ਕੀਤੀ ਜਾ ਸਕਦੀ ਹੈ, ਇਹ ਹੈ ਕਿ ਇਸ ਵਿੱਚ ਸ਼ਾਮਲ ਹੋਣ ਵਾਲ਼ਿਆਂ ਦੀ **ਸ਼ਕਤੀ** ਦਾ, ਉਹਨਾਂ ਦਾ ਆਮ ਆਰਥਕ, ਵਿੱਤੀ, ਫ਼ੌਜੀ ਸ਼ਕਤੀ ਆਦਿ ਦਾ ਹਿਸਾਬ-ਕਿਤਾਬ ਲਾਇਆ ਜਾਵੇ ਤੇ ਵੰਡ ਵਿੱਚ ਹਿੱਸਾ ਲੈਣ ਵਾਲ਼ਿਆਂ ਦੀ ਸ਼ਕਤੀ ਇੱਕੋ ਜਿੰਨੇ ਦਰਜੇ ਤੱਕ ਨਹੀਂ ਬਦਲਦੀ, ਕਿਉਂਕਿ ਵੱਖੋ ਵੱਖ ਵਪਾਰਾਂ, ਟਰੱਸਟਾਂ, ਸਨਅਤ ਦੀਆਂ ਸ਼ਾਖਾਂ ਜਾਂ ਦੇਸ਼ਾਂ ਦਾ **ਬਰਾਬਰ ਦਾ** ਵਿਕਾਸ ਸਰਮਾਏਦਾਰੀ ਹੇਠ ਅਸੰਭਵ ਹੈ। ਜੇ ਉਹਦੀ ਸਰਮਾਏਦਾਰ ਤਾਕਤ ਦਾ ਮੁਕਾਬਲਾ ਉਸ ਸਮੇਂ ਦੇ ਬਰਤਾਨੀਆ ਦੀ ਸਰਮਾਏਦਾਰ ਤਾਕਤ ਨਾਲ਼ ਕੀਤਾ ਜਾਵੇ ਤਾਂ ਅੱਧੀ ਸਦੀ ਪਹਿਲਾਂ ਜਰਮਨੀ ਇੱਕ ਮੰਦਹਾਲ ਜਿਹਾ, ਨਿਗੂਣਾ ਜਿਹਾ ਦੇਸ਼ ਸੀ; ਇਸੇ ਤਰ੍ਹਾਂ ਰੂਸ ਦੇ ਮੁਕਾਬਲੇ ਵਿੱਚ ਜਪਾਨ ਸੀ। ਕੀ ਇਸ ਗੱਲ ਦੀ "ਕਲਪਨਾ ਕੀਤੀ ਜਾ ਸਕਦੀ ਹੈ" ਕਿ ਦਸ ਜਾਂ ਵੀਹ ਵਰ੍ਹਿਆਂ ਦੇ ਸਮੇਂ ਵਿੱਚ ਸਾਮਰਾਜੀ ਤਾਕਤਾਂ ਦੀ ਨਿਸਬਤੀ ਸ਼ਕਤੀ ਅਬਦਲ ਰਹੇਗੀ ? ਅਜਿਹਾ ਹੋਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਸ ਲਈ, ਸਰਮਾਏਦਾਰ ਪ੍ਰਣਾਲੀ ਦੀਆਂ ਹਕੀਕਤਾਂ ਵਿੱਚ, ਨਾ ਕਿ ਅੰਗ੍ਰੇਜ਼ ਪਾਦਰੀਆਂ ਜਾਂ ਜਰਮਨ "ਮਾਰਕਸਵਾਦੀ" ਕਾਊਟਸਕੀ ਦੀਆਂ ਤੁੱਛ ਜਿਹੀਆਂ ਤੰਗ ਨਜ਼ਰ ਕਲਪਨਾ-ਉਡਾਰੀਆਂ ਵਿੱਚ, "ਅੰਤਰ-ਸਾਮਰਾਜੀ" ਜਾਂ "ਪੜ-ਸਾਮਰਾਜੀ" ਸਮਝੌਤੇ, ਭਾਵੇਂ ਉਹ ਕੋਈ ਵੀ ਰੂਪ ਧਾਰਨ ਕਰ ਲੈਣ, ਇੱਕ ਸਾਮਰਾਜੀ ਕੁਲੀਸ਼ਨ ਵਿਰੁੱਧ ਦੂਜੀ ਸਾਮਰਾਜੀ ਕੁਲੀਸ਼ਨ ਦਾ, ਜਾਂ **ਸਭਨਾਂ** ਸਾਮਰਾਜੀ ਸ਼ਕਤੀਆਂ ਨੂੰ ਆਪਣੀ ਲਪੇਟ ਵਿੱਚ ਲੈਂਦੇ ਆਮ ਸਮਝੌਤੇ ਦਾ **ਅਟੱਲ ਤੌਰ ਉੱਤੇ** ਯੁੱਧਾਂ ਵਿਚਕਾਰਲੇ ਸਮਿਆਂ ਦੌਰਾਨ "ਯੁੱਧਬੰਦੀ" ਤੋਂ ਵੱਧ ਹੋਰ ਕੁਝ ਮਤਲਬ ਨਹੀਂ। ਅਮਨ-ਭਰੇ ਮੁਕਾਬਲੇ ਯੁੱਧਾਂ ਲਈ ਜ਼ਮੀਨ ਤਿਆਰ ਕਰਦੇ ਹਨ ਅਤੇ ਆਪਣੀ ਥਾਂ ਯੁੱਧਾਂ ਵਿੱਚੋਂ ਪੈਦਾ ਹੁੰਦੇ ਹਨ; ਇੱਕ ਗੱਲ ਦੂਜੀ ਉੱਤੇ ਨਿਰਭਰ ਹੈ ਅਤੇ ਸੰਸਾਰ ਆਰਥਕਤਾ ਅਤੇ ਸੰਸਾਰ ਰਾਜਨੀਤੀ ਦੇ ਅੰਦਰ ਅੰਦਰ ਸਾਮਰਾਜੀ ਸਬੰਧਾਂ ਦੇ ਰਿਸ਼ਤਿਆਂ ਦੇ **ਇੱਕੋ ਇੱਕ ਅਧਾਰ** ਉੱਤੇ ਅਮਨ-ਭਰੇ ਅਤੇ ਗ਼ੈਰ ਅਮਨ ਭਰੇ ਘੋਲ਼ ਦੇ ਇੱਕ ਦੂਜੇ ਦੀ ਥਾਂ ਲੈਂਦੇ ਰੂਪਾਂ ਨੂੰ ਪੈਦਾ ਕਰਦੀ ਹੈ। ਪਰ ਕਿਰਤੀਆਂ ਨੂੰ ਸ਼ਾਂਤ ਕਰਨ ਅਤੇ ਉਹਨਾਂ ਦੀ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ਼, ਜਿਹੜੇ ਗ਼ੱਦਾਰੀ ਕਰਕੇ ਬੁਰਜੂਆਜ਼ੀ ਦੇ ਪਾਸੇ ਚਲੇ ਗਏ ਹਨ, ਸੁਲਹ-ਸਫ਼ਾਈ ਕਰਾਉਣ ਲਈ ਹੱਦੋਂ ਵੱਧ ਸਿਆਣਾ ਕਾਊਟਸਕੀ ਇੱਕੋ ਇੱਕ ਜ਼ੰਜੀਰ ਦੀ ਇੱਕ ਕੜੀ ਨੂੰ ਦੂਜੀ ਨਾਲ਼ੋਂ **ਵੱਖ ਕਰਦਾ ਹੈ**, ਚੀਨ ਦੇ "ਸ਼ਾਂਤਕਰਨ" ਲਈ (ਬਾਕਸਰ ਬਗ਼ਾਵਤ[47] ਦੇ ਦਮਨ ਨੂੰ ਯਾਦ ਕਰੋ) **ਸਾਰੀਆਂ** ਸ਼ਕਤੀਆਂ ਦੇ ਅਜੋਕੇ ਅਮਨ-ਭਰੇ (ਅਤੇ ਪੜ-ਸਾਮਰਾਜੀ,

ਨਹੀਂ ਪੜ-ਪੜ-ਸਾਮਰਾਜੀ) ਸਮਝੌਤੇ ਨੂੰ ਭਲ਼ਕ ਦੀ ਗ਼ੈਰ-ਅਮਨ-ਭਰੀ ਟੱਕਰ ਤੋਂ ਵੱਖ ਕਰਦਾ ਹੈ, ਜਿਹੜੀ ਪਰਸੋਂ ਉਦਾਹਰਣ ਵਜੋਂ, ਤੁਰਕੀ ਦੀ ਵੰਡ ਲਈ ਇੱਕ ਹੋਰ "ਅਮਨ-ਭਰੇ" ਆਮ ਸਮਝੌਤੇ ਨੂੰ ਤਿਆਰ ਕਰੇਗੀ, **ਇਤਿ ਆਦਿ।** ਸਾਮਰਾਜੀ ਅਮਨ ਅਤੇ ਸਾਮਰਾਜੀ ਯੁੱਧ ਦੇ ਦੌਰਾਂ ਵਿਚਕਾਰ ਸਜੀਵ ਸਬੰਧ ਨੂੰ ਦਰਸਾਉਣ ਦੀ ਥਾਂ, ਕਾਊਟਸਕੀ ਕਿਰਤੀਆਂ ਦੀ ਉਹਨਾਂ ਦੇ ਬੇਜਾਨ ਆਗੂਆਂ ਨਾਲ਼ ਸੁਲਹ-ਸਫ਼ਾਈ ਕਰਾਉਣ ਲਈ ਉਹਨਾਂ ਸਾਹਮਣੇ ਬੇਜਾਨ ਖ਼ਿਆਲੀ ਗੱਲ ਰੱਖਦਾ ਹੈ।

ਇੱਕ ਅਮਰੀਕੀ ਲੇਖਕ, ਹਿੱਲ, ਨੇ ਆਪਣੀ ਪੁਸਤਕ "**ਯੂਰਪ ਦੇ ਕੌਮਾਂਤਰੀ ਵਿਕਾਸ ਵਿੱਚ ਡਿਪਲੋਮੇਸੀ ਦਾ ਇਤਿਹਾਸ**" ਦੀ ਭੂਮਿਕਾ ਵਿੱਚ ਡਿਪਲੋਮੇਸੀ ਦੇ ਪਿਛਲੇ ਕੁਝ ਸਮੇਂ ਦੇ ਇਤਿਹਾਸ ਦੇ ਹੇਠ ਲਿਖੇ ਦੌਰਾਂ ਦਾ ਹਵਾਲਾ ਦਿੱਤਾ ਹੈ: (1) ਇਨਕਲਾਬ ਦਾ ਯੁੱਗ (2) ਵਿਧਾਨਕ ਲਹਿਰ (3) ਵਪਾਰਕ ਸਾਮਰਾਜਵਾਦ ਦਾ ਅਜੋਕਾ ਦੌਰ।* ਇੱਕ ਹੋਰ ਲੇਖਕ 1870 ਤੋਂ ਲੈ ਕੇ ਬਰਤਾਨੀਆ ਦੀ "ਸੰਸਾਰ ਨੀਤੀ" ਦੇ ਇਤਿਹਾਸ ਨੂੰ ਚਾਰ ਦੌਰਾਂ ਵਿੱਚ ਵੰਡਦਾ ਹੈ (1) ਪਹਿਲਾ ਏਸ਼ੀਆਈ ਦੌਰ (ਮੱਧ ਏਸ਼ੀਆ ਵਿੱਚ ਹਿੰਦੁਸਤਾਨ ਵੱਲ ਰੂਸ ਦੇ ਵਧਣ ਵਿਰੁੱਧ ਘੋਲ਼ ਦਾ ਦੌਰ) (2) ਅਫ਼ਰੀਕੀ ਦੌਰ (ਲਗਭਗ 1885-1902) ਅਫ਼ਰੀਕਾ ਦੀ ਵੰਡ ਲਈ ਫ਼ਰਾਂਸ ਵਿਰੁੱਧ ਘੋਲ਼ ਦਾ ਦੌਰ (1898 ਦੀ "ਫ਼ਾਸ਼ੋਦਾ ਘਟਨਾ"[48] ਜਿਸਨੇ ਉਹਨੂੰ ਫ਼ਰਾਂਸ ਨਾਲ਼ ਯੁੱਧ ਦੀ ਐਨ ਦੰਦੀ ਉੱਤੇ ਲੈ ਆਂਦਾ ਸੀ) (3) ਦੂਜਾ ਏਸ਼ੀਆਈ ਦੌਰ (ਰੂਸ ਵਿਰੁੱਧ ਜਪਾਨ ਨਾਲ਼ ਸਮਝੌਤਾ) ਅਤੇ (4) "ਯੂਰਪੀ" ਦੌਰ, ਮੁੱਖ ਤੌਰ 'ਤੇ ਜਰਮਨ-ਵਿਰੋਧੀ** "ਵਿੱਤ ਭੂਮੀ ਉੱਤੇ ਰਾਜਸੀ ਗਸ਼ਤੀ ਟੋਲਿਆਂ ਦੀਆਂ ਟੱਕਰਾਂ ਹੁੰਦੀਆਂ ਹਨ," ਬੈਂਕਰ ਰੀਸਰ ਨੇ 1905 ਵਿੱਚ ਲਿਖਿਆ ਸੀ, ਇਹ ਦਰਸਾਉਣ ਲਈ ਕਿ ਕਿਵੇਂ ਇਟਲੀ ਵਿੱਚ ਕੰਮ ਕਰ ਰਿਹਾ ਫ਼ਰਾਂਸੀਸੀ ਵਿੱਤ ਸਰਮਾਇਆ ਇਹਨਾਂ ਦੇਸ਼ਾਂ ਦੇ ਰਾਜਸੀ ਸਮਝੌਤੇ ਲਈ ਰਾਹ ਤਿਆਰ ਕਰ ਰਿਹਾ ਸੀ ਅਤੇ ਕਿਵੇਂ ਈਰਾਨ ਬਾਰੇ ਜਰਮਨੀ ਅਤੇ ਬਰਤਾਨੀਆਂ ਵਿਚਕਾਰ, ਚੀਨੀ ਕਰਜ਼ਿਆਂ ਬਾਰੇ ਸਾਰੇ ਯੂਰਪੀ ਸਰਮਾਏਦਾਰਾਂ ਵਿਚਕਾਰ ਝਗੜਾ ਵਧ ਰਿਹਾ ਸੀ, ਆਦਿ। ਜ਼ਰਾ ਵੇਖ ਲਓ, ਅਮਨ-ਭਰੇ, "ਪੜ-ਸਾਮਰਾਜੀ" ਸਮਝੌਤਿਆਂ ਦੀ, ਸਧਾਰਨ ਸਾਮਰਾਜੀ ਟੱਕਰਾਂ, ਨਾਲ਼ ਉਹਨਾਂ ਦੇ ਅਟੁੱਟ ਸਬੰਧ ਵਿੱਚ, ਸਜੀਵ ਹਕੀਕਤ।

ਕਾਊਟਸਕੀ ਵੱਲੋਂ ਸਾਮਰਾਜਵਾਦ ਦੇ ਅਤਿ ਡੂੰਘੇ ਵਿਰੋਧਾਂ ਨੂੰ ਧੁੰਦਲਾਉਣਾ, ਜਿਹੜਾ ਕਿ ਅਟੱਲ ਤੌਰ 'ਤੇ ਸਾਮਰਾਜਵਾਦ ਨੂੰ ਸ਼ੋਖ਼ ਰੰਗਾਂ ਵਿੱਚ ਚਿਤਰਨਾ ਬਣ ਕੇ ਰਹਿ ਜਾਂਦਾ ਹੈ, ਇਸ ਲੇਖਕ ਵੱਲੋਂ ਸਾਮਰਾਜਵਾਦ ਦੇ ਰਾਜਸੀ ਲੱਛਣਾਂ ਦੀ ਪੜਚੋਲ ਉੱਤੇ ਵੀ ਆਪਣੇ ਨਿਸ਼ਾਨ ਛੱਡ ਜਾਂਦਾ ਹੈ। ਸਾਮਰਾਜਵਾਦ ਵਿੱਤ ਸਰਮਾਏ ਦਾ ਅਤੇ ਅਜਾਰੇਦਾਰੀਆਂ ਦਾ ਦੌਰ ਹੈ, ਜਿਹੜਾ ਹਰ ਥਾਂ ਗ਼ਲਬੇ ਲਈ, ਨਾ ਕਿ ਆਜ਼ਾਦੀ ਲਈ ਯਤਨ ਨੂੰ ਅਮਲ ਵਿੱਚ

---

*David Jayne Hill, ´A History of the Diplomacy in the International Development of Europe[a] vol, I, p, X. (ਡੇਵਿਡ ਜੇਅਨ ਹਿੱਲ, "ਯੂਰਪ ਦੇ ਕੌਮਾਂਤਰੀ ਵਿਕਾਸ ਵਿੱਚ ਡਿਪਲੋਮੇਸੀ ਦਾ ਇਤਿਹਾਸ," ਸੈਂਚੀ 1, ਪੰਨਾ 10-**ਸੰਪਾ**:)

** Schilder, ਪਹਿਲਾਂ ਜਿਸ ਵਿੱਚੋਂ ਟੂਕ ਦਿੱਤੀ ਗਈ, ਪੰਨਾ 178।

ਲਿਆਉਂਦਾ ਹੈ। ਰਾਜਸੀ ਪ੍ਰਣਾਲੀ ਭਾਵੇਂ ਕੋਈ ਵੀ ਹੋਵੇ, ਇਹਨਾਂ ਝੁਕਾਵਾਂ ਦਾ ਹਰ ਥਾਂ ਸਿੱਟਾ ਪਿਛਾਖੜ ਵਿੱਚ ਅਤੇ ਇਸ ਖੇਤਰ ਵਿੱਚ ਵਿਰੋਧਾਂ ਦਾ ਬੇਹੱਦ ਤੀਖਣ ਹੋਣ ਵਿੱਚ ਨਿਕਲ਼ਦਾ ਹੈ। ਕੌਮੀ ਜ਼ਬਰ ਦਾ ਜੂਲ਼ਾ ਅਤੇ ਕਬਜ਼ਿਆਂ ਲਈ, ਕੌਮੀ ਸਵਾਧੀਨਤਾ ਦੀ ਉਲੰਘਣਾ ਲਈ ਯਤਨ, (ਕਿਉਂਕਿ ਕਬਜ਼ੇ ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਦੀ ਉਲੰਘਣਾ ਤੋਂ ਛੁੱਟ ਹੋਰ ਕੁਝ ਵੀ ਨਹੀਂ) ਵਿਸ਼ੇਸ਼ ਤੌਰ ’ਤੇ ਤੇਜ਼ ਹੋ ਜਾਂਦੇ ਹਨ। ਹਿਲਫ਼ਰਡਿੰਗ ਠੀਕ ਹੀ ਸਾਮਰਾਜਵਾਦ ਅਤੇ ਵਧਦੇ ਕੌਮੀ ਜ਼ਬਰ ਵਿਚਕਾਰ ਸਬੰਧ ਉੱਤੇ ਜ਼ੋਰ ਦੇਂਦਾ ਹੈ। “ਨਵੇਂ ਖੋਹਲੇ ਗਏ ਦੇਸ਼ਾਂ ਵਿੱਚ,” ਉਹ ਲਿਖਦਾ ਹੈ, “ਉਹਨਾਂ ਦੇ ਅੰਦਰ ਦਰਾਮਦ ਕੀਤਾ ਗਿਆ ਸਰਮਾਇਆ ਵਿਰੋਧਾਂ ਨੂੰ ਤੇਜ਼ ਕਰ ਦੇਂਦਾ ਹੈ ਅਤੇ ਦਖ਼ਲਬਾਜ਼ਾਂ ਵਿਰੁੱਧ ਉਹਨਾਂ ਕੌਮਾਂ ਦੇ ਲਗਾਤਾਰ ਵਧਦੇ ਵਿਰੋਧ ਨੂੰ ਭੜਕਾਉਂਦਾ ਹੈ, ਜਿਨ੍ਹਾਂ ਵਿੱਚ ਕੌਮੀ ਚੇਤਨਤਾ ਜਾਗ੍ਰਤ ਹੋ ਰਹੀ ਹੁੰਦੀ ਹੈ; ਵਿਦੇਸ਼ੀ ਸਰਮਾਏ ਵਿਰੁੱਧ ਇਹ ਵਿਰੋਧ ਸੌਖੀ ਤਰ੍ਹਾਂ ਖਤਰਨਾਕ ਹੱਦਾਂ ਤੱਕ ਵੱਧ ਸਕਦਾ ਹੈ। ਪੁਰਾਣੇ ਸਮਾਜੀ ਸਬੰਧਾਂ ਵਿੱਚ ਪੂਰੀ ਤਰ੍ਹਾਂ ਇਨਕਲਾਬ ਆ ਜਾਂਦਾ ਹੈ, ‘ਇਤਿਹਾਸ ਤੋਂ ਸੱਖਣੀਆਂ ਕੌਮਾਂ’ ਦੀ ਯੁੱਗਾਂ ਪੁਰਾਣੀ ਜ਼ਰੱਈ ਵਖਰਤ ਖ਼ਤਮ ਹੋ ਜਾਂਦੀ ਹੈ ਅਤੇ ਉਹ ਸਰਮਾਏਦਾਰ ਘੁੰਮਣ-ਘੇਰੀ ਵਿੱਚ ਖਿੱਚੀਆਂ ਜਾਂਦੀਆਂ ਹਨ। ਸਰਮਾਏਦਾਰੀ ਖ਼ੁਦ ਆਪਣੇ ਅਧੀਨ ਕੀਤਿਆਂ ਨੂੰ ਉਹਨਾਂ ਦੀ ਮੁਕਤੀ ਲਈ ਸਾਧਨ ਅਤੇ ਸੋਮੇ ਹੌਲ਼ੀ ਹੌਲ਼ੀ ਪਰਯਾਪਤ ਕਰਦੀ ਹੈ ਅਤੇ ਉਹ ਉਸ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਨਿਕਲ਼ ਟੁਰਦੇ ਹਨ ਜਿਹੜਾ ਕਦੀ ਯੂਰਪੀ ਕੌਮਾਂ ਨੂੰ ਸਰਵਉੱਚ ਨਿਸ਼ਾਨਾ ਲੱਗਦਾ ਸੀ: ਆਰਥਕ ਅਤੇ ਸੱਭਿਆਚਾਰਕ ਅਜ਼ਾਦੀ ਦੇ ਸਾਧਨ ਵਜੋਂ ਇੱਕਮੁਠ ਕੌਮੀ ਰਾਜ ਦੀ ਸਿਰਜਣਾ। ਕੌਮੀ ਅਜ਼ਾਦੀ ਲਈ ਇਹ ਲਹਿਰ ਯੂਰਪੀ ਸਰਮਾਏ ਲਈ, ਇਸ ਲਈ ਲੁੱਟ-ਚੋਂਘ ਦੇ ਸਭ ਤੋਂ ਵੱਡਮੁੱਲੇ ਅਤੇ ਸਭ ਤੋਂ ਆਸ਼ਾਜਨਕ ਖੇਤਰਾਂ ਵਿੱਚ, ਖਤਰਾ ਬਣ ਜਾਂਦੀ ਹੈ ਅਤੇ ਯੂਰਪੀ ਸਰਮਾਇਆ ਸਿਰਫ਼ ਆਪਣੀਆਂ ਫ਼ੌਜਾਂ ਵਿੱਚ ਲਗਾਤਾਰ ਵਾਧਾ ਕਰਕੇ ਹੀ ਆਪਣਾ ਗ਼ਲਬਾ ਕਾਇਮ ਰੱਖ ਸਕਦਾ ਹੈ।”*

ਇੱਥੇ ਇਸ ਗੱਲ ਦਾ ਵਾਧਾ ਕੀਤਾ ਜਾਣਾ ਚਾਹੀਦਾ ਹੈ ਕਿ ਸਿਰਫ਼ ਨਵੇਂ ਖੁੱਲ੍ਹੇ ਦੇਸ਼ਾਂ ਵਿਚ ਹੀ ਨਹੀਂ, ਸਗੋਂ ਪੁਰਾਣਿਆਂ ਵਿੱਚ ਵੀ, ਸਾਮਰਾਜਵਾਦ ਕਬਜ਼ਿਆਂ ਵੱਲ, ਵਧਦੇ ਕੌਮੀ ਜ਼ਬਰ ਵੱਲ ਅਤੇ ਇਸਦੇ ਸਿੱਟੇ ਵਜੋਂ ਵਧਦੇ ਵਿਰੋਧ ਵੱਲ ਵੀ ਲਿਜਾ ਰਹੀ ਹੈ। ਸਾਮਰਾਜਵਾਦ ਵੱਲੋਂ ਰਾਜਸੀ ਪਿਛਾਖੜ ਨੂੰ ਤੇਜ਼ ਕਰਨ ਉੱਤੇ ਇਤਰਾਜ਼ ਕਰਨ ਦੇ ਨਾਲ਼ ਨਾਲ਼, ਕਾਊਟਸਕੀ ਇਸ ਸਵਾਲ ਨੂੰ ਹਨ੍ਹੇਰੇ ਵਿੱਚ ਰਹਿਣ ਦੇਂਦਾ ਹੈ ਜਿਹੜਾ ਖ਼ਾਸ ਤੌਰ ’ਤੇ ਜ਼ਰੂਰੀ ਹੋ ਗਿਆ ਹੈ, ਅਰਥਾਤ, ਸਾਮਰਾਜਵਾਦ ਦੇ ਦੌਰ ਵਿੱਚ ਮੌਕਾਪ੍ਰਸਤਾਂ ਨਾਲ਼ ਏਕਤਾ ਦੀ ਅਸੰਭਵਤਾ। ਕਬਜ਼ਿਆਂ ਉੱਤੇ ਇਤਰਾਜ਼ ਕਰਦਿਆਂ, ਉਹ ਆਪਣੇ ਇਤਰਾਜਾਂ ਨੂੰ ਅਜਿਹੇ ਰੂਪ ਵਿੱਚ ਪੇਸ਼ ਕਰਦਾ ਹੈ ਜਿਹੜਾ ਮੌਕਾਪ੍ਰਸਤਾਂ ਲਈ ਵੱਧ ਤੋਂ ਵੱਧ ਪ੍ਰਵਾਨ ਕਰਨ ਯੋਗ ਅਤੇ ਘੱਟ ਤੋਂ ਘੱਟ ਨਾਰਾਜ਼ ਕਰਨ ਵਾਲ਼ਾ ਹੈ। ਉਹ ਜਰਮਨ ਸਰੋਤਿਆਂ ਨੂੰ ਸੰਬੋਧਨ ਕਰਦਾ ਹੈ, ਪਰ ਉਹ ਸਭ ਤੋਂ ਵੱਧ ਭੱਖਦੇ ਅਤੇ ਮਹੱਤਵਪੂਰਨ ਨੁਕਤੇ ਨੂੰ ਉਹਲੇ ਕਰ ਜਾਂਦਾ ਹੈ, ਉਦਾਹਰਣ ਵਜੋਂ, ਜਰਮਨੀ

---

* “ਵਿੱਤ ਸਰਮਾਇਆ”, ਪੰਨਾ 487।

ਵੱਲੋਂ ਅਲਸਾਸ-ਲੋਰੇਨ ਉੱਤੇ ਕਬਜ਼ਾ। ਕਾਊਟਸਕੀ ਦੀ ਇਸ "ਦਿਮਾਗੀ ਭੁੱਲ" ਦਾ ਮੁਲੰਗਣ ਕਰਨ ਲਈ, ਮੈਂ ਹੇਠਲੀ ਮਿਸਾਲ ਲਵਾਂਗਾ। ਫ਼ਰਜ਼ ਕਰੋ ਕਿ ਇੱਕ ਜਪਾਨੀ ਅਮਰੀਕਨਾਂ ਵੱਲੋਂ ਫਿਲੀਪੀਨ ਉੱਤੇ ਕਬਜ਼ੇ ਦੀ ਨਿਖੇਧੀ ਕਰਦਾ ਹੈ। ਸਵਾਲ ਇਹ ਹੈ: ਕੀ ਬਹੁਤੇ ਲੋਕ ਇਹ ਯਕੀਨ ਕਰਨਗੇ ਕਿ ਉਹ ਖ਼ੁਦ ਕਬਜ਼ਿਆਂ ਦੇ ਡਰ ਕਾਰਨ ਅਜਿਹਾ ਕਰਦਾ ਹੈ, ਨਾ ਕਿ ਇਸ ਕਾਰਨ ਕਿ ਉਹ ਖ਼ੁਦ ਫ਼ਿਲੀਪੀਨ ਉੱਤੇ ਕਬਜ਼ਾ ਕਰਨ ਦੀ ਇੱਛਾ ਰੱਖਦਾ ਹੈ? ਅਤੇ ਕੀ ਅਸੀਂ ਇਹ ਮੰਨਣ ਲਈ ਮਜ਼ਬੂਰ ਨਹੀਂ ਹੋਵਾਂਗੇ ਕਿ ਕਬਜ਼ਿਆਂ ਵਿਰੁੱਧ ਜਪਾਨੀ ਜਿਹੜੀ "ਲੜਾਈ" ਲੜ ਰਿਹਾ ਹੈ, ਉਹਨੂੰ ਸੁਹਿਰਦ ਅਤੇ ਰਾਜਸੀ ਤੌਰ 'ਤੇ ਈਮਾਨਦਾਰ ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਉਹ ਜਪਾਨ ਵੱਲੋਂ ਕੋਰੀਆ ਉੱਤੇ ਕਬਜ਼ੇ ਵਿਰੁੱਧ ਲੜਦਾ ਹੈ ਅਤੇ ਜਪਾਨ ਤੋਂ ਵੱਖ ਹੋਣ ਦੀ ਕੋਰੀਆ ਨੂੰ ਅਜ਼ਾਦੀ ਦੇਣ ਲਈ ਜ਼ੋਰ ਪਾਉਂਦਾ ਹੈ?

ਕਾਊਟਸਕੀ ਵੱਲੋਂ ਸਾਮਰਾਜਵਾਦ ਦਾ ਸਿਧਾਂਤਕ ਵਿਸ਼ਲੇਸ਼ਣ ਅਤੇ ਉਸ ਵੱਲੋਂ ਸਾਮਰਾਜਵਾਦ ਦੀ ਆਰਥਕ ਅਤੇ ਰਾਜਸੀ ਪੜਚੋਲ ਵੀ, **ਪੂਰੀ ਤਰ੍ਹਾਂ** ਅਜਿਹੀ ਭਾਵਨਾ ਨਾਲ਼ ਭਰੀ ਪਈ ਹੈ ਜਿਹੜੀ ਮਾਰਕਸਵਾਦ ਨਾਲ਼ ਪੂਰੀ ਤਰ੍ਹਾਂ ਅਣਮੇਲ ਹੈ, ਸਾਮਰਾਜਵਾਦ ਦੇ ਬੁਨਿਆਦੀ ਵਿਰੋਧਾਂ ਨੂੰ ਧੁੰਦਲਾ ਬਣਾਉਣ ਅਤੇ ਉਹਨਾਂ ਉੱਤੇ ਪੋਚਾ-ਪਾਚੀ ਕਰਨ ਦੀ ਅਤੇ ਯੂਰਪੀ ਕਿਰਤੀ ਸ਼੍ਰੇਣੀ ਲਹਿਰ ਵਿੱਚ ਮੌਕਾਪ੍ਰਸਤੀ ਨਾਲ਼ ਢਹਿ ਰਹੀ ਏਕਤਾ ਨੂੰ ਹਰ ਕੀਮਤ ਉੱਤੇ ਕਾਇਮ ਰੱਖਣ ਦੇ ਯਤਨ ਦੀ ਭਾਵਨਾ ਨਾਲ਼ ਭਰੀ ਪਈ ਹੈ।

## X. ਇਤਿਹਾਸ ਵਿੱਚ ਸਾਮਰਾਜਵਾਦ ਦਾ ਸਥਾਨ

ਅਸੀਂ ਵੇਖਿਆ ਹੈ ਕਿ ਆਪਣੇ ਆਰਥਕ ਤੱਤ ਵਿੱਚ ਸਾਮਰਾਜਵਾਦ ਅਜਾਰੇਦਾਰਾਨਾ ਸਰਮਾਏਦਾਰੀ ਹੈ। ਇਹ ਗੱਲ ਆਪਣੇ ਆਪ ਇਤਿਹਾਸ ਵਿੱਚ ਇਹਦਾ ਸਥਾਨ ਮਿੱਥਦੀ ਹੈ, ਕਿਉਂਕਿ ਅਜਾਰੇਦਾਰੀ, ਜਿਹੜੀ ਅਜ਼ਾਦ ਮੁਕਾਬਲੇ ਦੀ ਧਰਤੀ ਵਿੱਚੋਂ ਪੈਦਾ ਹੁੰਦੀ ਹੈ ਅਤੇ ਬਿਲਕੁਲ ਅਜ਼ਾਦ ਮੁਕਾਬਲੇ ਵਿੱਚੋਂ ਹੀ ਪੈਦਾ ਹੁੰਦੀ ਹੈ, ਸਰਮਾਏਦਾਰਾਨਾ ਪ੍ਰਬੰਧ ਵੱਲੋਂ ਉਚੇਰੀ ਸਮਾਜੀ-ਆਰਥਕ ਪ੍ਰਣਾਲੀ ਵੱਲ ਤਬਦੀਲੀ ਹੁੰਦੀ ਹੈ। ਸਾਨੂੰ ਅਜਾਰੇਦਾਰੀ ਦੀਆਂ ਚਾਰ ਮੁੱਖ ਕਿਸਮਾਂ ਜਾਂ ਅਜਾਰੇਦਾਰਾਨਾ ਸਰਮਾਏਦਾਰੀ ਦੇ ਮੁੱਖ ਪ੍ਰਗਟਾਅ ਖ਼ਾਸ ਤੌਰ 'ਤੇ ਧਿਆਨ ਵਿੱਚ ਰੱਖਣੇ ਚਾਹੀਦੇ ਹਨ, ਜਿਹੜੇ ਉਸ ਦੌਰ ਦਾ ਖ਼ਾਸਾ ਹਨ, ਜਿਸਦੀ ਅਸੀਂ ਪੜਤਾਲ ਕਰ ਰਹੇ ਹਾਂ।

ਪਹਿਲਾਂ, ਅਜਾਰੇਦਾਰੀ ਬੜੀ ਉੱਚੀ ਪੱਧਰ ਉੱਤੇ ਉਤਪਾਦਨ ਦੇ ਕੇਂਦਰੀਣ ਵਿੱਚੋਂ ਪੈਦਾ ਹੋਈ। ਇਹ ਹੈ—ਸਰਮਾਏਦਾਰਾਂ ਦੀਆਂ ਅਜਾਰੇਦਾਰ ਸਭਾਵਾਂ, ਕਾਰਟਲ, ਸਿੰਡੀਕੇਟ ਅਤੇ ਟਰੱਸਟ। ਅਸੀਂ ਉਸ ਮਹੱਤਵਪੂਰਨ ਰੋਲ ਨੂੰ ਵੇਖਿਆ ਹੈ ਜਿਹੜਾ ਇਹ ਅੱਜ ਦੇ ਆਰਥਕ ਜੀਵਨ ਵਿੱਚ ਅਦਾ ਕਰਦੇ ਹਨ। ਵੀਹਵੀਂ ਸਦੀ ਦੇ ਸ਼ੁਰੂ ਵਿੱਚ, ਅਜਾਰੇਦਾਰੀਆਂ ਨੇ ਉੱਨਤ ਦੇਸ਼ਾਂ ਵਿੱਚ ਪੂਰਨ ਪ੍ਰਮੁੱਖਤਾ ਪ੍ਰਾਪਤ ਕਰ ਲਈ ਸੀ ਅਤੇ ਭਾਵੇਂ ਕਾਰਟਲਾਂ ਦੇ ਬਣਨ ਵੱਲ ਪਹਿਲੇ ਕਦਮ ਉਹਨਾਂ ਦੇਸ਼ਾਂ ਵੱਲੋਂ ਚੁੱਕੇ ਗਏ ਸਨ ਜਿਹੜੇ ਉਚੇਰੇ ਚੁੰਗੀ ਮਸੂਲਾਂ ਦੀ ਰੱਖਿਆ ਮਾਣਦੇ ਸਨ (ਜਰਮਨੀ, ਅਮਰੀਕਾ), ਬਰਤਾਨੀਆ ਨੇ ਵੀ, ਆਪਣੇ ਅਜ਼ਾਦ ਵਪਾਰ ਦੀ

ਪ੍ਰਣਾਲੀ ਨਾਲ਼, ਕੁੱਝ ਸਮਾਂ ਪਿਛੋਂ ਉਸੇ ਹੀ ਬੁਨਿਆਦੀ ਵਰਤਾਰੇ ਨੂੰ ਪ੍ਰਗਟ ਕੀਤਾ, ਭਾਵ, ਉਤਪਾਦਨ ਦੇ ਕੇਂਦਰੀਣ ਵਿੱਚੋਂ ਅਜਾਰੇਦਾਰੀ ਦਾ ਜਨਮ।

ਦੂਜੀ ਗੱਲ, ਅਜਾਰੇਦਾਰੀਆਂ ਨੇ, ਖ਼ਾਸ ਤੌਰ 'ਤੇ ਸਰਮਾਏਦਾਰ ਸਮਾਜ ਦੀਆਂ ਬੁਨਿਆਦੀ ਅਤੇ ਸਭ ਤੋਂ ਵੱਧ ਕਾਰਟਲ-ਕੀਤੀਆਂ ਸਨਅਤਾਂ, ਕੋਲੇ ਅਤੇ ਲੋਹੇ ਦੀਆਂ ਸਨਅਤਾਂ, ਲਈ ਕੱਚੇ ਪਦਾਰਥਾਂ ਦੇ ਸਭ ਤੋਂ ਵੱਧ ਮਹੱਤਵਪੂਰਨ ਸੋਮਿਆਂ ਉੱਤੇ ਕਬਜ਼ਾ ਕਰਨ ਵਿੱਚ ਤੇਜ਼ੀ ਲਿਆਂਦੀ। ਕੱਚੇ ਪਦਾਰਥਾਂ ਦੇ ਸਭ ਤੋਂ ਵੱਧ ਮਹੱਤਵਪੂਰਨ ਸੋਮਿਆਂ ਦੀ ਅਜਾਰੇਦਾਰੀ ਨੇ ਵੱਡੇ ਸਰਮਾਏ ਦੀ ਤਾਕਤ ਨੂੰ ਅਥਾਹ ਤੌਰ 'ਤੇ ਵਧਾ ਦਿੱਤਾ ਹੈ ਅਤੇ ਕਾਰਟਲ-ਕੀਤੀ ਅਤੇ ਗ਼ੈਰ-ਕਾਰਟਲ-ਕੀਤੀ ਸਨਅਤ ਵਿਚਕਾਰ ਵਿਰੋਧਾਂ ਨੂੰ ਤੇਜ਼ ਕਰ ਦਿੱਤਾ ਹੈ।

ਤੀਜੀ ਗੱਲ, ਅਜਾਰੇਦਾਰੀ ਬੈਂਕਾਂ ਵਿੱਚੋਂ ਨਿਕਲੀ ਹੈ। ਬੈਂਕ ਸਧਾਰਨ ਜਿਹੀਆਂ ਵਿਚੋਲੀਆਂ ਸੰਸਥਾਵਾਂ ਤੋਂ ਵਿਕਸਿਤ ਹੋ ਕੇ ਵਿੱਤ ਸਰਮਾਏ ਦੇ ਅਜਾਰੇਦਾਰਾਂ ਵਿੱਚ ਤਬਦੀਲ ਹੋਏ ਹਨ। ਸਭ ਤੋਂ ਮੂਹਰੈਲ ਸਰਮਾਏਦਾਰ ਦੇਸ਼ਾਂ ਵਿੱਚੋ ਹਰ ਇੱਕ ਵਿੱਚ ਤਿੰਨ ਤੋਂ ਪੰਜ ਤੱਕ ਸਭ ਤੋਂ ਵੱਡੇ ਬੈਂਕਾਂ ਨੇ ਸਨਅਤ ਅਤੇ ਬੈਂਕ ਸਰਮਾਏ ਵਿਚਕਾਰ "ਨਿੱਜੀ ਜੋੜ" ਪ੍ਰਾਪਤ ਕਰ ਲਿਆ ਹੈ ਅਤੇ ਆਪਣੇ ਹੱਥਾਂ ਵਿੱਚ ਕਰੋੜਾਂ ਅਰਬਾਂ ਦੇ ਧਨ ਦਾ ਕੰਟਰੋਲ ਕੇਂਦਰਤ ਕਰ ਲਿਆ ਹੈ, ਜੋ ਕਿ ਸਮੁੱਚੇ ਦੇਸ਼ਾਂ ਦੀ ਆਮਦਨ ਅਤੇ ਸਰਮਾਏ ਦਾ ਵਧੇਰੇ ਹਿੱਸਾ ਬਣਦਾ ਹੈ। ਵਿੱਤ ਜੁੰਡੀ-ਰਾਜ, ਜਿਹੜਾ ਅੱਜ ਦੇ ਬੁਰਜੂਆ ਸਮਾਜ ਦੀਆਂ ਸਾਰੀਆਂ ਆਰਥਕ ਅਤੇ ਰਾਜਨੀਤਕ ਸੰਸਥਾਵਾਂ ਉੱਤੇ, ਬਿਨਾਂ ਕਿਸੇ ਛੋਟ ਦੇ, ਅਧੀਨਗੀ ਵਾਲ਼ੇ ਸਬੰਧਾਂ ਦਾ ਸੰਘਣਾ ਜਾਲ਼ ਸੁੱਟਦਾ ਹੈ—ਇਹੋ ਜਿਹਾ ਹੈ ਇਸ ਅਜਾਰੇਦਾਰੀ ਦਾ ਸਭ ਤੋਂ ਵੱਧ ਉਘੜਵਾਂ ਪ੍ਰਗਟਾਅ।

ਚੌਥੀ ਗੱਲ, ਅਜਾਰੇਦਾਰੀ ਬਸਤੀਵਾਦੀ ਨੀਤੀ ਵਿੱਚੋਂ ਨਿਕਲੀ ਹੈ। ਬਸਤੀਵਾਦੀ ਨੀਤੀ ਦੇ ਅਣਗਿਣਤ "ਪੁਰਾਣੇ" ਨਿਸ਼ਾਨਿਆਂ ਵਿੱਚ, ਵਿੱਤ ਸਰਮਾਏ ਨੇ ਕੱਚੇ ਪਦਾਰਥਾਂ ਦੇ ਸੋਮਿਆਂ ਲਈ, ਸਰਮਾਏ ਦੀ ਬਰਾਮਦ ਲਈ, "ਰਸੂਖ਼ਾਂ ਦੇ ਖੇਤਰਾਂ" ਆਦਿ ਲਈ, ਭਾਵ, ਲਾਭਦਾਇਕ ਸੌਦਿਆਂ, ਰਿਆਇਤਾਂ, ਅਜਾਰੇਦਾਰਾਨਾ ਨਫ਼ਿਆਂ ਆਦਿ ਲਈ ਖੇਤਰਾਂ, ਆਮ ਤੌਰ 'ਤੇ ਆਰਥਕ ਇਲਾਕੇ ਲਈ ਘੋਲ਼ ਦਾ ਵਾਧਾ ਕਰ ਦਿੱਤਾ ਹੈ। ਉਦਾਹਰਣ ਵਜੋਂ, ਜਦੋਂ ਯੂਰਪੀ ਰਾਜਾਂ ਦੀਆਂ ਬਸਤੀਆਂ ਅਫ਼ਰੀਕਾ ਦੇ ਇਲਾਕੇ ਦਾ ਦਸਵਾਂ ਹਿੱਸਾ ਸਨ (ਜਿਵੇਂ ਕਿ 1876 ਵਿੱਚ ਸੀ), ਤਾਂ ਬਸਤੀਵਾਦੀ ਨੀਤੀ ਅਜਾਰੇਦਾਰੀ ਵਾਲ਼ੇ ਢੰਗਾਂ ਨਾਲ਼ੋਂ ਵੱਖਰੇ ਢੰਗਾਂ ਨਾਲ਼ ਵਿਕਾਸ ਕਰਨ ਦੇ ਸਮਰੱਥ ਸੀ—ਜਿਵੇਂ ਕਿ ਇਹ ਕਿਹਾ ਜਾ ਸਕਦਾ ਹੈ, ਇਲਾਕਿਆਂ ਨੂੰ "ਅਜ਼ਾਦੀ ਨਾਲ਼ ਹੜੱਪਣ" ਨਾਲ਼। ਪਰ ਜਦੋਂ ਅਫ਼ਰੀਕਾ ਦੇ 9/10 ਹਿੱਸੇ ਉੱਤੇ ਕਬਜ਼ਾ ਕਰ ਲਿਆ ਗਿਆ (1900 ਤੱਕ), ਜਦੋਂ ਸਾਰੀ ਦੁਨੀਆਂ ਵੰਡੀ ਜਾ ਚੁੱਕੀ ਸੀ ਤਾਂ ਅਟੱਲ ਤੌਰ 'ਤੇ ਬਸਤੀਆਂ ਦੀ ਅਜਾਰੇਦਾਰਾਨਾ ਮਾਲਕੀ ਦਾ ਅਤੇ, ਇਹਦੇ ਸਿੱਟੇ ਵਜੋਂ, ਦੁਨੀਆਂ ਦੀ ਵੰਡ ਅਤੇ ਮੁੜ-ਵੰਡ ਲਈ ਖ਼ਾਸ ਤੌਰ 'ਤੇ ਤੀਖਣ ਘੋਲ਼ ਦਾ ਯੁੱਗ ਸ਼ੁਰੂ ਹੋ ਗਿਆ।

ਇਹ ਸਾਰੇ ਜਾਣਦੇ ਹਨ ਕਿ ਅਜਾਰੇਦਾਰਾਨਾ ਸਰਮਾਏਦਾਰੀ ਨੇ ਸਰਮਾਏਦਾਰੀ ਦੇ ਸਾਰੇ ਵਿਰੋਧਾਂ ਨੂੰ ਕਿਸ ਹੱਦ ਤੱਕ ਤੀਖਣ ਕਰ ਦਿੱਤਾ ਹੈ। ਜੀਵਨ ਦੇ ਵਧੇ ਖ਼ਰਚਾਂ ਅਤੇ ਕਾਰਟਲਾਂ ਦੇ ਜ਼ੁਲਮ ਦਾ ਜ਼ਿਕਰ ਕਰਨਾ ਹੀ ਕਾਫ਼ੀ ਹੈ। ਵਿਰੋਧਾਂ ਦਾ ਇਹ ਤੀਖਣ ਹੋਣਾ

ਇਤਿਹਾਸ ਦੇ ਅਬੂਰੀ ਦੌਰ ਦੀ ਸਭ ਤੋਂ ਵੱਧ ਸ਼ਕਤੀਸ਼ਾਲੀ ਚਾਲਕ ਸ਼ਕਤੀ ਹੈ, ਜਿਹੜਾ ਦੌਰ ਸੰਸਾਰ ਵਿੱਤ ਸਰਮਾਏ ਦੀ ਅੰਤਮ ਜਿੱਤ ਦੇ ਸਮੇਂ ਤੋਂ ਸ਼ੁਰੂ ਹੋਇਆ।

ਅਜਾਰੇਦਾਰੀਆਂ, ਜੁੰਡੀ-ਰਾਜ, ਗ਼ਲਬੇ ਲਈ, ਨਾ ਕਿ ਅਜ਼ਾਦੀ ਲਈ ਯਤਨ, ਮੁੱਠੀ ਭਰ ਸਭ ਤੋਂ ਵੱਧ ਅਮੀਰ ਅਤੇ ਸਭ ਤੋਂ ਵੱਧ ਸ਼ਕਤੀਸ਼ਾਲੀ ਕੌਮਾਂ ਵੱਲੋਂ ਵਧਦੀ ਗਿਣਤੀ ਵਿੱਚ ਛੋਟੀਆਂ ਅਤੇ ਕਮਜ਼ੋਰ ਕੌਮਾਂ ਦੀ ਲੁੱਟ-ਚੋਂਘ—ਇਹਨਾਂ ਸਾਰੀਆਂ ਗੱਲਾਂ ਨੇ ਸਾਮਰਾਜਵਾਦ ਦੇ ਉਹਨਾਂ ਵਿਸ਼ੇਸ਼ ਖ਼ਾਸਿਆਂ ਨੂੰ ਜਨਮ ਦਿੱਤਾ ਹੈ, ਜਿਹੜੇ ਸਾਨੂੰ ਮਜ਼ਬੂਰ ਕਰਦੇ ਹਨ ਕਿ ਇਹਦੀ ਪਰਜੀਵੀ ਜਾਂ ਪਤਨ ਵੱਲ ਜਾ ਰਹੀ ਸਰਮਾਏਦਾਰੀ ਵਜੋਂ ਪਰਿਭਾਸ਼ਾ ਕਰੀਏ। ਸਾਮਰਾਜਵਾਦ ਦੇ ਝੁਕਾਵਾਂ ਵਿੱਚੋਂ ਇੱਕ ਵਜੋਂ, "ਲਾਭੰਸ਼ਾਂ ਸਹਾਰੇ ਜਿਊਣ ਵਾਲ਼ੇ ਰਾਜ," ਸੂਦਖ਼ੋਰ ਰਾਜ, ਦੀ ਸਿਰਜਣਾ ਦਿਨੋ ਦਿਨ ਵਧੇਰੇ ਉੱਘੜਵੀਂ ਤਰ੍ਹਾਂ ਸਾਹਮਣੇ ਆਉਂਦੀ ਹੈ, ਜਿਸ ਵਿੱਚ ਬੁਰਜੂਆਜ਼ੀ ਸਦਾ ਵਧਦੀ ਹੱਦ ਤੱਕ ਸਰਮਾਏ ਦੀ ਬਰਾਮਦ ਤੋਂ ਹੁੰਦੀ ਆਮਦਨ ਤੇ "ਪਰਚੀਆਂ ਪਾੜ ਕੇ" ਜਿਊਂਦੀ ਹੈ। ਇਹ ਸੋਚਣਾ ਭੁੱਲ ਹੋਵੇਗੀ, ਕਿ ਪਤਨ ਦਾ ਇਹ ਝੁਕਾਅ ਸਰਮਾਏਦਾਰੀ ਦੇ ਤੇਜ਼ ਵਾਧੇ ਨੂੰ ਰੋਕ ਦੇਂਦਾ ਹੈ। ਇਹ ਨਹੀਂ ਰੋਕਦਾ। ਸਾਮਰਾਜਵਾਦ ਦੇ ਯੁੱਗ ਵਿੱਚ, ਸਨਅਤ ਦੀਆਂ ਕੁਝ ਸ਼ਾਖਾਂ ਬੁਰਜੂਆਜ਼ੀ ਦੇ ਕੁਝ ਵਰਗ ਤੇ ਕੁਝ ਦੇਸ਼, ਘੱਟ ਜਾਂ ਵੱਧ ਹੱਦ ਤੱਕ, ਇਹਨਾਂ ਝੁਕਾਆਂ ਵਿੱਚੋਂ ਕਦੀ ਇੱਕ ਅਤੇ ਕਦੇ ਦੂਜੇ ਨੂੰ ਪ੍ਰਗਟ ਕਰਦੇ ਹਨ। ਸਮੁੱਚੇ ਤੌਰ 'ਤੇ, ਸਰਮਾਏਦਾਰੀ ਪਹਿਲਾਂ ਨਾਲ਼ੋਂ ਕਿਤੇ ਵਧੇਰੀ ਤੇਜ਼ੀ ਨਾਲ਼ ਵੱਧ ਰਹੀ ਹੈ; ਪਰ ਇਹ ਵਾਧਾ ਆਮ ਤੌਰ 'ਤੇ ਨਾ ਸਿਰਫ਼ ਦਿਨੋਂ-ਦਿਨ ਵਧੇਰੇ ਅਸਾਵਾਂ ਹੀ ਹੁੰਦਾ ਜਾ ਰਿਹਾ ਹੈ, ਸਗੋਂ ਇਹਦਾ ਅਸਾਵਾਂਪਨ ਖ਼ਾਸ ਤੌਰ 'ਤੇ ਉਹਨਾਂ ਦੇਸ਼ਾਂ ਦੇ ਪਤਨ ਵਿੱਚ ਪ੍ਰਗਟ ਹੁੰਦਾ ਹੈ ਜਿਹੜੇ ਸਰਮਾਏ ਵਿੱਚ ਸਭ ਤੋਂ ਅਮੀਰ ਹਨ (ਬਰਤਾਨੀਆ।)

ਜਰਮਨੀ ਦੇ ਆਰਥਿਕ ਵਿਕਾਸ ਦੀ ਤੇਜ਼ੀ ਦੇ ਸਬੰਧ ਵਿੱਚ, ਵੱਡੇ ਜਰਮਨ ਬੈਂਕਾਂ ਬਾਰੇ ਕਿਤਾਬ ਦਾ ਲੇਖਕ, ਰੀਸਰ, ਲਿਖਦਾ ਹੈ: "ਪਿਛਲੇ ਦੌਰ (1848-70) ਦੀ ਉੱਨਤੀ, ਜਿਹੜੀ ਕਿਸੇ ਤਰ੍ਹਾਂ ਵੀ ਧੀਮੀ ਨਹੀਂ ਸੀ, ਉਸ ਤੇਜ਼ੀ ਦੇ ਮੁਕਾਬਲੇ ਵਿੱਚ, ਜਿਸ ਤੇਜ਼ੀ ਨਾਲ਼ ਸਮੁੱਚੇ ਜਰਮਨੀ ਦੀ ਕੌਮੀ ਆਰਥਿਕਤਾ ਅਤੇ ਇਹਦੇ ਨਾਲ਼ ਜਰਮਨ ਬੈਂਕਿੰਗ, ਨੇ ਇਸ ਦੌਰ (1870-1905) ਵਿੱਚ ਉੱਨਤੀ ਕੀਤੀ ਹੈ, ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਪੁਰਾਣੇ ਜ਼ਮਾਨਿਆਂ ਦੀ ਡਾਕ-ਬੱਗੀ ਦੇ ਮੁਕਾਬਲੇ ਉੱਤੇ ਅੱਜ ਦੀ ਮੋਟਰ ਕਾਰ ਦੀ ਰਫ਼ਤਾਰ ਹੋਵੇ, ...ਜਿਹੜੀ ਕੋਲ਼ੋਂ ਦੀ ਘੂਕਦੀ ਹੋਈ ਇੰਨੀ ਤੇਜ਼ੀ ਨਾਲ਼ ਲੰਘ ਜਾਂਦੀ ਹੈ ਕਿ ਇਹ ਨਾ ਸਿਰਫ਼ ਆਪਣੇ ਰਾਹ ਵਿੱਚ ਆਉਂਦੇ ਲਾਪਰਵਾਹ ਪੈਦਲ ਜਾਣ ਵਾਲ਼ਿਆਂ ਨੂੰ ਹੀ, ਸਗੋਂ ਕਾਰ ਦੀਆਂ ਸਵਾਰੀਆਂ ਨੂੰ ਵੀ ਖ਼ਤਰੇ ਵਿੱਚ ਪਾ ਦਿੰਦੀ ਹੈ।" ਆਪਣੀ ਥਾਂ, ਇਹ ਵਿੱਤ ਸਰਮਾਇਆ, ਜਿਹੜੀ ਇੰਨੀ ਅਸਾਧਾਰਨ ਤੇਜ਼ੀ ਨਾਲ਼ ਵਧਿਆ ਹੈ, ਬਿਲਕੁਲ ਇਸੇ ਕਾਰਨ ਹੀ ਕਿ ਇਹ ਇੰਨੀ ਤੇਜ਼ੀ ਨਾਲ਼ ਵਧਿਆ ਹੈ, ਉਹਨਾਂ ਬਸਤੀਆਂ ਦੀ, ਜਿਨ੍ਹਾਂ ਨੂੰ ਵਧੇਰੇ ਅਮੀਰ ਕੌਮਾਂ ਕੋਲ਼ੋਂ ਹਥਿਆਇਆ ਜਾਣਾ ਹੈ—ਅਤੇ ਸਿਰਫ਼ ਅਮਨ-ਭਰੇ ਢੰਗਾਂ ਰਾਹੀ ਹੀ ਨਹੀਂ—ਵਧੇਰੇ, "ਸ਼ਾਂਤ" ਮਾਲਕੀ ਵੱਲ ਜਾਣ ਲਈ ਰਜ਼ਾਮੰਦ ਹੈ। ਅਮਰੀਕਾ ਵਿੱਚ, ਪਿਛਲੇ ਦਹਾਕਿਆਂ ਵਿੱਚ ਆਰਥਕ ਵਿਕਾਸ ਜਰਮਨੀ ਨਾਲ਼ੋਂ ਵਧੇਰੇ ਤੇਜ਼ ਰਿਹਾ ਹੈ ਤੇ ਇਸੇ ਕਾਰਨ ਹੀ, ਨਵੀਨ ਅਮਰੀਕੀ

ਸਰਮਾਏਦਾਰੀ ਦੇ ਪਰਜੀਵੀ ਲੱਛਣ ਖ਼ਾਸ ਤੌਰ ’ਤੇ ਉੱਘੜਵੀਂ ਤਰ੍ਹਾਂ ਸਾਹਮਣੇ ਆਏ ਹਨ। ਦੂਜੇ ਹੱਥ, ਉਦਾਹਰਣ ਵਜੋਂ, ਜਮਹੂਰੀ ਅਮਰੀਕੀ ਬੁਰਜੂਆਜ਼ੀ ਦਾ ਬਾਦਸ਼ਾਹੀ ਵਾਲ਼ੀ ਜਪਾਨੀ ਜਾਂ ਜਰਮਨ ਬੁਰਜੂਆਜ਼ੀ ਨਾਲ਼ ਮੁਕਾਬਲਾ ਦਰਸਾਉਂਦਾ ਹੈ ਕਿ ਸਾਮਰਾਜਵਾਦ ਦੇ ਦੌਰ ਵਿੱਚ ਸਭ ਤੋਂ ਵੱਧ ਉੱਘੜਵਾਂ ਰਾਜਨੀਤਕ ਨਿਖੇੜ, ਅਥਾਹ ਹੱਦ ਤੱਕ ਘਟ ਜਾਂਦਾ ਹੈ—ਇਸ ਲਈ ਨਹੀਂ ਕਿ ਇਹ ਆਮ ਤੌਰ ’ਤੇ ਗੈਰ ਮਹੱਤਵਪੂਰਨ ਹੈ, ਸਗੋਂ ਇਸ ਲਈ ਕਿ ਇਹਨਾਂ ਸਾਰੀਆਂ ਹਾਲਤਾਂ ਵਿੱਚ ਅਸੀਂ ਅਜਿਹੀ ਬੁਰਜੂਆਜ਼ੀ ਦੀ ਗੱਲ ਕਰ ਰਹੇ ਹਾਂ, ਜਿਹੜੀ ਪਰਜੀਵੀਪੁਣੇ ਦੇ ਨਿਸ਼ਚਿਤ ਲੱਛਣ ਰੱਖਦੀ ਹੈ।

ਸਨਅਤ ਦੀਆਂ ਬਹੁਤ ਸਾਰੀਆਂ ਸ਼ਾਖਾਂ ਵਿੱਚੋਂ ਇੱਕ ਵਿੱਚ, ਬਹੁਤ ਸਾਰੇ ਦੇਸ਼ਾਂ ਵਿੱਚੋਂ ਇੱਕ ਵਿੱਚ, ਆਦਿ, ਸਰਮਾਏਦਾਰਾਂ ਵੱਲੋਂ ਉੱਚੇ ਅਜਾਰੇਦਾਰ ਨਫ਼ੇ ਪ੍ਰਾਪਤ ਕਰਨਾ ਉਹਨਾਂ ਲਈ ਆਰਥਿਕ ਤੌਰ ’ਤੇ ਸੰਭਵ ਬਣਾ ਦਿੰਦਾ ਹੈ ਕਿ ਕਿਰਤੀਆਂ ਦੇ ਇੱਕ ਖ਼ਾਸ ਹਿੱਸੇ ਨੂੰ ਤੇ ਕੁਝ ਸਮੇਂ ਲਈ ਉਹਨਾਂ ਦੀ ਕਾਫ਼ੀ ਵੱਡੀ ਘੱਟ ਗਿਣਤੀ ਨੂੰ, ਰਿਸ਼ਵਤ ਦੇ ਸਕਣ ਤੇ ਉਹਨਾਂ ਨੂੰ ਬਾਕੀ ਸਾਰਿਆਂ ਵਿਰੁੱਧ ਵਿਸ਼ੇਸ਼ ਸਨਅਤ ਜਾਂ ਵਿਸ਼ੇਸ਼ ਕੌਮ ਦੀ ਬੁਰਜੂਆਜ਼ੀ ਦੇ ਪਾਸੇ ਖਿੱਚ ਸਕਣ। ਦੁਨੀਆ ਦੀ ਵੰਡ ਲਈ ਸਾਮਰਾਜੀ ਕੌਮਾਂ ਵਿਚਕਾਰ ਵਿਰੋਧਾਂ ਦਾ ਤੇਜ਼ ਹੋਣਾ ਇਸ ਲਾਲਸਾ ਨੂੰ ਵਧਾ ਦਿੰਦਾ ਹੈ ਅਤੇ ਇਉਂ ਸਾਮਰਾਜਵਾਦ ਤੇ ਮੌਕਾਪ੍ਰਸਤੀ ਵਿਚਕਾਰ ਉਹ ਸਬੰਧ ਪੈਦਾ ਹੋ ਜਾਂਦਾ ਹੈ, ਜਿਹੜਾ ਸਭ ਤੋਂ ਪਹਿਲਾਂ ਅਤੇ ਸਭ ਤੋਂ ਸਪੱਸ਼ਟ ਤਰ੍ਹਾਂ ਬਰਤਾਨੀਆ ਵਿੱਚ ਪ੍ਰਗਟ ਹੋਇਆ ਸੀ, ਜਿਸਦਾ ਕਾਰਨ ਇਹ ਤੱਥ ਸੀ ਕਿ ਸਾਮਰਾਜੀ ਵਿਕਾਸ ਦੇ ਕੁਝ ਲੱਛਣ ਉੱਥੇ ਦੂਜੇ ਦੇਸ਼ਾਂ ਨਾਲ਼ੋਂ ਕਿਤੇ ਪਹਿਲਾਂ ਦੇਖੇ ਜਾ ਸਕਦੇ ਸਨ। ਕੁਝ ਲੇਖਕ, ਉਦਾਹਰਣ ਵਜੋਂ ਲ. ਮਾਰਤੋਵ, “ਸਰਕਾਰੀ ਆਸ਼ਾਵਾਦ” (ਕਾਊਟਸਕੀ ਅਤੇ ਹਿਊਸਮਾਨਸ ਦੇ ਅੰਦਾਜ਼ ਵਿੱਚ) ਦਾ ਆਸਰਾ ਲੈਂਦਿਆਂ ਸਾਮਰਾਜਵਾਦ ਅਤੇ ਕਿਰਤੀ ਸ਼੍ਰੇਣੀ ਲਹਿਰ ਵਿੱਚ ਮੌਕਾਪ੍ਰਸਤੀ—ਜੋ ਕਿ ਅੱਜ ਖ਼ਾਸ ਤੌਰ ’ਤੇ ਉੱਘੜਵੀਂ ਹਕੀਕਤ ਹੈ—ਵਿਚਕਾਰ ਸਬੰਧ ਨੂੰ ਇਸ ਤਰ੍ਹਾਂ ਨਾਲ਼ ਹੂੰਝ ਕੇ ਲਾਂਭੇ ਰੱਖ ਦੇਣ ਦੀ ਰੁਚੀ ਰੱਖਦੇ ਹਨ: ਸਰਮਾਏਦਾਰੀ ਦੇ ਵਿਰੋਧੀਆਂ ਦਾ ਕਾਜ ਨਿਰਾਸ਼ਾਜਨਕ ਹੁੰਦਾ ਜੇ ਅੱਗੇ-ਵਧੂ ਸਰਮਾਏਦਾਰੀ ਹੁੰਦੀ, ਜਿਹੜੀ ਮੌਕਾਪ੍ਰਸਤੀ ਦੇ ਵਾਧੇ ਵੱਲ ਲੈ ਜਾ ਰਹੀ ਹੁੰਦੀ, ਜਾਂ, ਜੇ ਸਭ ਤੋਂ ਵੱਧ ਤਨਖਾਹ ਲੈਂਦੇ ਮਜ਼ਦੂਰ ਹੁੰਦੇ ਜਿਹੜੇ ਮੌਕਪ੍ਰਸਤੀ ਵੱਲ ਝੁਕੇ ਹੁੰਦੇ ਆਦਿ। ਇਸ ਤਰ੍ਹਾਂ ਦੇ “ਆਸ਼ਾਵਾਦ” ਬਾਰੇ ਸਾਨੂੰ ਕੋਈ ਭੁਲੇਖੇ ਨਹੀਂ ਹੋਣੇ ਚਾਹੀਦੇ। ਇਹ ਮੌਕਾਪ੍ਰਸਤੀ ਸਬੰਧੀ ਆਸ਼ਾਵਾਦ ਹੈ; ਇਹ ਅਜਿਹਾ ਆਸ਼ਾਵਾਦ ਹੈ ਜਿਹੜਾ ਮੌਕਾਪ੍ਰਸਤੀ ਨੂੰ ਲੁਕਾਉਣ ਦੇ ਕੰਮ ਆਉਂਦਾ ਹੈ। ਯਥਾਰਥ ਵਿੱਚ ਮੌਕਾਪ੍ਰਸਤੀ ਦੇ ਵਿਕਾਸ ਦੀ ਅਸਾਧਾਰਨ ਤੇਜ਼ੀ ਤੇ ਇਹਦਾ ਖ਼ਾਸ ਤੌਰ ’ਤੇ ਘ੍ਰਿਣਤ ਖ਼ਾਸਾ ਕਿਸੇ ਤਰ੍ਹਾਂ ਵੀ ਇਸ ਗੱਲ ਦੀ ਜ਼ਮਾਨਤ ਨਹੀਂ ਕਿ ਇਹਦੀ ਜਿੱਤ ਪੱਕੀ ਹੋਵੇਗੀ: ਸਿਹਤਮੰਦ ਦੇਹ ਉੱਤੇ ਦੁਖਦਾਈ ਫ਼ੋੜੇ ਦਾ ਤੇਜ਼ ਵਾਧਾ ਇਹਦੇ ਵਧੇਰੇ ਤੇਜ਼ੀ ਨਾਲ਼ ਫ਼ਟਣ ਦਾ ਤੇ ਇਉਂ ਦੇਹ ਦਾ ਇਸ ਤੋਂ ਛੁਟਕਾਰਾ ਕਰਾਉਣ ਦਾ ਕਾਰਨ ਹੀ ਬਣ ਸਕਦਾ ਹੈ। ਇਸ ਪੱਖੋਂ ਸਭ ਤੋਂ ਖ਼ਤਰਨਾਕ ਉਹ ਲੋਕ ਹਨ ਜਿਹੜੇ ਇਹ ਨਹੀਂ ਸਮਝਣਾ ਚਾਹੁੰਦੇ ਇਹ ਸਾਮਰਾਜਵਾਦ ਵਿਰੁੱਧ ਲੜਾਈ ਉਦੋਂ ਤੱਕ ਢੋਂਗ ਅਤੇ ਧੋਖਾ ਜਦੋਂ ਤੱਕ ਕਿ ਇਹਨੂੰ ਅਨਿਖੜਵੇਂ ਤੌਰ ’ਤੇ ਮੌਕਾਪ੍ਰਸਤੀ

ਵਿਰੁੱਧ ਲੜਾਈ ਨਾਲ਼ ਨਹੀਂ ਜੋੜਿਆ ਜਾਂਦਾ।

ਸਾਮਰਾਜਵਾਦ ਦੇ ਆਰਥਕ ਤੱਤ ਬਾਰੇ ਇਸ ਪੁਸਤਕ ਵਿੱਚ ਜੋ ਕੁਝ ਕਿਹਾ ਗਿਆ ਹੈ, ਉਸ ਤੋਂ ਇਹ ਸਿੱਟਾ ਨਿਕਲ਼ਦਾ ਹੈ ਕਿ ਸਾਨੂੰ ਇਹਦੇ ਲਈ ਬਦਲ ਰਹੀ ਸਰਮਾਏਦਾਰੀ ਜਾਂ, ਵਧੇਰੇ ਠੀਕ ਹੋਵੇਗਾ, ਮਰਨ-ਮਰਾਂਦ ਸਰਮਾਏਦਾਰੀ ਦੀ ਇਸਤਲਾਹ ਵਰਤਣੀ ਚਾਹੀਦੀ ਹੈ। ਇਸ ਪੱਖੋਂ ਇਸ ਗੱਲ ਵੱਲ ਧਿਆਨ ਦੇਣਾ ਬੜਾ ਸਿੱਖਿਆਦਾਇਕ ਹੈ ਕਿ ਬੁਰਜੂਆ ਅਰਥ-ਸ਼ਾਸਤਰੀ, ਨਵੀਨ ਸਰਮਾਏਦਾਰੀ ਦਾ ਵਰਨਣ ਕਰਦਿਆਂ, ਅਕਸਰ ਹੀ, "ਅੰਤਰ-ਸਬੰਧ", "ਨਿੱਖੜੇ ਹੋਣ ਦੀ ਅਣਹੋਂਦ" ਆਦਿ ਜਿਹੇ ਰਸਮੀ ਬੋਲੇ ਜਾਂ ਵਾਕੰਸ਼ ਵਰਤਦੇ ਹਨ; "ਆਪਣੇ ਕਾਰਜਾਂ ਦੇ ਵਿਕਾਸ ਦੇ ਰਸਤੇ ਦੇ ਮੁਤਾਬਕ", ਬੈਂਕ "ਨਿਰੋਲ ਨਿੱਜੀ ਵਪਾਰਕ ਸੰਸਥਾਵਾਂ ਨਹੀਂ, ਉਹ ਦਿਨੋ ਦਿਨ ਵਧੇਰੇ ਨਿਰੋਲ ਨਿੱਜੀ ਕਾਰੋਬਾਰੀ ਕੰਟਰੋਲ ਦੇ ਘੇਰੇ ਵਿੱਚੋਂ ਨਿਕਲ਼ਦੇ ਜਾ ਰਹੇ ਹਨ" ਤੇ ਇਹੋ ਹੀ ਰੀਸੇਰ, ਜਿਸਦੇ ਸ਼ਬਦਾਂ ਦਾ ਮੈਂ ਹੁਣ ਹਵਾਲਾ ਦਿੱਤਾ ਹੈ, ਪੂਰੀ ਗੰਭੀਰਤਾ ਨਾਲ਼ ਐਲਾਨ ਕਰਦਾ ਹਾਂ ਕਿ, "ਸਮਾਜੀਕਰਨ" ਸਬੰਧੀ ਮਾਰਕਸਵਾਦੀਆਂ ਦੀ "ਭਵਿੱਖਵਾਣੀ" "ਸੱਚੀ ਸਾਬਤ ਨਹੀਂ ਹੋਈ"!

ਇਹ ਰਸਮੀ ਬੋਲਾ, "ਅੰਤਰ-ਸਬੰਧ" ਕੀ ਪ੍ਰਗਟ ਕਰਦਾ ਹੈ ? ਇਹ ਕੇਵਲ ਸਾਡੀਆਂ ਅੱਖਾਂ ਸਾਹਮਣੇ ਵਾਪਰ ਰਹੇ ਅਮਲ ਦਾ ਸਭ ਤੋਂ ਉੱਘੜਵਾਂ ਲੱਛਣ ਪ੍ਰਗਟ ਕਰਦਾ ਹੈ। ਇਹ ਦੱਸਦਾ ਹੈ ਕਿ ਦਰਸ਼ਕ ਵੱਖੋ-ਵੱਖ ਰੁੱਖ ਗਿਣਦਾ ਹੈ, ਪਰ ਜੰਗਲ ਨਹੀਂ ਵੇਖ ਸਕਦਾ। ਇਹ ਗ਼ੁਲਾਮਾਨਾ ਢੰਗ ਨਾਲ਼ ਉਸ ਗੱਲ ਦੀ ਨਕਲ ਕਰਦਾ ਹੈ ਜੋ ਸਤਹੀ, ਸਬੱਬੀ, ਗੜਬੜ ਭਰੀ ਹੈ। ਇਹ ਅਜਿਹੇ ਦਰਸ਼ਕ ਨੂੰ ਸਾਹਮਣੇ ਲਿਆਉਂਦਾ ਹੈ, ਜਿਹੜਾ ਕੱਚੇ ਪਦਾਰਥ ਦੇ ਢੇਰ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋ ਜਾਂਦਾ ਹੈ ਤੇ ਇਹਦੇ ਅਰਥ ਅਤੇ ਮਹੱਤਤਾ ਦਾ ਮੁੱਲ ਪਾਉਣ ਤੋਂ ਬਿਲਕੁਲ ਅਸਮਰੱਥ ਹੈ। ਹਿੱਸਿਆਂ ਦੀ ਮਾਲਕੀ, ਨਿੱਜੀ ਜਾਇਦਾਦ ਦੇ ਮਾਲਕਾਂ ਵਿਚਕਾਰ ਰਿਸ਼ਤੇ "ਉੱਘੜੇ-ਦੁਘੜੇ ਢੰਗ ਨਾਲ਼ ਅੰਤਰ-ਸਬੰਧਤ ਹੋ ਜਾਂਦੇ ਹਨ।" ਪਰ ਇਸ ਅੰਤਰ-ਸਬੰਧ ਦੇ ਹੇਠਾਂ, ਇਹਦੀ ਬਿਲਕੁਲ ਬੁਨਿਆਦ ਵਿੱਚ, ਉਤਪਾਦਨ ਦੇ ਬਦਲਦੇ ਸਮਾਜਿਕ ਸਬੰਧ ਹਨ। ਜਦੋਂ ਕੋਈ ਵੱਡੀ ਸੰਸਥਾ ਧੜਵੈਲ ਅਕਾਰ ਧਾਰਨ ਕਰ ਲੈਂਦੀ ਹੈ ਤੇ, ਵਿਸ਼ਾਲ ਅੰਕੜਿਆਂ ਦੇ ਠੀਕ-ਠੀਕ ਹਿਸਾਬ-ਕਿਤਾਬ ਦੇ ਅਧਾਰ ਉੱਤੇ, ਪਲਾਨ ਅਨੁਸਾਰ ਉਸ ਸਾਰੇ ਕੁਝ ਦੇ, ਜੋ ਕੁਝ ਕਰੋੜਾਂ ਲੋਕਾਂ ਲਈ ਜ਼ਰੂਰੀ ਹੈ, ਦੋ-ਤਿਹਾਈ ਜਾਂ ਤਿੰਨ-ਚੌਥਾਈ ਦੀ ਹੱਦ ਤੱਕ ਮੁੱਢਲੇ ਕੱਚੇ ਪਦਾਰਥਾਂ ਦੀ ਸਪਲਾਈ ਨੂੰ ਜਥੇਬੰਦ ਕਰਦੀ ਹੈ; ਜਦੋਂ ਕੱਚੇ ਪਦਾਰਥਾਂ ਨੂੰ ਬਕਾਇਦਾ ਤੇ ਜਥੇਬੰਦ ਢੰਗ ਨਾਲ਼ ਉਤਪਾਦਨ ਦੀਆਂ ਸਭ ਤੋਂ ਵੱਧ ਢੁਕਵੀਆਂ ਥਾਵਾਂ ਤੱਕ ਪਹੁੰਚਾਇਆ ਜਾਂਦਾ ਹੈ, ਜਿਹੜੀਆਂ ਕਿ ਕਈ ਵਾਰ ਇੱਕ ਦੂਜੀ ਤੋਂ ਸੈਂਕੜੇ ਜਾਂ ਹਜ਼ਾਰਾਂ ਮੀਲ ਦੂਰ ਹੁੰਦੀਆਂ ਹਨ; ਜਦੋਂ ਇੱਕੋ ਇੱਕ ਕੇਂਦਰ ਤਿਆਰ ਵਸਤਾਂ ਦੀਆਂ ਅਣਗਿਣਤ ਵੰਨਗੀਆਂ ਨੂੰ ਬਣਾਉਣ ਤੱਕ ਪਦਾਰਥ ਨੂੰ ਵਰਤਣ ਦੇ ਸਾਰੇ ਸਿਲਸਿਲੇਵਾਰ ਪੜਾਵਾਂ ਦਾ ਨਿਰਦੇਸ਼ਨ ਕਰਦਾ ਹੈ; ਜਦੋਂ ਇਹਨਾਂ ਉਪਜਾਂ ਨੂੰ ਕਰੋੜਾਂ ਖਪਤਕਾਰਾਂ ਵਿੱਚੋਂ ਇੱਕੋ ਇੱਕ ਪਲਾਨ ਅਨੁਸਾਰ ਵੰਡਿਆ ਜਾਂਦਾ ਹੈ (ਅਮਰੀਕੀ ਤੇਲ ਟਰੱਸਟਾਂ ਵੱਲੋਂ, ਅਮਰੀਕਾ ਅਤੇ ਜਰਮਨੀ ਵਿੱਚ ਤੇਲ ਵੇਚਣਾ) ਤਾਂ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਸਾਡੇ ਸਾਹਮਣੇ ਕੇਵਲ

"ਅੰਤਰ-ਸਬੰਧ" ਨਹੀਂ ਹੁੰਦੇ, ਸਗੋਂ ਉਤਪਾਦਨ ਦਾ ਸਮਾਜੀਕਰਨ ਹੁੰਦਾ ਹੈ; ਕਿ ਨਿੱਜੀ ਆਰਥਕ ਅਤੇ ਨਿੱਜੀ ਸੰਪੱਤੀ ਸਬੰਧ ਅਜਿਹੇ ਖੋਲ ਬਣ ਜਾਂਦੇ ਹਨ ਜਿਹੜਾ ਹੁਣ ਇਹਦੇ ਤੱਤ ਦੇ ਅਨੁਕੂਲ ਨਹੀਂ ਰਹਿੰਦਾ, ਅਜਿਹਾ ਖੋਲ ਜਿਸਦਾ ਪਤਨ ਹੋਣਾ ਅਟੱਲ ਹੈ, ਜੇ ਇਹਨੂੰ ਹਟਾਉਣਾ ਬਣਾਵਟੀ ਤੌਰ 'ਤੇ ਪਿੱਛੇ ਪਾ ਦਿੱਤਾ ਜਾਂਦਾ ਹੈ, ਅਜਿਹਾ ਖ਼ੋਲ ਜਿਹੜਾ ਕਾਫ਼ੀ ਜ਼ਿਆਦਾ ਸਮੇਂ ਤੱਕ ਪਤਨ ਦੀ ਅਵਸਥਾ ਵਿੱਚ ਰਹਿ ਸਕਦਾ ਹੈ (ਜੇ, ਭੈੜੀ ਤੋਂ ਭੈੜੀ ਹਾਲਤ ਵਿੱਚ, ਮੌਕਾਪ੍ਰਸਤ ਫ਼ੋੜੇ ਦਾ ਇਲਾਜ ਲਮਕ ਜਾਂਦਾ ਹੈ) ਜਿਹੜਾ ਅਟੱਲ ਤੌਰ 'ਤੇ ਹਟਾ ਦਿੱਤਾ ਜਾਵੇਗਾ।

ਜਰਮਨ ਸਾਮਰਾਜਵਾਦ ਦਾ ਉਤਸ਼ਾਹੀ ਪ੍ਰਸ਼ੰਸਕ, ਸੁਲਜੇ-ਗੀਵੇਰਨੀਤਜ ਕਹਿ ਉੱਠਦਾ ਹੈ:

"ਜਦੋਂ ਇੱਕ ਵਾਰ ਜਰਮਨ ਬੈਂਕਾਂ ਦਾ ਸਰਵਉੱਚ ਪ੍ਰਬੰਧ ਦਰਜਨ ਕੁ ਬੰਦਿਆਂ ਦੇ ਹੱਥਾਂ ਵਿੱਚ ਸੌਂਪ ਦਿੱਤਾ ਗਿਆ ਹੈ, ਤਾਂ ਉਹਨਾਂ ਦੀ ਸਰਗਰਮੀ ਅੱਜ ਵੀ ਜਨਤਕ ਭਲਾਈ ਲਈ ਰਾਜ ਦੇ ਮੰਤਰੀਆਂ ਦੀ ਬਹੁ-ਗਿਣਤੀ ਦੀ ਸਰਗਰਮੀ ਨਾਲ਼ੋਂ ਵਧੇਰੇ ਮਹੱਤਵਪੂਰਨ ਹੈ। ...(ਬੈਂਕਰਾਂ, ਮੰਤਰੀਆਂ, ਸਨਅਤ ਦੇ ਵਡਿਕਿਆਂ ਦੇ ਲਾਭੰਸ਼ਾਂ ਸਹਾਰੇ ਜਿਉਣ ਵਾਲ਼ਿਆਂ ਦੇ "ਅੰਤਰ-ਸਬੰਧ" ਨੂੰ ਇੱਥੇ ਸੌਖੀ ਤਰ੍ਹਾਂ ਭੁਲਾ ਦਿੱਤਾ ਗਿਆ ਹੈ) ਜੇ ਅਸੀਂ ਉਹਨਾਂ ਝੁਕਾਵਾਂ ਦੇ ਵਿਕਾਸ ਨੂੰ, ਜਿਹਨਾਂ ਵੱਲ ਅਸੀਂ ਧਿਆਨ ਦਿਵਾਇਆ ਹੈ, ਉਹਨਾਂ ਦੇ ਮੰਤਕੀ ਸਿੱਟੇ ਤੱਕ ਲਿਜਾਏ ਜਾਣ ਦੀ ਕਲਪਨਾ ਕਰੀਏ, ਤਾਂ ਸਾਡੇ ਕੋਲ਼ ਇਹ ਕੁਝ ਹੋਵੇਗਾ: ਬੈਕਾਂ ਵਿੱਚ ਇੱਕਠਾ ਹੋਇਆ-ਹੋਇਆ ਕੌਮ ਦਾ ਮੁਦਰਾ ਸਰਮਾਇਆ; ਬੈਂਕ ਆਪ ਕਾਰਟਲਾਂ ਵਿੱਚ ਇਕੱਠੇ ਹੋਏ; ਕੌਮ ਦਾ ਲਾਇਆ ਹੋਇਆ ਸਰਮਾਇਆ ਹਿੱਸਾ ਹੁੰਡੀਆਂ ਦੇ ਰੂਪ ਵਿੱਚ ਢਲ਼ਿਆ ਹੋਇਆ। ਫਿਰ ਉਸ ਪ੍ਰਤਿਭਾਵਾਨ ਪੁਰਸ਼ ਸੇਂਟ-ਸੀਮੋਂ ਦੀ ਭਵਿੱਖਵਾਣੀ ਪੂਰੀ ਹੋ ਜਾਵੇਗੀ।"ਉਤਪਾਦਨ ਦੀ ਮੌਜੂਦਾ ਅਰਾਜਕਤਾ ਨੂੰ, ਜਿਹੜੀ ਇਸ ਤੱਥ ਨਾਲ਼ ਮੇਲ ਖਾਂਦੀ ਹੈ ਕਿ ਆਰਥਕ ਸਬੰਧ ਬਿਨਾਂ ਇੱਕਰੂਪ ਨੇਮਬੰਦੀ ਦੇ ਵਧ ਰਹੇ ਹਨ, ਉਤਪਾਦਨ ਦੀ ਜਥੇਬੰਦੀ ਲਈ ਥਾਂ ਖ਼ਾਲੀ ਕਰਨੀ ਚਾਹੀਦੀ ਹੈ। ਹੁਣ ਵੱਖ-ਵੱਖ ਕਾਰਖ਼ਾਨੇਦਾਰ ਉਤਪਾਦਨ ਦੀ ਨਿਗ਼ਰਾਨੀ ਨਹੀਂ ਕਰਨਗੇ, ਜਿਹੜੇ ਇੱਕ ਦੂਜੇ ਤੋਂ ਸਵਾਧੀਨ ਤੇ ਮਨੁੱਖ ਦੀਆਂ ਆਰਥਕ ਲੋੜਾਂ ਤੋਂ ਅਣਜਾਣ ਹਨ; ਇਹ ਕੰਮ ਕਿਸੇ ਜਨਤਕ ਸੰਸਥਾ ਵੱਲੋਂ ਕੀਤਾ ਜਾਵੇਗਾ। ਪ੍ਰਬੰਧ ਦੀ ਕੇਂਦਰੀ ਕਮੇਟੀ ਵਧੇਰੇ ਉੱਚੇ ਦ੍ਰਿਸ਼ਟੀਕੋਣ ਤੋਂ ਸਮਾਜੀ ਆਰਥਕਤਾ ਦੇ ਵਿਸ਼ਾਲ ਖੇਤਰ ਦਾ ਸਰਵੇਖਣ ਕਰਨ ਦੇ ਸਮਰੱਥ ਹੋਣ ਕਾਰਨ, ਇਹਨੂੰ ਸਾਰੇ ਸਮਾਜ ਦੇ ਭਲ਼ੇ ਲਈ ਨਮਿਤੇਗੀ, ਉਤਪਾਦਨ ਦੇ ਸਾਧਨਾਂ ਦੇ ਯੋਗ ਹੱਥਾਂ ਵਿੱਚ ਦੇ ਦੇਵੇਗੀ ਤੇ ਸਭ ਤੋਂ ਵੱਧ, ਇਸ ਗੱਲ ਦਾ ਧਿਆਨ ਰੱਖੇਗੀ ਕਿ ਉਤਪਾਦਨ ਤੇ ਖਪਤ ਵਿਚਕਾਰ ਲਗਾਤਾਰ ਇੱਕਸੁਰਤਾ ਹੋਵੇ।ਅਜਿਹੀਆਂ ਸੰਸਥਾਵਾਂ ਪਹਿਲਾਂ ਹੀ ਮੌਜੂਦ ਹਨ, ਜਿਨ੍ਹਾਂ ਨੇ ਆਪਣੇ ਕਾਰਜਾਂ ਦੇ ਇੱਕ ਹਿੱਸੇ ਵਜੋਂ ਆਰਥਕ ਕਿਰਤ, ਬੈਂਕਾਂ ਦੀ ਕਿਸੇ ਹੱਦ ਤੱਕ ਜਥੇਬੰਦੀ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਹੈ।' ਅਸੀਂ ਸਾਂ-ਸੀਮੋਂ ਦੀ ਭਵਿੱਖਬਾਣੀ ਨੂੰ ਪੂਰਿਆਂ ਕਰਨ ਤੋਂ ਅਜੇ ਵੀ ਬਹੁਤ ਦੂਰ ਹਾਂ, ਪਰ ਅਸੀਂ ਇਸ ਰਾਹ ਉੱਤੇ ਪਏ ਹੋਏ ਹਾਂ: ਮਾਰਕਸਵਾਦ, ਉਸ ਨਾਲ਼ੋਂ ਵੱਖਰਾ, ਜਿਸਦੀ ਕਿ ਮਾਰਕਸ ਨੇ ਕਲਪਨਾ ਕੀਤੀ ਸੀ,

ਪਰ ਵੱਖਰਾ ਸਿਰਫ਼ ਰੂਪ ਵਿੱਚ।"*

ਨਿਰਸੰਦੇਹ, ਮਾਰਕਸ ਨੂੰ ਕੁਚਲ ਦੇਣ ਵਾਲ਼ੇ ਯੋਗ ਢੰਗ ਨਾਲ਼ "ਰੱਦਣਾ", ਜਿਹੜਾ ਮਾਰਕਸ ਵੱਲੋਂ ਕੀਤੇ ਗਏ ਠੀਕ ਠੀਕ, ਵਿਗਿਆਨਕ ਵਿਸ਼ਲੇਸ਼ਣ ਤੋਂ ਸੇਂਟ-ਸੀਮੋ ਦੇ ਅਨੁਮਾਨਾਂ ਉੱਤੇ ਆਧਾਰਤ ਕੰਮ ਵੱਲ ਇੱਕ ਕਦਮ ਪਿੱਛੇ ਜਾਣਾ ਹੈ; ਜੋ ਕਿ ਇੱਕ ਪ੍ਰਤਿਭਾ ਵੱਲੋਂ ਲਾਇਆ ਇੱਕ ਅਨੁਮਾਨ ਹੈ, ਪਰ ਹੈ ਅਨੁਮਾਨ ਹੀ।

ਜਨਵਰੀ-ਜੂਨ, 1916 ਵਿੱਚ ਲਿਖਿਆ।
ਪਹਿਲੀ ਵਾਰ ਪੀਤਰੋਗਰਾਦ ਤੋਂ ਮੱਧ
1917 ਵਿੱਚ ਪੈਂਫਲਟ ਵਜੋਂ ਪ੍ਰਕਾਸ਼ਤ
ਹੋਇਆ।

ਰੂਸੀ ਵਿੱਚ ਪ੍ਰਕਾਸ਼ਤ ਲੈਨਿਨ
ਦੇ ਕਿਰਤ ਸੰਗ੍ਰਹਿ ਦੇ ਪੰਜਵੇਂ
ਐਡੀਸ਼ਨ ਦੀ 27 ਵੀਂ
ਸੈਂਚੀ ਅਨੁਸਾਰ ਛਪਿਆ ਗਿਆ।

---

* ´Grundrifl der Sozial^konomik[a], S. 146.

# ਨੋਟ

1. **"ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ"** ਜਨਵਰੀ-ਜੂਨ 1916 ਜਿਊਰਿਚ ਵਿਖੇ ਲਿਖੀ ਗਈ।

ਲੈਨਿਨ ਨੇ ਸਰਮਾਏਦਾਰੀ ਦੇ ਵਿਕਾਸ ਵਿੱਚ ਨਵੇਂ ਵਰਤਾਰਿਆਂ ਨੂੰ ਪਹਿਲਾ ਸੰਸਾਰ ਯੁੱਧ ਛਿੜਨ ਤੋਂ ਬਹੁਤ ਪਹਿਲਾਂ ਹੀ ਵੇਖ ਲਿਆ ਸੀ। ਆਪਣੀਆਂ ਕਈ ਕਿਰਤਾਂ ਵਿੱਚ ਉਹਨਾਂ ਨੇ ਸਾਮਰਾਜਵਾਦ ਦੇ ਯੁੱਗ ਦੇ ਕੁਝ ਲੱਛਣਾਂ ਉੱਤੇ ਚਾਨਣ ਪਾਇਆ ਅਤੇ ਉਹਨਾਂ ਦਾ ਵਿਸ਼ਲੇਸ਼ਣ ਕੀਤਾ: ਉਤਪਾਦਨ ਦਾ ਕੇਂਦਰੀਣ ਅਤੇ ਅਜਾਰੇਦਾਰੀ ਦਾ ਫ਼ੈਲਣਾ, ਸਰਮਾਏ ਦੀ ਬਰਾਮਦ, ਨਵੀਂਆਂ ਮੰਡੀਆਂ ਅਤੇ ਰਸੂਖ਼ ਦੇ ਹਲਕਿਆਂ ਉੱਤੇ ਕਬਜ਼ਾ ਕਰਨ ਲਈ ਘੋਲ਼, ਆਰਥਕ ਸਬੰਧਾਂ ਦਾ ਕੌਮਾਂਤਰੀ ਹੋ ਜਾਣਾ, ਸਰਮਾਏਦਾਰੀ ਦਾ ਪਰਜੀਵੀਪੁਣਾ ਅਤੇ ਹਿਰਸ, ਕਿਰਤ ਅਤੇ ਸਰਮਾਏ ਵਿਚਕਾਰ ਵਿਰੋਧ ਦਾ ਤਿੱਖਾ ਹੋਣਾ ਅਤੇ ਸ਼੍ਰੇਣੀ ਘੋਲ਼ ਦਾ ਤਿੱਖਾ ਹੋਣਾ ਸਾਮਰਾਜਵਾਦ ਵਿੱਚ ਤਬਦੀਲੀ ਲਈ ਲੋੜੀਂਦੀਆਂ ਪੂਰਬਲੀਆਂ ਸ਼ਰਤਾਂ ਦਾ ਪੈਦਾ ਹੋਣਾ। ਉਹਨਾਂ ਨੇ ਲੁਟੇਰਾ, ਬਸਤੀਵਾਦੀ ਨੀਤੀ, ਦੁਨੀਆ ਦੀ ਵੰਡ ਅਤੇ ਮੁੜ-ਵੰਡ, ਸਾਮਰਾਜੀ, ਧਾੜਵੀ ਯੁੱਧਾਂ ਦਾ ਪਰਦਾ ਉਘੇੜਨ ਵੱਲ ਖ਼ਾਸ ਧਿਆਨ ਦਿੱਤਾ ਸੀ।

ਸਰਮਾਏਦਾਰੀ ਦੇ ਅਜਾਰੇਦਾਰ ਪੜਾਅ ਦਾ ਆਪਣਾ ਵਿਸਥਾਰ-ਪੂਰਵਕ ਵਿਸ਼ਲੇਸ਼ਣ ਉਹਨਾਂ ਨੇ ਪਹਿਲਾ-ਸੰਸਾਰ ਯੁੱਧ ਸ਼ੁਰੂ ਹੋਣ 'ਤੇ ਸ਼ੁਰੂ ਕੀਤਾ। ਇਹ ਰੂਸ ਅਤੇ ਹੋਰਨਾਂ ਸਰਮਾਏਦਾਰ ਦੇਸ਼ਾਂ ਦੀ ਕਿਰਤੀ ਸ਼੍ਰੇਣੀ ਦੇ ਇਨਕਲਾਬੀ ਘੋਲ਼ ਦੇ ਹਿੱਤਾਂ ਦੇ ਅਨੁਕੂਲ ਸੀ। ਇਨਕਲਾਬੀ ਘੋਲ਼ ਦੀ ਠੀਕ ਅਗਵਾਈ ਲਈ ਅਤੇ ਸਾਮਰਾਜਵਾਦੀ ਪਿਛਾਖੜ ਦੀ ਵਿਚਾਰਧਾਰਾ, ਸਾਮਰਾਜੀਆਂ ਨਾਲ਼ ਸੁਧਾਰਵਾਦੀ ਸਮਝੌਤਾਪ੍ਰਸਤ ਨੀਤੀ ਵਿਰੁੱਧ ਸਫ਼ਲ ਘੋਲ਼ ਲਈ। (ਵੇਖੋ ਪੰਨਾ—)

ਬਰਨ (ਸਵਿਟਜ਼ਰਲੈਂਡ) ਵਿੱਚ ਰਹਿੰਦੇ ਹੋਏ ਲੈਨਿਨ 1915 ਦੇ ਮੱਧ ਤੋਂ ਸਾਮਰਾਜਵਾਦ ਸਬੰਧੀ ਅਤਿ-ਨਵੀਨ ਸਾਹਿਤ ਦਾ ਵਿਸਥਾਰ ਪੂਰਵਕ ਅਧਿਐਨ ਕਰਦੇ ਰਹੇ। "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ" ਲਈ ਮੁੱਢਲੀ ਸਮੱਗਰੀ "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟ ਬੁੱਕਾਂ" ਵਿੱਚ ਹੈ, ਜਿਨ੍ਹਾਂ ਵਿੱਚ ਲਗਭਗ 50 ਫ਼ਰਮੇ ਹਨ ਅਤੇ 148 ਪੁਸਤਕਾਂ (106 ਜਰਮਨ, 23 ਫਰਾਂਸੀਸੀ, 17 ਅੰਗ੍ਰੇਜ਼ੀ ਅਤੇ ਦੋ ਰੂਸੀ ਅਨੁਵਾਦਾਂ) ਅਤੇ 49 ਵੱਖ ਵੱਖ ਅਖ਼ਬਾਰਾਂ ਅਤੇ ਰਸਾਲਿਆਂ (34 ਜਰਮਨ, 7 ਫਰਾਂਸੀਸੀ ਅਤੇ 8 ਅੰਗ੍ਰੇਜ਼ੀ) ਵਿੱਚ ਛਪੇ 232 ਲੇਖਾਂ (206 ਜਰਮਨ, 13 ਫ਼ਰਾਂਸੀਸੀ

ਅਤੇ 13 ਅੰਗ੍ਰੇਜ਼ੀ) ਵਿੱਚੋਂ ਲਈਆਂ ਟੂਕਾਂ ਹਨ।

ਜਨਵਰੀ 1916 ਦੇ ਸ਼ੁਰੂ ਵਿੱਚ ਲੈਨਿਨ ਨੇ ਦਸੰਬਰ 1915 ਵਿੱਚ ਪੀਤਰੋਗਰਾਦ ਵਿਖੇ ਕਾਇਮ ਕੀਤੇ ਗਏ, ਕਾਨੂੰਨੀ ਤੌਰ 'ਤੇ ਕੰਮ ਕਰ ਰਹੇ 'ਪਾਰੁਸ' ਪ੍ਰਕਾਸ਼ਨ ਦੇ ਕਹਿਣ 'ਤੇ ਸਾਮਰਾਜਵਾਦ ਬਾਰੇ ਪੁਸਤਕ ਲਿਖਣ ਦਾ ਫ਼ੈਸਲਾ ਕੀਤਾ।

ਫਰਵਰੀ 1916 ਦੇ ਪਹਿਲੇ ਅੱਧ ਵਿੱਚ ਬਰਨ ਤੋਂ ਜਿਊਰਿਚ ਆਉਣ ਤੋਂ ਪਿੱਛੋਂ ਲੈਨਿਨ ਨੇ ਸਾਮਰਾਜਵਾਦ ਬਾਰੇ ਸਮੱਗਰੀ ਇੱਕਠੀ ਕਰਨੀ ਅਤੇ ਪੁਸਤਕ ਲਿਖਣ ਦੀ ਤਿਆਰੀ ਦਾ ਕੰਮ ਜਾਰੀ ਰੱਖਿਆ।

ਪ੍ਰਕਾਸ਼ਨ ਦੀਆਂ ਆਗੂ ਪਦਵੀਆਂ ਉੱਤੇ ਲੱਗੇ ਹੋਏ ਮੈਨਸ਼ਵਿਕਾਂ ਨੇ ਪੁਸਤਕ ਵਿੱਚੋਂ ਕਾਊਟਸਕੀ ਅਤੇ ਮਾਰਤੋਵ ਦੀ ਪੜਚੋਲ ਕੱਢ ਦਿੱਤੀ ਅਤੇ ਅਜਿਹੀਆਂ ਤਬਦੀਲੀਆਂ ਵੀ ਕੀਤੀਆਂ ਜਿਸ ਨਾਲ਼ ਲੈਨਿਨ ਦੀ ਸ਼ੈਲੀ ਦੀ ਵਿਸ਼ੇਸ਼ਤਾ ਹੀ ਖ਼ਤਮ ਨਾ ਹੋ ਗਈ ਸਗੋਂ ਵਿਚਾਰਾਂ ਵਿੱਚ ਵੀ ਤਬਦੀਲੀ ਹੋ ਗਈ। ਲੈਨਿਨ ਦੇ ਸ਼ਬਦਾਂ (ਸਰਮਾਏਦਾਰੀ ਦੇ ਸਾਮਾਰਜਵਾਦ) ਵਿੱਚ "ਤਬਦੀਲ ਹੋਣ" ਦੀ ਥਾਂ "ਰੂਪਬਦਲੀ" ਅਤੇ ("ਪੜ-ਸਾਮਰਾਜਵਾਦ" ਦੇ ਸਿਧਾਂਤ) ਦੇ "ਪਿੱਛੇ-ਖਿੱਚੂ ਰੂਪ" ਦੀ ਥਾਂ "ਅਣਵਿਕਸਿਤ ਰੂਪ" ਇਤਿ-ਆਦਿ ਕਰ ਦਿੱਤਾ ਗਿਆ। 1917 ਵਿੱਚ ਇਹ ਪੁਸਤਕ, "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ (ਸੰਖੇਪ ਰੂਪ ਰੇਖਾ)" ਦੇ ਨਾਂ ਹੇਠ ਛਾਪੀ ਗਈ। ਮੁੱਖ-ਬੰਦ ਉੱਤੇ, ਜਿਹੜਾ ਲੈਨਿਨ ਦਾ ਹੀ ਲਿਖਿਆ ਹੋਇਆ ਸੀ, 26 ਅਪ੍ਰੈਲ 1917 ਦੀ ਤਾਰੀਖ਼ ਪਈ ਹੋਈ ਸੀ।

ਸਫ਼ਾ — 5

2. ਇਹ ਮੁਖ-ਬੰਧ ਪਹਿਲਾਂ ਪਹਿਲ ਅਕਤੂਬਰ 1921 ਵਿੱਚ "ਸਾਮਰਾਜਵਾਦ ਅਤੇ ਸਰਮਾਏਦਾਰੀ" ਸਿਰਲੇਖ ਹੇਠ ਰਸਾਲੇ "ਕਮਿਊਨਿਸਟ ਇੰਟਰਨੈਸ਼ਨਲ" ਦੇ ਅੰਕ 18 ਵਿੱਚ ਪ੍ਰਕਾਸ਼ਿਤ ਹੋਇਆ।

ਸਫ਼ਾ — 7

3. ਇੱਥੇ ਲੈਨਿਨ ਨੇ 3 ਮਾਰਚ 1918 ਨੂੰ ਬ੍ਰੈਸਤ-ਲਿਤੋਵਸਕ ਵਿਖੇ ਸੋਵੀਅਤ ਰੂਸ ਅਤੇ ਜਰਮਨ-ਜੁੰਡੀ (ਜਰਮਨੀ, ਆਸਟਰੀਆ, ਤੁਰਕੀ, ਬਲਗਾਰੀਆ) ਵਿਚਕਾਰ ਹੋਈ ਅਮਨ-ਸੰਧੀ ਦਾ ਜ਼ਿਕਰ ਕੀਤਾ ਹੈ। ਜਿਸਦੀ 15 ਮਾਰਚ ਨੂੰ ਹੋਈ ਸੋਵੀਅਤਾਂ ਦੀ ਕੁੱਲ ਰੂਸ ਚੌਥੀ ਅਸਾਧਾਰਣ ਕਾਂਗਰਸ ਵੱਲੋਂ ਤਸਦੀਕ ਕੀਤੀ ਗਈ। ਇਸ ਸੰਧੀ ਦੀਆਂ ਸ਼ਰਤਾਂ ਸੋਵੀਅਤ ਰੂਸ ਲਈ ਬੇਹੱਦ ਸਖ਼ਤ ਸਨ। ਜਰਮਨੀ ਵਿੱਚ ਨਵੰਬਰ 1918 ਦੇ ਇਨਕਲਾਬ ਤੋਂ ਪਿੱਛੋਂ, ਜਿਸਨੇ ਉੱਥੇ ਬਾਦਸ਼ਾਹੀ ਦਾ ਤਖ਼ਤਾ ਉਲਟ ਦਿੱਤਾ, ਕੁੱਲ ਰੂਸ ਕਾਰਜ-ਕਾਰੀ ਸੰਪਤੀ ਨੇ 13 ਨਵੰਬਰ ਨੂੰ ਲੋਟੂ ਬ੍ਰੈਸਤ-ਸੰਧੀ ਨੂੰ ਰੱਦ ਕਰ ਦਿੱਤਾ।

ਸਫ਼ਾ — 9

4. ਇੱਥੇ **ਵਰਸੇਲਜ਼ ਦੀ ਅਮਨ-ਸੰਧੀ** ਵੱਲ ਇਸ਼ਾਰਾ ਹੈ, ਜਿਸ ਨਾਲ਼ 1914-1918 ਦਾ ਸਾਮਰਾਜੀ ਸੰਸਾਰ ਯੁੱਧ ਖ਼ਤਮ ਹੋਇਆ। ਇਹ ਸੰਧੀ ਜੂਨ 1919 ਵਿੱਚ ਇੱਕ ਪਾਸੇ

ਅਮਰੀਕਾ, ਬਰਤਾਨੀਆ, ਫ਼ਰਾਂਸ, ਇਟਲੀ, ਜਪਾਨ ਅਤੇ ਉਹਨਾਂ ਦੇ ਇਤਿਹਾਦੀਆਂ ਅਤੇ ਦੂਜੇ ਪਾਸੇ ਜਰਮਨੀ ਵਿਚਕਾਰ ਹੋਈ।

ਸਫ਼ਾ — 9

5. "**ਵਿਲਸਨਵਾਦ**" ਦਾ ਸ਼ਬਦ 1913-21 ਦੇ ਅਮਰੀਕਾ ਦੇ ਪ੍ਰਧਾਨ ਵੁਡਰੋ ਵਿਲਸਨ ਦੇ ਨਾਂ ਤੋਂ ਬਣਿਆ ਹੈ। ਆਪਣੀ ਪ੍ਰਧਾਨਗੀ ਦੇ ਪਹਿਲੇ ਵਰ੍ਹੇ ਪ੍ਰਧਾਨ ਵਿਲਸਨ ਨੇ ਕਈ ਕਾਨੂੰਨ ਬਣਾਏ (ਦਰਜੇਵਾਰ ਇਨਕਮ ਟੈਕਸ, ਟਰੱਸਟਾਂ ਵਿਰੁੱਧ ਕਾਨੂੰਨ, ਆਦਿ), ਜਿਸਨੂੰ ਉਹ ਨਾਅਰੇਬਾਜ਼ੀ ਵਿੱਚ "ਨਵੀਂ ਸੁਤੰਤਰਤਾ" ਦਾ ਯੁੱਗ ਕਹਿੰਦਾ ਸੀ। ਉਹ ਅਤੇ ਉਹਦੇ ਹਮਾਇਤੀ ਅਮਰੀਕੀ ਸਾਮਰਾਜਵਾਦ ਦੀ ਧਾੜਵੀਂ ਨੀਤੀ ਨੂੰ "ਜਮਹੂਰੀਅਤ" ਅਤੇ "ਰਾਸ਼ਟਰਾਂ ਦੇ ਸੰਘ" ਸਬੰਧੀ ਥੋਥੇ ਨਾਅਰਿਆਂ ਅਤੇ ਸ਼ਬਦਾਂ ਦੇ ਪਿੱਛੇ ਛੁਪਾਇਆ ਕਰਦੇ ਸਨ।

ਜਿਉਂ ਹੀ ਸੋਵੀਅਤ ਸੱਤ੍ਹਾ ਸਥਾਪਤ ਹੋਈ ਵਿਲਸਨ ਸੋਵੀਅਤ ਰੂਸ ਦੇ ਵਿਰੁੱਧ ਦਖ਼ਲ ਦੇ ਪਹਿਲੇ ਉਤਸਾਹਕਾਂ ਅਤੇ ਜਥੇਬੰਦਕਾਂ ਵਿੱਚੋਂ ਇੱਕ ਬਣ ਗਿਆ। ਸੋਵੀਅਤ ਸਰਕਾਰ ਦੀ ਅਮਨ-ਪ੍ਰਸਤ ਨੀਤੀ ਦੇ ਡੂੰਘੇ ਪ੍ਰਭਾਵ ਨੂੰ ਖ਼ਤਮ ਕਰਨ ਦੇ ਮੰਤਵ ਨਾਲ਼ ਵਿਲਸਨ ਨੇ ਇੱਕ ਚੌਦਾਂ ਨੁਕਾਤੀ "ਅਮਨ ਕਾਰਜ-ਕ੍ਰਮ" ਦਾ ਐਲਾਨ ਕੀਤਾ, ਜਿਸਦਾ ਮੰਤਵ ਅਮਰੀਕਾ ਦੀ ਧਾੜਵੀ ਨੀਤੀ ਨੂੰ ਲੁਕਾਉਣਾ ਸੀ। ਅਮਰੀਕੀ ਪ੍ਰਚਾਰ ਅਤੇ ਯੂਰਪ ਦੇ ਸਰਮਾਏਦਾਰ ਅਖ਼ਬਾਰਾਂ ਅਤੇ ਰਸਾਲਿਆਂ ਨੇ ਅਮਨ ਲਈ ਜੂਝਣ ਵਾਲ਼ੇ ਵਿਅਕਤੀ ਵਜੋਂ ਵਿਲਸਨ ਦਾ ਬਿੰਬ ਪੇਸ਼ ਕੀਤਾ। ਇਹ ਇੱਕ ਮਿੱਥਿਆ ਬਿੰਬ ਸੀ ਅਤੇ ਅਮਰੀਕਾ ਵਿੱਚ ਚਲਾਈ ਗਈ ਕਿਰਤੀ-ਦੁਸ਼ਮਣ ਨੀਤੀ ਅਤੇ ਹੋਰਨਾਂ ਦੇਸ਼ਾਂ ਸਬੰਧੀ ਅਪਣਾਈ ਧਾੜਵੀਂ ਨੀਤੀ ਕਾਰਨ ਵਿਲਸਨ ਅਤੇ ਵਿਲਸਨਵਾਦੀਆਂ ਦਾ ਪਾਜ ਛੇਤੀ ਹੀ ਉੱਘੜ ਗਿਆ।

ਸਫ਼ਾ — 9

6. ਦੂਜੀ ਇੰਟਰਨੈਸ਼ਨਲ ਦਾ **ਬਾਸਲ ਪ੍ਰਸਤਾਵ** 24-25 ਨਵੰਬਰ 1912 ਨੂੰ ਬਾਸਲ ਵਿਖੇ ਹੋਈ ਅਸਾਧਾਰਨ ਸੰਸਾਰ ਸੋਸ਼ਲਿਸਟ ਕਾਂਗਰਸ ਵਿੱਚ ਪ੍ਰਵਾਨ ਕੀਤਾ ਗਿਆ ਸੀ। ਇਹਨੇ ਉਹਦੇ ਲੋਟੂ ਮੰਤਵਾਂ ਦਾ ਪਰਦਾ ਉਘੇੜਦੇ ਹੋਏ ਅਤੇ ਸਭਨਾਂ ਦੇਸ਼ਾਂ ਦੇ ਕਿਰਤੀਆਂ ਨੂੰ ਅਮਨ ਲਈ ਅਤੇ ਯੁੱਧ ਦੇ ਖ਼ਤਰੇ ਵਿਰੁੱਧ ਦ੍ਰਿੜ੍ਹ ਘੋਲ਼ ਚਲਾਉਣ ਦਾ ਸੱਦਾ ਦੇਂਦੇ ਹੋਏ। ਇਸ ਵਿੱਚ 1907 ਦੀ ਸਟੁਟਗਾਰਟ ਕਾਂਗਰਸ ਵੱਲੋਂ ਪ੍ਰਵਾਨ ਕੀਤੀ, ਵ. ਇ. ਲੈਨਿਨ ਵੱਲੋਂ ਨਿਰੂਪੀ ਇੱਕ ਪ੍ਰਸਤਾਵਨਾ ਸ਼ਾਮਲ ਕੀਤੀ ਗਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਜੇ ਸਾਮਰਾਜੀ ਯੁੱਧ ਛਿੜ ਪਿਆ ਤਾਂ ਉਸ ਤੋਂ ਪੈਦਾ ਹੋਏ ਆਰਥਕ ਅਤੇ ਰਾਜਸੀ ਸੰਕਟ ਨੂੰ ਸੋਸ਼ਲਿਸਟ ਇਨਕਲਾਬ ਦੇ ਹਿੱਤਾਂ ਵਿੱਚ ਤਿੱਖੇਰਾ ਕਰਨ ਲਈ ਵਰਤਣਾ ਸੋਸ਼ਲਿਸਟਾਂ ਲਈ ਲਾਜ਼ਮੀ ਹੈ। ਦੂਜੀ ਇੰਟਰਨੈਸ਼ਨਲ ਦੇ ਨੇਤਾਵਾਂ ਕਾਊਟਸਕੀ, ਵੰਡਰਵੇਲਡੇ ਨੇ ਯੁੱਧ ਵਿਰੋਧੀ ਪ੍ਰਸਤਾਵ ਦੀ ਪ੍ਰਵਾਨਗੀ ਦੇ ਹੱਕ ਵਿੱਚ ਵੋਟਾਂ ਦਿੱਤੀਆਂ, ਪਰ ਜਦੋਂ ਯੁੱਧ ਛਿੜ ਗਿਆ ਤਾਂ ਉਹਨਾਂ ਕੌਮਾਂਤਰੀ ਸੋਸ਼ਲਿਸਟ ਕਾਂਗਰਸ ਦੇ ਯੁੱਧ

ਵਿਰੁੱਧ ਹਰ ਫ਼ੈਸਲਿਆਂ ਦੇ ਨਾਲ਼ ਹੀ ਨਾਲ਼ ਉਹਨੂੰ ਭੁੱਲ ਦੀ ਕਬਰ ਵਿੱਚ ਦਫ਼ਨਾ ਦਿੱਤਾ ਅਤੇ ਆਪਣੀਆਂ ਆਪਣੀਆਂ ਸਾਮਰਾਜੀ ਸਰਕਾਰਾਂ ਦੇ ਪੱਖ ਵਿੱਚ ਚਲੇ ਗਏ।

ਸਫ਼ਾ — 9

7. ਦੂਜੀ ਇੰਟਰਨੈਸ਼ਨਲ — ਸੋਸ਼ਲਿਸਟ ਪਾਰਟੀਆਂ ਦੀ ਇੱਕ ਕੌਮਾਂਤਰੀ ਸੰਸਥਾ, ਜਿਹੜੀ 1889 ਵਿੱਚ ਸਥਾਪਤ ਕੀਤੀ ਗਈ। ਸਾਮਰਾਜਵਾਦ ਦੇ ਯੁੱਗ ਦੇ ਮੁੱਢ ਦੇ ਨਾਲ਼ ਨਾਲ਼ ਇਸ ਵਿੱਚ ਮੌਕਾਪ੍ਰਸਤ ਤਬਦੀਲੀਆਂ ਹੋਣ ਲੱਗੀਆਂ। ਜਦੋਂ 1914 ਵਿੱਚ ਪਹਿਲਾ ਸੰਸਾਰ ਯੁੱਧ ਭੜਕ ਉੱਠਿਆ ਤਾਂ ਦੂਜੀ ਇੰਟਰਨੈਸ਼ਨਲ ਦੇ ਮੌਕਾਪ੍ਰਸਤ ਨੇਤਾਵਾਂ ਨੇ ਆਪਣੇ-ਆਪਣੇ ਦੇਸ਼ਾਂ ਦੀਆਂ ਸਰਮਾਏਦਾਰ ਸਰਕਾਰਾਂ ਦੀ ਸਾਮਰਾਜਵਾਦੀ ਨੀਤੀ ਦੀ ਖੁੱਲ੍ਹੀ ਹਮਾਇਤ ਕੀਤੀ। ਅਖ਼ੀਰ ਇਹ ਸੰਸਥਾ ਟੁੱਟ ਗਈ। ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਦੇ ਇਨਕਲਾਬੀ ਅੰਸ਼ਾਂ ਨੇ ਇਨਕਲਾਬੀ ਤੀਜੀ ਇੰਟਰਨੈਸ਼ਨਲ ਕਾਇਮ ਕਰਨ ਲਈ ਘੋਲ਼ ਸ਼ੁਰੂ ਕੀਤਾ।

ਸਫ਼ਾ — 9

8. ਇਸ ਪ੍ਰਕਾਸ਼ਨ ਵਿੱਚ ਪ੍ਰਸਤਾਵ ਸ਼ਾਮਲ ਨਹੀਂ।

ਸਫ਼ਾ — 9

9. ਲੈਨਿਨ ਦਾ ਇਸ਼ਾਰਾ ਦੂਜੀ (ਬਰਨ) ਇੰਟਰਨੈਸ਼ਨਲ ਵੱਲ ਹੈ, ਜਿਹੜੀ ਫਰਵਰੀ 1919 ਵਿੱਚ ਬਰਨ ਵਿੱਚ ਹੋਈ ਇੱਕ ਇੱਕਤਰਤਾ ਵਿੱਚ ਪੱਛਮੀ ਯੂਰਪੀ ਸੋਸ਼ਲਿਸਟ ਪਾਰਟੀਆਂ ਦੇ ਨੇਤਾਵਾਂ ਵਲੋਂ ਸਥਾਪਿਤ ਕੀਤੀ ਗਈ। ਇਹ ਦੂਜੀ ਇੰਟਰਨੈਸ਼ਨਲ ਦੀ ਥਾਂ ਲੈਣ ਦੇ ਮੰਤਵ ਨਾਲ਼ ਸਥਾਪਿਤ ਕੀਤੀ ਗਈ ਸੀ, ਜਿਸਦੀ ਹਸਤੀ ਪਹਿਲਾ ਸੰਸਾਰ ਯੁੱਧ ਛਿੜਨ ’ਤੇ ਖ਼ਤਮ ਹੋ ਗਈ ਸੀ। ਅਮਲ ਵਿੱਚ ਇਹਨੇ ਕੌਮਾਂਤਰੀ ਸਰਮਾਏਦਾਰ ਸ਼੍ਰੇਣੀ ਦੀ ਤਾਬੇਦਾਰੀ ਦਾ ਕੰਮ ਕੀਤਾ।

ਸਫ਼ਾ — 10

10. “**ਜਰਮਨੀ ਦੀ ਇੰਡੀਪੈਂਡੈਂਟ ਸੋਸ਼ਲ-ਡੈਮੋਕਰੈਟਿਕ ਪਾਰਟੀ**”, ਜਿਹੜੀ ਅਪ੍ਰੈਲ 1917 ਵਿੱਚ ਗੋਥਾ ਦੀ ਕਾਂਗਰਸ ਵਿੱਚ ਸਥਾਪਿਤ ਕੀਤੀ ਗਈ, ਇੱਕ ਦਰਮਿਆਨੀ ਲੀਹ ਉੱਤੇ ਚੱਲਣ ਵਾਲ਼ੀ ਪਾਰਟੀ ਸੀ। ਦਰਮਿਆਨੀ ਲੱਫ਼ਾਜ਼ੀ ਦੀ ਓਟ ਲੈ ਕੇ ਇਹਦੇ ਮੈਂਬਰ ਸਮਾਜੀ-ਅੰਧਰਾਸ਼ਟਰਵਾਦ ਨਾਲ਼ “ਏਕਤਾ” ਦਾ ਪ੍ਰਚਾਰ ਕਰਦੇ ਸਨ ਅਤੇ ਸ਼੍ਰੇਣੀ ਘੋਲ਼ ਤਿਆਗ ਦੇਣ ਤੱਕ ਦੀ ਹੱਦ ਤੱਕ ਨਿੱਘਰ ਗਏ ਸਨ। ਇਹ ਪਾਰਟੀ ਦੀ ਜਾਨ ਕਾਊਟਸਕੀਵਾਦੀ ′Arbeiter Gemeinshaft[a] ਨਾਂ ਦਾ ਅਖ਼ਬਾਰ ਸੀ।

ਇਨਕਲਾਬ ਦੇ ਫ਼ੈਲਣ ਦੇ ਵਾਯੂ-ਮੰਡਲ ਵਿੱਚ, ਜਿਸ ਵਾਧੇ ਉੱਤੇ ਰੂਸ ਵਿੱਚ ਬੁਰਜੂਆ-ਜਮਹੂਰੀ ਇਨਕਲਾਬ ਨੇ ਪ੍ਰਭਾਵ ਪਾਇਆ, ਜਰਮਨ ਸ਼ੋਸਲ-ਡੈਮੋਕਰੈਟਿਕ ਪਾਰਟੀ ਮੌਕਾਪ੍ਰਸਤ ਕਾਰਵਾਈਆਂ ਕਾਰਨ ਆਪਣੇ ਸਧਾਰਨ ਮੈਂਬਰਾਂ ਦਾ ਵਿਸ਼ਵਾਸ ਗੁਆ ਬੈਠੀ।

ਅਕਤੂਬਰ 1920 ਵਿੱਚ ਹਾਲੇ ਵਿਖੇ ਹੋਈ ਕਾਂਗਰਸ ਵਿੱਚ ਇਸ ਪਾਰਟੀ ਵਿੱਚ

ਫੁੱਟ ਪੈ ਗਈ। ਦਸੰਬਰ 1920 ਵਿੱਚ ਇਹਦੇ ਵਧੇਰੇ ਮੈਂਬਰ ਜਰਮਨੀ ਦੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ। ਸੱਜੇ-ਪੱਖੀ ਅੰਸ਼ਾਂ ਨੇ "ਜਰਮਨੀ ਦੀ ਇੰਡੀਪੈਂਡੈਂਟ ਸੋਸ਼ਲ-ਡੈਮੋਕਰੈਟਿਕ ਪਾਰਟੀ" ਦੇ ਪੁਰਾਣੇ ਨਾਂ ਨਾਲ਼ ਇੱਕ ਵੱਖਰੀ ਪਾਰਟੀ ਬਣਾ ਲਈ ਜਿਹੜੀ 1922 ਤੱਕ ਉਸੇ ਰੂਪ ਵਿੱਚ ਕਾਇਮ ਰਹੀ।

ਸਫ਼ਾ — 11

11. **ਤੀਜੀ ਕਮਿਊਨਿਸਟ ਇੰਟਰਨੈਸ਼ਨਲ —** ਇਹਦੀ ਪਹਿਲੀ ਸਥਾਪਨਾ ਉਸ ਕਾਂਗਰਸ ਵਿੱਚ ਕਾਇਮ ਹੋਈ ਜਿਹੜੀ 2-6 ਮਾਰਚ 1919 ਮਾਸਕੋ ਵਿਖੇ ਹੋਈ। ਕੁਮਿਨਟਰਨ ਦਾ ਕਾਰਜ-ਕ੍ਰਮ ਮੁੱਖ ਤੌਰ 'ਤੇ ਸੰਖੇਪ ਰੂਪ ਵਿੱਚ ਇਉਂ ਦੱਸਿਆ ਜਾ ਸਕਦਾ ਹੈ: ਸਰਮਾਏਦਾਰ ਸਮਾਜੀ ਪ੍ਰਣਾਲੀ ਦੀ ਥਾਂ ਕਮਿਊਨਿਸਟ ਸਰਮਾਏਦਾਰ ਪ੍ਰਣਾਲੀ ਦੇ ਲੈਣ ਦੀ ਅਟੱਲਤਾ, ਬੁਰਜੂਆ ਹਕੂਮਤਾਂ ਦਾ ਤਖ਼ਤਾ ਉਲਟਣ ਲਈ ਪ੍ਰੋਲੇਤਾਰੀ ਦੇ ਘੋਲ਼ ਦੀ ਲੋੜ, ਬੁਰਜੂਆ ਰਾਜ ਨੂੰ ਖ਼ਤਮ ਕਰਨਾ ਅਤੇ ਨਵੀਂ ਕਿਸਮ ਦੇ ਰਾਜ ਦੀ ਸਥਾਪਨਾ, ਪ੍ਰੋਲੇਤਾਰੀ ਦਾ ਰਾਜ, ਸੋਵੀਅਤ ਕਿਸਮ ਦਾ ਰਾਜ, ਜਿਹੜਾ ਕਮਿਊਨਿਸਟ ਸਮਾਜ ਵਿੱਚ ਤਬਦੀਲੀ ਦਾ ਪ੍ਰਬੰਧ ਕਰੇਗਾ।

ਤੀਜੀ ਇੰਟਰਨੈਸ਼ਨਲ ਨੇ ਕਿਰਤੀ ਸ਼੍ਰੇਣੀ ਲਹਿਰ ਵਿੱਚ ਮੌਕਾਪ੍ਰਸਤੀ ਦਾ ਪਾਜ ਉਘੇੜਨ, ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ ਕਿਰਤੀਆਂ ਵਿਚਕਾਰ ਸਬੰਧ ਮੁੜ-ਸਥਾਪਤ ਕਰਨ ਅਤੇ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਕਮਿਊਨਿਸਟ ਪਾਰਟੀਆਂ ਸਥਾਪਤ ਕਰਨ ਅਤੇ ਉਹਨਾਂ ਨੂੰ ਮਜ਼ਬੂਤ ਬਣਾਉਣ ਦਾ ਕੰਮ ਕੀਤਾ।

ਸਫ਼ਾ — 11

12. **ਮੈਨਸ਼ਵਿਕ**- ਕੌਮਾਂਤਰੀ ਮੌਕਾਪ੍ਰਸਤੀ ਦੀ ਇੱਕ ਸ਼ਾਖ ਹੋਣ ਕਾਰਨ ਰੂਸੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਇੱਕ ਨਿੱਕ-ਬਰਜੂਆ ਮੌਕਾਪ੍ਰਸਤ ਮੁਹਾਣ ਦੇ ਹਮਾਇਤੀ ਪ੍ਰਤਿਨਿਧਤਾ ਕਰਦੇ ਸਨ। ਇਸ ਮੁਹਾਣ ਨੂੰ ਰੂਸੀ ਸ਼ੋਸਲ ਡੈਮੋਟਕੈਟਿਕ ਲੇਬਰ ਪਾਰਟੀ ਦੀ 1903 ਵਿੱਚ ਹੋਈ ਦੂਜੀ ਕਾਂਗਰਸ ਵਿੱਚ ਲੈਨਿਨ ਦੇ "ਇਸਕਰਾ" (ਚੰਗਿਆੜੀ) ਦੇ ਵਿਰੋਧੀਆਂ ਵੱਲੋਂ ਡੌਲਿਆ ਗਿਆ। ਉਸ ਕਾਂਗਰਸ ਵਿੱਚ ਪਾਰਟੀ ਦੀਆਂ ਕੇਂਦਰੀ ਸੰਸਥਾਵਾਂ ਦੀ ਚੋਣ ਵਿੱਚ ਲੈਨਿਨਵਾਦੀਆਂ ਨੂੰ ਹੀ ਬਹੁ-ਗਿਣਤੀ ਮਿਲ਼ੀ ਅਤੇ ਇਹਦੇ ਸਿੱਟੇ ਵਜੋਂ ਉਹਨਾਂ ਦਾ ਨਾਂ ਬਾਲਸ਼ਵਿਕ ਪੈ ਗਿਆ, ਜਦੋਂ ਕਿ ਮੌਕਾਪ੍ਰਸਤ, ਜਿਹੜੇ ਘੱਟ-ਗਿਣਤੀ ਵਿੱਚ ਸਨ, ਮੈਨਸ਼ਵਿਕ ਅਖਵਾਉਣ ਲੱਗ ਪਏ।

ਮੈਨਸ਼ਵਿਕਾਂ ਨੇ ਪਾਰਟੀ ਦੇ ਇਨਕਲਾਬੀ ਕਾਰਜ-ਕ੍ਰਮ ਦਾ ਵਿਰੋਧ ਕੀਤਾ। ਉਹਨਾਂ ਪਹਿਲੇ ਇਨਕਲਾਬ ਵਿੱਚ ਪ੍ਰੋਲੇਤਾਰੀ ਦੀ ਸਰਦਾਰੀ ਦਾ ਅਤੇ ਕਿਰਤੀ ਸ਼੍ਰੇਣੀ ਦੀ ਕਿਸਾਨੀ ਨਾਲ਼ ਏਕਤਾ ਦਾ ਵਿਰੋਧ ਕੀਤਾ ਅਤੇ ਉਦਾਰਪੰਥੀ ਸਰਮਾਏਦਾਰ ਸ਼੍ਰੇਣੀ ਨਾਲ਼ ਸਮਝੌਤਾ ਕਰਨਾ ਚਾਹਿਆ, ਉਹਨਾਂ ਦੇ ਖਿਆਲ ਵਿੱਚ ਉਹਨੇ ਇਨਕਲਾਬ ਦੀ ਅਗਵਾਈ ਕਰਨਾ ਸੀ। 1905-07 ਵਿੱਚ ਇਨਕਲਾਬ ਦੀ ਹਾਰ ਪਿਛੋਂ ਉਹਨਾਂ ਪ੍ਰੋਲੇਤਾਰੀ ਸ਼੍ਰੇਣੀ ਦੀ ਗ਼ੈਰ-ਕਾਨੂੰਨੀ ਇਨਕਲਾਬੀ ਪਾਰਟੀ ਨੂੰ ਖ਼ਤਮ ਕਰਾਉਣਾ ਚਾਹਿਆ।

1917 ਵਿੱਚ ਮੈਨਸ਼ਵਿਕਾਂ ਨੇ ਅਸਥਾਈ ਸਰਕਾਰ ਵਿੱਚ ਵਜ਼ਾਰਤਾਂ ਕਬੂਲ ਕੀਤੀਆਂ।

ਸਫ਼ਾ — 11

13. **"ਸੋਸ਼ਲਿਸਟ ਇਨਕਲਾਬੀ"** (ਐਸਆਰ)- ਰੂਸ ਦੀ ਇੱਕ ਨਿੱਕ-ਬੂਰਜੂਆ ਪਾਰਟੀ ਜਿਹੜੀ 1901 ਦੇ ਅੰਤ ਅਤੇ 1902 ਸ਼ੁਰੂ ਵਿੱਚ ਵੱਖ ਵੱਖ ਨਰੋਦਾਵਾਦੀ ਪਾਰਟੀਆਂ ਅਤੇ ਟੋਲੀਆਂ ਦੇ ਮਿਲ਼ ਜਾਣ ਰਾਹੀਂ ਕਾਇਮ ਹੋਈ। ਐਸਆਰ ਆਪਣੇ ਆਪ ਨੂੰ ਸੋਸ਼ਲਿਸਟ ਕਹਿੰਦੇ ਸਨ, ਪਰ ਇਹ ਨਿੱਕ-ਬੁਰਜੂਆ ਯੂਟੋਪਿਆਈ ਸੋਸ਼ਲਿਜ਼ਮ ਸੀ।

ਸੋਸ਼ਲਿਸਟ ਇਨਕਲਾਬੀਆਂ ਨੇ ਪ੍ਰੋਲੇਤਾਰੀ ਅਤੇ ਕਿਸਾਨਾਂ ਵਿਚਕਾਰ ਸ਼੍ਰੇਣੀ ਫ਼ਰਕ ਨਾ ਸਮਝਿਆ, ਕਿਸਾਨਾਂ ਦੇ ਅੰਦਰ ਸ਼੍ਰੇਣੀ-ਵੰਡ ਅਤੇ ਅੰਤਰ-ਵਿਰੋਧਾਂ ਉੱਤੇ ਪਰਦਾ ਪਾਇਆ ਅਤੇ ਇਨਕਲਾਬ ਵਿੱਚ ਪ੍ਰੋਲੇਤਾਰੀ ਦੇ ਮੁੱਖ ਰੋਲ ਤੋਂ ਇਨਕਾਰ ਕੀਤਾ।

ਸਫ਼ਾ — 11

14. **ਸਪਾਰਟਾਕਸਵਾਦੀ**- ਜਰਮਨ ਖੱਬੇ-ਪੱਖੀ ਸੋਸ਼ਲ-ਡੈਮੋਕਰੈਟਕਾਂ ਦੀ ਇਨਕਲਾਬੀ ਜਥੇਬੰਦੀ ਦੇ ਮੈਂਬਰ ਜਿਸਨੂੰ ਪਹਿਲਾ ਸੰਸਾਰ ਯੁੱਧ ਛਿੜਨ ਸਮੇਂ ਕਾਰਲ ਲੀਬਕਨੇਖ਼ਤ, ਰੋਜ਼ਾ ਲੁਕਜ਼ਮਬਰਗ, ਫ਼ਰਾਂਜ਼ ਮੇਹਰਿੰਗ, ਕਲਾਰਾ ਜ਼ੈਟਕਿਨ, ਯੂਲੀਆਨ ਮਾਰਖ਼ਲੇਵਸਕੀ, ਲਿਓਨ ਯੋਗੀਖ਼ੇਸ਼ (ਤੀਸ਼ਕਾ) ਅਤੇ ਵਿਲਹੈਲਮ ਪੀਕ ਨੇ ਕਾਇਮ ਕੀਤਾ ਅਤੇ ਜਨਵਰੀ 1916 ਵਿੱਚ ਉਸਨੇ ਜਥੇਬੰਦੀ ਦਾ ਰੂਪ ਧਰਸ ਕੀਤਾ ਸੀ।

ਇਸ ਜਥੇਬੰਦੀ ਦੇ ਮੈਂਬਰ ਇਨਕਲਾਬੀ ਪ੍ਰਚਾਰ ਕਰਦੇ, ਵਿਆਪਕ ਯੁੱਧ-ਵਿਰੋਧੀ ਕਾਰਵਾਈਆਂ ਜਥੇਬੰਦ ਕਰਦੇ, ਹੜਤਾਲਾਂ ਕਰਾਉਂਦੇ ਅਤੇ ਯੁੱਧ ਦੇ ਸਾਮਰਾਜੀ ਖ਼ਾਸੇ ਅਤੇ ਮੌਕਾਪ੍ਰਸਤ ਸੋਸ਼ਲ-ਡੈਮੋਕਰੈਟਕ ਨੇਤਾਵਾਂ ਦਾ ਪਾਜ ਉਘੇੜਦੇ। ਅੱਗੇ ਚੱਲ ਕੇ ਸਿਧਾਂਤ ਅਤੇ ਰਾਜਨੀਤੀ ਦੇ ਸਵਾਲਾਂ ਬਾਰੇ ਉਹ ਭਟਕ ਗਏ — ਕੌਮੀ ਸੁਤੰਤਰਤਾ ਲਈ ਯੁੱਧ ਦੀ ਸੰਭਾਵਨਾ ਰੱਦ ਕੀਤੀ — ਉਹਨਾਂ ਕਿਰਤੀ ਸ਼੍ਰੇਣੀ ਦੇ ਘੋਲ਼ ਵਿੱਚ ਪ੍ਰੋਲੇਤਾਰੀ ਪਾਰਟੀ ਦੇ ਰੋਲ ਦੀ ਮਹੱਤਤਾ ਦਾ ਮੁੱਲ ਘਟਾ ਕੇ ਪਾਇਆ, ਮੌਕਾਪ੍ਰਸਤਾਂ ਨਾਲ਼ ਫ਼ੁੱਟ ਤੋਂ ਡਰੇ, ਕਿਰਤੀ ਸ਼੍ਰੇਣੀ ਅਤੇ ਕਿਸਾਨਾਂ ਦੇ ਏਕੇ ਦੀ ਲੋੜ ਅਤੇ ਕੌਮੀ ਅਜ਼ਾਦੀ ਦੀ ਲਹਿਰ ਦੀ ਮਹੱਤਤਾ ਨੂੰ ਰੱਦ ਕੀਤਾ ਅਤੇ ਕੌਮਾਂ ਦੇ ਵੱਖ ਹੋਣ ਅਤੇ ਸੁਤੰਤਰ ਰਾਜ ਸਥਾਪਤ ਕਰਨ ਤੱਕ ਆਤਮ-ਨਿਰਣੇ ਦੇ ਹੱਕ ਦਾ ਵਿਰੋਧ ਕੀਤਾ।

ਅਪ੍ਰੈਲ 1917 ਵਿੱਚ ਆਪਣੀ ਜਥੇਬੰਦਕ ਸੁਤੰਤਰਤਾ ਕਾਇਮ ਰੱਖਦੇ ਹੋਏ ਉਹ "ਜਰਮਨੀ ਦੀ "ਇੰਡੀਪੈਂਡੈਂਟ ਸ਼ੋਸਲ ਡੈਮੋਕਰੈਟਿਕ ਪਾਰਟੀ" ਵਿੱਚ ਸ਼ਾਮਲ ਹੋ ਗਏ। ਨਵੰਬਰ 1918 ਵਿੱਚ ਜਰਮਨੀ ਵਿੱਚ ਇਨਕਲਾਬ ਦੇ ਦੌਰਾਨ, ਉਹਨਾਂ ਸਪਾਰਟਾਕਸ ਲੀਗ ਕਾਇਮ ਕੀਤੀ ਅਤੇ 14 ਦਸੰਬਰ 1918 ਨੂੰ ਆਪਣਾ ਕਾਰਜ-ਕ੍ਰਮ ਪ੍ਰਕਾਸ਼ਿਤ ਕਰਕੇ ਉਹ "ਇੰਡੀਪੈਂਡੈਂਟ ਸ਼ੋਸ਼ਲ ਡੈਮੋਕਰੈਟਾਂ" ਤੋਂ ਵੱਖ ਹੋ ਗਏ। 30 ਦਸੰਬਰ 1918 ਪਹਿਲੀ ਜਨਵਰੀ 1919 ਨੂੰ ਹੋਈ ਉਦਘਾਟਣ ਕਾਂਗਰਸ ਵਿੱਚ ਉਹਨਾਂ ਜਰਮਨੀ ਦੀ

ਕਮਿਊਨਿਸਟ ਪਾਰਟੀ ਕਾਇਮ ਕੀਤੀ।

ਸਫ਼ਾ — 11

15. ਇੱਥੇ ਇਸ਼ਾਰਾ 18 ਮਾਰਚ 1871 ਨੂੰ ਪੈਰਿਸ ਵਿੱਚ ਹੋਈ ਕਿਰਤੀਆਂ ਦੀ ਬਗਾਵਤ ਵੱਲ ਹੈ, ਜਿਸਦੇ ਸਿੱਟੇ ਵਜੋਂ ਸੰਸਾਰ ਦੇ ਇਤਿਹਾਸ ਵਿੱਚ ਪ੍ਰੋਲੇਤਾਰੀ ਦੀ ਸਰਦਾਰੀ ਵਾਲ਼ੀ ਪਹਿਲੀ ਹਕੂਮਤ — ਪੈਰਿਸ ਕਮਿਊਨ — ਸਥਾਪਿਤ ਹੋਈ। ਇਹ ਪੈਰਿਸ ਵਿੱਚ 18 ਮਾਰਚ ਤੋਂ 28 ਮਈ 1871 ਤੱਕ, 72 ਦਿਨ ਬਣੀ ਰਹੀ।

ਸਫ਼ਾ — 12

16. **ਬਰਸੇਲਜ਼ ਵਾਲ਼ੇ** - ਲੂਈ ਐਡੋਲਫ਼ ਥੀਏਰ ਦੀ, ਜਿਸਨੇ 1871 ਵਿੱਚ ਪੈਰਿਸ ਕਮਿਊਨ ਦੀ ਜਿੱਤ ਤੋਂ ਪਿੱਛੋਂ ਬਰਸੇਲਜ਼ ਵਿਖੇ ਆਪਣਾ ਸਦਰ ਦਫ਼ਤਰ ਬਣਾਇਆ, ਅਗਵਾਈ ਹੇਠ ਬਣੀ ਫ਼ਰਾਂਸ ਦੀ ਉਲਟ-ਇਨਕਲਾਬੀ ਸਰਕਾਰ ਦੇ ਹਾਮੀ ਸਨ। ਕਮਿਊਨ ਦੀ ਹਾਰ ਤੋਂ ਪਿੱਛੋਂ ਬਰਸੇਲਜ਼ ਵਾਲ਼ਿਆਂ ਨੇ ਕਮਿਊਨਾਰਡਾਂ ਤੋਂ ਅਜਿਹੇ ਘੋਰ ਬਦਲੇ ਲਏ ਕਿ ਉਹਨਾਂ ਦਾ ਨਾਂ ਹੀ ਬੇਰਹਿਮ ਉਲਟ-ਇਨਕਲਾਬ ਦੀ ਨਿਸ਼ਾਨੀ ਬਣ ਗਿਆ ਹੈ।

ਸਫ਼ਾ — 12

17. **1898 ਵਿੱਚ ਸਪੇਨੀ-ਅਮਰੀਕੀ ਯੁੱਧ** ਸੰਸਾਰ ਦੀ ਮੁੜ ਵੰਡ ਦੇ ਮੰਤਵ ਨਾਲ਼ ਲੜਿਆ ਗਿਆ ਪਹਿਲਾ ਸਾਮਰਾਜੀ ਯੁੱਧ ਸੀ।

ਅਮਰੀਕੀ ਸਾਮਰਾਜੀਆਂ ਦੀਆਂ ਅੱਖਾਂ ਮੱਧ-ਅਮਰੀਕਾ ਵਿੱਚ ਸਥਿਤ ਸਪੇਨੀ ਬਸਤੀਆਂ — ਕਿਊਬਾ ਅਤੇ ਪੋਰਟੋ-ਰੀਕੋ ਉੱਤੇ ਅਤੇ ਫ਼ਿਲਪਾਈਨ ਦੀਪ-ਸਮੂਹ ਉੱਤੇ ਲੱਗੀਆਂ ਹੋਈਆਂ ਸਨ, ਜਿਹੜਾ ਸਪੇਨ ਦੇ ਕਬਜ਼ੇ ਹੇਠ ਸੀ। ਇਸ ਲੜਾਈ ਵਿੱਚ ਸਪੇਨ ਦੀਆਂ ਸਾਰੀਆਂ ਮਹੱਤਵਪੂਰਨ ਬਸਤੀਆਂ ਉਹਦੇ ਹੱਥੋਂ ਨਿਕਲ ਗਈਆਂ। ਫ਼ਿਲਪਾਈਨ ਦੀਪ-ਸਮੂਹ, ਪੋਰਟੋ-ਰੀਕੋ ਅਤੇ ਹੋਰ ਟਾਪੂ ਅਮਰੀਕਾ ਦੇ ਹੱਥ ਚਲੇ ਗਏ। ਕਿਊਬਾ ਸੁਤੰਤਰ ਕਰ ਦਿੱਤਾ ਗਿਆ ਪਰ ਇਹਦੇ ਵਿਧਾਨ ਵਿੱਚ ਇੱਕ ਪੈਰ੍ਹਾ ਲਿਖਿਆ ਗਿਆ ਸੀ ਜਿਸ ਅਨੁਸਾਰ ਅਮਰੀਕਾ ਨੂੰ ਕਿਊਬਾ ਦੇ ਅੰਦਰਲੇ ਮਾਮਲਿਆਂ ਵਿੱਚ ਦਖ਼ਲ ਦਾ ਅਧਿਕਾਰ ਪ੍ਰਾਪਤ ਹੋਇਆ। ਯਥਾਰਥ ਵਿੱਚ ਅਮਰੀਕਾ ਦੇ ਸਰਕਾਰ ਅਤੇ ਅਜਾਰੇਦਾਰ ਕਿਊਬਾ ਦੇ ਮਾਲਕ ਬਣ ਗਏ ਸਨ।

ਸਫ਼ਾ — 13

18. **ਅੰਗ੍ਰੇਜ਼ -ਬੋਅਰ ਯੁੱਧ** (ਅਕਤੂਬਰ 1899-ਮਈ 1902)- ਇੱਕ ਧਾੜਵੀ ਯੁੱਧ ਸੀ, ਜਿਹੜਾ ਬਰਤਾਨੀਆ ਨੇ ਦੋ ਅਮਰੀਕੀ ਗਣਰਾਜਾਂ — ਟਰਾਂਸਵਾਲ ਅਤੇ ਆਰੈਂਜ ਫ੍ਰੀ ਸਟੇਟ — ਨਾਲ਼ ਲੜਿਆ। ਇਹਦੇ ਸਿੱਟੇ ਵਜੋਂ ਉਹਨਾਂ ਦੀ ਸੁਤੰਤਰਤਾ ਜਾਂਦੀ ਰਹੀ ਅਤੇ ਉਹ ਬਰਤਾਨੀਆ ਦੀਆਂ ਬਸਤੀਆਂ ਬਣ ਗਏ।

ਸਫ਼ਾ — 13

19. ਜ. ਅ. ਹਾਬਸਨ ਲਿਖਤ ´Imperialism. A Study[a] ("ਸਾਮਰਾਜਵਾਦ, ਇੱਕ ਅਧਿਐਨ") (London, **1902**) ਦਾ ਵਿਸਥਾਰ-ਪੂਰਵਕ ਵਿਸ਼ਲੇਸ਼ਣ ਲੈਨਿਨ ਦੀਆਂ

"ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਕੀਤਾ ਗਿਆ। ਇਸ ਪੁਸਤਕ ਦੀ ਭਰਪੂਰ ਤੱਥ-ਸਮੱਗਰੀ ਵਰਤਦੇ ਹੋਏ, ਲੈਨਿਨ ਨੇ ਨਾਲ਼ ਹੀ ਨਾਲ਼ ਉਹਦੇ ਸੁਧਾਰਵਾਦੀ ਸਿੱਟਿਆਂ ਅਤੇ ਸਾਮਰਾਜਵਾਦ ਦੀ ਹਮਾਇਤ ਕਰਨ ਦੇ ਉਹਦੇ ਪਰੋਖ ਯਤਨਾਂ ਦੀ ਵੀ ਪੜਚੋਲ ਕੀਤੀ।

ਸਫ਼ਾ — 13

20. ਆਪਣੀਆਂ ਕਿਰਤਾਂ "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ" ਅਤੇ "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਵ. ਇ. ਲੈਨਿਨ ਰ. ਹਿਲਫ਼ਰਡਿੰਗ ਦੀ ਕਿਰਤ "ਵਿੱਤ ਸਰਮਾਇਆ" ਦਾ ਅਕਸਰ ਹਵਾਲਾ ਦਿੰਦੇ ਹਨ। ਅਜਾਰੇਦਾਰ ਸਰਮਾਏਦਾਰੀ ਨੂੰ ਕੁਝ ਇੱਕ ਪੱਖਾਂ ਤੋਂ ਪਰਿਭਾਸ਼ਿਤ ਕਰਨ ਲਈ ਇਸ ਸੋਮੇ ਦੀ ਵਰਤੋਂ ਕਰਦੇ ਹੋਏ ਲੈਨਿਨ ਨੇ ਸਾਮਰਾਜਵਾਦ ਦੇ ਮੁੱਖ ਪ੍ਰਸ਼ਨਾਂ ਸਬੰਧੀ ਲੇਖਕ ਦੇ ਗ਼ੈਰ-ਮਾਰਕਸਵਾਦੀ ਆਧਾਰਾਂ ਅਤੇ ਸਿੱਟਿਆਂ 'ਤੇ ਪੜਚੋਲ ਕੀਤੀ। ਰਾਜਨੀਤੀ ਨੂੰ ਆਰਥਿਕਤਾ ਨਾਲ਼ੋਂ ਵੱਖ ਕਰਦੇ ਹੋਏ ਹਿਲਫ਼ਡਿੰਗ ਨੇ ਸਾਮਰਾਜਵਾਦ ਅਤੇ ਵਿੱਤ ਸਰਮਾਏ ਦੀ ਗ਼ਲਤ ਵਿਆਖਿਆ ਕੀਤੀ; ਸਾਮਰਾਜਵਾਦ ਅਧੀਨ ਅਜਾਰੇਦਾਰੀਆਂ ਦੇ ਨਿਰਣਾਇਕ ਰੋਲ ਅਤੇ ਉਹਦੇ ਵਿਰੋਧਾਂ ਦੇ ਤਿੱਖੇ ਹੋਣ ਉੱਤੇ ਪਰਦਾ ਪਾਉਣ ਅਤੇ ਸੰਸਾਰ ਦੀ ਵੰਡ ਅਤੇ ਮੁੜ-ਵੰਡ ਲਈ ਘੋਲ਼, ਸਰਮਾਏਦਾਰੀ ਦੇ ਪਰਜੀਵੀਪੁਣੇ ਅਤੇ ਹਿਰਸ ਜਿਹੇ ਸਾਮਰਾਜਵਾਦ ਦੇ ਮੁੱਖ ਲੱਛਣਾਂ ਨੂੰ ਅੱਖੋਂ ਉਹਲੇ ਕੀਤਾ। ਇਹਨਾਂ ਵੱਡੀਆਂ ਭੁੱਲਾਂ ਦੇ ਬਾਵਜੂਦ ਹਿਲਫ਼ਰਡਿੰਗ ਦੀ ਰਚੀ ਪੁਸਤਕ ਨੇ ਸਰਮਾਏਦਾਰੀ ਦੇ ਵਿਕਾਸ ਦੀ ਅਤਿ-ਨਵੀਨ ਪ੍ਰਸਥਿਤੀ ਦੇ ਵਿਸ਼ਲੇਸ਼ਣ ਵਿੱਚ ਇੱਕ ਨਿਸ਼ਚਿਤ ਹਾਂ-ਪੱਖੀ ਹਿੱਸਾ ਪਾਇਆ।

ਸਫ਼ਾ — 13

21. ਇੱਥੇ ਇਸ਼ਾਰਾ ਸਾਮਰਾਜਵਾਦ ਦੇ ਪ੍ਰਸ਼ਨ ਅਤੇ ਯੁੱਧ ਵੱਲ ਸੋਸ਼ਲਿਸਟਾਂ ਦੇ ਵਤੀਰੇ ਬਾਰੇ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਚਿਮਨਿਤਜ਼ ਕਾਂਗਰਸ ਦੇ ਪ੍ਰਸਤਾਵ ਵੱਲ ਹੈ। 20 ਸਤੰਬਰ 1912 ਨੂੰ ਪ੍ਰਵਾਨ ਕੀਤੇ ਇਸ ਪ੍ਰਸਤਾਵ ਵਿੱਚ ਸਾਮਰਾਜੀ ਨੀਤੀ ਦੀ ਨਿੰਦਿਆ ਕੀਤੀ ਗਈ ਸੀ ਅਤੇ ਅਮਨ ਲਈ ਘੋਲ਼ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ ਗਿਆ ਸੀ।

ਸਫ਼ਾ — 13

22. ਇਸ ਪੁਸਤਕ ਵਿੱਚ ਲੇਖਕ ਵੱਲੋਂ ਦਿੱਤੀਆਂ ਟੂਕਾਂ ਪਦ-ਟੂਕਾਂ ਵਜੋਂ ਦਿੱਤੀਆਂ ਗਈਆਂ ਹਨ।

ਸਫ਼ਾ — 13

23. ´Die Bank" (ਬੈਂਕ) — ਜਰਮਨ ਪੋਤਦਾਰਾਂ ਦਾ ਰਸਾਲਾ। ਇਹ 1908 ਤੋਂ 1943 ਤੱਕ ਬਰਲਿਨ ਤੋਂ ਪ੍ਰਕਾਸ਼ਤ ਹੁੰਦਾ ਰਿਹਾ। ਆਪਣੀ ਪੁਸਤਕ ਦੀ ਤਿਆਰੀ ਵਿੱਚ ਲੈਨਿਨ

ਨੇ ਇਸ ਰਸਾਲੇ ਵਿੱਚ ਛਪੇ ਲੇਖਾਂ, ਆਦਿ ਦੀ ਵਰਤੋਂ ਕੀਤੀ।

ਸਫ਼ਾ — 27

24. "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਲੈਨਿਨ ਨੇ ਪ੍ਰੋ. ਜੀਡਲਜ਼ ਦੀ ਲਿਖੀ ´Das Verh‰ltnis der deutschen Groflbanken zur Industrie mit besonderer Ber¸cksichtigung der Eisenindustrie[a] (ਲੀਪਜ਼ਿਗ, 1905), ("ਸਨਅਤੀ ਅਜਾਰੇਦਾਰੀ ਅਸਪਾਤ ਦੀ ਸਨਅਤ ਵੱਲ ਵੱਡੇ ਜਰਮਨ ਬੈਂਕਾਂ ਦਾ ਵਤੀਰਾ") ਦੀ ਵਿਸਥਾਰ ਪੂਰਵਕ ਪੜਚੋਲ ਕੀਤੀ ਹੈ।

ਸਫ਼ਾ — 28

25. ਗ. ਸੁਲਜ਼ੇ-ਗੀਵੇਰਨਿਤਜ਼ ਦੀ ਪੁਸਤਕ ´Die deutsche kreditbank[a] (ਜਰਮਨ ਕਰਜ਼ਾਬੈਂਕ) ਦੀ ਪੜਚੋਲ "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਕੀਤੀ ਗਈ ਹੈ।

ਸਫ਼ਾ — 30

26. ਰ. ਲੀਫ਼ਮਾਨ ਦੀ ਰਚਨਾ ´Beteiligungs-und Finanzierungsgesellschaften. Eine Studie ¸ber den modernen kapitalismus und das Effectenwesen[a] (ਜੈਨਾ, 1909) ("ਅਧਿਕਰਣ ਅਤੇ ਵਿੱਤ ਸਭਾਵਾਂ। ਨਵੀਨ ਸਰਮਾਏਦਾਰੀ ਅਤੇ "ਹੁੰਡੀਆਂ ਦੇ ਤੱਤ ਦਾ ਅਧਿਐਨ।") ਦੀ ਲੈਨਿਨ ਦੀ "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਅਲੋਚਨਾਤਮਕ ਪੜਚੋਲ ਕੀਤੀ ਗਈ ਹੈ।

ਸਫ਼ਾ — 31

27. ਵ. ਇ. ਲੈਨਿਨ ਨੇ ਯ. ਰੀਸਰ ਦੀ ´Die deutschen Groflbanken und ihre konzentration im Zusammenhang mit der Entwicklung der Gesamtwirtschaft in Deutchland[a] ("ਜਰਮਨੀ ਦੇ ਵੱਡੇ ਬੈਂਕ ਅਤੇ ਜਰਮਨ ਆਰਥਿਕਤਾ ਦੇ ਸਿੱਟੇ ਵਜੋਂ ਉਹਨਾਂ ਦਾ ਕੇਂਦਰੀਣ") ਨਾਂ ਦੀ ਪੁਸਤਕ ਦੀਆਂ 1910 ਅਤੇ 1912 ਦੀਆਂ ਛਾਪਾਂ ਦੀ ਵਰਤੋਂ ਕੀਤੀ। "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਲੈਨਿਨ ਨੇ ਇਸ ਪੁਸਤਕ ਵਿੱਚ ਦਿੱਤੀ ਸਮੱਗਰੀ ਦਾ ਵਿਸਥਾਰ ਨਾਲ਼ ਵਿਸ਼ਲੇਸ਼ਣ ਕੀਤਾ ਹੈ।

ਸਫ਼ਾ — 31

28. ਵੇਖੋ ਕਾ. ਮਾਰਕਸ, "ਸਰਮਾਇਆ", ਸੈਂਚੀ 3 ਭਾਗ-2।

ਸਫ਼ਾ — 36

29. **ਹਿੱਸਿਆਂ ਸਬੰਧੀ ਗਿਰਾਵਟ** 1873 ਦੇ ਪਹਿਲੇ ਅੱਧ ਵਿੱਚ ਆਸਟਰੀਆ-ਹੰਗਰੀ ਵਿੱਚ ਭੜਕ ਕੇ ਫਿਰ ਜਰਮਨੀ ਅਤੇ ਹੋਰਨਾਂ ਦੇਸ਼ਾਂ ਵਿੱਚ ਫ਼ੈਲ ਗਿਆ। ਅੱਠਵੇ ਦਹਾਕੇ ਦੇ ਮੁੱਢ ਵਿਚ ਕਰਜ਼ਾ ਪ੍ਰਬੰਧ ਗਰੂਨਦਰਵਾਦ (ਜਰਮਨ ਬੋਲੀ ਵਿੱਚ ਗਰੂਨਦਰ —

Gründer — ਦੇ ਅਰਥ ਹਨ ਮੋਢੀ) ਹਿੱਸਿਆਂ ਦੀਆਂ ਸਨਦਾਂ ਦੀ ਸੱਟੇਬਾਜ਼ੀ ਨੇ ਫ਼ੈਲ ਕੇ ਅਸਧਾਰਣ ਰੂਪ ਧਾਰਨ ਕਰ ਲਿਆ। ਸਿਟੀਆਂ ਦੀ ਸੱਟੇਬਾਜ਼ੀ ਉਦੋਂ ਵੀ ਜਾਰੀ ਰਹੀ ਜਦੋਂ ਸਨਅਤ ਅਤੇ ਵਪਾਰ ਦੋਹਾਂ ਉੱਤੇ ਸੰਸਾਰ ਆਰਥਿਕ ਸੰਕਟ ਦਾ ਪ੍ਰਭਾਵ ਪੈਣ ਲੱਗ ਪਿਆ। 6 ਮਈ 1873 ਨੂੰ ਵੀਆਨਾ ਦੇ ਸ਼ੇਅਰ ਬਜ਼ਾਰ ਵਿੱਚ 24 ਘੰਟਿਆਂ ਵਿੱਚ ਹਿੱਸਿਆਂ ਦੀਆਂ ਕੀਮਤਾਂ ਵਿੱਚ ਕਰੋੜਾਂ ਮਾਰਕ ਦਾ ਘਾਟਾ ਹੋਇਆ। ਦੀਵਾਲੀਆਂ ਦੀ ਗਿਣਤੀ ਬਹੁਤ ਵਧ ਗਈ। ਥੋੜ੍ਹਾ ਸਮਾਂ ਪਿੱਛੋਂ ਹਿੱਸਿਆਂ ਦਾ ਸੰਕਟ ਜਰਮਨੀ ਵਿੱਚ ਵੀ ਫ਼ੈਲ ਗਿਆ।

ਸਫ਼ਾ — 38

30. **ਗਰੂੰਦਰ ਸਕੈਂਡਲ —** ਜਰਮਨੀ ਵਿੱਚ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਦੇ ਸ਼ੁਰੂ ਵਿੱਚ ਜਰਮਨੀ ਵਿੱਚ ਵੱਡੀ ਪੱਧਰ ਤੋਂ ਸਾਂਝੀ ਰਾਸ ਕੰਪਨੀਆਂ ਸਥਾਪਤ ਕਰਨ ਦੀ ਹਾਲਤ ਵਿੱਚ ਪੈਦਾ ਹੋਏ। ਇਹਨਾਂ ਕੰਪਨੀਆਂ ਦੀ ਸਥਾਪਨਾ ਦੇ ਨਾਲ਼ ਹੀ ਨਾਲ਼ ਧੋਖੇਬਾਜ਼ੀ ਦੀਆਂ ਵਾਰਦਾਤਾਂ ਵਧੀਆ, ਜਿਨ੍ਹਾਂ ਦਾ ਆਸਰਾ ਲੈ ਕੇ ਸਰਮਾਏਦਾਰ ਵਪਾਰੀਆਂ ਨੇ ਭੋਂ ਅਤੇ ਹਿੱਸਿਆਂ ਦੀ ਜ਼ਬਰਦਸਤ ਸੱਟੇਬਾਜ਼ੀ ਕਰਕੇ ਕਾਫ਼ੀ ਪੈਸਾ ਕਮਾ ਲਿਆ।

ਸਫ਼ਾ — 38

31. ´Frankfurter Zeitung[a] ("ਫ਼ਰੈਂਕਫ਼ੋਰਟ ਦਾ ਅਖ਼ਬਾਰ") — ਵੱਡੇ ਜਰਮਨ ਸੱਟੇਬਾਜ਼ਾਂ ਦਾ ਰੋਜ਼ਾਨਾ ਅਖ਼ਬਾਰ। 1856 ਤੋਂ 1943 ਤੱਕ ਫਰੈਂਕਫ਼ੋਰਟ-ਅਮ-ਮੇਨ ਤੋਂ ਪ੍ਰਕਾਸ਼ਤ ਹੁੰਦਾ ਰਿਹਾ। 1949 ਤੋਂ ´Frankfurter Allgemeine Zeitung[a] ("ਫ਼ਰੈਂਕਫ਼ੋਰਟ ਦਾ ਆਮ ਅਖ਼ਬਾਰ") ਦੇ ਨਾਂ ਨਾਲ਼ ਫਿਰ ਪ੍ਰਕਾਸ਼ਤ ਹੋਣ ਲੱਗ ਪਿਆ।

ਸਫ਼ਾ — 40

32. "ਸਥਾਪਤ ਸਰਮਾਏਦਾਰੀ" ਦੇ, ਜਿਸ ਦੇ ਸਰਮਾਏਦਾਰੀ ਹਮੈਤੀ ਅਤੇ ਅਣ-ਵਿਗਿਆਨਕ ਰੂਪ ਦਾ ਲੈਨਿਨ ਨੇ "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ" ਅਤੇ "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਪਾਜ ਉਘੇੜਿਆ, ਸਿਧਾਂਤ ਅਨੁਸਾਰ ਸਾਮਰਾਜਵਾਦ ਇੱਕ ਅਜਿਹੀ ਸੁਹਣੀ ਤਰ੍ਹਾਂ ਜਥੇਬੰਦ ਸਰਮਾਏਦਾਰੀ ਹੈ, ਜਿਸ ਵਿੱਚ ਸਮਰੱਥਾ ਅਤੇ ਉਤਪਾਦਨ ਦੀ ਅਰਾਜਕਤਾ ਜਿਹੀਆਂ ਬੁਰਾਈਆਂ ਦਾ ਨਿਸ਼ਾਨ ਤੱਕ ਨਹੀਂ ਅਤੇ ਜਿਥੇ ਸਰਵਜਨਕ-ਆਰਥਕਤਾ ਦਾ ਸੁਮੇਲਿਆ ਵਿਕਾਸ ਹੋ ਰਿਹਾ ਹੈ। ਸੋਮਬਰਤ, ਲੀਫ਼ਮਾਨ, ਆਦਿ ਅਜਾਰੇਦਾਰ ਸਰਮਾਏਦਾਰੀ ਦੇ ਵਿਚਾਰਧਾਰਕਾਂ ਵੱਲੋਂ ਪੇਸ਼ ਕੀਤੇ ਇਸ ਸਿਧਾਂਤ ਦੀ ਕਾਊਟਸਕੀ, ਹਿਲਫ਼ਰਡਿੰਗ ਅਤੇ ਦੂਜੀ ਇੰਟਰਨੈਸ਼ਨਲ ਦੇ ਹੋਰ ਸੁਧਾਰਵਾਦੀ ਸਿਧਾਂਤਕਾਰਾਂ ਨੇ ਹਮਾਇਤ ਕੀਤੀ।

ਸਫ਼ਾ — 45

33. **ਭੁਲਾਂਦਰਾਵਾਦੀ** (Sophist) **—** ਪ੍ਰਾਚੀਨ ਯੂਨਾਨ ਦੇ ਪੇਸ਼ਾਵਰ ਦਾਰਸ਼ਨਿਕ, ਦਰਸ਼ਨ ਅਤੇ ਸੁਵਕੱਤਤਾ ਦੇ ਮੁਖੀਆ ਦਾ ਨਾਂ। ਭੁਲਾਂਦਰਾਵਾਦੀਆਂ ਲਈ ਮਨੁੱਖੀ ਮਜ਼ਬੂਰੀਆਂ, ਸਦਾਚਾਰਕ ਪੱਧਰਾਂ ਅਤੇ ਮੁਲੰਗਣਾਂ ਦੀ ਸਾਪੇਖਤਾ ਵਿੱਚ ਨਿਸ਼ਚਾ ਲਖਣਾਇਕ ਸੀ।

ਭੁਲਾਂਦਰਾਵਾਦੀ ਝੂਠੇ, ਭਰਮ ਵਿੱਚ ਪਾਉਣ ਵਾਲ਼ੇ ਭੁਲਾਂਦਰਿਆਂ ਅਤੇ ਸ਼ਬਦ-ਜਾਲ਼ ਦੀ ਜਾਣ ਬੁਝ ਕੇ ਵਰਤੋਂ ਕਰਦੇ। ਭੁਲਾਂਦਰਾਵਾਦ ਛੇਤੀ ਹੀ ਨਿਯਮਾਂ ਦੀ ਥੋਥੀ ਖੇਡ ਅਤੇ ਬਹਿਸ ਵਿੱਚ ਸਭਨਾਂ ਦੀ ਰੱਖਿਆ ਅਤੇ ਸੁਵਕੱਤਤਾ ਦੀ ਕਲਾ ਬਣ ਕੇ ਰਹਿ ਗਿਆ।

ਸਫ਼ਾ — 48

34. "ਸਰਮਾਏ ਦੀ ਜਮਹੂਰੀਕਰਣ" ਸਬੰਧੀ ਸਰਮਾਏਦਾਰ-ਸੋਧਵਾਦੀ ਸਿਧਾਂਤਾਂ ਨੂੰ ਸਾਮਰਾਜਵਾਦ ਉੱਤੇ ਮੁਲੰਮਾਂ ਕਰਨ ਅਤੇ ਅਜਾਰੇਦਾਰੀ ਦੇ ਗ਼ਲਬੇ ਉੱਤੇ ਪਰਦਾ ਪਾਉਣ ਦੀ ਗ਼ਰਜ ਨਾਲ਼ ਵਿਕਸਿਤ ਕੀਤਾ ਗਿਆ ਸੀ। ਛੋਟੇ ਹਿੱਸੇ ਵੰਡਣ ਦਾ ਮੰਤਵ ਆਮ ਆਦਮੀ ਨੂੰ ਧੋਖਾ ਦੇ ਕੇ ਉਹਦੀ ਲੁੱਟ-ਚੋਂਘ ਤਿੱਖੇਰੀ ਕਰਨਾ ਅਤੇ ਸਰਮਾਏਦਾਰ ਥੈਲੀਸ਼ਾਹਾਂ ਨੂੰ ਹੋਰ ਅਮੀਰ ਬਣਾਉਂਦਾ ਸੀ। ਪਰ ਯਥਾਰਥ ਇਹਨਾਂ ਪੱਖ-ਪਾਤੀ ਸਿਧਾਂਤਾਂ ਨੂੰ ਜੜ੍ਹੋਂ ਉਖਾੜ ਦੇਂਦਾ ਹੈ ਕਿ ਕਹਿਣ ਨੂੰ ਕਿਰਤੀ ਕਾਰਖਾਨਿਆਂ ਦੇ ਮਾਲਕ (ਸਹਿ-ਮਾਲਕ) ਬਣਦੇ ਜਾ ਰਹੇ ਹਨ ਅਤੇ ਇਹ ਕਿ ਸਰਮਾਏਦਾਰਾਂ ਅਤੇ ਕਿਰਤੀਆਂ ਦੀ ਆਮਦਨ ਵਿੱਚ "ਇੱਕਸਾਰਤਾ" ਆਉਂਦੀ ਜਾ ਰਹੀ ਹੈ। ਸਰਮਾਏਦਾਰੀ ਦੀ ਲਖਣਾਇਕ ਗੱਲ ਇਹ ਹੈ ਕਿ ਕਿਰਤ ਅਤੇ ਸਰਮਾਏ, ਜਨਤਾ ਅਤੇ ਅਜਾਰੇਦਾਰਾਂ ਵਿਚਕਾਰ ਪਾੜ ਡੂੰਘੇ ਤੋਂ ਡੂੰਘਾ ਹੁੰਦਾ ਜਾਂਦਾ ਹੈ।

ਸਫ਼ਾ — 48

35. ਲੈਨਿਨ ਦਾ ਇਸ਼ਾਰਾ ਇੱਥੇ ਗ. ਵ. ਪਲੈਖਾਨੋਵ ਵੱਲ ਹੈ।

ਸਫ਼ਾ — 48

36. "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ" ਵਿੱਚ, ਜਿਹੜੀ ਰੂਸ ਵਿੱਚ ਕਾਨੂੰਨੀ ਤੌਰ 'ਤੇ ਪ੍ਰਕਾਸ਼ਤ ਹੋਣ ਵਾਲ਼ੀ ਸੀ, ਲੈਨਿਨ ਰੂਸੀ ਸਾਮਰਾਜਵਾਦ ਦੇ ਵਿਸ਼ਲੇਸ਼ਣ ਬਾਰੇ ਸੰਖੇਪ ਟੀਕਾ-ਟਿੱਪਣੀਆਂ ਅਤੇ ਇਸ਼ਾਰੇ ਦੇਣ ਲਈ ਮਜ਼ਬੂਰ ਸੀ। "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਉਹਨੇ ਅ. ਅਗਾਹਦ ਦੀ "ਵੱਡੇ ਬੈਂਕ ਅਤੇ ਸੰਸਾਰ ਮੰਡੀ, ਰੂਸ ਦੀ ਆਰਥਕਤਾ ਅਤੇ ਰੂਸੀ-ਜਰਮਨ ਸਬੰਧਾਂ ਨੂੰ ਪ੍ਰਭਾਵਤ ਕਰਨ ਦੇ ਪੱਖ ਤੋਂ ਸੰਸਾਰ ਮੰਡੀ ਵਿੱਚ ਵਿਸ਼ਾਲ ਬੈਂਕਾਂ ਦੀ ਆਰਥਕ ਅਤੇ ਰਾਜਸੀ ਮਹੱਤਤਾ" (ਬਰਲਿਨ, 1914), ਅ. ਨ. ਜ਼ਾਕ ਦੀ "ਰੂਸੀ ਸਨਅਤਾਂ ਦੇ ਸਬੰਧ ਵਿੱਚ ਜਰਮਨ ਲੋਕ ਅਤੇ ਜਰਮਨ ਸਰਮਾਇਆ" ਬ. ਇਸ਼ਖ਼ਾਨੀਅਨ ਦੀ "ਰੂਸੀ ਜਨਤਕ ਆਰਥਕਤਾ ਵਿੱਚ ਵਿਦੇਸ਼ੀ ਅੰਸ਼", ਆਦਿ ਲਿਖਤਾਂ ਦਾ ਅਧਿਐਨ ਅਤੇ ਵਰਤੋਂ ਕੀਤੀ। ਇਸ ਤੋਂ ਬਿਨਾਂ "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ ਵਿੱਚ" ਅਜਿਹੀ ਵਿਸ਼ਾਲ ਸਮੱਗਰੀ ਵੀ ਸ਼ਾਮਲ ਹੈ ਜਿਹੜੀ ਰੂਸ ਦੀ ਅਜਾਰੇਦਾਰ ਸਰਮਾਏਦਾਰੀ 'ਤੇ ਚਾਨਣ ਪਾਉਂਦੀ ਹੈ ਅਤੇ ਇਹਦੇ ਨਾਲ਼ ਹੀ ਨਾਲ਼ ਇਸ ਵਿੱਚ ਰੂਸੀ ਸਾਮਰਾਜਵਾਦ ਦੇ ਵੱਖ ਵੱਖ ਪੱਖਾਂ ਦਾ ਮੁਲੰਗਣ ਦਿੱਤਾ ਗਿਆ ਹੈ।

ਸਫ਼ਾ — 53

37. **ਫਰਾਂਸ ਦਾ ਪਨਾਮਾ —** 1892-93 ਵਿੱਚ ਫ਼ਰਾਂਸੀਸੀ ਪਨਾਮਾ ਕੰਪਨੀ ਰਾਹੀਂ ਰਾਜਸੀ

ਨੇਤਾਵਾਂ, ਰਾਜਨੇਤਾਵਾਂ, ਸਰਕਾਰੀ ਅਫ਼ਸਰਾਂ ਅਤੇ ਅਖ਼ਬਾਰਾਂ ਨੂੰ ਦਿੱਤੀਆਂ ਗਈਆਂ ਰਿਸ਼ਵਤਾਂ, ਭ੍ਰਿਸ਼ਟਾਚਾਰ ਅਤੇ ਬਦਕਾਰੀ ਦਾ ਪਰਦਾ ਉਘੜਨ 'ਤੇ ਪ੍ਰਚਲਤ ਹੋਣ ਵਾਲ਼ਾ ਇੱਕ ਮੁਹਾਵਰਾ।

ਸਫ਼ਾ — 58

38. "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ, ਜਿਨ੍ਹਾਂ ਨੇ "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ" ਲਈ ਤਿਆਰੀ ਦਾ ਕੰਮ ਕੀਤਾ, ਲੈਨਿਨ ਵੱਲੋਂ ਤੱਥਾਂ ਦੇ ਵਿਸ਼ਾਲ ਅਧਿਐਨ ਅਤੇ ਅੰਕ ਸਮੱਗਰੀ ਨੂੰ ਪਟੀਵਾਰ ਕਰਨ ਅਤੇ ਇਕੱਤਰ ਕਰਨ ਦਾ ਅਸੀਮ ਕੰਮ ਜਾਪਦਾ ਹੈ। ਮਿਸਾਲ ਵਜੋਂ ਸਾਰੇ ਸੰਸਾਰ ਵਿੱਚ ਹੁੰਡੀਆਂ ਜਾਰੀ ਹੋਣ ਅਤੇ ਉਹਨਾਂ ਦੀ ਵੱਖ ਵੱਖ ਦੇਸ਼ਾਂ ਵਿੱਚ ਵੰਡ, ਜਿਹੜੀ ਨੇਮਾਰਕ ਨੇ ´Bulletin de Iíinstitut international de statistiques[a] t. XIX livr.II, La Haye, 1912 (ਕੌਮਾਂਤਰੀ ਅੰਕ-ਸੰਕਲਣ ਸਭਾ ਦਾ ਬੁਲੇਟਨ, ਸੈਂਚੀ XIX ਹਿੱਸਾ 2, ਹੇਗ) ਵਿੱਚ ਦਿੱਤੀ ਹੈ, ਲੈਨਿਨ ਨੇ ਇਹਦਾ ਮੁਕਾਬਲਾ ਵ. ਸੋਲਿੰਗਰ ਵੱਲੋਂ ਆਪਣੇ ਅਧਿਐਨ ´Die Bilanz der internationalen, Wert¸bertragun-gen[a], 1914 ("ਕਦਰਾਂ ਦੇ ਕੌਮਾਂਤਰੀ ਵਿਤਰਣ ਦਾ ਤੋਲ"), ਵਿੱਚ ਦਿੱਤੀ ਸਮੱਗਰੀ ਨਾਲ਼ ਕੀਤਾ ਅਤੇ ਇਹਨੂੰ ਸੋਧਿਆ ਅਤੇ ਆਪਣਾ ਹਿਸਾਬ ਕਿਤਾਬ ਕੀਤਾ।

ਸਫ਼ਾ — 59

39. ਗ. ਕ. ਮੋਰਿਸ ਦੀ ਕਿਰਤ ´The History of Colonization from the Earliest Times to the Present Day[a] (ਨਿਊ ਯਾਰਕ, 1900) ("ਮੁੱਢ ਤੋਂ ਅੱਜ ਤੱਕ ਬਸਤੀਵਾਦ ਦਾ ਇਤਿਹਾਸ") ਵਿੱਚ ਦਿੱਤੀ ਸਮੱਗਰੀ ਨੂੰ ਅਧਾਰ ਬਣਾ ਕੇ ਲੈਨਿਨ ਨੇ ਮੁਕਾਬਲਾ ਕਰਕੇ ਸਰਮਾਏਦਾਰ ਰਾਜਾਂ ਵਿਚਕਾਰ ਬਸਤੀਆਂ ਦੀ ਵੰਡ ਉੱਤੇ ਰੋਸ਼ਨੀ ਪਾਈ।

ਸਫ਼ਾ — 77

40. ਅ: ਸੂਪਨ ਵੱਲੋਂ ਦਿੱਤੇ ਅੰਕੜਿਆਂ ਅਤੇ ਓ. ਹੁਬਨੇਰ ਦੀ ਭੂਗੋਲਕ -ਸਾਰਣੀਆਂ ਦੀ ਵਿਸਤਰਤ ਪੁਣ-ਛਾਣ "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਕੀਤੀ ਗਈ ਸੀ ।

ਸਫ਼ਾ — 80

41. **ਨਰੋਦਵਾਦ —** ਰੂਸੀ ਇਨਕਲਾਬੀ ਲਹਿਰ ਦਾ ਇੱਕ ਨਿੱਕ-ਬੁਰਜੂਆ ਮੁਹਾਣ। 19 ਵੀਂ ਸਦੀ ਦੇ ਸੱਤਵੇਂ ਅਤੇ ਅੱਠਵੇਂ ਦਹਾਕੇ ਵਿੱਚ ਪ੍ਰਚਲਤ ਰਿਹਾ। ਨਰੋਦਵਾਦੀਆਂ ਨੇ ਇੱਕ-ਪੁਰਖੀ ਰਾਜ ਦੇ ਅੰਤ ਅਤੇ ਜਾਗੀਰਦਾਰਾਂ ਦੀਆਂ ਜ਼ਮੀਨਾਂ ਕਿਸਾਨਾਂ ਵਿੱਚ ਵੰਡਣ ਦੀ ਹਮਾਇਤ ਕੀਤੀ। ਪਰ ਇਹਦੇ ਨਾਲ਼ ਹੀ ਨਾਲ਼ ਉਹਨਾਂ ਇਹ ਗੱਲ ਮੰਨਣੋਂ ਨਾਂਹ ਕੀਤੀ ਕਿ ਰੂਸ ਵਿੱਚ ਸਰਮਾਏਦਾਰ ਸਬੰਧਾਂ ਦਾ ਵਿਕਾਸ ਸੰਭਵ ਹੈ। ਇਸੇ ਲਈ

ਉਹਨਾਂ ਦਾ ਇਹ ਨਿਸ਼ਚਾ ਸੀ ਕਿ ਮੁੱਖ ਇਨਕਲਾਬੀ ਸ਼ਕਤੀ ਪ੍ਰੋਲੇਤਾਰੀ ਨਹੀਂ ਸਗੋਂ ਕਿਸਾਨ ਸ਼੍ਰੇਣੀ ਹੈ। ਉਹ ਪੇਂਡੂ ਕਮਿਊਨ ਨੂੰ ਸੋਸ਼ਲਿਜ਼ਮ ਦਾ ਭਰੂਣ ਰੂਪ ਸਮਝਦੇ ਹਨ। ਇਕ-ਪੁਰਖੀ ਹਕੂਮਤ ਵਿਰੁੱਧ ਘੋਲ਼ ਲਈ ਕਿਸਾਨਾਂ ਨੂੰ ਪ੍ਰੇਰਤ ਕਰਨ ਦਾ ਯਤਨ ਕਰਦੇ ਹੋਏ ਨਰੋਦਵਾਦੀ ਪੇਂਡੂ ਇਲਾਕਿਆਂ ਵਿੱਚ ਅਰਥਾਤ ਜਨਤਾ ਕੋਲ਼ ਗਏ (ਰੂਸੀ ਬੋਲੀ ਵਿੱਚ ਜਨਤਾ ਨੂੰ 'ਨਰੋਦ' ਕਹਿੰਦੇ ਹਨ; ਇਸੇ ਲਈ ਇਹਨਾਂ ਲੋਕਾਂ ਦਾ ਨਾਂ "ਨਰੋਦਵਾਦੀ" ਪੈ ਗਿਆ) ਪਰ ਉੱਥੇ ਉਹਨਾਂ ਨੂੰ ਕੋਈ ਸਰਗਰਮ ਹਮਾਇਤ ਨਾ ਮਿਲੀ।

19 ਵੀਂ ਸਦੀ ਦੀਆਂ ਨੌਂਵੀਂ ਅਤੇ ਅਖ਼ੀਰੀ ਦਹਾਈਆਂ ਵਿੱਚ ਨਰੋਦਵਾਦੀਆਂ ਨੇ ਜ਼ਾਰਸ਼ਾਹੀ ਵੱਲ ਸਮਝੌਤਾਪ੍ਰਸਤ ਰੁਖ ਅਪਣਾਇਆ, ਕੁਲਾਕਾਂ (ਧਨੀ ਕਿਸਾਨਾਂ) ਦੇ ਹਿੱਤਾਂ ਦੀ ਹਮਾਇਤ ਕੀਤੀ ਅਤੇ ਬੜੇ ਜ਼ੋਰ ਨਾਲ਼ ਮਾਰਕਸਵਾਦ ਦਾ ਵਿਰੋਧ ਕੀਤਾ।

ਸਫ਼ਾ — 94

42. ਕਾ. ਕਾਊਟਸਕੀ ਦੇ ਲੇਖ ´Der Imperialismus[a] ("ਸਾਮਰਾਜਵਾਦ") ਦੀ, ਜਿਹੜਾ ´Die Neue Zeit[a] ਰਸਾਲੇ ਵਿੱਚ (1914, Jg. 32, Bd.2 W.21) ਵਿੱਚ ਛਪਿਆ, 'ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਵਿਸਤ੍ਰਿਤ ਪੜਚੋਲ ਕੀਤੀ ਗਈ ਹੈ। ਸਾਮਰਾਜਵਾਦ ਸਬੰਧੀ ਕਾਊਟਸਕੀ ਅਤੇ ਕਾਊਟਸਕੀਵਾਦੀਆਂ ਦੇ ਅਨੇਕ ਲੇਖਾਂ ਦਾ ਵੀ ਸਰਬੰਗੀ ਵਿਸ਼ਲੇਸ਼ਣ ਕੀਤਾ ਗਿਆ, ਜਿਸ ਰਾਹੀਂ ਇਹ ਸਪੱਸ਼ਟ ਹੋ ਗਿਆ ਕਿ ਸਾਮਰਾਜਵਾਦ ਸਬੰਧੀ ਕਾਊਟਸਕੀਵਾਦੀਆਂ ਦੇ ਵਿਚਾਰ ਨਿੱਕ-ਬੁਰਜੂਆ ਸੁਧਾਰਵਾਦ ਹੀ ਹਨ, ਜਿਨ੍ਹਾਂ ਮਾਰਕਸਵਾਦ ਦਾ ਬੁਰਕਾ ਪਹਿਨਿਆ ਹੋਇਆ ਹੈ।

ਸਫ਼ਾ — 95

43. ਵ. ਇ. ਲੈਨਿਨ ਨੇ ਸਾਮਰਾਜਵਾਦ ਬਾਰੇ ਆਪਣੀ ਕਿਰਤ ਲਿਖਣ ਸਮੇਂ ਰੇਲਾਂ ਸਬੰਧੀ ਅੰਕੜਿਆਂ ਵੱਲ ਬੜਾ ਧਿਆਨ ਦਿੱਤਾ ਸੀ। "ਸਾਮਰਾਜਵਾਦ ਦੇ ਵਿਸ਼ੇ 'ਤੇ ਨੋਟਬੁੱਕਾਂ" ਵਿੱਚ ਸ਼ਾਮਲ ਕੀਤੀ ਸਮੱਗਰੀ ਤੋਂ ਸਪੱਸ਼ਟ ਹੁੰਦਾ ਹੈ ਕਿ ਲੈਨਿਨ ਕਿਵੇਂ ਵੱਖ-ਵੱਖ ਦੇਸ਼ਾਂ (ਵੱਡੀਆਂ ਤਾਕਤਾਂ, ਸੁਤੰਤਰ ਅਤੇ ਅਧੀਨ ਦੇਸ਼ਾਂ ਅਤੇ ਬਸਤੀਆਂ) ਵਿੱਚ ਰੇਲਾਂ ਦੇ ਵਿਕਾਸ ਸਬੰਧੀ ਵਿਸਤ੍ਰਿਤ ਸਮੱਗਰੀ (1860 ਅਤੇ 1913) ਇਕੱਠੀ ਕੀਤੀ ਅਤੇ ਉਹਦਾ ਅਧਿਐਨ ਕੀਤਾ। ਇਸ ਖੋਜ ਦਾ ਸਾਰ ਦੋ ਸੰਖੇਪ ਸਾਰਣੀਆਂ ਵਿੱਚ ਪੇਸ਼ ਕੀਤਾ ਗਿਆ (ਵੇਖੋ ਇਸ ਪੁਸਤਕ ਦਾ ਪੰਨਾਂ 98)

ਸਫ਼ਾ — 98

44. **ਖ਼ਾਤਮਾਵਾਦ** -ਮੈਨਸ਼ਵਿਕਾਂ ਵਿੱਚ ਇੱਕ ਅਤਿ ਸੱਜ-ਪੱਖੀ ਮੌਕਾਪ੍ਰਸਤ ਮੁਹਾਣ ਸੀ। ਇਹ ਪਹਿਲੇ ਰੂਸੀ ਇਨਕਲਾਬ ਦੀ ਹਾਰ ਤੋਂ ਪਿਛੋਂ 1908-1912 ਵਿੱਚ ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿੱਚ ਪ੍ਰਗਟ ਹੋਇਆ। ਖ਼ਾਤਮੇਵਾਦੀਆਂ ਨੇ ਮਾਰਕਸਵਾਦੀ ਪਾਰਟੀ ਦੇ ਕਾਰਜ-ਕ੍ਰਮ ਅਤੇ ਯੁੱਧ-ਨੀਤੀ ਨੂੰ ਮੰਨਣੋਂ ਨਾਹ ਕੀਤੀ, ਪ੍ਰੋਲਤਾਰੀ ਇਨਕਲਾਬੀ ਪਾਰਟੀ ਨੂੰ ਖ਼ਤਮ ਕਰਨ ਅਤੇ ਆਪਣੀ ਸੁਧਾਰਵਾਦੀ ਪਾਰਟੀ ਜਥੇਬੰਦ ਕਰਨ ਅਤੇ

ਉਹਨੂੰ ਜ਼ਾਰਸ਼ਾਹੀ ਹਕੂਮਤ ਅਧੀਨ ਪ੍ਰਚਲਤ ਪ੍ਰਸਥਿਤੀਆਂ ਅਨੁਸਾਰ ਢਾਲਣ ਦਾ ਯਤਨ ਕੀਤਾ।

ਸਫ਼ਾ —110

45. **"ਫੇਬੀਅਨ ਸੋਸਾਇਟੀ" —** ਬਰਤਾਨੀਆ ਵਿੱਚ 1884 ਵਿੱਚ ਸਥਾਪਿਤ ਕੀਤੀ ਸੁਧਾਰਵਾਦੀ ਜਥੇਬੰਦੀ। ਸੋਸਾਇਟੀ ਨੇ ਆਪਣਾ ਨਾਂ ਰੋਮਨ ਜਰਨੈਲ ਫੇਬੀਅਸ ਮੈਕਸੀਮਸ ਦੇ ਨਾਂ 'ਤੇ ਰੱਖਿਆ, ਜਿਹੜਾ ਤੀਜੀ ਸਦੀ ਪੂਰਵ ਈਸਾ ਵਿੱਚ ਕਰਪੇਥਿਆਈ ਜਰਨੈਲ ਹਨੀਬਾਲ ਵਿਰੁੱਧ ਨਿਰਣਾਇਕ ਲੜਾਈਆਂ ਟਾਲਣ ਵਾਲ਼ੀ ਆਪਣੀ ਯੁੱਧ ਨੀਤੀ ਕਾਰਨ "ਟਾਲਣ ਵਾਲ਼ਾ" ਦੇ ਨਾਂ ਨਾਲ਼ ਪ੍ਰਸਿੱਧ ਹੋਇਆ। ਇਸ ਸੰਸਥਾ ਦੇ ਮੈਂਬਰ ਵਧੇਰੇ ਸਰਮਾਏਦਾਰ ਬੁੱਧੀਮਾਨ — ਵਿਗਿਆਨਕ, ਲੇਖਕ ਅਤੇ ਰਾਜਸੀ ਨੇਤਾ (ਸਿਡਨੀ ਅਤੇ ਬੀਟ੍ਰਿਸ ਵੈਬ, ਰੇਮਜ਼ੇ ਮੈਕਡਾਨਲਡ, ਬਰਨਾਰਡ ਸ਼ਾਅ, ਆਦਿ) ਸਨ, ਜਿਹੜੇ ਪ੍ਰੋਲੇਤਾਰੀ ਦੇ ਸ਼੍ਰੇਣੀ ਘੋਲ਼ ਅਤੇ ਸਮਾਜਵਾਦੀ ਇਨਕਲਾਬ ਦੀ ਲੋੜ ਦਾ ਠੱਠਾ ਉਡਾਉਂਦੇ ਸਨ ਅਤੇ ਕਹਿੰਦੇ ਸਨ ਕਿ ਸਰਮਾਏਦਾਰੀ ਤੋਂ ਸੋਸ਼ਲਿਜ਼ਮ ਵੱਲ ਤਬਦੀਲੀ ਕੇਵਲ ਨਿੱਕੇ-ਮੋਟੇ ਸੁਧਾਰਾਂ ਅਤੇ ਤੁੱਛ ਤਬਦੀਲੀਆਂ ਰਾਹੀਂ ਹੀ ਹੋ ਸਕਦੀ ਹੈ।

ਸਫ਼ਾ — 111

46. ਇੱਥੇ ਸਾਮਰਾਜੀ ਤਾਕਤਾਂ (ਬਰਤਾਨੀਆ, ਆਸਟਰੀਆ-ਹੰਗਰੀ, ਬੈਲਜੀਅਮ, ਫ਼ਰਾਂਸ, ਜਰਮਨੀ, ਇਟਲੀ, ਜਪਾਨ, ਰੂਸ, ਹਾਲੈਂਡ, ਸਪੇਨ ਅਤੇ ਅਮਰੀਕਾ) ਅਤੇ ਚੀਨ ਵੱਲੋਂ 1899-1907 ਵਿੱਚ ਬਾਕਸਰ ਬਗ਼ਾਵਤ ਕੁਚਲਣ ਪਿੱਛੋਂ 7 ਸਤੰਬਰ 1907 ਨੂੰ ਜਾਰੀ ਕੀਤੇ "ਅਖੀਰੀ ਐਲਾਨ" ਵੱਲ ਹੈ। ਇਸ ਰਾਹੀਂ ਸਰਮਾਏਦਾਰੀ ਨੂੰ ਚੀਨ ਦੀ ਲੁੱਟ-ਚੋਂਘ ਕਰਨ ਅਤੇ ਉਹਦੇ ਉੱਤੇ ਜਬਰ ਕਰਨ ਦੀਆਂ ਨਵੀਂਆਂ ਸੰਭਾਵਨਾਵਾਂ ਪ੍ਰਾਪਤ ਹੋਈਆਂ।

ਸਫ਼ਾ — 120

47. **ਬਾਕਸਰ ਬਗ਼ਾਵਤ —** (1899-1901) — ਚੀਨ ਵਿੱਚ ਸਾਮਰਾਜਵਾਦ ਵਿਰੋਧੀ ਜਨਤਕ ਬਗ਼ਾਵਤ। ਇਹਦੀ ਅਗਵਾਈ "ਹੀ-ਹੋ-ਹੁਆਨ" (ਇਨਸਾਫ਼ ਅਤੇ ਚੰਗੇ ਪ੍ਰਬੰਧ ਦੇ ਨਾਂ 'ਤੇ ਮੁੱਕਾ) ਸਭਾ ਨੇ ਕੀਤੀ। ਸਾਮਰਾਜੀਆਂ ਦੀ ਤਾਜ਼ੀਰੀ ਫ਼ੌਜ ਨੇ ਬੇਰਹਿਮੀ ਨਾਲ਼ ਇਸ ਬਗ਼ਾਵਤ ਨੂੰ ਕੁਚਲ ਦਿੱਤਾ। ਇਸ ਫ਼ੌਜ ਦਾ ਆਗੂ ਜਰਮਨ ਜਰਨੈਲ ਕਾਉਂਟ ਐਲਫ਼ਰਡ ਫ਼ਾਨ ਵਾਲਟੇਰਸੇ ਸੀ। ਜਰਮਨ, ਜਪਾਨੀ, ਬਰਤਾਨਵੀ, ਅਮਰੀਕੀ ਅਤੇ ਰੂਸੀ ਸਾਮਰਾਜੀਆਂ ਨੇ ਇਹ ਬਗ਼ਾਵਤ ਕੁਚਲਣ ਵਿੱਚ ਹਿੱਸਾ ਲਿਆ। 1901 ਚੀਨ ਨੂੰ ਅਖੌਤੀ "ਅਖੀਰੀ ਐਲਾਨ" ਉੱਤੇ ਦਸਤਖ਼ਤ ਕਰਨ 'ਤੇ ਮਜ਼ਬੂਰ ਕੀਤਾ ਗਿਆ, ਜਿਸ ਰਾਹੀਂ ਉਹ ਵਿਦੇਸ਼ੀ ਸਾਮਰਾਜਵਾਦ ਦੀ ਨੀਮ-ਬਸਤੀ ਬਣ ਗਿਆ।

ਸਫ਼ਾ — 121

48. **"ਫਸ਼ੋਦਾ ਟੱਕਰ"** — ਸਤੰਬਰ 1898 ਵਿੱਚ ਪੂਰਬੀ ਸੂਡਾਨ ਵਿੱਚ ਨੀਲ ਦਰਿਆ ਦੇ

ਕੰਢੇ ਸਥਿਤ ਇੱਕ ਪਿੰਡ ਫ਼ਸ਼ੋਦਾ ਵਿੱਚ ਬਰਤਾਨਵੀ ਅਤੇ ਫ਼ਰਾਂਸੀਸੀ ਬਸਤੀਵਾਦੀ ਫ਼ੌਜਾਂ ਵਿਚਕਾਰ ਟੱਕਰ ਨੇ, ਕੌਮਾਂਤਰੀ ਸਬੰਧਾਂ ਵਿੱਚ ਘੋਰ ਸੰਕਟ ਪੈਦਾ ਕਰ ਦਿੱਤਾ। ਇਹਨੇ ਨੀਲ ਨਦੀ ਅਤੇ ਇਸ ਨਦੀ ਦੀ ਵਾਦੀ ਉੱਤੇ ਗ਼ਲਬੇ ਲਈ ਬਰਤਾਨੀਆ ਅਤੇ ਫ਼ਰਾਂਸ ਦੇ ਘੋਲ਼ ਨੂੰ ਪ੍ਰਗਟ ਕੀਤਾ ਅਤੇ ਇਹਦਾ ਅੰਤ ਅਫ਼ਰੀਕਾ ਦੀ ਵੰਡ ਨਾਲ਼ ਹੋਇਆ।

ਸਫ਼ਾ — 122

# ਨਾਮਾਵਲੀ

## ੳ

**ਓਵਨਜ਼** (Owens), **ਮਾਈਕਲ ਜੋਜ਼ਫ਼** (1859-1923)- ਇੱਕ ਅਮਰੀਕੀ ਜਿਸਨੇ ਬੋਤਲਾਂ ਬਣਾਉਣ ਦੀ ਇੱਕ ਮਸ਼ੀਨ ਦੀ ਕਾਢ ਕੀਤੀ। ਪਿੱਛੋਂ ਜਾ ਕੇ ਇਸੇ ਖੇਤਰ ਵਿੱਚ ਇੱਕ ਸਨਅਤਕਾਰ।

—101

## ਅ

**ਅਕਸਲਰੋਦ, ਪਾ. ਬੋ.** (1850-1928)- ਇੱਕ ਮੈਨਸ਼ਵਿਕ ਨੇਤਾ। 1900 ਤੋਂ "ਇਸਕਰਾ" ਦੇ ਸੰਪਾਦਕ ਮੰਡਲ ਦਾ ਮੈਂਬਰ। ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ (1917) ਤੋਂ ਪਿੱਛੋਂ ਬੁਰਜੂਆ ਆਰਜ਼ੀ ਹਕੂਮਤ ਦੀ ਹਮਾਇਤ ਕੀਤੀ। ਅਕਤੂਬਰ ਦੇ ਸੋਸ਼ਲਸਿਟ ਇਨਕਲਾਬ ਵੱਲ ਉਹਦਾ ਵਤੀਰਾ ਵਿਰੋਧੀ ਸੀ। ਪਰਵਾਸ ਵਿੱਚ ਰਹਿੰਦੇ ਹੋਏ ਉਹਨੇ ਰੂਸ ਵਿਰੁੱਧ ਦਖ਼ਲ ਦੇਣ ਦੇ ਹੱਕ ਵਿੱਚ ਪ੍ਰਚਾਰ ਕੀਤਾ।

—110

**ਅਗਵਿਨਾਲਦੋ.** (Aguinaldo), **ਏਮੀਲੀਓ** (ਜਨਮ 1866) - ਫ਼ਿਲੀਪਾਈਨ ਦੀਪ ਸਮੂਹ ਦਾ ਇੱਕ ਰਾਜਸੀ ਨੇਤਾ। ਉਹਨੇ ਸਪੇਨ ਦੀ ਹਕੂਮਤ ਵਿਰੁੱਧ ਫ਼ਿਲੀਪਾਈਨ ਦੀ ਜਨਤਾ ਦੀ ਬਗ਼ਾਵਤ ਵਿੱਚ ਹਿੱਸਾ ਲਿਆ। ਨਵੀਂ ਸਥਾਪਿਤ ਹੋਈ ਫ਼ਿਲੀਪੀਨੀ ਜਮਹੂਰੀਅਤ ਦਾ ਪ੍ਰਧਾਨ। ਪਿੱਛੋਂ ਫ਼ਿਲੀਪੀਨ ਵਿੱਚ ਅਮਰੀਕੀ ਨੀਤੀ ਅਪਣਾਈ।

—112

**ਅਗਾਹਦ** (Agahd), **ਐ.** - ਜਰਮਨ ਨਿੱਕ-ਬੁਰਜੂਆ ਅਰਥ-ਸ਼ਾਸਤਰੀ।

—50, 112

**ਐਡਵਰਡ, ਸੱਤਵਾਂ** (Edward VII) (1841-1910) — 1901 ਤੋਂ 1910 ਤੱਕ ਬਰਤਾਨੀਆ ਦਾ ਸ਼ਹਿਨਸ਼ਾਹ।

—58

## ੲ

**ਇੱਲੀਅਨ. ਵ.** — ਵੇਖੋ ਲੈਨਿਨ, ਵਲਾਦੀਮੀਰ ਇਲੀਚ।

**ਏਸ਼ਵੇਗੇ** (Eschevege) **ਲੁਡਵਿਗ**- ਜਰਮਨ ਨਿੱਕ-ਬੁਰਜੂਆ ਅਰਥ-ਸ਼ਾਸਤਰੀ। ਜਰਮਨ ਆਰਥਕ ਰਸਾਲੇ «Die Bank» ਦਾ ਮੁਲਾਜ਼ਮ ਸੀ। ਜਿਸ ਵਿੱਚ ਉਹਨੇ ਵਿੱਤ ਸਰਮਾਏ ਬਾਰੇ ਆਪਣੇ ਲੇਖ ਛਾਪੇ।

—56, 58, 113

**ਏਂਗਲਜ਼** (Engels), **ਫ਼ਰੈਡਰਿਕ** (1820–1895)–ਵਿਗਿਆਨਿਕ ਕਮਿਊਨਿਜ਼ਮ ਦੇ ਮੋਢੀਆਂ ਵਿੱਚੋਂ ਇੱਕ, ਕੌਮਾਂਤਰੀ ਪ੍ਰੋਲੇਤਾਰੀ ਸ਼੍ਰੇਣੀ ਦਾ ਨੇਤਾ ਅਤੇ ਸਿੱਖਿਅਕ, ਕਾਰਲ ਮਾਰਕਸ ਦੇ ਮਿੱਤਰ ਅਤੇ ਸਾਥੀ।

—108, 115

**ਸ**

**ਸਕੋਬੇਲੇਵ, ਮ. ਈ.** (1885–1939) – ਰੂਸੀ ਸੋਸ਼ਲ–ਡੈਮੋਕਰੈਟ, ਮੈਨਸ਼ਵਿਕ; ਪਹਿਲੇ ਸੰਸਾਰ ਯੁੱਧ ਸਮੇਂ ਉਦਾਰਪੰਥੀ। 1917 ਵਿੱਚ ਫ਼ਰਵਰੀ ਦੇ ਬੁਰਜੂਆ–ਜਮਹੂਰੀ ਇਨਕਲਾਬ ਤੋਂ ਪਿੱਛੋਂ ਪੀਤਰੋਗਰਾਦ ਸੋਵੀਅਤ ਦਾ ਉਪ–ਪ੍ਰਧਾਨ, ਪਹਿਲੇ ਸਮਾਗਮ ਦੀ ਕੇਂਦਰੀ ਕਾਰਜ–ਕਾਰੀ ਸੰਮਤੀ ਦਾ ਉਪ–ਪ੍ਰਧਾਨ; ਮਈ 1917 ਤੋਂ ਅਗਸਤ 1917 ਤੱਕ–ਆਰਜ਼ੀ ਸਰਮਾਏਦਾਰ ਸਰਕਾਰ ਵਿੱਚ ਕਿਰਤ ਮੰਤਰੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਮੈਨਸ਼ਵਿਕਾਂ ਨਾਲ਼ ਸਬੰਧ ਤੋੜ ਲਿਆ।

—110

**ਸਟੀਡ** (Stead), **ਵਿਲਿਅਮ ਥਾਮਸ**, (1846–1912) – ਅੰਗਰੇਜ਼ ਅਖ਼ਬਾਰਨਵੀਸ।

—79

**ਸ਼ਟਾਊਸ** (Staufl), **ਐਮਿਲ ਜਾਰਜ**, (ਜਨਮ 1877) – ਜਰਮਨ ਵਿੱਤ ਪ੍ਰਬੰਧਕ ਅਤੇ ਬੈਂਕਾਂ ਦਾ ਮਾਲਕ। 1898 ਤੋਂ ਜਰਮਨ ਬੈਂਕ ਵਿੱਚ ਨੌਕਰੀ ਕੀਤੀ; 1906 ਤੋਂ ਸੰਸਾਰ ਸਾਮਰਾਜੀ ਯੁੱਧ (1914–1918) ਦੇ ਅੰਤ ਤੱਕ ਬੈਂਕ ਦੇ ਅਧੀਨ ਤੇਲ ਸੋਸਾਇਟੀ ਦਾ ਪ੍ਰਬੰਧ ਕੀਤਾ। 1915 ਤੋਂ ਜਰਮਨ ਬੈਂਕ ਅਤੇ ਡਿਸਕਾਊਂਟਰ ਸੋਸਾਇਟੀ ਦੀ ਪ੍ਰਬੰਧਕ ਸਭਾ ਅਤੇ ਨਿਗਰਾਨੀ ਪ੍ਰੀਸ਼ਦ ਦਾ ਮੈਂਬਰ।

—72

**ਸਪੈਕਟੇਟਰ** - ਵੇਖੋ ਨਖ਼ੀਮਸੋਨ, ਮ. ਇ.

—114, 115, 118

**ਸਾਰਟੋਰੀਅਸ ਫ਼ਾਨ ਵਾਲਟਰਹਾਊਸਨ** (Sartorius von Walterhausen) **ਆਗਸਟ**, (ਜਨਮ 1852)– ਜਰਮਨ ਸਰਮਾਏਦਾਰ ਅਰਥ–ਸ਼ਾਸਤਰੀ 1888–1918 ਵਿੱਚ ਸਟਰਾਸਬੁਰਗ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ। ਸੰਸਾਰ ਅਰਥ–ਸ਼ਾਸਤਰ ਅਤੇ ਰਾਜਨੀਤੀ ’ਤੇ ਕਈ ਪੁਸਤਕਾਂ ਦਾ ਲੇਖਕ।

—86, 102

**ਸ਼ੀਦੇਮਾਨ** (Scheidemann) **ਫ਼ਿਲਿਪ** (1865–1939)– ਜਰਮਨ ਸੋਸ਼ਲ–ਡੈਮੋਕਰੈਟਾਂ ਦੇ ਅਤਿ ਦੇ ਸੱਜੇ–ਪੱਖੀ ਮੌਕਾਪ੍ਰਸਤ ਪੱਖ ਦਾ ਇੱਕ ਨੇਤਾ। ਜਰਮਨੀ ਵਿੱਚ ਨਵੰਬਰ 1918 ਦੇ ਇਨਕਲਾਬ ਦੇ ਸਮੇਂ ਉਹਨੇ ਸਪਾਰਟਾਕਸ ਲੀਗ ਦੇ ਮੈਂਬਰਾਂ ਦੇ ਸਮੂਹਕ ਕਤਲ ਨੂੰ ਭੜਕਾਇਆ। 1919 ਵਿੱਚ ਹਕੂਮਤ ਦਾ ਮੁਖੀ ਬਣ ਗਿਆ। 1918–

1921 ਦੀ ਜਰਮਨ ਕਿਰਤੀ ਲਹਿਰ ਨੂੰ ਖ਼ੂਨੀ ਢੰਗ ਨਾਲ਼ ਕੁਚਲਣ ਵਾਲ਼ਿਆਂ ਵਿੱਚੋਂ ਇੱਕ।

—11

**ਸੀਮਨਜ਼** (Siemens), **ਜਾਰਜ** (1839-1901) — ਜਰਮਨੀ ਦੇ ਸਭ ਤੋਂ ਵੱਡੇ ਸਨਅਤਕਾਰਾਂ ਅਤੇ ਪੋਤਦਾਰਾਂ ਵਿੱਚੋਂ ਇੱਕ। 1870 ਵਿੱਚ ਜਰਮਨ ਬੈਂਕ ਕਾਇਮ ਕੀਤਾ, ਜਿਸਦਾ ਇਹ ਮੁਖੀ ਵੀ ਸੀ। ਪਰੂਸ਼ੀਆ ਦੀ ਪ੍ਰਤੀਨਿੱਧ ਸਭਾ ਅਤੇ ਰਾਈਖ਼ਸਤਾਗ (ਜਰਮਨੀ ਦੀ ਪਾਰਲੀਮੈਂਟ) ਦਾ ਮੈਂਬਰ।

—48

**ਸ਼ਿਲਡਰ** (Schilder), **ਸੀਗਮੁੰਡ** (ਮੌਤ 1932) — ਜਰਮਨ ਅਰਥ-ਸ਼ਾਸਤਰੀ।

— 65, 83, 86, 102

**ਸੂਪਾਨ** (Supan), **ਅਲੈਕਸਾਂਦਰ**, (1847-1920) — ਜਰਮਨ ਭੂਗੋਲ-ਵਿਗਿਆਨੀ ਅਤੇ ਗੋਥਾ ਅਤੇ ਬ੍ਰੈਸਲਾ ਯੂਨੀਵਰਸਿਟੀਆਂ ਵਿੱਚ ਪ੍ਰੋਫ਼ੈਸਰ।

—80

**ਸ਼ੂਲਜ਼ੇ-ਗੀਵੇਰਨਿਤਜ਼** (Schulze-Gaevernitz), **ਗਰਹਾਰਡਟ** (1864-1943) - ਜਰਮਨ ਸਰਮਾਏਦਾਰ ਅਰਥ-ਸ਼ਾਸਤਰੀ; ਆਪਣੀਆਂ ਕਿਰਤਾਂ ਵਿੱਚ ਉਹਨੇ ਸਰਮਾਏਦਾਰ ਸਮਾਜ ਵਿੱਚ ਸਮਾਜੀ ਅਮਨ ਸਥਾਪਤ ਕਰਨ ਦੀ ਸੰਭਾਵਨਾ ਨੂੰ ਸੱਚਾ ਸਾਬਤ ਕਰਨ ਦਾ ਯਤਨ ਕੀਤਾ।

—33, 39, 45, 46, 86, 102, 106, 107, 129

**ਸੇਂਟ-ਸੀਮੋਂ** (Saint-Simon) **ਹੈਨਰੀ ਕਲਾਡ**, (1760-1825)—ਮਹਾਨ ਫ਼ਰਾਂਸੀਸੀ ਯੂਟੋਪੀਆਈ ਸੋਸ਼ਲਿਸਟ।

—129, 130

**ਹ**

**ਹਾਬਸਨ** (Hobson), **ਜਾਨ ਐਟਕਿਨਸਨ**, (1858-1940)—ਜਰਮਨ ਅਰਥ-ਸ਼ਾਸਤਰੀ, ਸਰਮਾਏਦਾਰ ਸੁਧਾਰਵਾਦ ਅਤੇ ਸ਼ਾਂਤੀਵਾਦ ਦਾ ਇੱਕ ਪ੍ਰਚਾਰਕ, ਸਾਮਰਾਜਵਾਦ ਦਾ ਪ੍ਰਸ਼ੰਸਕ।

—11, 13, 78, 92, 100, 101, 103-105, 107, 111, 113, 119

**ਹਿਊਸਮਾਨਸ** (Huysmans), **ਕਾਮਿੱਲੇ**, (ਜਨਮ 1871) — ਬੈਲਜੀਅਮ ਦੀ ਕਿਰਤੀ ਲਹਿਰ ਦਾ ਇੱਕ ਤਜ਼ਰਬੇਕਾਰ ਪੁਰਾਣਾ ਆਗੂ, 1904 ਤੋਂ 1916 ਤੱਕ ਦੂਜੀ ਇੰਟਰਨੈਸ਼ਨਲ ਦੇ ਕੌਮਾਂਤਰੀ ਸੋਸ਼ਲਿਸਟ ਬਿਊਰੋ ਦਾ ਸਕੱਤਰ; ਉਦਾਰਪੰਥੀ; ਕਈ ਵਾਰ ਬੈਲਜ਼ਮੀ ਸਰਕਾਰ ਵਿੱਚ ਕਈ ਅਹੁਦਿਆਂ 'ਤੇ ਕੰਮ ਕੀਤਾ। ਸੋਸ਼ਲਿਸਟ ਪਾਰਟੀਆਂ

ਅਤੇ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਨਾਲ਼ ਨੇੜਵੇਂ ਸਬੰਧ ਵਧਾਉਣ ਅਤੇ ਕੌਮਾਂਤਰੀ ਕਿਰਤੀ ਲਹਿਰ ਵਿੱਚ ਵਧੇਰੇ ਏਕਤਾ ਦਾ ਹਾਮੀ।

—127

**ਹਿੰਡਮੈਨ** (Hyndman), **ਹੈਨਰੀ ਮੇਅਰਜ਼** (1842–1921)—ਅੰਗਰੇਜ਼ ਸੋਸ਼ਲਿਸਟ, ਸੁਧਾਰਵਾਦੀ।

—10

**ਹਿੱਲ**, (Hill) **ਡੇਵਿਡ ਜੇਅਨ**, (1820–1932)—ਅਮਰੀਕੀ ਇਤਿਹਾਸਕਾਰ ਅਤੇ ਰਾਜਸੀ ਨੇਤਾ।

—122

**ਹਿਲਡੇਬਰਾਂਡ**, (Hildebrand) **ਗੇਰਹਾਰਡ** —ਜਰਮਨ ਸੋਸ਼ਲ-ਡੈਮੋਕਰੈਟ, ਅਰਥ-ਸ਼ਾਸਤਰੀ ਅਤੇ ਅਖ਼ਬਾਰਨਵੀਸ। ਆਪਣੇ ਮੌਕਾ-ਪ੍ਰਸਤ ਵਿਚਾਰਾਂ ਕਾਰਨ 1912 ਵਿੱਚ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।

—106

**ਹਿਲਫ਼ਰਡਿੰਗ** (Hilferding), **ਰੁਡੋਲਫ਼**, (1877–1941) — ਜਰਮਨੀ ਦੀ ਸੋਸ਼ਲ-ਡੈਮੋਕਰੈਸੀ ਅਤੇ ਦੂਜੀ ਇੰਟਰਨੈਸ਼ਨਲ ਦਾ ਇੱਕ ਮੌਕਾ-ਪ੍ਰਸਤ ਨੇਤਾ। ਪਹਿਲੇ ਸੰਸਾਰ ਯੁੱਧ ਦੇ ਵਰ੍ਹਿਆਂ ਵਿੱਚ ਸਮਾਜੀ-ਸਾਮਰਾਜੀਆਂ ਨਾਲ਼ ਏਕਤਾ ਦੀ ਨੀਤੀ ਚਲਾਈ।

—11, 13, 16, 46, 53,
55, 85, 100, 114, 123

**ਹੀਨਿੰਗ** (Heining), **ਕੁਰਟ** (1886–1956) — ਜਰਮਨ ਸੋਸ਼ਲ-ਡੈਮੋਕਰੈਟ, ਅਰਥ-ਸ਼ਾਸਤਰੀ ਅਤੇ ਅਖ਼ਬਾਰਨਵੀਸ।

—69, 70

**ਹੂਬਨੇਰ** (H¸bner) **ਆਟੋ** ´Geographisch-Statistische Tabellenaller L‰nder der Erdeª — ਨਾਂ ਦੇ ਅੰਕ ਅਤੇ ਭੂਗੋਲਿਕ ਵਿਸ਼ਿਆਂ ਦੇ ਸਾਲਵਾਰਾਂ ਦਾ ਸੰਗ੍ਰਹਿ ਕਰਤਾ।

—80

**ਹੇਮੈਨ**, (Heymann) **ਹਾਂਸ ਗਿਡੀਅਨ** — ਜਰਮਨ ਸਰਮਾਏਦਾਰ ਅਰਥ-ਸ਼ਾਸਤਰੀ।

—16

**ਹੈਂਡਰਸਨ** (Henderson), **ਆਰਥਰ**, (1863–1935) — ਬਰਤਾਨਵੀ ਲੇਬਰ ਪਾਰਟੀ ਅਤੇ ਟਰੇਡ ਯੂਨੀਅਨ ਲਹਿਰ ਦਾ ਇੱਕ ਨੇਤਾ। 1908–1910 ਅਤੇ 1914–1917 ਵਿੱਚ ਲੇਬਰ ਪਾਰਟੀ ਦੀ ਪਾਰਲੀਮੈਂਟਰੀ ਪਾਰਟੀ ਦਾ ਪ੍ਰਧਾਨ। ਪਹਿਲੇ ਸੰਸਾਰ ਯੁੱਧ ਵਿੱਚ ਸਮਾਜੀ-ਅੰਧਰਾਸ਼ਟਰਵਾਦੀ।

**ਹੈਵਮੇਅਰ** (Hevemeyer), **ਜਾਨ** (1833–1922)—ਅਮਰੀਕਾ ਸਨਅਤਕਾਰ, ਖੰਡ ਦੇ ਇੱਕ ਬਲਵਾਨ ਟਰੱਸਟ ਦਾ ਮਾਲਕ; ਰੇਲਵੇ ਅਤੇ ਹੋਰ ਕੰਪਨੀਆਂ ਦਾ ਹਿੱਸੇਦਾਰ।

—53

**ਕ**

**ਕਰੁਪ** (Krupp)—ਜਰਮਨ ਸਾਮਰਾਜਵਾਦ ਦਾ ਇੱਕ ਮੁੱਖ ਹਥਿਆਰਸਾਜ਼—ਜਰਮਨੀ ਵਿੱਚ ਫ਼ੌਜੀ ਧਾਤੀ ਸਨਅਤ ਚਲਾਉਣ ਵਾਲ਼ਿਆਂ ਦਾ ਇੱਕ ਘਰਾਣਾ। ਇਸ ਟਰੱਸਟ ਦੇ ਨੇਤਾਵਾਂ ਨੇ ਪਹਿਲੇ ਅਤੇ ਦੂਜੇ ਸੰਸਾਰ ਯੁੱਧਾਂ ਦੀ ਤਿਆਰੀ ਵਿੱਚ ਸਰਗਰਮ ਹਿੱਸਾ ਲਿਆ, ਜਿਸਦੇ ਸਿੱਟੇ ਵਜੋਂ ਉਹਨਾਂ ਨੂੰ ਬਹੁਤ ਵੱਡੇ ਨਫ਼ੇ ਮਿਲ਼ੇ। 1945 ਦੇ ਯਾਲਟਾ ਅਤੇ ਪੋਟਸਡਮ ਸਮਾਗਮਾਂ ਦੇ ਫ਼ੈਸਲਿਆਂ ਅਨੁਸਾਰ ਇਸ ਟਰੱਸਟ ਦੇ ਫ਼ੌਜੀ ਕਾਰਖ਼ਾਨਿਆਂ ਦਾ ਅੰਤ ਕਰ ਦਿੱਤਾ ਗਿਆ। ਪੱਛਮੀ ਜਰਮਨੀ ਵਿੱਚ ਇਹਨਾਂ ਫ਼ੈਸਲਿਆਂ ਉੱਤੇ ਅਮਲ ਨਹੀਂ ਕੀਤਾ ਗਿਆ ਅਤੇ ਕਰੁਪ ਘਰਾਣੇ ਦੇ ਕਾਰਖ਼ਾਨੇ ਜਰਮਨ ਸੰਘ ਗਣਰਾਜ ਦੀ ਧਾੜਵੀ ਫ਼ੌਜ ਲਈ ਹਥਿਆਰ ਬਣਾਉਂਦੇ ਹਨ।

—65, 118

**ਕਾਊਟਸਕੀ** (Kautsky) **ਕਾਰਲ** (1854–1938)—ਜਰਮਨ ਸੋਸ਼ਲ–ਡੈਮੋਕਰੈਸੀ ਅਤੇ ਦੂਜੀ ਇੰਟਰਨੈਸ਼ਨਲ ਦਾ ਇੱਕ ਨੇਤਾ। ਮੁੱਢ ਵਿੱਚ ਮਾਰਕਸਵਾਦੀ ਸੀ। ਪਰ ਪਿੱਛੋਂ ਜਾ ਕੇ ਮਾਰਕਸਵਾਦ ਨਾਲ਼ ਗ਼ੱਦਾਰੀ ਕੀਤੀ ਅਤੇ ਕਿਰਤੀ ਲਹਿਰ ਦੇ ਇੱਕ ਅਤਿ–ਅੰਤ ਖ਼ਤਰਨਾਕ ਮੁਹਾਣ ਮੌਕਾਪ੍ਰਸਤ ਮੁਹਾਣ ਦਰਮਿਆਨੇ ਰਾਹ (ਕਾਊਟਸਕੀਵਾਦ)—ਦੀ ਵਿਚਾਰਧਾਰਾ ਘੜ੍ਹਨ ਵਾਲ਼ਾ ਬਣ ਗਿਆ।

—6, 10, 11, 13, 26, 75, 90, 91, 94, 95,
98, 109, 112–116, 118–124, 127

**ਕਾਰਨੇਗੀ** (Carnegie), **ਐਂਡਰੀਊ** (1835–1916) — ਅਮਰੀਕੀ ਅਰਬਪਤੀ। ਜਨਮ ਤੋਂ ਸਕਾਚ। 1848 ਵਿੱਚ ਅਮਰੀਕਾ ਚਲਾ ਗਿਆ। 1901 ਵਿੱਚ ਆਪਣੀਆਂ ਸਨਅਤਾਂ ਨੂੰ ਮਾਰਗਨ ਅਸਪਾਤ ਟਰੱਸਟ ਨਾਲ਼ ਮਿਲ਼ਾ ਦਿੱਤਾ।

—106

**ਕਾਲਵਰ** (Calwer), **ਰਿਚਰਡ** (1868–1927) – ਮੁਖ ਜਰਮਨ ਅਰਥ–ਸ਼ਾਸਤਰੀ, ਜਰਮਨ ਸੋਸ਼ਲ–ਡੈਮੋਕਰੈਟਕ ਪਾਰਟੀ ਵਿੱਚ ਸੁਧਾਰਵਾਦ ਅਤੇ ਸੋਧਵਾਦ ਦਾ ਪ੍ਰਤੀਨਿਧ।

—95

**ਕੂਨੋਵ** (Cunow) **ਹੈਰਿਕ**, (1862–1936)—ਜਰਮਨ ਸੱਜੇ-ਪੱਖੀ ਸੋਸ਼ਲ–ਡੈਮੋਕਰੈਟ, ਇਤਿਹਾਸਕਾਰ, ਸਮਾਜ–ਵਿਗਿਆਨੀ ਅਤੇ ਮਾਨਵ–ਵਿਗਿਆਨੀ। ਮੁੱਢ ਵਿੱਚ ਉਹ ਮਾਰਕਸਵਾਦੀ ਸੀ ਪਰ ਪਿੱਛੋਂ ਜਾ ਕੇ ਸੋਧਵਾਦੀ ਅਤੇ ਮਾਰਕਸਵਾਦ ਦਾ ਖੰਡਨ ਕਰਨ ਵਾਲ਼ਾ ਬਣ ਗਿਆ।

—94

**ਕੈਸਟਨਰ** (Kestner), **ਫ਼ਰਿਟਜ਼ —** ਜਰਮਨ ਅਰਥ-ਸ਼ਾਸਤਰੀ।

—24-26

**ਕੋਲਚਾਕ, ਅ. ਵ.** (1873-1920) — ਜ਼ਾਰਸ਼ਾਹੀ ਸਮੁੰਦਰੀ ਬੇੜੇ ਵਿੱਚ ਐਡਮਿਰਲ, ਬਾਦਸ਼ਾਹਪਸੰਦ, 1918-1919 ਵਿੱਚ ਰੂਸੀ ਉਲਟ-ਇਨਕਲਾਬ ਦਾ ਇੱਕ ਮੁਖੀ ਨੇਤਾ, ਐਨਤੇਨਤੇ ਦਾ ਦਲਾਲ, ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਐਨਤੇਨਤੇ ਅਤੇ ਅਮਰੀਕੀ ਸਾਮਰਾਜੀਆਂ ਦੀ ਸਹਾਇਤਾ ਨਾਲ਼ ਕੋਲਚਾਕ ਨੇ ਆਪਣੇ ਰੂਸ ਦਾ ਸਰਵਉੱਚ ਹਾਕਮ ਹੋਣ ਦਾ ਐਲਾਨ ਕਰ ਦਿੱਤਾ ਅਤੇ ਯੂਰਾਲ, ਸਾਇਬੇਰੀਆ ਅਤੇ ਦੂਰ-ਪੂਰਬ ਦੀ ਫ਼ੌਜੀ ਸਰਮਾਏਦਾਰ-ਜਾਗੀਰਦਾਰ ਹਕੂਮਤ ਦੀ ਅਗਵਾਈ ਕੀਤੀ। ਲਾਲ ਫ਼ੌਜ ਨੇ 1920 ਵਿੱਚ ਕੋਲਚਾਕ ਦੀਆਂ ਫ਼ੌਜਾਂ ਨੂੰ ਹਾਰ ਦਿੱਤੀ।

—11

## ਗ

**ਗਵਿਨਰ** (Gwinner), **ਆਰਥਰ**, (1856-1931) — ਵੱਡਾ ਜਰਮਨ ਪੋਤਦਾਰ। 1894 ਤੋਂ 1919 ਤੱਕ ਜਰਮਨ ਬੈਂਕ ਦਾ ਮੁਖੀ।

—72

**ਗੋਮਪਰਜ਼** (Gompers), **ਸੈਮਊਲ**, (1850-1924) ਅਮਰੀਕਾ ਦੀ ਟਰੇਡ ਯੂਨੀਅਨ ਲਹਿਰ ਦਾ ਇੱਕ ਨੇਤਾ। ਅਮੇਰੀਕਨ ਫ਼ੈਡਰੇਸ਼ਨ ਆਫ਼ ਲੇਬਰ (American Federation of Labour) ਦਾ ਇੱਕ ਮੋਢੀ। ਸਰਮਾਏਦਾਰਾਂ ਨਾਲ਼ ਸ਼੍ਰੇਣੀ-ਮਿਲਵਰਤਨ ਦੀ ਹਮਾਇਤ ਕੀਤੀ ਅਤੇ ਕਿਰਤੀ ਸ਼੍ਰੇਣੀ ਦੇ ਇਨਕਲਾਬੀ ਘੋਲ਼ ਦਾ ਵਿਰੋਧ ਕੀਤਾ। ਪਹਿਲੇ ਸੰਸਾਰ ਯੁੱਧ ਸਮੇਂ ਸਮਾਜੀ-ਅੰਧਰਾਸ਼ਟਰਵਾਦੀ।

—10

## ਚ

**ਚੀਰਸ਼ਕੀ**, (Tschiershky) **ਸੀਗ.ਫਰੀਡ** (ਜਨਮ 1871) — ਜਰਮਨ ਸਰਮਾਏਦਾਰ ਅਰਥ-ਸ਼ਾਸਤਰੀ।

—36

**ਚੈਂਬਰਲੇਨ** (Chamberlain) **ਜੋਜ਼.ਫ**, (1836-1914)—ਬਰਤਾਨਵੀ ਰਾਜ-ਨੇਤਾ। ਬਸਤੀਵਾਦੀ ਕਬਜ਼ਿਆਂ ਦੀ ਨੀਤੀ ਸਰਗਰਮੀ ਨਾਲ਼ ਚਲਾਈ। ਅੰਗ੍ਰੇਜ਼-ਬੋਅਰ ਯੁੱਧ ਦਾ ਇੱਕ ਮੁੱਖ ਪ੍ਰੇਰਕ।

—79

## ਛ

**ਛੇਈਦਜ਼ੇ, ਨਿ. ਸੇ.** (1864-1926) — ਇੱਕ ਮੈਨਸ਼ਵਿਕ ਨੇਤਾ। 1917 ਵਿੱਚ ਕਿਰਤੀਆਂ ਅਤੇ ਫ਼ੌਜੀਆਂ ਦੇ ਪ੍ਰਤੀਨਿਧਾਂ ਦੀ ਪੀਤਰੋਗਰਾਦ ਸੋਵੀਅਤ ਦਾ ਪ੍ਰਧਾਨ ਅਤੇ ਕੇਂਦਰੀ ਕਾਰਜ-ਕਾਰੀ ਸੰਮਤੀ ਦੇ ਪਹਿਲੇ ਸਮਾਗਮ ਦਾ ਪ੍ਰਧਾਨ, ਸਰਮਾਏਦਾਰ ਆਰਜ਼ੀ ਹਕੂਮਤ

ਦੀ ਸਰਗਰਮ ਹਮਾਇਤ ਕੀਤੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਜਾਰਜ਼ਿਆਈ ਵਿਧਾਨ-ਘੜ੍ਹਨੀ ਸਭਾ ਦਾ ਪ੍ਰਧਾਨ ਬਣ ਗਿਆ, ਜਿਹੜੀ ਉੱਥੋਂ ਦੀ ਉਸ ਸਮੇਂ ਦੀ ਉਲਟ-ਇਨਕਲਾਬੀ ਮੈਨਸ਼ਵਿਕ ਹਕੂਮਤ ਸੀ। ਪਿੱਛੋਂ ਵਿਦੇਸ਼ ਚਲਾ ਗਿਆ।

—110

**ਜ**

**ਜੀਡਲਜ਼**, (Jeidels), **ਓਟੋ —** ਜਰਮਨ ਅਰਥ-ਸ਼ਾਸਤਰੀ।

—28, 41-44, 45, 67, 71

**ਜ਼ੂਦੇਕੁਮ** (S¸dekum), **ਅਲਬਰਟ** (1871-1944) — ਜਰਮਨ ਸੋਸ਼ਲ-ਡੈਮੋਕਰੈਸੀ ਦਾ ਇੱਕ ਮੌਕਾਪ੍ਰਸਤ ਨੇਤਾ, ਸੋਧਵਾਦੀ। ਪਹਿਲੇ ਸੰਸਾਰ ਯੁੱਧ ਸਮੇਂ ਘੋਰ ਸਮਾਜੀ-ਅੰਧਰਾਸ਼ਟਰਵਾਦੀ।

—80

**ਜ਼ੇਦੇਰਬਾਉਮ, ਯੂ. ਓ.** - ਵੇਖੋ ਮਾਰਤੋਵ ਲੇ.।

**ਡ**

**ਡਰਿਓ** (Driault), **ਐਡਿਊਆਰਡ —** ਫ਼ਰਾਂਸੀਸੀ ਸਰਮਾਏਦਾਰ ਇਤਿਹਾਸਕਾਰ।

—87

**ਡਿਜ਼ਰਾਇਲੀ** (Disraeli), **ਬੈਂਜੇਮਨ —** (1804-1881) —ਅੰਗ੍ਰੇਜ਼ ਪਿੱਛੇ-ਖਿੱਚੂ ਨੇਤਾ, ਕਨਜ਼ਰਵੇਟਿਵ ਪਾਰਟੀ ਦਾ ਨੇਤਾ, ਨਵ-ਜੰਮੇ ਸਾਮਰਾਜੀ ਵਰਗ ਦੀ ਵਿਚਾਰਧਾਰਾ ਘੜ੍ਹਨ ਵਾਲ਼ਿਆਂ ਵਿੱਚੋਂ ਇੱਕ।

—79

**ਡੇਵਿਡ** (David), **ਐਡਊਆਰਡ** (1863-1930) — ਜਰਮਨ ਸੋਸ਼ਲ-ਡੈਮੋਕਰੈਟਾਂ ਦਾ ਇੱਕ ਸੱਜੇ-ਪੱਖੀ ਨੇਤਾ।

—80

**ਥ**

**ਥਾਮਸ** (Thomas), **ਐਲਬਰ** (1808-1934) — ਫ਼ਰਾਂਸੀਸੀ ਰਾਜ-ਨੇਤਾ ਅਤੇ ਸਮਾਜੀ-ਸੁਧਾਰਵਾਦੀ। 1910 ਤੋਂ ਸੋਸ਼ਲਿਸਟ ਪਾਰਟੀ ਦੇ ਪਾਰਲੀਮੈਂਟਰੀ ਦਲ ਦੇ ਨੇਤਾਵਾਂ ਵਿੱਚੋਂ ਇੱਕ।

—10

**ਦ**

**ਦਵੀਦੋਵ, ਲ. ਫ਼ —** ਪੀਟਰਜ਼ਬਰਗ (ਲੈਨਿਨਗਰਾਦ) ਦੇ ਕਰਜ਼ਾ ਦਫ਼ਤਰ ਦਾ ਇੱਕ ਪ੍ਰਬੰਧਕ,

ਬੈਂਕਰ।

—59

**ਦੇਸ਼ਾਨੇਲ** (Deschanel), **ਪਾਲ**, (1855–1922)—ਫ਼ਰਾਂਸੀਸੀ ਰਾਜਨੇਤਾ, ਅਖ਼ਬਾਰਨਵੀਸ।

—66

**ਦੇਨੀਕਿਨ, ਅ. ਈ.** (1872–1947)—ਜ਼ਾਰਸ਼ਾਹੀ ਜਰਨੈਲ, ਖ਼ਾਨਾ-ਜੰਗੀ ਸਮੇਂ ਚਿੱਟੇ ਗਾਰਡਾਂ ਦੇ ਨੇਤਾਵਾਂ ਵਿੱਚੋਂ ਇੱਕ, ਦੱਖਣੀ ਰੂਸ ਵਿੱਚ ਸੋਵੀਅਤ ਵਿਰੋਧੀ ਫ਼ੌਜਾਂ ਦਾ ਮੁੱਖ ਸੈਨਾਪਤੀ, ਸੋਵੀਅਤ ਫ਼ੌਜਾਂ ਹੱਥੋਂ ਆਪਣੀਆਂ ਫ਼ੌਜਾਂ ਦੀ ਹਾਰ ਪਿੱਛੋਂ ਵਿਦੇਸ਼ ਨੱਠ ਗਿਆ।

—11

ਨ

**ਨਖ਼ੀਮਸੋਨ, ਮ. ਇ.** (ਸਪੈਕਟੇਟਰ) (ਜਨਮ 1880)—ਅਰਥ-ਵਿਗਿਆਨ ਅਤੇ ਅਖ਼ਬਾਰਨਵੀਸ ਉਦਾਰਪੰਥੀ।

—114. 115, 118

**ਨੇਮਾਰਕ**, (Neymark) , **ਐਲ.ਫਰਡ—** ਫਰਾਂਸੀਸੀ ਸਰਮਾਏਦਾਰ ਅਰਥ-ਸ਼ਾਸਤਰੀ, ਅੰਕ-ਵਿਗਿਆਨੀ।

—59, 60, 113

**ਨੋਸਕੀ**, (Noske) **ਗੁਸਤਾਵ** (1865–1946)—ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਇੱਕ ਮੌਕਾਪ੍ਰਸਤ ਨੇਤਾ, ਯੁੱਧ ਮੰਤਰੀ (1919–1920), ਬਰਲਿਨ ਦੇ ਕਿਰਤੀਆਂ ਵਿਰੁੱਧ ਜ਼ਬਰ ਦੀਆਂ ਕਾਰਵਾਈਆਂ ਦਾ ਪ੍ਰਬੰਧ ਕਰਨ ਵਾਲ਼ਾ ਅਤੇ ਕਾਰਲ ਲੀਬਕੇਨਿਖ਼ਤ ਅਤੇ ਰੋਜ਼ਾ ਲੁਕਜ਼ਮਬਰਗ ਦਾ ਕਾਤਲ।

—11

ਪ

**ਪੈਸ਼**, (Paish) **ਜਾਰਜ** (1867–1957)—ਅੰਗ੍ਰੇਜ਼ ਸਰਮਾਏਦਾਰ ਅਰਥ-ਸ਼ਾਸਤਰੀ ਅਤੇ ਅੰਕ-ਵਿਗਿਆਨੀ, ਸ਼ਾਂਤੀਵਾਦੀ। ਦੁਨੀਆਂ ਦੇ ਆਰਥਕ ਅਤੇ ਰਾਜਨੀਤਕ ਮਸਲਿਆਂ ਬਾਰੇ ਅਨੇਕ ਕਿਰਤਾਂ ਦਾ ਲੇਖਕ।

—66

**ਪੋਤਰੇਸੋਵ, ਅ, ਨਿ** (1869–1934) — ਇੱਕ ਮੈਨਸ਼ਵਿਕ ਨੇਤਾ। ਉਲਟ-ਇਨਕਲਾਬ ਦੇ ਦਿਨਾਂ ਵਿੱਚ ਖ਼ਾਤਮੇਵਾਦੀ ਵਿਚਾਰਧਾਰਾ ਘੜ੍ਹਨ ਵਾਲ਼ਾ ਬਣ ਗਿਆ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਵਿਦੇਸ਼ ਜਾ ਕੇ ਸੋਵੀਅਤ ਰੂਸ ਦਾ ਸਰਗਰਮ ਵਿਰੋਧ ਕੀਤਾ।

—80, 110

**ਫ਼**

**ਫ਼ੋਲਕਰ**, (V^lker)—ਇੱਕ ਜਰਮਨ ਸਰਕਾਰੀ ਅਫ਼ਸਰ, ਜਿਹੜਾ ਪਿੱਛੋਂ ਜਾ ਕੇ ਜਰਮਨ ਅਸਪਾਤ ਦੀ ਸਨਅਤ ਦੇ ਟਰੱਸਟ ਦਾ ਮੁਖੀ ਬਣ ਗਿਆ।

—58

**ਫ਼ੋਗੇਲਸਟੇਈਨ** (Vogelstein), **ਥਿਓਡੋਰ—** ਇੱਕ ਜਰਮਨ ਅਰਥ-ਸ਼ਾਸਤਰੀ।

—74

**ਬ**

**ਬਰਨਸਟਾਈਨ** (Barnstein) **ਐਡੂਆਰਡ**, (1850-1932) — ਜਰਮਨ ਸੋਸ਼ਲ-ਡੈਮੋਕਰੈਟਾਂ ਅਤੇ ਦੂਜੀ ਇੰਟਰਨੈਸ਼ਨਲ ਦਾ ਅਤਿ ਮੌਕਾਪ੍ਰਸਤ ਨੇਤਾ, ਸੁਧਾਰਵਾਦ ਅਤੇ ਸੋਧਵਾਦ ਦਾ, ਸਿਧਾਂਤਕਾਰ। ਉਹਨੇ ਮਾਰਕਸਵਾਦ ਦੇ ਇਨਕਲਾਬੀ ਤੱਤ ਦਾ ਤਿਆਗ ਕਰ ਦਿੱਤਾ ਅਤੇ ਕਿਰਤੀ ਲਹਿਰ ਦਾ ਮੁੱਖ ਕੰਮ ਸੁਧਾਰਾਂ ਲਈ ਘੋਲ਼ ਸਮਝਦਾ ਸੀ, ਜਿਹੜਾ ਉਹਦੇ ਕਥਨ ਅਨੁਸਾਰ ਸਰਮਾਏਦਾਰੀ ਅਧੀਨ ਕਿਰਤੀਆਂ ਦੀ ਹਾਲਤ ਚੰਗੇਰੀ ਬਣਾਉਣ ਵੱਲ ਲੈ ਜਾਂਦਾ ਸੀ।

—10

**ਬਾਵੇਰ**, (Bauer), **ਓਟੋ** (1852-1938) — ਆਸਟਰਵੀ ਸੋਸ਼ਲ-ਡੈਮੋਕਰੈਟਕ ਪਾਰਟੀ ਅਤੇ ਦੂਜੀ ਇੰਟਰਨੈਸ਼ਲ ਦਾ ਇੱਕ ਸੱਜੇ-ਪੱਖੀ ਨੇਤਾ। ਆਸਟਰਵੀ ਸਰਮਾਏਦਾਰ ਜਮਹੂਰੀਅਤ ਵਿੱਚ 1918 ਅਤੇ 1919 ਵਿੱਚ ਵਿਦੇਸ਼ ਮੰਤਰੀ। ਆਸਟਰੀਆ ਦੀ ਇਨਕਲਾਬੀ ਕਿਰਤੀ ਲਹਿਰ ਨੂੰ ਦਬਾਉਣ ਵਿੱਚ ਸਰਗਰਮ ਹਿੱਸਾ ਲਿਆ।

—10

**ਬੀਅਰ** (Beer), **ਮੈਕਸ** (ਜਨਮ 1864) — ਸੋਸ਼ਲਿਜ਼ਮ ਦਾ ਇੱਕ ਜਰਮਨ ਇਤਿਹਾਸਕਾਰ, ਖੱਬੇ-ਪੱਖੀ ਜਰਮਨ ਸੋਸ਼ਲ-ਡੈਮੋਕਰੈਟ।

—79

**ਬੁਖ਼ਾਰਿਨ, ਨਿ. ਇ** (1888-1938)— ਅਖ਼ਬਾਰਨਵੀਸ ਅਤੇ ਅਰਥ-ਸ਼ਾਸਤਰੀ। 1906 ਵਿੱਚ ਰੂਸੀ ਸੋਸ਼ਲ-ਡੈਮੋਕਰੈਟਕ ਪਾਰਟੀ ਦਾ ਮੈਂਬਰ। ਰਾਜ, ਪ੍ਰੋਲੇਤਾਰੀ ਦੀ ਸਰਦਾਰੀ, ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਅਤੇ ਅਜਿਹੇ ਹੀ ਅਨੇਕਾਂ ਹੋਰ ਪ੍ਰਸ਼ਨਾਂ ਸਬੰਧੀ ਲੈਨਿਨ ਦੀ ਮੁਖ਼ਾਲਫ਼ਤ ਕੀਤੀ।ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਘੜੀ-ਮੁੜੀ ਲੈਨਿਨਵਾਦੀ ਪਾਰਟੀ ਨੀਤੀ ਦਾ ਵਿਰੋਧ ਕੀਤਾ। 1918 ਵਿੱਚ ਬ੍ਰੈਸਤ-ਲਿਤੋਵਸਕ ਅਮਨ-ਸੰਧੀ ਅਤੇ ਬਹਿਸ ਸਮੇਂ ਪਾਰਟੀ-ਵਿਰੋਧੀ "ਖੱਬੇ-ਪੱਖੀ ਕਮਿਊਨਿਸਟ" ਟੋਲੀ ਦਾ ਪ੍ਰਧਾਨ ਪਾਰਟੀ ਵਿੱਚ ਟਰੇਡ ਯੂਨੀਅਨਾਂ ਬਾਰੇ ਬਹਿਸ ਸਮੇਂ (1920-1921) ਪਹਿਲਾਂ "ਉਦਾਰਪੰਥੀ" ਪੁਜ਼ੀਸ਼ਨ ਅਪਣਾਈ ਅਤੇ ਪਿੱਛੋਂ ਪਾਰਟੀ ਵਿਰੋਧੀ ਟਰਾਟਸਕੀ ਟੋਲੀ ਵਿੱਚ ਸ਼ਾਮਲ ਹੋ ਗਿਆ। 1928 ਤੋਂ ਪਾਰਟੀ ਵਿੱਚ ਸੱਜੇ-ਪੱਖੀ ਵਿਰੋਧੀ ਟੋਲੀ ਵਿੱਚ ਅੱਗੇ ਅੱਗੇ ਰਿਹਾ। 1929 ਵਿੱਚ ਪਾਰਟੀ ਦੀ ਕੇਂਦਰੀ ਕਮੇਟੀ ਦੇ ਰਾਜਸੀ ਬਿਊਰੋ

ਵਿੱਚੋਂ ਅਤੇ ਕਮਿਊਨਿਸਟ ਇੰਟਰਨੈਸ਼ਨਲ ਦੀ ਕਾਰਜ-ਕਾਰੀ ਕਮੇਟੀ ਦੇ ਪ੍ਰਧਾਨਗੀ-ਮੰਡਲ ਵਿੱਚੋਂ ਕੱਢ ਦਿੱਤਾ ਗਿਆ। 1937 ਵਿੱਚ ਆਪਣੀਆਂ ਪਾਰਟੀ-ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।

43

**ਬੇਰਾਰ** (BÈrard), **ਵਿਕਟਰ** (1864-1931) — ਫ਼ਰਾਂਸੀਸੀ ਨਿੱਕ-ਬੁਰਜੂਆ ਅਰਥ-ਸ਼ਾਸਤਰੀ, ਅਖ਼ਬਾਰਨਵੀਸ, ਭਾਸ਼ਾ-ਵਿਗਿਆਨੀ।

—113

**ਮ**

**ਮਾਸਲੋਵ, ਪ. ਪ.** (1867-1946) — ਅਰਥ-ਸ਼ਾਸਤਰੀ, ਸੋਸ਼ਲ-ਡੈਮੋਕਰੈਟ, ਖੇਤੀ ਦੇ ਮਸਲੇ ਅਤੇ ਕਈ ਪੁਸਤਕਾਂ ਦਾ ਲੇਖਕ, ਜਿਨ੍ਹਾਂ ਵਿੱਚ ਮਾਰਕਸਵਾਦੀ ਰਾਜਨੀਤਕ ਅਰਥ-ਸ਼ਾਸਤਰ ਦੀਆਂ ਬੁਨਿਆਦੀ ਪ੍ਰਸਤਾਵਨਾਵਾਂ ਵਿੱਚ ਸੋਧ ਕਰਨ ਦਾ ਯਤਨ ਕੀਤਾ ਗਿਆ। 1903 ਤੋਂ 1917 ਤੱਕ ਮੈਨਸ਼ਵਿਕ। ਅਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਰਾਜਸੀ ਸਰਗਰਮੀਆਂ ਛੱਡ ਦਿੱਤੀਆਂ ਅਤੇ ਸਿੱਖਿਆ ਅਤੇ ਖੋਜ ਦੇ ਕੰਮ ਵਿੱਚ ਲੱਗ ਗਿਆ।

—80, 110

**ਮਾਰਕਸ** (Marx) **ਕਾਰਲ** (1818-1883) —ਵਿਗਿਆਨਕ ਕਮਿਊਨਿਜ਼ਮ ਦਾ ਜਨਮਦਾਤਾ, ਪ੍ਰਤਿਭਾਸ਼ਾਲੀ ਵਿਚਾਰਕ, ਸੰਸਾਰ ਕਿਰਤੀ ਸ਼੍ਰੇਣੀ ਦਾ ਆਗੂ ਅਤੇ ਸਿੱਖਿਅਕ।

—108, 109, 129-130

**ਮਾਰਗਨ** (Morgan), **ਜਾਨ ਪੀਅਰਪੋਂਟ** (1867-1943) — ਅਮਰੀਕੀ ਅਰਬਪਤੀ, ਅਮਰੀਕਾ ਦੀ ਸਭ ਤੋਂ ਵੱਡੀ ਬੈਂਕਿੰਗ ਸੰਸਥਾ ਦਾ ਮੁਖੀ, ਜਿਸਦੀ ਸਥਾਪਨਾ 19 ਵੀਂ ਸਦੀ ਦੇ ਮੱਧ ਵਿੱਚ ਕੀਤੀ ਗਈ।

—39, 73

**ਮਾਰਤੋਵ, ਲ. (ਜ਼ੇਦੇਰਬਾਉਮ, ਯੂ.ਓ)** (1873-1923) — ਮੈਨਸ਼ਵਿਕਾਂ ਦੇ ਨੇਤਾਵਾਂ ਵਿੱਚ ਇੱਕ। 1917 ਦੇ ਫ਼ਰਵਰੀ ਇਨਕਲਾਬ ਤੋਂ ਪਿੱਛੋਂ ਮੈਨਸ਼ਵਿਕ-ਅੰਤਰਰਾਸ਼ਟਰਵਾਦੀ ਟੋਲੀ ਦਾ ਪ੍ਰਧਾਨ ਅਕਤੂਬਰ ਇਨਕਲਾਬ ਤੋਂ ਪਿੱਛੋਂ ਸੋਵੀਅਤ ਸੱਤ੍ਹਾ ਦੇ ਕੱਟੜ ਵਿਰੋਧੀਆਂ ਦੀ ਟੋਲੀ ਵਿੱਚ ਸ਼ਾਮਲ ਹੋ ਗਿਆ। 1920 ਵਿੱਚ ਵਿਦੇਸ਼ ਚਲਾ ਗਿਆ।

—110, 127

**ਮਿਲੇਰਾਂਦ** (Millerand), **ਅਲੈਕਸਾਂਦਰ ਏਤਏਨ** (1856-1943) — ਇੱਕ ਫ਼ਰਾਂਸੀਸੀ ਰਾਜਸੀ ਹਸਤੀ। ਪਿਛਲੀ ਸਦੀ ਦੇ ਅਖ਼ੀਰੀ ਦਹਾਕੇ ਵਿੱਚ ਸੋਸ਼ਲਿਸਟਾਂ ਵਿੱਚ ਸ਼ਾਮਲ

ਹੋ ਗਿਆ ਅਤੇ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਵਿੱਚ ਇੱਕ ਮੌਕਾਪ੍ਰਸਤ ਮੁਹਾਣ ਦਾ ਆਗੂ ਬਣਿਆ। 1899 ਵਿੱਚ ਪਿੱਛੇ-ਖਿੱਚੂ ਸਰਮਾਏਦਾਰ ਸਰਕਾਰ ਵਿੱਚ ਸ਼ਾਮਲ ਹੋ ਗਿਆ ਅਤੇ ਪੈਰਿਸ ਕਮਿਊਨ ਵਿੱਚ ਜਰਨੈਲ ਗਲਿਫ਼ੇ ਕਾਤਲ ਨਾਲ਼ ਰਲ਼ ਕੇ ਕੰਮ ਕੀਤਾ।

—10

**ਮੈਕਡਾਨਲਡ**, (MacDonald) **ਜੇਮਜ਼ ਰੈਮਜ਼ੇ** (1866-1937)—ਅੰਗ੍ਰੇਜ਼ ਰਾਜਨੇਤਾ, ਇੰਡੀਪੈਂਡੈਂਟ ਲੇਬਰ ਪਾਰਟੀ ਅਤੇ ਲੇਬਰ ਪਾਰਟੀ ਦੇ ਮੋਢੀਆਂ ਅਤੇ ਨੇਤਾਵਾਂ ਵਿੱਚੋਂ ਇੱਕ। ਅਤਿ ਦੀ ਮੌਕਾ-ਪ੍ਰਸਤ ਨੀਤੀ ਚਲਾਈ ਪਹਿਲਾ ਸੰਸਾਰ ਯੁੱਧ ਛਿੜਨ ਸਮੇਂ ਸ਼ਾਂਤੀਵਾਦੀ ਸੀ, ਪਿੱਛੋਂ ਸਾਮਰਾਜੀ ਸਰਮਾਏਦਾਰ ਸ਼੍ਰੇਣੀ ਦਾ ਖੁੱਲ੍ਹਾ ਹਮਾਇਤੀ। 1918 ਤੋਂ 1920 ਤੱਕ ਸੋਵੀਅਤ-ਵਿਰੋਧੀ ਦਖ਼ਲਅੰਦਾਜ਼ੀ ਦਾ ਵਿਰੋਧ ਕਰ ਰਹੇ ਬਰਤਾਵਨੀ ਕਿਰਤੀਆਂ ਦੇ ਘੋਲ਼ ਵਿੱਚ ਰੋਕ ਪਾਉਣ ਦਾ ਯਤਨ ਕੀਤਾ।

—10

**ਮੋਰਿਸ** (Moris), **ਹੈਨਰੀ. ਕੇ**. (ਜਨਮ 1868)—ਅਮਰੀਕੀ ਇਤਿਹਾਸਕਾਰ, ਇਤਿਹਾਸ ਅਤੇ ਅਰਥ-ਸ਼ਾਸਤਰ ਦਾ ਮਾਹਰ, ਕਈ ਪੁਸਤਕਾਂ ਦਾ ਲੇਖਕ।

—77

**ਰ**

**ਰਾਕਫ਼ੈਲਰ** (Rockfeller), **ਜਾਨ ਡੇਵੀਸਨ** (1838-1937) — ਅਮਰੀਕਾ ਵਿੱਚ ਵਿੱਤ ਸਰਮਾਏ ਦੇ ਮਾਲਕ ਪਰਵਾਰ ਦਾ ਮੋਢੀ। 1870 ਵਿੱਚ “ਸਟੈਂਡਰਡ ਆਇਲ” ਨਾਂ ਦੇ ਵਿਸ਼ਾਲ ਤੇਲ ਟਰੱਸਟ ਦੀ ਸਥਾਪਨਾ ਕੀਤੀ। ਰਾਕਫ਼ੈਲਰ ਪਰਵਾਰ ਅਮਰੀਕਾ ਦੇ ਸਭ ਤੋਂ ਵੱਡੇ ਬੈਂਕਾਂ ਦਾ ਮਾਲਕ ਹੈ।

—39, 71, 72

**ਰੀਸਰ**, (Riesser) **ਜੈਕਬ** (1853-1932)—ਜਰਮਨ ਅਰਥ-ਸ਼ਾਸਤਰੀ ਅਤੇ ਬੈਂਕਿੰਗ ਕਾਰੋਬਾਰ ਦੀ ਇੱਕ ਪ੍ਰਮੁੱਖ ਹਸਤੀ।

—31, 32, 34, 39, 46, 122, 126

**ਰੋਡੇਜ਼** (Rhodes), **ਸੈਸਲ** (1853-1902) — ਪਿੱਛੇ-ਖਿੱਚੂ ਅੰਗ੍ਰੇਜ਼ ਰਾਜਨੇਤਾ, ਜਿਸਨੇ ਬਰਤਾਨਵੀਂ ਬਸਤੀਵਾਦੀ ਨੀਤੀ ਸਰਗਰਮੀ ਨਾਲ਼ ਚਲਾਈ ਅਤੇ ਸਾਮਰਾਜੀ ਪਸਾਰ ਦਾ ਪ੍ਰਚਾਰ ਕੀਤਾ। ਦੱਖਣੀ ਅਫ਼ਰੀਕਾ ਵਿੱਚ ਅੰਗ੍ਰੇਜ਼ ਬੋਅਰ ਯੁੱਧ ਸਮੇਂ ਅੰਗ੍ਰੇਜ਼ਾਂ ਹੱਥੀਂ ਬਹੁਤ ਵਿਸ਼ਾਲ ਇਲਾਕਾ ਹਥਿਆਏ ਜਾਣ ਦਾ ਜਥੇਬੰਦਕ। ਇਸ ਇਲਾਕੇ ਨੂੰ ਇਹਦੇ ਹੀ ਨਾਂ ’ਤੇ ਰੋਡੇਸ਼ੀਆ ਦਾ ਨਾਂ ਦਿੱਤਾ ਗਿਆ।

—79, 85

**ਲ**

**ਲਾਂਸਬਰਗ** (Lansburg), **ਐਲਫਰਡ —** (ਜਨਮ 1872) — ਜਰਮਨ ਸਰਮਾਏਦਾਰ

ਅਰਥ-ਸ਼ਾਸਤਰੀ।

—30, 31, 35, 57, 103, 113, 116, 117, 118

**ਲਿੰਕਲਨ** (Lincoln), **ਐਬਰਾਹਮ** (1809-1865)—ਇੱਕ ਉੱਘਾ ਅਮਰੀਕੀ ਰਾਜਨੇਤਾ, ਅਮਰੀਕਾ ਦਾ ਪ੍ਰਧਾਨ (1861-1865)। ਖ਼ਾਨਾ ਜੰਗੀ ਦੇ ਸਮੇਂ ਜਨਤਾ ਦੇ ਪ੍ਰਭਾਵ ਹੇਠ ਕਈ ਮਹੱਤਵਪੂਰਨ ਸਰਮਾਏਦਾਰ-ਜਮਹੂਰੀ ਸੁਧਾਰ ਲਾਗੂ ਕੀਤੇ, ਜਿਸ ਕਾਰਨ ਯੁੱਧ ਚਲਾਉਣ ਵਿੱਚ ਇਨਕਲਾਬੀ ਤਰੀਕੇ ਅਪਣਾਏ ਗਏ। 1865 ਵਿੱਚ ਗ਼ੁਲਾਮ ਮਾਲਕਾਂ ਦੇ ਇੱਕ ਹੱਥ-ਠੋਕੇ ਨੇ ਉਹਨੂੰ ਕਤਲ ਕਰ ਦਿੱਤਾ।

—112

**ਲਾਈਸਿਸ** (Lysis), **(ਲੇਤਿਏ)** (Letailleur) **ਯੂਜੀਨ** — ਫ਼ਰਾਂਸੀਸੀ ਸਰਮਾਏਦਾਰ ਅਰਥ-ਸ਼ਾਸਤਰੀ ਵਿੱਤ ਅਤੇ ਰਾਜਸੀ ਮਸਲਿਆਂ ਬਾਰੇ ਅਨੇਕ ਕਿਰਤਾਂ ਦਾ ਲੇਖਕ।

—53

**ਲੀਫ਼ਮਾਨ** (Liefman), **ਰਾਬਰਟ** (1874-1941)—ਜਰਮਨ ਸਰਮਾਏਦਾਰ ਅਰਥ-ਸ਼ਾਸਤਰੀ, ਪ੍ਰੋਫ਼ੈਸਰ। ਆਰਥਕ ਅਤੇ ਸਮਾਜੀ ਮਸਲਿਆਂ ਬਾਰੇ ਅਨੇਕ ਕਿਰਤਾਂ ਦਾ ਲੇਖਕ।

—31, 45, 46, 75,

**ਲੈਨਿਨ, ਨਿ** — ਵੇਖੋ ਲੈਨਿਨ ਵ. ਇ,

—6-12

**ਲੈਨਿਨ, ਵ. ਇ. (ਉਲੀਆਨੋਵ. ਵ. ਇ.)** — (1870-1924)

—17

**ਲੈਵੀ, ਹਰਮਾਨ** (Levy) (ਜਨਮ -1881) — ਜਰਮਨ ਸਰਮਾਏਦਾਰ ਅਰਥ-ਸ਼ਾਸਤਰੀ, ਪ੍ਰੋਫ਼ੈਸਰ; ਵਿੱਤ ਸਰਮਾਏ ਬਾਰੇ ਅਨੇਕ ਪੁਸਤਕਾਂ ਦਾ ਲੇਖਕ।

• • •

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

| | | |
|---|---|---|
| 1. | ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) | 20.00 |
| 2. | ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) | 30.00 |
| 3. | ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ (ਕਾ. ਮਾਰਕਸ) | 50.00 |
| 4. | ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) | 35.00 |
| 5. | ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) | 65.00 |
| 6. | ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) | 05.00 |
| 7. | ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) | 30.00 |
| 8. | ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) | 35.00 |
| 9. | ਰਾਜ ਅਤੇ ਇਨਕਲਾਬ (ਲੈਨਿਨ) | 50.00 |
| 10. | ਰਾਜ (ਲੈਨਿਨ) | 10.00 |
| 11. | ਖੇਤੀ ਵਿੱਚ ਪੂੰਜੀਵਾਦ (ਲੈਨਿਨ) | 15.00 |
| 12. | ਆਰਥਿਕ ਰੋਮਾਂਚਵਾਦ ਦਾ ਚਰਿੱਤਰ ਚਿਤਰਣ (ਲੈਨਿਨ) | 50.00 |
| 13. | ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) | 35.00 |
| 14. | ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) | 40.00 |
| 15. | ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ | 75.00 |
| 16. | ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) | 40.00 |
| 17. | ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) | 60.00 |
| 18. | ਦਵੰਦਵਾਦ ਜਰੀਏ ਲੋਕਾਂ ਦੀ ਸੇਵਾ (ਸੱਭਿਆਚਾਰਕ ਇਨਕਲਾਬ ਦੌਰਾਨ ਚੀਨ ਵਿੱਚ ਹੋਏ ਨਵੇਂ ਪ੍ਰਯੋਗਾਂ ਦੀ ਕਹਾਣੀ) | 10.00 |
| 19. | ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਅਵੇਕੀਅਨ) | 100.00 |
| 20. | ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) | 20.00 |
| 21. | ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ | 10.00 |
| 22. | ਚੋਰ, ਭ੍ਰਿਸ਼ਟ ਤੇ ਅੱਯਾਸ਼ ਨੇਤਾਸ਼ਾਹੀ | 3.00 |
| 23. | ਨਵ-ਉਦਾਰਵਾਦੀ ਨੀਤੀਆਂ ਦੇ ਅਠਾਰਾਂ ਸਾਲ | 3.00 |
| 24. | ਫਿਲਾਸਫੀ ਕੋਈ ਗੋਰਖਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) | 10.00 |
| 25. | ਗ਼ਦਰੀ ਸੂਰਬੀਰ (ਰਣਧੀਰ ਸਿੰਘ) | 10.00 |
| 26. | ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) | 10.00 |

| | | |
|---|---|---|
| 27. | ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) | 10.00 |
| 28. | ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ | 10.00 |
| 29. | ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ) | 15.00 |
| 30. | ਜੰਗਲਨਾਮਾ – ਇੱਕ ਸਿਆਸੀ ਪੜਚੋਲ | 10.00 |
| 31. | ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ | 10.00 |
| 32. | ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ | 20.00 |
| 33. | ਕਿਉਂ ਮਾਓਵਾਦ ? | 10.00 |
| 34. | ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰ) | 10.00 |
| 35. | ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੇਰਿਸ ਕਮਿਊਨ ਦੀ ਅਮਰ ਕਹਾਣੀ | 10.00 |
| 36. | ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ | 10.00 |
| 37. | ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ | 10.00 |
| 38. | ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) | 25.00 |
| 39. | ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) | 60.00 |
| 40. | ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) | 10.00 |
| 41. | ਰਿਜ਼ਰਵੇਸ਼ਨ (ਪੱਖ, ਵਿਪੱਖ ਅਤੇ ਤੀਸਰਾ ਪੱਖ) | 5.00 |
| 42. | ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ | 20.00 |
| 43. | ਭਗਤ ਸਿੰਘ ਨੇ ਕਿਹਾ... | 5.00 |
| 44. | ਸ਼ਹੀਦ ਕਰਤਾਰ ਸਿੰਘ ਸਰਾਭਾ | 5.00 |
| 45. | ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) | 10.00 |
| 46. | ਫ਼ਲਸਫ਼ਾਨਾ ਲਿਖ਼ਤਾਂ (ਮਾਓ-ਜ਼ੇ-ਤੁੰਗ) | 25.00 |
| 47. | ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ | 10.00 |
| 48. | ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) | 20.00 |
| 49. | ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ | 20.00 |
| 50. | ਨੌਜਵਾਨਾਂ ਨਾਲ਼ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) | 10.00 |
| 51. | ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ ਵਲੋਂ ਸੁਤੰਤਰ ਵਪਾਰ ਸੰਬੰਧੀ ਵਿਚਾਰ) | 10.00 |

| | | |
|---|---|---|
| 52. | ਆਈਨਸਟੀਨ ਦੇ ਸਮਾਜਿਕ ਸਰੋਕਾਰ | 10.00 |
| 53. | ਫਾਸੀਵਾਦ ਕੀ ਹੈ ? ਅਤੇ ਇਸ ਨਾਲ਼ ਕਿਵੇਂ ਲੜੀਏ ? | 15.00 |
| 54. | ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) | 50.00 |
| 55. | ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) | 60.00 |
| 56. | ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) | 60.00 |
| 57. | ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) | 125.00 |
| 58. | ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) | 20.00 |
| 59. | ਪੂੰਜੀ ਦੀ ਉਤਪਤੀ (ਮਾਰਕਸ) | 45.00 |
| 60. | ਦੂਜੀ ਇੰਟਰਨੈਸ਼ਨਲ ਦਾ ਪਤਣ (ਲੈਨਿਨ) | 45.00 |
| 61. | ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) | 70.00 |
| 62. | ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) | 125.00 |
| 63. | ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) | 65.00 |
| 64. | ਸਾਹਿਤ ਅਤੇ ਕਲਾ ਬਾਰੇ (ਲੈਨਿਨ) | 150.00 |
| 65. | ਸਮਾਜਵਾਦ ਤੇ ਜੰਗ (ਲੈਨਿਨ) | 45.00 |
| 66. | ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) | 65.00 |
| 67. | ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) | 25.00 |
| 68. | ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) | 70.00 |
| 69. | ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) | 100.00 |
| 70. | ਅਡੋਲ ਬਾਲਸ਼ਵਿਕ ਨਤਾਸ਼ਾ | 30.00 |
| 71. | ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) | 60.00 |
| 72. | ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) | 60.00 |
| 73. | ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) | 60.00 |
| 74. | ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) | 15.00 |
| 75. | ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) | 20.00 |
| 76. | ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) | 10.00 |



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 70. ਰੁਪਏ